Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
One of the Fastest Growing City in America and Best School System...
■ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
For the Best advice for BUYING-SELLING-RENTING
Ben Singh Bashal (Realtor/Broker) Ph: 317-809-1818 midlandrealtygroup@yahoo.com
Kamaljeet Kaur (Realtor/Broker) Ph: 317-909-9295 kahlonkamaljeet@gmail.com
Midland Realty Group-Company You Trust

Kamaljeet Kaur
Mortgage rates available from 2.1% to 3%

Twenty-Second Year of Publication
ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 22, Issue 32, August 7th, 2021 20451 N. Plum Grove Rd., Palatine, IL 60074 Ph:847-359-0746, Fax:847-705-9388

## ਲੋਕ-ਲੁਭਾਊ ਵਾਅਦਿਆਂ ਨਾਲ ਪੰਜਾਬ ਦੀ ਸਿਆਸਤ ਨਿਵਾਣਾਂ ਵੱਲ

**ਪੰਜਾਬ ਦੇ ਅਸਲ ਮੁੱਦਿਆਂ ਬਾਰੇ ਕਿਤੇ ਕੋਈ ਚਰਚਾ ਨਹੀਂ**

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਤੋਂ 7-8 ਮਹੀਨੇ ਪਹਿਲਾਂ ਸਿਆਸੀ ਧਿਰਾਂ ਦੀਆਂ ਸਰਗਰਮੀਆਂ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਮੌਜੂਦਾ ਮਾਹੌਲ ਤੋਂ ਜਾਪ ਰਿਹਾ ਹੈ ਕਿ ਸਿਆਸੀ ਧਿਰਾਂ ਦਾ ਸਾਰਾ ਜ਼ੋਰ ਵੋਟਰਾਂ ਨੂੰ ਭਰਮਾਉਣ ਲਈ ਰਣਨੀਤੀ ਘੜਨ ਉਤੇ ਲੱਗਾ ਹੋਇਆ ਹੈ। ਸਿਆਸੀ ਧਿਰਾਂ ਨੇ ਇਕ ਪਾਸੇ ਜਿਥੇ ਪੰਜਾਬ ਦੇ ਦਲਿਤ ਵੋਟਰਾਂ ਨੂੰ ਖਿੱਚਣ ਲਈ ਟਿੱਲ ਲਾਇਆ ਹੋਇਆ ਹੈ, ਉਥੇ ਸੂਬੇ ਦੇ ਅਸਲ



ਮੁੱਦਿਆਂ ਦੀ ਥਾਂ ਮੁਫਤ ਸਹੂਲਤਾਂ ਦੇ ਐਲਾਨਾਂ ਦੀ ਝੜੀ ਲੱਗੀ ਹੋਈ ਹੈ।

ਆਮ ਆਦਮੀ ਪਾਰਟੀ ਵੱਲੋਂ ਸੂਬੇ ਦੇ ਲੋਕਾਂ ਨੂੰ 200 ਯੂਨਿਟ ਬਿਜਲੀ ਮੁਫਤ ਦੇਣ ਦਾ ਵਾਅਦਾ ਕੀਤਾ ਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਗੱਠਜੋੜ ਨੇ ਪੰਜਾਬ ਦੇ ਲੋਕਾਂ ਲਈ ਲੋਕ ਲੁਭਾਊ ਵਾਅਦਿਆਂ ਦਾ ਪਿਟਾਰਾ ਖੋਲ੍ਹ ਦਿੱਤਾ ਹੈ। ਅਕਾਲੀ ਦਲ ਬਾਦਲ ਨੇ ਦੋ ਕਦਮ ਅੱਗੇ ਜਾਂਦੇ ਹੋਏ 400 ਯੂਨਿਟ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲੀ-ਬਸਪਾ ਗੱਠਜੋੜ ਸਰਕਾਰ ਦੇ ਸੱਤਾ ਵਿਚ ਆਉਣ 'ਤੇ 13 ਨੁਕਾਤੀ ਏਜੰਡਾ ਲਾਗੂ ਕਰਨ ਦਾ ਐਲਾਨ ਕੀਤਾ। ਇਸ ਏਜੰਡੇ ਵਿਚ ਨੀਲਾ ਕਾਰਡ ਧਾਰਕ ਪਰਿਵਾਰਾਂ ਦੀਆਂ ਮੁਖੀ ਬਿਰਧ ਔਰਤਾਂ ਨੂੰ ਦੋ ਹਜ਼ਾਰ ਰੁਪਏ ਮਹੀਨਾ ਪੈਨਸ਼ਨ, ਖੇਤੀਬਾੜੀ ਖਪਤਕਾਰਾਂ ਨੂੰ ਡੀਜ਼ਲ ਰੇਟ ਵਿਚ 10 ਰੁਪਏ ਪ੍ਰਤੀ ਲਿਟਰ ਦੀ ਛੋਟ, ਸਨਅਤ ਲਈ 5 ਰੁਪਏ ਪ੍ਰਤੀ ਯੂਨਿਟ ਬਿਜਲੀ ਤੇ ਵਿਦਿਆਰਥੀਆਂ ਲਈ ਵਿਆਜ ਮੁਕਤ 10 ਲੱਖ ਰੁਪਏ ਦਾ ਕਰਜ਼ਾ ਦੇਣਾ ਸ਼ਾਮਲ ਹੈ।

ਲੋਕ ਲੁਭਾਊ ਵਾਅਦਿਆਂ ਤੋਂ ਇਲਾਵਾ ਸਿਆਸੀ ਧਿਰਾਂ ਦਲਿਤ ਵੱਸੋਂ ਉਤੇ ਡੋਰੇ ਪਾਉਣ ਲਈ ਸਭ ਤੋਂ ਵੱਧ ਸਰਗਰਮੀਆਂ ਦਿਖਾਈਆਂ ਜਾ ਰਹੀਆਂ ਹਨ। ਪੰਜਾਬ ਵਿਚ ਭਾਜਪਾ ਵੱਲੋਂ ਦਲਿਤ ਨੂੰ ਮੁੱਖ ਮੰਤਰੀ ਬਣਾਉਣ, ਅਕਾਲੀ ਦਲ ਤੇ ਆਮ ਆਦਮੀ ਪਾਰਟੀ (ਆਪ) ਵੱਲੋਂ ਉਪ ਮੁੱਖ ਮੰਤਰੀ ਬਣਾਉਣ ਤੇ ਪੰਜਾਬ ਸਰਕਾਰ ਵੱਲੋਂ ਦਲਿਤਾਂ ਦੇ ਵਿਕਾਸ ਲਈ ਵਿਸ਼ੇਸ਼ ਬਿਲ ਲਿਆਉਣ ਦੇ ਫੈਸਲੇ ਵਿਕਾਸ ਤੋਂ ਵੱਧ ਵੋਟ ਬੈਂਕ ਦੀ ਸਿਆਸਤ ਤੋਂ ਪ੍ਰਭਾਵਿਤ ਨਜ਼ਰ ਆਉਂਦੇ ਹਨ।

ਸਿਆਸੀ ਧਿਰਾਂ ਦੀਆਂ ਇਨ੍ਹਾਂ ਸਰਗਰਮੀਆਂ ਨੂੰ ਪੰਜਾਬ ਦੇ ਜ਼ਮੀਨੀ ਮੁੱਦਿਆਂ ਤੋਂ ਧਿਆਨ ਲਾਂਭੇ ਕਰਨ ਦੀਆਂ ਕੋਸ਼ਿਸ਼ਾਂ ਵਜੋਂ ਦੇਖਿਆ ਜਾ ਰਿਹਾ ਹੈ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਇਸ ਵਾਰ ਕਿਸਾਨ ਅੰਦੋਲਨ ਨੇ ਸਿਆਸੀ ਧਿਰਾਂ ਦੀਆਂ ਗਿਣਤੀਆਂ ਮਿਣਤੀਆਂ ਹਿਲਾਈਆਂ ਹੋਈਆਂ ਹਨ। ਕਿਸਾਨ ਜਥੇਬੰਦੀਆਂ ਹੁਣ ਤੱਕ ਕਿਸੇ ਵੀ ਸਿਆਸੀ ਧਿਰ ਨੂੰ ਮੂੰਹ ਲਾਉਣ ਲਈ ਤਿਆਰ ਨਹੀਂ। ਅਜਿਹੇ ਹਾਲਾਤ ਵਿਚ ਸਿਆਸੀ ਧਿਰਾਂ ਮੁਫਤ ਸਹੂਲਤਾਂ ਤੇ ਦਲਿਤ ਵਸੋਂ ਆਸਰੇ ਹੀ ਬਾਜ਼ੀ ਮਾਰਨ ਦੀ ਰਣਨੀਤੀ ਘੜ ਰਹੀਆਂ ਹਨ।

ਪੰਜਾਬ ਵਿਚ ਸੱਤਾਧਾਰੀ ਧਿਰ ਆਪਣੀਆਂ ਸਾਢੇ ਚਾਰ ਸਾਲ ਦੀਆਂ ਨਕਾਮੀਆਂ ਨੂੰ ਵੱਡੀ ਚੁਣੌਤੀ ਮੰਨ ਰਹੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਭਾਵੇਂ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਦੀ ਸਰਕਾਰ ਨੇ ਆਪਣੇ 85 ਫੀਸਦੀ ਚੋਣ ਵਾਅਦੇ ਪਹਿਲਾਂ ਹੀ ਪੂਰੇ ਕਰ ਦਿੱਤੇ ਹਨ ਤੇ ਰਹਿੰਦੀ ਕਸਰ ਬਾਕੀ ਦੋ-ਚਾਰ ਮਹੀਨਿਆਂ ਵਿਚ ਕੱਢ ਦਿੱਤੀ ਜਾਵੇਗੀ ਪਰ ਉਨ੍ਹਾਂ ਦੀ ਆਪਣੀ

*(ਬਾਕੀ ਸਫਾ 6 ਉਤੇ)*

## ਮਮਤਾ ਬੈਨਰਜੀ ਦੀ ਦਿੱਲੀ ਫੇਰੀ ਪਿੱਛੋਂ ਕੌਮੀ ਸਿਆਸਤ 'ਚ ਹਿਲਜੁਲ

**ਨਵੀਂ ਦਿੱਲੀ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਤਾਜ਼ਾ ਦਿੱਲੀ ਫੇਰੀ ਨੇ ਭਾਰਤ ਦੀ ਸਿਆਸਤ ਵਿਚ ਵੱਡੀ ਹਿਲਜੁਲ ਪੈਦਾ ਕਰ ਦਿੱਤੀ ਹੈ। ਇਸ ਫੇਰੀ ਤੋਂ ਬਾਅਦ ਭਾਜਪਾ ਖਿਲਾਫ ਤੀਜੇ ਮੋਰਚੇ ਲਈ ਵਿਰੋਧੀ ਪਾਰਟੀਆਂ ਦੇ ਏਕੇ ਲਈ ਇਕ ਮੁਹਿੰਮ ਛਿੜੀ ਜਾਪ ਰਹੀ ਹੈ।

ਮਮਤਾ ਬੈਨਰਜੀ ਵਰਗੇ ਨੇਤਾਵਾਂ ਦੀਆਂ ਪਾਰਟੀਆਂ ਨੂੰ ਘੱਟੋ-ਘੱਟ ਪ੍ਰੋਗਰਾਮ ਦੇ ਆਧਾਰ 'ਤੇ ਇਕ ਪਲੇਟਫਾਰਮ 'ਤੇ ਲਿਆਉਣਾ ਹੈ। ਨਿਤੀਸ਼ ਕੁਮਾਰ ਵੱਲੋਂ ਪੈਗਾਸਸ ਮਾਮਲੇ ਦੀ ਜਾਂਚ ਕਰਵਾਉਣ ਦੀ ਮੰਗ ਨੇ ਸਿਆਸੀ ਗਲਿਆਰਿਆਂ ਵਿਚ ਨਵੀਂ ਚਰਚਾ ਛੇੜੀ ਹੈ। ਜਨਤਾ ਦਲ (ਯੂ) ਨੇ ਕਿਸਾਨ ਅੰਦੋਲਨ ਦੀ



ਫੇਰੀ ਤੋਂ ਬਾਅਦ ਸਭ ਤੋਂ ਵੱਧ ਚਰਚਾ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਬਦਲੇ ਸੁਰਾਂ ਦੀ ਹੋ ਰਹੀ ਹੈ। ਇਸ ਫੇਰੀ ਤੋਂ ਤੁਰਤ ਬਾਅਦ ਨਿਤੀਸ਼ ਕੁਮਾਰ ਨੇ ਹਰਿਆਣੇ ਦੇ ਸਾਬਕਾ ਮੁੱਖ ਮੰਤਰੀ ਤੇ ਇਨੈਲੋ ਦੇ ਪ੍ਰਧਾਨ ਓਮ ਪ੍ਰਕਾਸ਼ ਚੌਟਾਲਾ ਨਾਲ ਮੁਲਾਕਾਤ ਕੀਤੀ। ਮੁਲਾਕਾਤ ਤੋਂ ਬਾਅਦ ਚੌਟਾਲਾ ਨੇ ਗੱਜ-ਵੱਜ ਕੇ ਆਖ ਦਿੱਤਾ ਕਿ ਹੁਣ ਉਨ੍ਹਾਂ ਦਾ ਮਿਸ਼ਨ ਭਾਜਪਾ ਦੇ ਵਿਰੁੱਧ ਤੀਜਾ ਫਰੰਟ ਬਣਾਉਣਾ ਹੈ ਜਿਸ ਵਿਚ ਸ਼ਰਦ ਪਵਾਰ, ਨਿਤੀਸ਼ ਕੁਮਾਰ, ਹਮਾਇਤ ਵੀ ਕੀਤੀ ਹੈ। ਐਨ.ਡੀ.ਏ. ਦੀ ਭਾਈਵਾਲ ਜਨਤਾ ਦਲ (ਯੂ) ਦੇ ਇਹ ਸੰਕੇਤ ਭਾਜਪਾ ਲਈ ਖਤਰੇ ਦੀ ਘੰਟੀ ਮੰਨੇ ਜਾ ਰਹੇ ਹਨ।

ਮਮਤਾ ਬੈਨਰਜੀ ਦੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਨਾਲ ਬੈਠਕ 'ਤੇ ਦੇਸ਼ ਭਰ ਦੇ ਰਾਜਨੀਤਕ ਸਮੀਖਿਅਕਾਂ ਦੀ ਤਿੱਖੀ ਨਜ਼ਰ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਸੋਨੀਆ ਗਾਂਧੀ ਤੋਂ ਇਲਾਵਾ ਪੱਛਮੀ ਬੰਗਾਲ

*(ਬਾਕੀ ਸਫਾ 6 ਉਤੇ)*

ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ
ਲੋੜ ਹੈ
ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।
ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ
ਸੰਪਰਕ ਕਰੋ, ਫੋਨ: 317-406-9924

Blue Diamond BANQUET HALL & CATERING
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924

Mela INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

BIG BAZAAR
Grocery, Sweets & Catering
*Fresh Vegetables Every Thursday
*Book your catering now.
5425 E. Thompson Rd., Indianapolis IN 46237


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

# ਪੰਜਾਬ ਦੀਆਂ ਸਿਆਸੀ ਧਿਰਾਂ ਦਲਿਤ ਵੋਟ ਬੈਂਕ 'ਤੇ ਡੋਰੇ ਪਾਉਣ ਵਿਚ ਜੁਟੀਆਂ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੀਆਂ ਸਿਆਸੀ ਧਿਰਾਂ ਸੂਬੇ ਵਿਚ ਦਲਿਤ ਵੋਟ ਬੈਂਕ ਉਤੇ ਡੋਰੇ ਪਾਉਣ ਲਈ ਸਰਗਰਮ ਹੋ ਗਈਆਂ ਹਨ। ਪੰਜਾਬ ਵਿਚ ਭਾਜਪਾ ਵੱਲੋਂ ਦਲਿਤ ਨੂੰ ਮੁੱਖ ਮੰਤਰੀ ਬਣਾਉਣ, ਅਕਾਲੀ ਦਲ ਤੇ ਆਮ ਆਦਮੀ ਪਾਰਟੀ (ਆਪ) ਵੱਲੋਂ ਉਪ ਮੁੱਖ ਮੰਤਰੀ ਬਣਾਉਣ ਦਾ ਐਲਾਨ ਤੇ ਹੁਣ ਪੰਜਾਬ ਸਰਕਾਰ ਵੱਲੋਂ ਦਲਿਤਾਂ ਦੇ ਵਿਕਾਸ ਲਈ ਵਿਸ਼ੇਸ਼ ਬਿੱਲ ਲਿਆਉਣ ਦੇ ਫੈਸਲੇ ਨੇ ਸਾਫ ਕਰ ਦਿੱਤਾ ਹੈ ਕਿ ਇਸ ਵਾਰ ਸਿਆਸੀ ਧਿਰਾਂ ਦਲਿਤ ਵਸੋਂ ਨੂੰ ਸਿਆਸੀ ਹਥਿਆਰ ਵਜੋਂ ਵਰਤਣ ਲਈ ਟਿੱਲ ਲਾਉਣਗੀਆਂ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਗਲੀਆਂ ਚੋਣਾਂ ਤੋਂ ਪਹਿਲਾਂ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਕੈਬਨਿਟ ਵਿਚ ਨਵਾਂ ਬਿੱਲ ਲਿਆਉਣ ਲਈ ਹਰੀ ਝੰਡੀ ਦੇ ਦਿੱਤੀ ਹੈ। ਇਸ ਨਾਲ ਵਿਧਾਨ ਸਭਾ ਦੇ ਆਗਾਮੀ ਇਜਲਾਸ ਵਿਚ ਕਾਨੂੰਨ ਬਣਨ ਦਾ ਰਾਹ ਪੱਧਰਾ ਹੋ ਗਿਆ ਹੈ। ਪੰਜਾਬ ਸਰਕਾਰ ਵੱਲੋਂ 'ਪੰਜਾਬ ਰਾਜ ਅਨੁਸੂਚਿਤ ਜਾਤੀਆਂ ਦੀ ਭਲਾਈ ਤੇ ਵਿਕਾਸ (ਵਿੱਤੀ ਵਸੀਲਿਆਂ ਦੀ ਯੋਜਨਾਬੰਦੀ, ਵਿਵਸਥਾ ਅਤੇ ਵਰਤੋਂ) ਉਪ-ਵੰਡ ਬਿੱਲ-2021' ਕੈਬਨਿਟ ਵਿਚ ਲਿਆਂਦਾ ਜਾਵੇਗਾ ਜਿਸ ਨਾਲ ਸਰਕਾਰ ਅਨੁਸੂਚਿਤ ਜਾਤੀਆਂ ਉਪ-ਯੋਜਨਾ ਅਤੇ ਇਸ ਨਾਲ ਜੁੜੇ ਮਾਮਲਿਆਂ ਨੂੰ ਲਾਗੂ ਕੀਤੇ ਜਾਣ ਦੀ ਨਿਗਰਾਨੀ ਲਈ ਸੰਸਥਾਗਤ ਵਿਧੀ ਨੂੰ ਅਮਲ ਵਿਚ ਲਿਆ ਸਕਣ ਦੇ ਸਮਰੱਥ ਹੋ ਜਾਵੇਗੀ।

ਨਵਾਂ ਕਾਨੂੰਨ ਅਨੁਸੂਚਿਤ ਜਾਤੀਆਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਮੰਚ ਮੁਹੱਈਆ ਕਰਵਾਏਗਾ। ਉਂਜ ਵੀ ਪੰਜਾਬ ਵਿਚ ਅਨੁਸੂਚਿਤ ਜਾਤੀਆਂ ਦੀ ਵਸੋਂ ਮੁਲਕ ਵਿਚ ਸਭ ਤੋਂ ਵੱਧ 31.94 ਫੀਸਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਬਿੱਲ ਇਸ ਭਾਈਚਾਰੇ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਦੀ ਸਰਕਾਰ ਦੇ ਯਤਨਾਂ ਨੂੰ ਵੱਡਾ ਹੁਲਾਰਾ ਦੇਵੇਗਾ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਅਨੁਸੂਚਿਤ ਜਾਤੀਆਂ ਸਬ-ਪਲਾਨ ਦੇ ਗਠਨ ਤੋਂ ਇਲਾਵਾ ਇਸ ਦੇ ਅਮਲੀਕਰਨ ਦੀ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਡਾਇਰੈਕਟੋਰੇਟ, ਅਨੁਸੂਚਿਤ ਜਾਤੀਆਂ ਸਬ-ਪਲਾਨ ਨੋਡਲ ਏਜੰਸੀ ਹੋਵੇਗਾ। ਸੂਬੇ ਦੇ ਸਾਲਾਨਾ ਬਜਟ ਅਨੁਮਾਨਾਂ ਨੂੰ ਪ੍ਰਵਾਨ ਕਰਨ ਦੀ ਸਮਰੱਥ ਅਥਾਰਿਟੀ, ਪੰਜਾਬ ਵਿਧਾਨ ਸਭਾ ਵਿਚ ਸੌਂਪਣ ਤੋਂ ਪਹਿਲਾਂ ਸਬੰਧਤ ਵਿੱਤੀ ਸਾਲ ਦੇ ਸੂਬਾਈ ਸਾਲਾਨਾ ਬਜਟ ਦੇ ਨਾਲ-ਨਾਲ ਅਨੁਸੂਚਿਤ ਜਾਤੀਆਂ ਸਬ-ਪਲਾਨ ਨੂੰ ਵੀ ਮਨਜ਼ੂਰੀ ਦੇਵੇਗੀ।

ਅਨੁਸੂਚਿਤ ਜਾਤੀਆਂ ਸਬ-ਪਲਾਨ ਤਹਿਤ ਫੰਡ ਜਾਰੀ ਕਰਨ ਦੀ ਇਕ ਹੀ ਵਿਧੀ ਹੋਵੇਗੀ ਅਤੇ ਇਸ ਉਦੇਸ਼ ਲਈ ਵਿੱਤ ਵਿਭਾਗ ਨਿਯੰਤਰਣ ਅਥਾਰਿਟੀ ਹੋਵੇਗਾ। ਅਨੁਸੂਚਿਤ ਜਾਤੀਆਂ ਉਪ-ਯੋਜਨਾ ਦੀ ਪ੍ਰਗਤੀ ਦਾ ਜਾਇਜ਼ਾ ਅਤੇ ਨਿਗਰਾਨੀ ਤੈਅ ਪ੍ਰਕਿਰਿਆ ਅਤੇ ਨਿਰਧਾਰਿਤ ਕਮੇਟੀ ਵੱਲੋਂ ਸੂਬਾਈ, ਜ਼ਿਲ੍ਹਾ ਅਤੇ ਬਲਾਕ ਪੱਧਰ ਉਤੇ ਕੀਤੀ ਜਾਵੇਗੀ। ਨਵਾਂ ਕਾਨੂੰਨ ਅਨੁਸੂਚਿਤ ਜਾਤੀਆਂ ਸਬ-ਪਲਾਨ ਨੂੰ ਹਰੇਕ ਪੱਧਰ ਉੱਤੇ ਲਾਗੂ ਕਰਨ ਲਈ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਏਗਾ।

## ਨਵਜੋਤ ਸਿੱਧੂ ਵੱਲੋਂ ਦਲਿਤ ਵਿਧਾਇਕਾਂ ਨਾਲ ਮੀਟਿੰਗਾਂ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਇਥੇ ਦਲਿਤ ਭਾਈਚਾਰੇ ਨਾਲ ਸਬੰਧਤ ਵਿਧਾਇਕਾਂ ਨਾਲ ਮੀਟਿੰਗ ਕੀਤੀ, ਜਿਸ ਵਿਚ ਦਲਿਤਾਂ ਦੇ ਮੁੱਦੇ ਵਿਚਾਰੇ ਗਏ। ਇਸ ਮੌਕੇ ਮੁਹਾਲੀ ਤੇ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਕਾਂਗਰਸੀ ਆਗੂ ਵੀ ਉਚੇਚੇ ਤੌਰ 'ਤੇ ਬੁਲਾਏ ਗਏ। ਵਿਧਾਇਕ ਰਾਜ ਕੁਮਾਰ ਵੇਰਕਾ ਨੇ ਕਿਹਾ ਕਿ ਪੰਜਾਬ ਕੈਬਨਿਟ ਵਿਚ ਦਲਿਤ ਵਸੋਂ ਦੇ ਲਿਹਾਜ਼ ਨਾਲ ਨੁਮਾਇੰਦਗੀ ਦਿੱਤੀ ਜਾਵੇ। ਵਿਧਾਇਕਾਂ ਨੇ ਸਰਕਾਰ ਤੇ ਪਾਰਟੀ ਨੂੰ ਆਪਸੀ ਤਾਲਮੇਲ ਨਾਲ ਚੱਲਣ ਅਤੇ ਪੰਜਾਬ ਵਿਚ ਸੰਵਿਧਾਨ ਦੀ 85ਵੀਂ ਸੋਧ ਲਾਗੂ ਕਰਾਉਣ 'ਤੇ ਜੋਰ ਦਿੱਤਾ। ਨਵਜੋਤ ਸਿੰਘ ਸਿੱਧੂ ਨੇ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਜਿੱਤ ਯਕੀਨੀ ਬਣਾਉਣ ਲਈ ਪਾਰਟੀ ਵਰਕਰਾਂ ਨੂੰ ਇਕਜੁਟ ਹੋਣ ਦਾ ਸੱਦਾ ਦਿੱਤਾ। ਮੀਟਿੰਗ ਦੌਰਾਨ ਸਿੱਧੂ ਨੇ ਕਿਹਾ ਕਿ ਪਾਰਟੀ ਵਰਕਰਾਂ ਨੂੰ ਇੱਕਜੁਟ ਹੋ ਕੇ ਹੁਣ ਤੋਂ ਹੀ ਪਾਰਟੀ ਨੀਤੀਆਂ ਅਤੇ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਨੂੰ ਘਰ-ਘਰ ਪਹੁੰਚਾਉਣ ਲਈ ਸਰਗਰਮ ਹੋਣਾ ਚਾਹੀਦਾ ਹੈ।

# ਬੇਅਦਬੀ ਮਾਮਲਾ: ਸਿਆਸਤ ਕਰਨ ਵਾਲਿਆਂ ਦੇ ਵਿਰੋਧ ਦਾ ਐਲਾਨ

**ਚੰਡੀਗੜ੍ਹ:** ਬਹਿਬਲ ਕਲਾਂ ਗੋਲੀਕਾਂਡ ਵਿਚ ਸ਼ਹੀਦ ਹੋਏ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ, ਗੁਰਜੀਤ ਸਿੰਘ ਦੇ ਪਿਤਾ ਸਾਧੂ ਸਿੰਘ ਅਤੇ ਅਜੀਤ ਸਿੰਘ ਨੇ ਕਿਹਾ ਹੈ ਕਿ ਚੋਣਾਂ ਨੇੜੇ ਆਉਣ ਕਾਰਨ ਸਿਆਸੀ ਧਿਰਾਂ ਬੇਅਦਬੀ ਮਾਮਲੇ 'ਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੇ ਨਾਮ 'ਤੇ ਰਾਜਨੀਤੀ ਕਰ ਰਹੀਆਂ ਹਨ, ਜਿਨ੍ਹਾਂ ਦਾ ਵਿਰੋਧ ਕੀਤਾ ਜਾਵੇਗਾ।




ਸੁਖਰਾਜ ਸਿੰਘ ਨੇ ਕਿਹਾ ਕਿ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਪਹਿਲਾਂ ਸਰਕਾਰ ਖਿਲਾਫ ਬੇਅਦਬੀ ਸਬੰਧੀ ਬਹੁਤ ਟਵੀਟ ਕੀਤੇ ਅਤੇ ਫੇਸਬੁੱਕ 'ਤੇ ਵੱਡੀਆਂ-ਵੱਡੀਆਂ ਗੱਲਾਂ ਕੀਤੀਆਂ ਪਰ ਜਿਸ ਦਿਨ ਤੋਂ ਹਾਈ ਕਮਾਂਡ ਨੇ ਉਨ੍ਹਾਂ ਨੂੰ ਪ੍ਰਧਾਨ ਬਣਾਇਆ ਹੈ, ਉਸ ਦਿਨ ਤੋਂ ਉਹ ਵੀ ਚੁੱਪ ਹੋ ਗਏ। ਉਨ੍ਹਾਂ ਦੋਸ਼ ਲਗਾਇਆ ਕਿ ਨਵਜੋਤ ਸਿੰਘ ਸਿੱਧੂ ਨੇ ਬੇਅਦਬੀ ਦੇ ਮੁੱਦੇ ਨੂੰ ਵਰਤ ਕੇ ਪ੍ਰਧਾਨਗੀ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਵੀ ਕਹਿ ਰਹੇ ਹਨ ਕਿ ਪੰਜਾਬ ਦੀ ਸੱਤਾ ਦਾ ਰਾਹ ਕੋਟਕਪੂਰਾ ਅਤੇ ਬਹਿਬਲ ਕਲਾਂ ਤੋਂ ਹੋ ਕੇ ਜਾਂਦਾ ਹੈ।


ਪੀੜਤ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਬੇਅਦਬੀ ਮਾਮਲੇ ਵਿਚ ਕਈ ਵਾਰ ਜਾਂਚ ਕਮੇਟੀਆਂ ਬਣ ਚੁੱਕੀਆਂ ਹਨ ਪਰ ਜਾਂਚ ਦਾ ਸਿੱਟਾ ਕੋਈ ਨਹੀਂ ਨਿਕਲ ਸਕਿਆ। ਜਾਂਚ ਕਮੇਟੀਆਂ ਵੱਲੋਂ ਨਾਮਜ਼ਦ ਕੀਤੇ ਸਾਰੇ ਪੁਲਿਸ ਅਧਿਕਾਰੀਆਂ ਨੂੰ ਵਾਰੀ-ਵਾਰੀ ਕਰਕੇ ਕੇਸ ਦੀ ਜਾਂਚ ਵਿਚੋਂ ਬਾਹਰ ਕਰ ਦਿੱਤਾ ਗਿਆ। ਪੀੜਤ ਪਰਿਵਾਰ ਨੇ ਮੰਗ ਕੀਤੀ ਕਿ ਬੇਅਦਬੀ ਮਾਮਲੇ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁੜ ਨਾਮਜ਼ਦ ਕੀਤਾ ਜਾਵੇ। ਕੇਸ ਦੀ ਜਾਂਚ ਦੌਰਾਨ ਬਾਹਰ ਕੱਢੇ ਗਏ ਪੁਲਿਸ ਅਧਿਕਾਰੀਆਂ ਤੋਂ ਮੁੜ ਪੁੱਛਗਿੱਛ ਕੀਤੀ ਜਾਵੇ।



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

A&I WATSONVILLE, CA.

**A & I Transport Inc.**

123 E Lee Rd., Watsonville, CA Ph: 831-763-7805

**ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ**

ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ
ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ

*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ

**NOW HIRING**

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

*Job Requirements:*

- Class A Driver. • Clean driving record • Ability to pass DOT drug test.

*We offer the following benefits of employment*

- 55 Cents Per Mile or loaded-Solo • 70 Cents Per Mile-Teams.
- Newer equipment for Driver comfort (2019-2021).
- *$3,000 Signing Bonus For Drivers for 11 western states.
- *$1,000 Signing Bonus For Regional Drivers.
- We pay $75 to $150 for 34 hours reset. • Weekly pay.
- Yearly mileage bonus. • We offer 3,500-3,800+ miles
- Medical, Vision, and Dental Benefits. • Stop Pay & Bonus Layover Pay.
- Referral-Bonus for referring other Class A Drivers. • 401k Plan.

*Signing bonus subject to terms and conditions.

For More Information Call (24 hours) Armando or Vicente, Ph: (831) 763-7805

# ਬਾਸਕਟਬਾਲ ਖਿਡਾਰੀ ਉਦੈਪਾਲ ਸਿੰਘ ਘੁੰਮਣ ਦਾ ਸਿਆਟਲ ਵਿਚ ਨਿੱਘਾ ਸੁਆਗਤ



**ਸਿਆਟਲ (ਗੁਰਚਰਨ ਸਿੰਘ ਢਿੱਲੋਂ):** ਗੁਰਦਾਸਪੁਰ ਦੇ ਪਿੰਡ ਘੁਮਾਣ ਦੇ ਜੰਮਪਲ ਹਰਭਜਨ ਸਿੰਘ ਘੁੰਮਣ ਦੇ ਹੋਣਹਾਰ ਸਪੁੱਤਰ ਬਾਸਕਟ ਬਾਲ ਖਿਡਾਰੀ ਉਦੈਪਾਲ ਸਿੰਘ ਘੁੰਮਣ ਦਾ ਸਿਆਟਲ ਦੇ ਖੇਡ ਕੈਂਪ ਵਿਚ ਪਹੁੰਚਣ ‘ਤੇ ਵਾਲੀਬਾਲ ਖਿਡਾਰੀਆਂ ਨੇ ਨਿੱਘਾ ਸੁਆਗਤ ਕੀਤਾ।

ਸਵਾਗਤੀ ਭਾਸ਼ਣ ਵਿਚ ਸਰਬਜੀਤ ਸਿੰਘ ਝੱਲੀ ਅਤੇ ਸਖਪ੍ਰੀਤ ਸਿੰਘ ਮੱਲੀ ਨੇ ਦੱਸਿਆ ਕਿ ਪੰਜਾਬੀ ਭਾਈਚਾਰੇ ਲਈ ਮਾਣ ਦੀ ਗੱਲ ਹੈ ਕਿ ਮਾਂਟਰੀਅਲ ਦੇ ਬਾਸਕਟਬਾਲ ਖਿਡਾਰੀ ਉਦੈਪਾਲ ਸਿੰਘ ਘੁੰਮਣ ਨੇ ਬਾਸਕਟਬਾਲ ਵਿਚ ਪੰਜਾਬੀ ਭਾਈਚਾਰੇ ਦਾ ਨਾਂ ਰੌਸ਼ਨ ਕੀਤਾ ਹੈ।

ਉਦੈਪਾਲ ਸਿੰਘ ਘੁੰਮਣ ਨੇ ਆਪਣੇ ਭਾਸ਼ਣ ਵਿਚ ਖੇਡ ਕੈਂਪ ਨੂੰ ਸਿਆਟਲ ਦੇ ਪੰਜਾਬੀ ਭਾਈਚਾਰੇ ਦਾ ਸ਼ਾਨਦਾਰ ਉਪਰਾਲਾ ਦੱਸਿਆ ਜੋ ਪਿਛਲੇ 11 ਸਾਲ ਤੋਂ ਬੱਚਿਆਂ ਦਾ ਖੇਡ ਕੈਂਪ ਲਗਾ ਕੇ ਉਨ੍ਹਾਂ ਨੂੰ ਪੰਜਾਬੀ ਵਿਰਸੇ, ਸਭਿਆਚਾਰ ਤੇ ਖੇਡਾਂ ਨਾਲ ਜੋੜਨ ਦਾ ਉਪਰਾਲਾ ਕਰ ਰਹੇ ਹਨ। ਬੱਚੇ ਨਸ਼ਿਆਂ ਤੋਂ ਦੂਰ ਰਹਿ ਕੇ ਸਰੀਰਕ ਫਿੱਟਨੈਸ ਲਈ ਵਰਜ਼ਿਸ਼ ਕਰਦੇ ਹਨ ਅਤੇ ਸਾਰਾ ਪੰਜਾਬੀ ਭਾਈਚਾਰਾ ਸਹਿਯੋਗ ਦੇ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅਜਿਹੇ ਖੇਡ ਕੈਂਪ ਸਾਰੇ ਸ਼ਹਿਰਾਂ ਵਿਚ ਕੀਤੇ ਜਾਣੇ ਚਾਹੀਦੇ ਹਨ।

# ਫਲੋਰਿਡਾ ਦੇ ਹਸਪਤਾਲਾਂ ’ਚ ਕਰੋਨਾ ਮਰੀਜ਼ਾਂ ਦੇ ਹੋਏ ਰਿਕਾਰਡ ਤੋੜ ਦਾਖਲੇ

**ਫਰਿਜ਼ਨੋ:** ਫਲੋਰਿਡਾ ਸਟੇਟ ਕਰੋਨਾ ਵਾਇਰਸ ਦੀ ਲਾਗ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਕਰੋਨਾ ਮਹਾਮਾਰੀ ਦੀ ਸ਼ੁਰੂਆਤ ਤੋਂ ਬਾਅਦ ਆਪਣੇ ਸਭ ਤੋਂ ਨਵੇਂ ਰੋਜ਼ਾਨਾ ਕੇਸ ਦਰਜ ਕਰਨ ਦੇ ਬਾਅਦ ਹੀ ਫਲੋਰਿਡਾ ਨੇ ਮੌਜੂਦਾ ਸਮੇਂ ਹਸਪਤਾਲ ਵਿਚ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ‘ਚ ਭਾਰੀ ਵਾਧਾ ਕੀਤਾ ਹੈ, ਜਿਸ ਨੇ ਸਟੇਟ ਦੇ ਪਿਛਲੇ ਰਿਕਾਰਡ ਨੂੰ ਵੀ ਤੋੜ ਦਿੱਤਾ ਹੈ।

ਅਮਰੀਕਾ ਦੇ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੁਆਰਾ ਜਾਰੀ ਅੰਕੜਿਆਂ ਅਨੁਸਾਰ ਐਤਵਾਰ ਨੂੰ ਫਲੋਰਿਡਾ ਵਿਚ ਕੋਵਿਡ-19 ਦੇ ਪੁਸ਼ਟੀ ਕੀਤੇ ਕੇਸਾਂ ਦੇ ਨਾਲ 10,207 ਲੋਕ ਹਸਪਤਾਲਾਂ ਵਿਚ ਦਾਖਲ ਸਨ। ਫਲੋਰਿਡਾ ਹਸਪਤਾਲ ਐਸੋਸੀਏਸ਼ਨ ਅਨੁਸਾਰ ਇਸ ਦਾ ਪਿਛਲਾ ਰਿਕਾਰਡ 23 ਜੁਲਾਈ 2020 ਦਾ ਸੀ, ਜਦੋਂ ਫਲੋਰਿਡਾ ਵਿਚ 10,170 ਕਰੋਨਾ ਮਰੀਜ ਹਸਪਤਾਲ ਵਿਚ ਦਾਖਲ ਸਨ। ਕੋਵਿਡ-19 ਲਈ ਪ੍ਰਤੀ ਵਿਅਕਤੀ ਹਸਪਤਾਲਾਂ ਵਿਚ ਦਾਖਲਿਆਂ ਸਬੰਧੀ ਫਲੋਰਿਡਾ ਦੇਸ਼ ਭਾਰ ਵਿਚੋਂ ਅੱਗੇ ਹੈ।

ਪਿਛਲੇ ਹਫਤੇ ਫਲੋਰਿਡਾ ਵਿਚ ਪ੍ਰਤੀ ਦਿਨ ਔਸਤਨ 1525 ਬਾਲਗ ਮਰੀਜ ਹਸਪਤਾਲ ਵਿਚ ਦਾਖਲ ਹੋਏ। ਫਲੋਰਿਡਾ ਵਿਚ ਹਸਪਤਾਲ ‘ਚ ਦਾਖਲ ਹੋਣ ਵਾਲੇ ਅਤੇ ਵਧ ਰਹੇ ਨਵੇਂ ਕੇਸਾਂ ਵਿਚ ਜਿਆਦਾਤਰ ਡੈਲਟਾ ਵੈਰੀਐਂਟ ਦੇ ਕੇਸ ਹਨ। ਹਸਪਤਾਲਾਂ ਵਿਚ ਦਾਖਲਿਆਂ ਦੀ ਗਿਣਤੀ ਤੋਂ ਪਹਿਲਾਂ ਜਾਰੀ ਕੀਤੇ ਗਏ ਅੰਕੜਿਆਂ ਵਿਚ ਕੋਵਿਡ-19 ਦੇ ਕਰੀਬ 21,683 ਨਵੇਂ ਮਾਮਲੇ ਦਰਜ ਹੋਏ, ਜੋ ਮਹਾਮਾਰੀ ਦੀ ਸ਼ੁਰੂਆਤ ਤੋਂ ਬਾਅਦ ਫਲੋਰਿਡਾ ਦੇ ਸਭ ਤੋਂ ਵੱਧ ਇੱਕ ਦਿਨ ਦੇ ਕੁੱਲ ਅੰਕੜੇ ਸਨ।

ਫਲੋਰਿਡਾ ਦੇ ਸਿਹਤ ਵਿਭਾਗ ਦੇ ਅਨੁਸਾਰ ਫਲੋਰਿਡਾ ਦੇ ਨਵੇਂ ਮਾਮਲਿਆਂ ਵਿਚ 50% ਹਫਤਾਵਾਰੀ ਵਾਧਾ ਵੇਖਿਆ ਗਿਆ ਹੈ, ਜਿਸ ਤਹਿਤ 23 ਤੋਂ 29 ਜੁਲਾਈ ਤੱਕ ਲਗਭਗ 110,477 ਕੇਸਾਂ ਦੀ ਰਿਪੋਰਟ ਕੀਤੀ ਗਈ ਹੈ।

# Matrimonials

## ਲੜਕੇ ਦੀ ਲੋੜ ਹੈ

Looking a match for a beautiful Jatt Sikh Punjabi Girl, family values oriented, 29yrs, 5’-5”, US born, post masters degree in educational psychology and working as a school psychologist. Invite serious response preferably from West Coast, Jatt Sikh US Citizen or Permanent Resident boy. Please contact with photographs and bio-data: gorayads@Yahoo.com Or Call: 301-653-7029 *28-31*

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5’-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/ professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

## ਲੜਕੀ ਦੀ ਲੋੜ ਹੈ

Suitable match for Jatt Sikh boy, 5’-11", 1993 born, Software Engineer, Masters in Engineering from university in USA, USA green card applied and expecting Canadian PR soon, rural/urban property. Please send recent pictures and particulars to email: singhusa93@gmail.com, Ph: 248-679-6668 *31-34*

ਸੈਣੀ ਸਿੱਖ ਉਮਰ 35 ਸਾਲ, ਕੱਦ 5’-9", ਗੈਸ ਸਟੇਸ਼ਨ ‘ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ‘ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 *29-32*

“Reputed Jatt Sikh family looking for a beautiful, tall (min. 5’-4") and slim girl for Canadian PR boy. Masters in engineering, 26 years, fair complexion, 5’-11". Working in M.N.C. Contact: 412-628-1644 or 91-98146-21221 *26-29*





ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ

ਕਾਲ ਕਰੋ: ਮਿ. ਸਿੰਘ

ਫੋਨ: 515-291-1961

31-34

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA

***Live on Jas TV***

**Saturday 9:30AM and Sunday 4PM (Pacific Time)**

**7021 Village Park Way, Dublin, CA 94568**



*Gurdip Singh Sandhu*

Email: Homeomedicine@yahoo.com

# ਮਿਸ਼ਨ 2022: ਕਾਂਗਰਸੀ ਵਰਕਰਾਂ ਵਿਚ ਜੋਸ਼ ਭਰਨ ਵਿਚ ਜੁਟੇ ਨਵਜੋਤ ਸਿੱਧੂ

**ਜਲੰਧਰ:** ਕਾਂਗਰਸ ਦੇ ਨਵ-ਨਿਯੁਕਤ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਪਾਰਟੀ ਵਰਕਰਾਂ ਅਤੇ ਵਿਧਾਇਕਾਂ ਨੂੰ ਸਿੱਧੇ ਤੌਰ 'ਤੇ ਮਿਲਣ ਦਾ ਸਿਲਸਿਲਾ ਦੋਆਬੇ ਤੋਂ ਸ਼ੁਰੂ ਕੀਤਾ ਹੈ। ਉਨ੍ਹਾਂ ਨੇ ਜਲੰਧਰ ਦੇ ਸਾਰੇ ਕਾਂਗਰਸੀ ਵਿਧਾਇਕਾਂ, ਪਾਰਟੀ ਅਹੁਦੇਦਾਰਾਂ ਤੇ ਵਰਕਰਾਂ ਨਾਲ ਕਾਂਗਰਸ ਭਵਨ ਵਿਚ ਗੱਲਬਾਤ ਕੀਤੀ।



ਇਸ ਦੇ ਨਾਲ ਹੀ ਕਪੂਰਥਲਾ ਜ਼ਿਲ੍ਹੇ ਦੇ ਕਾਂਗਰਸੀ ਆਗੂਆਂ ਨਾਲ ਗੱਲਬਾਤ ਕੀਤੀ। ਕਪੂਰਥਲਾ ਜ਼ਿਲ੍ਹੇ ਦੇ ਫਗਵਾੜਾ ਤੋਂ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਹੀ ਹਾਜ਼ਰ ਹੋਏ ਜਦਕਿ ਰਾਣਾ ਗੁਰਜੀਤ ਸਿੰਘ, ਨਵਤੇਜ ਸਿੰਘ ਚੀਮਾ ਤੇ ਸੁਖਪਾਲ ਸਿੰਘ ਖਹਿਰਾ ਗੈਰਹਾਜ਼ਰ ਰਹੇ। ਇਸੇ ਦੌਰਾਨ ਮਹਿੰਦਰ ਸਿੰਘ ਕੇ.ਪੀ. ਅਤੇ ਜਗਬੀਰ ਬਰਾੜ ਵੀ ਸਿੱਧੂ ਦੀ ਫੇਰੀ ਮੌਕੇ ਸਮਾਗਮ 'ਚ ਨਾ ਪੁੱਜੇ। ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪਾਰਟੀ ਵਰਕਰਾਂ ਵਿਚ ਬਹੁਤ ਜ਼ਿਆਦਾ ਉਤਸ਼ਾਹ ਹੈ ਤੇ ਉਹ ਇਨ੍ਹਾਂ ਰਾਹੀਂ ਹਰ ਪੰਜਾਬੀ ਨਾਲ ਸੰਪਰਕ ਕਰਨਾ ਚਾਹੁੰਦੇ ਹਨ।

ਕਾਂਗਰਸ ਹਾਈਕਮਾਨ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਦਿੱਤੇ ਗਏ 18 ਨੁਕਾਤੀ ਪ੍ਰੋਗਰਾਮ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਪ੍ਰੋਗਰਾਮ ਲਾਗੂ ਹੋ ਕੇ ਰਹੇਗਾ ਤੇ ਇਸ ਨੂੰ ਲਾਗੂ ਕਰਨਾ ਪਵੇਗਾ। ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਪੰਜਾਬ ਵਿਧਾਨ ਸਭਾ 'ਚ ਮਤਾ ਲਿਆਉਣ ਦੀ ਵਕਾਲਤ ਕਰਦਿਆਂ ਉਨ੍ਹਾਂ ਕਿਹਾ ਕਿ ਜਿਵੇਂ ਐਸ.ਵਾਈ.ਐਲ. 'ਤੇ ਪੰਜਾਬ ਨੇ ਸਟੈਂਡ ਲਿਆ ਸੀ, ਉਸੇ ਤਰ੍ਹਾਂ ਇਨ੍ਹਾਂ ਬਿੱਲਾਂ ਬਾਰੇ ਵੀ ਸਟੈਂਡ ਲਿਆ ਜਾਵੇ। ਇਨ੍ਹਾਂ ਬਿੱਲਾਂ ਵਿਚ ਸੋਧਾਂ ਨਾਲ ਨਹੀਂ ਸਗੋਂ ਇਨ੍ਹਾਂ ਨੂੰ ਸਿਰੇ ਤੋਂ ਨਕਾਰਨ ਨਾਲ ਹੀ ਕੁਝ ਬਣਨਾ ਹੈ। ਉਨ੍ਹਾਂ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਖੇਤੀ ਬਾਰੇ ਕਾਨੂੰਨ ਬਣਾ ਕੇ ਸੰਘੀ ਢਾਂਚੇ 'ਤੇ ਹਮਲਾ ਕੀਤਾ ਗਿਆ ਹੈ। ਇਨ੍ਹਾਂ ਕਾਨੂੰਨਾਂ ਰਾਹੀਂ ਸੂਬਿਆਂ ਦੇ ਅਧਿਕਾਰ ਖੋਹੇ ਗਏ ਹਨ। ਖੇਤੀਬਾੜੀ ਨੂੰ ਸੂਬੇ ਦਾ ਵਿਸ਼ਾ ਦੱਸਦਿਆਂ ਉਨ੍ਹਾਂ ਕਿਹਾ ਕਿ ਕਾਲੇ ਕਾਨੂੰਨਾਂ ਨੂੰ ਪੰਜਾਬੀ ਲਾਗੂ ਨਹੀਂ ਹੋਣ ਦੇਣਗੇ।

ਸ੍ਰੀ ਸਿੱਧੂ ਨੇ ਸਸਤੀ ਬਿਜਲੀ ਦੇ ਮਾਮਲੇ ਵਿਚ ਦਿੱਲੀ ਮਾਡਲ ਨੂੰ ਰਗੜਾ ਲਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ 10 ਹਜ਼ਾਰ ਕਰੋੜ ਦੀ ਸਬਸਿਡੀ ਕਿਸਾਨਾਂ ਤੇ ਗਰੀਬ ਵਰਗ ਨੂੰ ਬਿਜਲੀ 'ਤੇ ਦਿੰਦੀ ਹੈ ਜਦਕਿ ਦਿੱਲੀ ਵਿਚ ਸਿਰਫ 1,700 ਕਰੋੜ ਦਿੱਤੀ ਜਾਂਦੀ ਹੈ। ਪੰਜਾਬ ਵਿਚ ਉਤਪਾਦਨ ਹੋਣ ਦੇ ਬਾਵਜੂਦ 18 ਪੈਸੇ ਸਸਤੀ ਬਿਜਲੀ ਦਿੱਤੀ ਜਾਂਦੀ ਹੈ ਤੇ ਸਰਕਾਰ ਖੁਦ ਨੁਕਸਾਨ ਝੱਲਦੀ ਹੈ। ਜਦਕਿ ਦਿੱਲੀ ਵਿਚ ਟਾਟਾ ਤੇ ਰਿਲਾਇੰਸ ਬਿਜਲੀ ਸਪਲਾਈ ਕਰਦੇ ਹਨ, ਜਿਹੜੀ ਕਿ ਪੰਜਾਬ ਨਾਲੋਂ ਮਹਿੰਗੀ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਸਸਤੀ ਬਿਜਲੀ ਦੇਣ ਦੀ ਹਮਾਇਤ ਕਰਦਿਆਂ ਕਿਹਾ ਕਿ ਇਸ ਵਿਚ ਸਭ ਤੋਂ ਵੱਡਾ ਅੜਿੱਕਾ ਬਾਦਲ ਸਰਕਾਰ ਵੇਲੇ ਕੀਤੇ ਗਏ ਸਮਝੌਤੇ ਹਨ। ਇਨ੍ਹਾਂ ਸਮਝੌਤਿਆਂ ਨਾਲ ਹੀ ਲੋਕਾਂ ਦੇ ਹਿੱਤ ਖੋਹੇ ਗਏ ਹਨ। ਸੋਲਰ ਊਰਜਾ ਦੇ ਵੀ ਗਲਤ ਠੇਕੇ ਹੋਏ ਹਨ ਜਦਕਿ ਸੋਲਰ ਊਰਜਾ ਨਾਲ 1 ਰੁਪਏ 99 ਪੈਸੇ ਪ੍ਰਤੀ ਯੂਨਿਟ ਬਿਜਲੀ ਉਪਲੱਬਧ ਹੈ ਪਰ ਮਜੀਠੀਆ ਨੇ ਇਹ ਠੇਕਾ 7 ਰੁਪਏ ਤੇ 17 ਰੁਪਏ ਪ੍ਰਤੀ ਯੂਨਿਟ 'ਤੇ ਕੀਤਾ ਹੋਇਆ ਹੈ।

ਆਪਣੀਆਂ ਮੰਗਾਂ ਲਈ ਪ੍ਰਦਰਸ਼ਨ ਕਰਨ ਵਾਲੇ ਅਧਿਆਪਕਾਂ, ਡਾਕਟਰਾਂ, ਨਰਸਾਂ, ਸਫਾਈ ਕਰਮਚਾਰੀਆਂ ਨਾਲ ਸੰਪਰਕ ਕਰਨ ਅਤੇ ਸੰਵਾਦ ਰਚਾਉਣ ਦੀ ਹਮਾਇਤ ਕਰਦਿਆਂ ਸ੍ਰੀ ਸਿੱਧੂ ਨੇ ਕਿਹਾ ਕਿ ਇਨ੍ਹਾਂ ਵਰਗਾਂ ਲਈ ਦਿਲਾਂ ਦੇ ਦਰਵਾਜ਼ੇ ਖੋਲ੍ਹਣੇ ਚਾਹੀਦੇ ਹਨ ਅਤੇ ਸੂਬੇ ਨੂੰ ਆਪਣੀ ਵਿੱਤੀ ਸਮਰੱਥਾ ਅਨੁਸਾਰ ਮਸਲੇ ਹੱਲ ਕਰਨੇ ਚਾਹੀਦੇ ਹਨ। ਸ੍ਰੀ ਸਿੱਧੂ ਨੇ ਮੁੜ ਦੁਹਰਾਇਆ ਕਿ 17 ਸਾਲਾਂ ਤੋਂ ਉਨ੍ਹਾਂ ਦਾ ਜਿਹੜਾ ਸਟੈਂਡ ਸੀ, ਉਸ 'ਤੇ ਅੱਜ ਵੀ ਖੜ੍ਹੇ ਹਨ।

## ਐਨ.ਜੀ.ਟੀ. ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ 'ਤੇ ਜੁਰਮਾਨਾ ਠੋਕਿਆ

**ਨਵੀਂ ਦਿੱਲੀ:** ਕੌਮੀ ਗਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਬਰਨਾਲਾ ਦੇ ਧੌਲਾ ਸਥਿਤ ਟ੍ਰਾਈਡੈਂਟ ਫੈਕਟਰੀ ਸਬੰਧੀ ਆਪਣੇ ਹੁਕਮਾਂ ਦੀ ਪਾਲਣਾ 'ਚ ਦੇਰੀ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ 'ਤੇ ਇਕ ਲੱਖ ਰੁਪਏ ਦਾ ਜੁਰਮਾਨਾ ਲਗਾਇਆ ਹੈ। ਐਨ.ਜੀ.ਟੀ. ਦੇ ਚੇਅਰਪਰਸਨ ਜਸਟਿਸ ਆਦਰਸ਼ ਕੁਮਾਰ ਗੋਇਲ ਦੀ ਅਗਵਾਈ ਹੇਠਲੇ ਬੈਂਚ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪੇਸ਼ ਹੋਏ ਅਧਿਕਾਰੀ ਨੇ ਹੁਕਮਾਂ ਦੀ ਪਾਲਣਾ 'ਚ ਦੇਰੀ ਲਈ ਕੋਈ ਸਫਾਈ ਨਹੀਂ ਦਿੱਤੀ ਅਤੇ ਸਿਰਫ ਜ਼ਬਾਨੀ ਹੀ ਆਖਿਆ ਕਿ ਬੋਰਡ ਫੈਕਟਰੀ ਨੂੰ ਨਿਰਦੇਸ਼ ਜਾਰੀ ਕਰਦਾ ਰਿਹਾ ਹੈ। ਐਨ.ਜੀ.ਟੀ. ਨੇ ਕਿਹਾ ਕਿ ਫੈਕਟਰੀ ਨੂੰ ਨਿਰਦੇਸ਼ ਜਾਰੀ ਕਰਨ ਬਾਰੇ ਨਾ ਤਾਂ ਕੋਈ ਸਬੂਤ ਪੇਸ਼ ਕੀਤੇ ਗਏ ਅਤੇ ਨਾ ਹੀ ਉਸ ਖਿਲਾਫ ਸਖਤ ਕਦਮ ਚੁੱਕਣ ਦੀ ਕੋਈ ਸਫਾਈ ਦਿੱਤੀ ਗਈ।

# ਕੋਟਕਪੂਰਾ ਗੋਲੀ ਕਾਂਡ: ਜਾਂਚ ਟੀਮ ਵੱਲੋਂ ਉਚ ਪੁਲਿਸ ਅਫਸਰਾਂ ਕੋਲੋਂ ਪੁੱਛ-ਪੜਤਾਲ

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਪੰਜਾਬ ਪੁਲਿਸ ਦੇ 9 ਉਚ ਅਫਸਰਾਂ ਕੋਲੋਂ ਪੁੱਛ-ਪੜਤਾਲ ਕੀਤੀ, ਜਿਨ੍ਹਾਂ ਜੇਲ੍ਹ ਵਿਭਾਗ ਦੇ ਡੀ.ਆਈ.ਜੀ. ਸੁਖਮਿੰਦਰ ਸਿੰਘ ਮਾਨ ਵੀ ਸ਼ਾਮਲ ਹਨ, ਜੋ ਕੋਟਕਪੂਰਾ ਗੋਲੀਕਾਂਡ ਸਮੇਂ ਫਰੀਦਕੋਟ ਦੇ ਐਸ.ਐਸ.ਪੀ. ਸਨ। ਜਾਂਚ ਟੀਮ ਨੇ ਇਸ ਤੋਂ ਇਲਾਵਾ ਡੀ.ਐਸ.ਪੀ. ਹਰਜਿੰਦਰ ਸਿੰਘ, ਡੀ.ਐਸ.ਪੀ. ਅਮਰਜੀਤ ਸਿੰਘ, ਇੰਸਪੈਕਟਰ ਕੁਲਦੀਪ ਚੰਦ, ਇੰਸਪੈਕਟਰ ਬਚਨ ਸਿੰਘ ਅਤੇ ਇੰਸਪੈਕਟਰ ਪਰਮਜੀਤ ਸਿੰਘ ਤੋਂ ਵੀ ਪੁੱਛ-ਪੜਤਾਲ ਕੀਤੀ। ਇਹ ਸਾਰੇ ਪੁਲਿਸ ਅਧਿਕਾਰੀ ਕੋਟਕਪੂਰਾ ਗੋਲੀਕਾਂਡ ਦੀ ਘਟਨਾ ਸਮੇਂ ਕੋਟਕਪੂਰਾ ਵਿਚ ਹਾਜਰ ਸਨ। ਫਰੀਦਕੋਟ ਦੇ ਡੀ.ਆਈ.ਜੀ. ਸੁਰਜੀਤ ਸਿੰਘ ਨੇ ਪੁਲਿਸ ਅਧਿਕਾਰੀਆਂ ਤੋਂ ਕੋਟਕਪੂਰਾ ਗੋਲੀ ਕਾਂਡ ਬਾਰੇ ਪੁੱਛ-ਪੜਤਾਲ ਕੀਤੀ ਅਤੇ ਬਕਾਇਦਾ ਤੌਰ 'ਤੇ ਉਨ੍ਹਾਂ ਦੇ ਬਿਆਨ ਕਲਮਬੰਦ ਕੀਤੇ।

ਜਾਂਚ ਟੀਮ ਇਸ ਮਾਮਲੇ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਾਬਕਾ, ਡੀ.ਜੀ.ਪੀ. ਸੁਮੇਧ ਸੈਣੀ ਸਮੇਤ 200 ਵਿਅਕਤੀਆਂ ਦੇ ਬਿਆਨ ਕਲਮਬੰਦ ਕਰ ਚੁੱਕੀ ਹੈ। ਜਾਂਚ ਟੀਮ ਨੇ ਇਸ ਮਾਮਲੇ ਵਿਚ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਦੇ ਨਾਰਕੋ ਟੈਸਟ ਦੀਆਂ ਵੀ ਤਿਆਰੀਆਂ ਕਰ ਲਈਆਂ ਹਨ। ਇਸ ਟੈਸਟ ਲਈ ਇਲਾਕਾ ਮੈਜਿਸਟ੍ਰੇਟ ਨੇ ਦੋ ਹਫਤੇ ਪਹਿਲਾਂ ਹੀ ਮਨਜ਼ੂਰੀ ਦਿੱਤੀ ਹੈ। ਜਦੋਂ ਕਿ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੇ ਕੋਟਕਪੂਰਾ ਗੋਲੀਕਾਂਡ ਵਿਚ ਆਪਣਾ ਨਾਰਕੋ ਟੈਸਟ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਸੀ। ਕੋਟਕਪੂਰਾ ਗੋਲੀ ਕਾਂਡ ਦੀ ਪਹਿਲੀ ਜਾਂਚ ਪੜਤਾਲ ਰੱਦ ਹੋਣ ਤੋਂ ਬਾਅਦ ਜਾਂਚ ਟੀਮ ਨੇ ਦੂਸਰੀ ਚਾਰਜਸ਼ੀਟ ਤਿਆਰ ਕਰਨ ਲਈ ਸਾਰੇ ਗਵਾਹਾਂ ਨੂੰ ਦੁਬਾਰਾ ਹੜਤਾਲ ਵਿਚ ਸ਼ਾਮਲ ਕੀਤਾ ਗਿਆ ਹੈ।

## ਭਗੌੜੇ ਡੇਰਾ ਪ੍ਰੇਮੀਆਂ ਦੇ ਮੁੜ ਗ੍ਰਿਫਤਾਰੀ ਵਾਰੰਟ ਜਾਰੀ

**ਫਰੀਦਕੋਟ:** ਬੇਅਦਬੀ ਮਾਮਲਿਆਂ 'ਚ ਡੇਰਾ ਸਿਰਸਾ ਦੀ ਕੌਮੀ ਕਮੇਟੀ ਦੇ ਤਿੰਨ ਭਗੌੜੇ ਮੈਂਬਰਾਂ ਹਰਸ਼ ਧੂਰੀ, ਪ੍ਰਦੀਪ ਕਲੇਰ ਤੇ ਸੰਦੀਪ ਬਰੇਟਾ ਦੇ ਮੁੜ ਗ੍ਰਿਫਤਾਰੀ ਵਾਰੰਟ ਜਾਰੀ ਕਰਦੇ ਹੋਏ ਤਿੰਨਾਂ ਨੂੰ ਸਥਾਨਕ ਜੁਡੀਸ਼ੀਅਲ ਮੈਜਿਸਟ੍ਰੇਟ ਫਸਟ ਕਲਾਸ ਦੀ ਅਦਾਲਤ ਵੱਲੋਂ 9 ਅਗਸਤ ਤੱਕ ਅਦਾਲਤ 'ਚ ਪੇਸ਼ ਕਰਨ ਦੇ ਹੁਕਮ ਜਾਰੀ ਕੀਤੇ ਹਨ।

ਅਦਾਲਤ ਵੱਲੋਂ ਪਹਿਲਾਂ 24 ਜੁਲਾਈ ਨੂੰ ਗ੍ਰਿਫਤਾਰੀ ਵਾਰੰਟ ਜਾਰੀ ਕਰਦੇ ਹੋਏ ਇਨ੍ਹਾਂ ਤਿੰਨਾਂ ਡੇਰਾ ਪ੍ਰੇਮੀਆਂ ਨੂੰ 30 ਜੁਲਾਈ ਤੱਕ ਅਦਾਲਤ 'ਚ ਪੇਸ਼ ਕਰਨ ਦੇ ਹੁਕਮ ਦਿੱਤੇ ਸਨ। ਤਿੰਨੇ 1 ਮਈ 2015 ਨੂੰ ਬੁਰਜ ਜਵਾਹਰ ਸਿੰਘ ਵਾਲਾ ਤੋਂ ਚੋਰੀ ਹੋਏ ਸਰੂਪ ਸਬੰਧੀ ਥਾਣਾ ਬਾਜਾਖਾਨਾ ਵਿਚ ਦਰਜ ਮੁਕੱਦਮਾ ਨੰਬਰ 63 'ਚ ਨਾਮਜ਼ਦ ਹਨ ਅਤੇ 21 ਜਨਵਰੀ ਨੂੰ ਅਦਾਲਤ ਵੱਲੋਂ ਭਗੌੜੇ ਐਲਾਨੇ ਜਾ ਚੁੱਕੇ ਹਨ।


ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।




ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

# ਕਿਸਾਨ ਸੰਸਦ ਦੀ ਸਫਲਤਾ ਨੇ ਸਰਕਾਰ ਨੂੰ ਸੋਚੀਂ ਪਾਇਆ



**ਚੰਡੀਗੜ੍ਹ:** ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਸੂਬੇ 'ਚ ਟੌਲ ਪਲਾਜ਼ਿਆਂ, ਰੇਲਵੇ ਪਾਰਕਾਂ, ਕਾਰਪੋਰੇਟ ਘਰਾਣਿਆਂ ਦੇ ਦਫਤਰਾਂ ਅਤੇ ਭਾਜਪਾ ਆਗੂਆਂ ਦੇ ਘਰਾਂ ਤੇ ਦਫਤਰਾਂ ਸਣੇ ਸਵਾ ਸੌ ਕੁ ਥਾਵਾਂ 'ਤੇ ਚੱਲ ਰਹੇ ਕਿਸਾਨ ਧਰਨਿਆਂ 'ਚ ਉਤਸ਼ਾਹ ਬਰਕਰਾਰ ਹੈ। ਦਿੱਲੀ 'ਚ ਜੰਤਰ-ਮੰਤਰ 'ਤੇ ਚੱਲ ਰਹੀ ਕਿਸਾਨ ਸੰਸਦ ਨੇ ਵੀ ਪੰਜਾਬ ਦੇ ਕਿਸਾਨਾਂ 'ਚ ਨਵਾਂ ਜੋਸ਼ ਭਰ ਦਿੱਤਾ ਹੈ। 'ਕਿਸਾਨ ਸੰਸਦ' ਨੂੰ ਮਿਲੀ ਸਫਲਤਾ ਨੇ ਕੇਂਦਰ ਸਰਕਾਰ ਨੂੰ ਸੋਚੀਂ ਪਾ ਦਿੱਤਾ ਹੈ। ਪੰਜਾਬ ਵਿੱਚ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਧਰਨਿਆਂ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਨੇ ਅੰਦੋਲਨ ਦੇ ਨਿਵੇਕਲੇ ਤੇ ਵਿਲੱਖਣ ਰੂਪ ਸਾਹਮਣੇ ਲਿਆ ਕੇ ਸੂਚੱਜੀ ਲੀਡਰਸ਼ਿਪ ਦਾ ਸਬੂਤ ਦਿੱਤਾ ਹੈ। ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਅੰਦੋਲਨ ਦੇ ਵੱਖਰੇ ਰੂਪ ਨੇ ਸਰਕਾਰ ਨੂੰ ਫਿਕਰਾਂ 'ਚ ਪਾ ਦਿੱਤਾ ਹੈ। ਉਧਰ, ਕਿਸਾਨਾਂ ਦੀ ਅੰਦੋਲਨ ਨੂੰ ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਵਿਚ ਮਜ਼ਬੂਤ ਕਰਨ ਦੀ ਤਜਵੀਜ਼ ਨੇ ਸਰਕਾਰ ਦੀਆਂ ਮੁਸ਼ਕਲਾਂ ਹੋਰ ਵਧਾ ਦਿੱਤੀਆਂ। ਕਿਸਾਨ ਆਗੂਆਂ ਨੇ ਪਟਿਆਲਾ ਵਿਚ ਪੱਕੀਆਂ ਨੌਕਰੀਆਂ ਦੀ ਮੰਗ ਕਰਦੇ ਕੱਚੇ ਅਧਿਆਪਕਾਂ 'ਤੇ ਪੁਲਿਸ ਵੱਲੋਂ ਕੀਤੇ ਲਾਠੀਚਾਰਜ ਅਤੇ ਮੁਜ਼ਾਹਰਾਕਾਰੀਆਂ ਦੀ ਕੁੱਟਮਾਰ ਦੀ ਨਿਖੇਧੀ ਕੀਤੀ ਹੈ। ਕਿਸਾਨਾਂ ਨੇ ਕਿਹਾ ਕਿ ਕੇਂਦਰ ਵਿਚ ਕਾਬਜ਼ ਮੋਦੀ ਸਰਕਾਰ ਲਗਾਤਾਰ ਲੋਕ ਵਿਰੋਧੀ ਫੈਸਲੇ ਲੈ ਰਹੀ ਹੈ। ਦੇਸ਼ ਦਾ ਅੰਨਦਾਤਾ ਕਈ ਮਹੀਨਿਆਂ ਤੋਂ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਿਹਾ ਹੈ। ਉਹ ਆਪਣੇ ਹੋਰਨਾਂ ਹੱਕਾਂ ਲਈ ਵੀ ਲੜਨਾ ਜਾਣਦਾ ਹੈ। ਕੇਂਦਰ ਸਰਕਾਰ ਕਿਸਾਨਾਂ ਨੂੰ ਜਾਤੀਵਾਤ ਦੇ ਨਾਮ 'ਤੇ ਵੰਡਣਾ ਚਾਹੁੰਦੀ ਹੈ।

ਉਨ੍ਹਾਂ ਕਿਹਾ ਕਿ ਜਦੋਂ ਤੱਕ ਤਿੰਨੇ ਖੇਤੀ ਕਾਨੂੰਨ ਰੱਦ ਨਹੀਂ ਕੀਤੇ ਜਾਂਦੇ ਅਤੇ ਫਸਲਾਂ ਦੀ ਐਮ.ਐਸ.ਪੀ. 'ਤੇ ਖਰੀਦ ਦੀ ਕਾਨੂੰਨ ਗਾਰੰਟੀ ਦਾ ਕਾਨੂੰਨ ਨਹੀਂ ਬਣਾਇਆ ਜਾਂਦਾ, ਉਦੋਂ ਤੱਕ ਕਿਸਾਨ ਅੰਦੋਲਨ ਚੱਲਦਾ ਰਹੇਗਾ। ਹਰਿਆਣਾ ਦੇ ਕਿਸਾਨਾਂ ਵੱਲੋਂ ਸੂਬੇ ਵਿਚ ਭਾਜਪਾ ਅਤੇ ਜੇ.ਜੇ.ਪੀ. ਆਗੂਆਂ ਖਿਲਾਫ ਸ਼ੁਰੂ ਕੀਤੀ ਮੁਹਿੰਮ ਤੇਜ਼ ਕੀਤੀ ਜਾ ਰਹੀ ਹੈ। ਸੂਬੇ ਤੋਂ ਵੱਡੀ ਗਿਣਤੀ ਵਿਚ ਕਿਸਾਨ ਰੋਜ਼ ਦਿੱਲੀ ਜਾ ਰਹੇ ਹਨ। ਭਾਰਤੀ ਕਿਸਾਨ ਯੂਨੀਅਨ ਦੇ ਆਗੂ ਗੁਰਨਾਮ ਸਿੰਘ ਚੜੂਨੀ ਦੀ ਅਗਵਾਈ ਹੇਠ ਝੱਜਰ ਤੋਂ ਕਿਸਾਨਾਂ ਦਾ ਵੱਡਾ ਕਾਫਲਾ ਦਿੱਲੀ ਲਈ ਰਵਾਨਾ ਹੋਇਆ। ਭਾਰਤੀ ਕਿਸਾਨ ਯੂਨੀਅਨ ਦੇ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਏ ਬਿਨਾਂ ਘਰ ਵਾਪਸੀ ਨਹੀਂ ਹੋਵੇਗੀ।

## ਸਿਆਸੀ ਧਿਰਾਂ ਦੀਆਂ ਸਾਜ਼ਿਸ਼ਾਂ ਫੇਲ੍ਹ ਕਰਨ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਦੇ ਸੰਘਰਸ਼ੀ ਅਖਾੜਿਆਂ ਤੋਂ ਬੁਲਾਰਿਆਂ ਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਸਿਆਸੀ ਜਮਾਤਾਂ ਵੱਲੋਂ ਜਥੇਬੰਦਕ ਏਕੇ ਨੂੰ ਕਮਜ਼ੋਰ ਕਰਨ ਦੀਆਂ ਰਚੀਆਂ ਜਾ ਰਹੀਆਂ ਸਾਜ਼ਿਸ਼ਾਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੱਤਾ। ਸੂਬੇ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਜਪਾ ਆਗੂਆਂ ਦੇ ਘਰਾਂ ਅੱਗੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਟੌਲ ਪਲਾਜ਼ਿਆਂ, ਅੰਬਾਨੀ ਅਤੇ ਅਡਾਨੀ ਟਿਕਾਣਿਆਂ, ਪੈਟਰੋਲ ਪੰਪਾਂ ਸਮੇਤ ਕਰੀਬ ਸਵਾ ਸੌ ਤੋਂ ਵੱਧ ਥਾਵਾਂ 'ਤੇ ਚੱਲ ਰਹੇ ਧਰਨਿਆਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਕੋਈ ਵੀ ਚਾਲ ਕਿਸਾਨੀ ਅੰਦੋਲਨ ਨੂੰ ਮੱਠਾ ਨਹੀਂ ਪਾ ਸਕੀ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੀ ਇਕ ਵੱਡੀ ਜਿੱਤ ਇਹ ਵੀ ਹੈ ਕਿ ਭਾਜਪਾ ਪੱਖੀ ਮੀਡੀਆ ਦੇ ਕੁਝ ਚੈਨਲ ਵੀ 'ਕਿਸਾਨ ਸੰਸਦ' ਦੀ ਕਾਰਵਾਈ ਦਿਖਾਉਣ ਲਈ ਮਜਬੂਰ ਹੋਏ ਹਨ।

## ਨੌਜਵਾਨਾਂ ਨੂੰ ਮੋਦੀ ਸਰਕਾਰ ਖਿਲਾਫ ਅੱਗੇ ਆਉਣ ਦਾ ਹੋਕਾ

**ਪੁਣੇ:** ਮਹਾਰਾਸ਼ਟਰ ਕਾਂਗਰਸ ਦੇ ਮੁਖੀ ਨਾਨਾ ਪਟੋਲੇ ਨੇ ਕਿਹਾ ਹੈ ਕਿ ਨੌਜਵਾਨਾਂ ਨੂੰ ਕੇਂਦਰ ਦੀਆਂ ਗਲਤ ਨੀਤੀਆਂ ਖਿਲਾਫ ਲੜਨ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਆਜ਼ਾਦੀ ਦੀ ਨਵੀਂ ਜੰਗ ਹੋਵੇਗੀ। ਲੋਕਮਾਨਿਆ ਤਿਲਕ ਦੀ ਬਰਸੀ ਮੌਕੇ ਰੱਖੇ ਗਏ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਪਟੋਲੇ ਨੇ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਲੋਕਾਂ ਦੀ ਆਜ਼ਾਦੀ ਨੂੰ ਖੋਹ ਰਹੀ ਹੈ ਅਤੇ ਭਾਜਪਾ ਨੇ ਕਦੇ ਵੀ ਆਜ਼ਾਦੀ ਲਈ ਸੰਘਰਸ਼ 'ਚ ਯੋਗਦਾਨ ਨਹੀਂ ਪਾਇਆ ਸੀ।

## ਮੈਡੀਕਲ ਕੋਰਸਾਂ ਵਿਚ ਓ.ਬੀ.ਸੀਜ਼. ਲਈ 27 ਫੀਸਦੀ ਰਾਖਵਾਂਕਰਨ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਅਕਾਦਮਿਕ ਵਰ੍ਹੇ 2021-22 ਤੋਂ ਅੰਡਰ-ਗ੍ਰੈਜੂਏਟ ਤੇ ਪੋਸਟ ਗ੍ਰੈਜੂਏਟ ਮੈਡੀਕਲ ਤੇ ਡੈਂਟਲ ਕੋਰਸਾਂ ਲਈ ਓ.ਬੀ.ਸੀਜ. ਨੂੰ 27 ਫੀਸਦੀ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ (ਈ.ਡਬਲਿਊ.ਐਸ.) ਨੂੰ 10 ਫੀਸਦੀ ਰਾਖਵਾਂਕਰਨ ਦੇਣ ਦਾ ਐਲਾਨ ਕੀਤਾ ਹੈ। ਇਹ ਐਲਾਨ ਆਲ ਇੰਡੀਆ ਕੋਟਾ ਯੋਜਨਾ (ਏ.ਆਈ.ਕਿਊ.) ਤਹਿਤ ਲਾਗੂ ਕੀਤਾ ਗਿਆ ਹੈ।

ਸਿਹਤ ਮੰਤਰਾਲੇ ਵੱਲੋਂ ਜਾਰੀ ਬਿਆਨ ਮੁਤਾਬਕ ਪ੍ਰਧਾਨ ਮੰਤਰੀ ਨੇ ਬੈਠਕ ਕਰਕੇ ਸਬੰਧਤ ਕੇਂਦਰੀ ਮੰਤਰੀਆਂ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਲੰਮੇ ਸਮੇਂ ਤੋਂ ਬਕਾਇਆ ਪਏ ਇਸ ਮੁੱਦੇ ਦਾ ਢੁਕਵਾਂ ਹੱਲ ਕੱਢਣ। ਇਸ ਫੈਸਲੇ ਨਾਲ ਐਮ.ਬੀ.ਬੀ.ਐਸ. ਦੇ ਕਰੀਬ 1500 ਓ.ਬੀ.ਸੀ. ਵਿਦਿਆਰਥੀਆਂ ਅਤੇ ਪੋਸਟ ਗ੍ਰੈਜੂਏਸ਼ਨ 'ਚ ਓ.ਬੀ.ਸੀ. ਦੇ 2500 ਵਿਦਿਆਰਥੀਆਂ ਨੂੰ ਲਾਭ ਹੋਵੇਗਾ। ਇਸ ਦੇ ਨਾਲ ਈ.ਡਬਲਿਊ.ਐਸ. ਦੇ ਐਮ.ਬੀ.ਬੀ.ਐਸ. 'ਚ ਕਰੀਬ 550 ਅਤੇ ਪੋਸਟ ਗ੍ਰੈਜੂਏਸ਼ਨ 'ਚ ਕਰੀਬ 1000 ਵਿਦਿਆਰਥੀਆਂ ਨੂੰ ਲਾਹਾ ਮਿਲੇਗਾ। ਮੰਤਰਾਲੇ ਨੇ ਦੱਸਿਆ ਹੈ ਕਿ ਪਿਛਲੇ ਛੇ ਸਾਲਾਂ ਤੋਂ ਐਮ.ਬੀ.ਬੀ.ਐਸ. ਸੀਟਾਂ ਦੀ ਗਿਣਤੀ 56 ਫੀਸਦ ਵਧ ਕੇ 84,649 ਜਦਕਿ ਪੀ.ਜੀ. ਸੀਟਾਂ ਦੀ ਗਿਣਤੀ 2020 'ਚ ਵਧ ਕੇ 54,275 ਹੋ ਗਈ ਹੈ। ਸਾਲ 2014 ਤੋਂ 2020 ਤੱਕ ਮੁਲਕ ਭਰ ਵਿਚ 179 ਨਵੇਂ ਮੈਡੀਕਲ ਕਾਲਜ ਖੋਲ੍ਹੇ ਗਏ ਹਨ।

# ਸੰਘਰਸ਼ੀ ਅਖਾੜੇ: ਮੀਂਹ 'ਚ ਵੀ ਮੱਠਾ ਨਾ ਪਿਆ ਕਿਸਾਨਾਂ ਦਾ ਜੋਸ਼

**ਚੰਡੀਗੜ੍ਹ:** ਪੰਜਾਬ ਵਿਚ ਮਾਨਸੂਨ ਦੀ ਭਰਵੀਂ ਬਾਰਸ਼ ਦੌਰਾਨ ਵੀ ਪੌਣੇ ਗਿਆਰਾਂ ਮਹੀਨਿਆਂ ਤੋਂ ਚੱਲ ਰਹੇ ਕਿਸਾਨੀ ਧਰਨੇ ਨਿਰਵਿਘਨ ਜਾਰੀ ਰਹੇ। ਵਰ੍ਹਦੇ ਮੀਂਹ 'ਚ ਕਿਸਾਨਾਂ ਨੇ ਖੇਤੀ ਕਾਨੂੰਨਾਂ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਅਤੇ ਕੇਂਦਰੀ ਮੰਤਰੀਆਂ ਦੇ ਕੂੜ ਪ੍ਰਚਾਰ ਵਿਰੁੱਧ ਲੜਾਈ ਤਿੱਖੀ ਕਰਨ ਦਾ ਸੱਦਾ ਦਿੱਤਾ।

ਕਿਸਾਨ ਬੁਲਾਰਿਆਂ ਨੇ ਖੇਤੀ ਸਬੰਧੀ ਭਖਦੇ ਮੁੱਦਿਆਂ ਖਾਸ ਕਰ ਖਾਦਾਂ ਦੀ ਕਮੀ ਦੇ ਮਾਮਲੇ ਸਬੰਧੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਸਰਕਾਰ 'ਤੇ ਵੀ ਨਿਸ਼ਾਨਾ ਸੇਧਿਆ। ਕਿਸਾਨ ਬੁਲਾਰਿਆਂ ਨੇ ਖੇਤੀ ਮੰਤਰੀ ਤੋਮਰ ਦੇ ਇਸ ਬਿਆਨ ਦਾ ਗੰਭੀਰ ਨੋਟਿਸ ਲਿਆ ਕਿ ਕਿਸਾਨਾਂ ਕੋਲ ਖੇਤੀ ਕਾਨੂੰਨਾਂ ਬਾਰੇ ਗੱਲਬਾਤ ਕਰਨ ਲਈ ਕੋਈ ਤਜਵੀਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਖੇਤੀ ਮੰਤਰੀ ਝੂਠ ਬੋਲਣਾ ਬੰਦ ਕਰਨ ਕਿਉਂਕਿ ਕਿਸਾਨ ਕਾਨੂੰਨਾਂ ਦੀ ਹਰੇਕ ਮਦ ਦੀਆਂ ਖਾਮੀਆਂ ਦੱਸ ਚੁੱਕੇ ਹਨ ਅਤੇ ਆਪਣੀ ਤਜਵੀਜ਼ ਕਈ ਵਾਰ ਦੁਹਰਾ ਚੁੱਕੇ ਹਨ ਕਿ ਤਿੰਨੋਂ ਕਾਨੂੰਨ ਰੱਦ ਕੀਤੇ ਜਾਣ।

ਉਨ੍ਹਾਂ ਕਿਹਾ ਕਿ ਭਾਜਪਾ ਆਗੂ ਅਤੇ ਕੇਂਦਰੀ ਮੰਤਰੀ ਸਰਕਾਰ ਦੇ ਗੈਰ-ਸੰਵਿਧਾਨਕ ਫੈਸਲਿਆਂ ਅਤੇ ਪੂੰਜੀਪਤੀ ਘਰਾਣਿਆਂ ਦੀ ਸੇਵਾ ਕਰਨ ਦੀ ਨੀਤੀ 'ਤੇ ਪਰਦਾ ਪਾਉਣ ਲਈ ਝੂਠ ਦਾ ਸਹਾਰਾ ਲੈ ਰਹੇ ਹਨ। ਬੁਲਾਰਿਆਂ ਨੇ ਕਿਹਾ ਕਿ ਸਿਰਫ ਭਾਜਪਾ ਅਤੇ ਇਸ ਪਾਰਟੀ ਦੇ ਜੋਟੀਦਾਰਾਂ ਨੂੰ ਛੱਡ ਕੇ ਸਾਰਾ ਮੁਲਕ ਸਮਝ ਚੁੱਕਿਆ ਹੈ ਕਿ ਖੇਤੀ ਕਾਨੂੰਨ ਕਿਸਾਨੀ ਲਈ ਹੀ ਤਬਾਹਕੁਨ ਸਾਬਤ ਨਹੀਂ ਹੋਣਗੇ, ਸਗੋਂ ਆਮ ਲੋਕਾਂ ਦੀਆਂ ਜ਼ਿੰਦਗੀਆਂ ਵੀ ਬਰਬਾਦ ਕਰਨਗੇ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਝੂਠ ਅਤੇ ਕੁਫਰ ਦਾ ਰਾਹ ਛੱਡ ਕੇ ਕਾਨੂੰਨ ਵਾਪਸੀ ਦੀ ਗੱਲ 'ਤੇ ਆਉਣਾ ਪਵੇਗਾ।

ਖਾਦ ਦੀ ਕਮੀ ਦੇ ਮਾਮਲੇ 'ਤੇ ਕੈਪਟਨ ਸਰਕਾਰ ਨੂੰ ਘੇਰਦਿਆਂ ਕਿਸਾਨ ਜਥੇਬੰਦੀਆਂ ਦੇ ਬੁਲਾਰਿਆਂ ਨੇ ਕਿਹਾ ਕਿ ਝੋਨੇ 'ਚ ਯੂਰੀਆ ਖਾਦ ਪਾਉਣ ਲਈ ਇਕ ਹਫਤੇ ਦਾ ਸਮਾਂ ਬਚਿਆ ਹੈ ਪਰ ਯੂਰੀਏ ਦੀ ਬਹੁਤ ਕਿੱਲਤ ਪਾਈ ਜਾ ਰਹੀ ਹੈ। ਮਾਰਕਫੈੱਡ ਤੇ ਖੇਤੀ ਵਿਭਾਗ ਨੇ ਟਾਲ-ਮਟੋਲ ਦੀ ਨੀਤੀ ਅਪਣਾ ਰੱਖੀ ਹੈ ਅਤੇ ਚੁਣਾਵੀ ਗਿਣਤੀਆਂ ਮਿਣਤੀਆਂ ਵਿਚ ਮਸਰੂਫ ਸਰਕਾਰ ਕੋਲ ਤਾਂ ਕਿਸਾਨ ਮੁੱਦਿਆਂ ਲਈ ਸਮਾਂ ਹੀ ਨਹੀਂ।

# ਭਾਜਪਾ ਦੀ ਤਿਰੰਗਾ ਯਾਤਰਾ ਕਿਸਾਨਾਂ ਵਿਰੁੱਧ ਸਾਜ਼ਿਸ਼ ਕਰਾਰ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਹਰਿਆਣਾ ਦੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਭਾਜਪਾ ਦੀਆਂ ਚਾਲਾਂ ਵਿਚ ਨਾ ਫਸਣ। ਭਾਜਪਾ ਦੀ ਹਰਿਆਣਾ ਇਕਾਈ ਵੱਲੋਂ 'ਤਿਰੰਗਾ ਯਾਤਰਾ' ਮੁੱਖ ਤੌਰ 'ਤੇ ਕਿਸਾਨਾਂ ਨੂੰ ਭੜਕਾਉਣ ਅਤੇ ਉਨ੍ਹਾਂ ਨੂੰ ਬਦਨਾਮ ਕਰਨ ਲਈ ਹੈ। ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਭਾਜਪਾ ਦੀ ਇਸ ਮਨਘੜਤ ਯੋਜਨਾ ਨੂੰ ਵੇਖਣ ਤੇ ਰਾਸ਼ਟਰੀ ਝੰਡੇ ਦੀ ਆੜ ਵਿਚ ਗੰਦੀ ਚਾਲ ਨੂੰ ਕਾਮਯਾਬ ਨਾ ਹੋਣ ਦੇਣ।

ਉਨ੍ਹਾਂ ਕਿਹਾ ਕਿ ਇਸ ਯਾਤਰਾ ਦਾ ਕਿਸਾਨ ਕਿਤੇ ਵੀ ਵਿਰੋਧ ਨਾ ਕਰਨ ਅਤੇ ਕੌਮੀ ਝੰਡੇ ਦੇ ਸਤਿਕਾਰ ਨੂੰ ਵੀ ਯਕੀਨੀ ਬਣਾਇਆ ਜਾਵੇ। ਉਂਜ ਮੋਰਚੇ ਨੇ ਸਪੱਸ਼ਟ ਕੀਤਾ ਕਿ ਭਾਜਪਾ, ਜੇ.ਜੇ.ਪੀ. ਅਤੇ ਉਨ੍ਹਾਂ ਦੇ ਨੇਤਾਵਾਂ ਦਾ ਬਾਈਕਾਟ ਤੇ ਕਾਲੇ ਝੰਡਿਆਂ ਰਾਹੀਂ ਵਿਰੋਧ ਦੇ ਹੋਰ ਸਾਰੇ ਪ੍ਰੋਗਰਾਮ ਜਾਰੀ ਰਹਿਣਗੇ।

ਕਿਸਾਨ ਆਗੂ ਜਗਮੋਹਨ ਸਿੰਘ ਪਟਿਆਲਾ ਨੇ ਕਿਹਾ ਕਿ ਸੰਸਦ ਦੀ ਕਾਰਵਾਈ ਦੇ ਸਮਾਨਾਂਤਰ ਜੰਤਰ-ਮੰਤਰ 'ਤੇ ਕਿਸਾਨ ਸੰਸਦ ਦੇ ਸੈਸ਼ਨ ਜਾਰੀ ਰਹਿਣਗੇ। ਉਨ੍ਹਾਂ ਕਿਹਾ ਕਿ ਜਾਣਕਾਰੀ ਮੁਤਾਬਕ ਸੰਸਦ ਨੇ 107 ਘੰਟਿਆਂ ਵਿਚੋਂ ਸਿਰਫ 18 ਘੰਟਿਆਂ ਲਈ ਕੰਮ ਕੀਤਾ ਹੈ। ਵਿਰੋਧੀ ਧਿਰ ਦੀ ਗੱਲ ਨਾ ਸੁਣਨ ਵਿਚ ਕਰੋੜਾਂ ਰੁਪਏ ਗੁਆਏ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਮਹੱਤਵਪੂਰਨ ਮਾਮਲੇ ਉਠਾਉਣ ਦੀ ਆਗਿਆ ਨਹੀਂ ਦਿੱਤੀ ਜਾ ਰਹੀ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੀ ਕਮੇਟੀ ਵੱਲੋਂ ਹਰਿਆਣਾ ਤੇ ਦਿੱਲੀ ਵਿਚ ਝੂਠੇ ਪਰਚੇ ਦਰਜ ਕਰਕੇ ਫਸਾਏ ਗਏ ਕਿਸਾਨਾਂ ਨੂੰ ਕਾਨੂੰਨੀ ਸਹਾਇਤਾ ਦੇਣ ਪੀੜਤ ਕਿਸਾਨਾਂ ਨੂੰ ਮੁਆਵਜ਼ਾ ਦੇਣ ਸਬੰਧੀ ਅੰਤਰਿਮ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ।

## ਕਰਨਾਟਕ ਤੋਂ ਕਿਸਾਨ ਜਥਾ ਸਿੰਘੂ ਬਾਰਡਰ ਪੁੱਜਾ

**ਨਵੀਂ ਦਿੱਲੀ:** ਕਿਸਾਨਾਂ ਵੱਲੋਂ ਸਿੰਘੂ ਬਾਰਡਰ 'ਤੇ ਦਿੱਤੇ ਜਾ ਰਹੇ ਧਰਨੇ ਵਿਚ ਕਰਨਾਟਕ ਦੀ ਕਿਸਾਨ ਜਥੇਬੰਦੀ 'ਕੱਬੂ ਬੇਲਗਰਾਰਾ ਕਰਨਾਟਕ ਸੰਘ' ਦਾ ਇਕ ਵੱਡਾ ਜਥਾ ਇਥੇ ਪਹੁੰਚਿਆ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਅਭਿਮੰਨਿਊ ਕੁਹਾੜ, ਬਖਤਾਵਰ ਸਿੰਘ ਅਤੇ ਹੋਰਾਂ ਨੇ ਜਥੇ ਦਾ ਸਵਾਗਤ ਕੀਤਾ। ਕਰਨਾਟਕ ਦੇ ਕਿਸਾਨਾਂ ਨੇ ਮੋਰਚੇ ਦੇ ਆਗੂਆਂ ਨੂੰ ਸਾਲ ਭੇਟ ਕਰਕੇ ਉਨ੍ਹਾਂ ਦਾ ਸਨਮਾਨ ਕੀਤਾ। ਕਰਨਾਟਕ ਦੇ ਕਿਸਾਨ ਆਗੂ ਸ਼ਾਂਤਾ ਕੁਮਾਰ ਨੇ ਆਪਣੇ ਸੰਬੋਧਨ 'ਚ ਕਿਹਾ, "ਸਾਡਾ ਸੂਬਾ ਦਿੱਲੀ ਤੋਂ ਦੂਰ ਹੈ। ਅਸੀਂ ਇਸ ਮੋਰਚੇ ਅੰਦਰ ਆਪਣੇ ਰਾਜ ਦੇ ਕਿਸਾਨਾਂ ਵੱਲੋਂ ਇਕਜੁੱਟਤਾ ਪ੍ਰਗਟ ਕਰਨ ਪਹੁੰਚੇ ਹਾਂ। ਅਸੀਂ ਭਾਵੇਂ ਇਥੇ ਨਾ ਪਹੁੰਚ ਸਕੀਏ ਪਰ ਸੰਯੁਕਤ ਮੋਰਚੇ ਦੇ ਹਰ ਪ੍ਰੋਗਰਾਮ ਨੂੰ ਅਸੀਂ ਆਪਣੇ ਰਾਜ ਅੰਦਰ ਪੂਰੀ ਦ੍ਰਿੜ੍ਹਤਾ ਨਾਲ ਲਾਗੂ ਕਰਦੇ ਰਹੇ ਹਾਂ।"

# ਕੇਜਰੀਵਾਲ ਵੱਲੋਂ ਪੰਜਾਬ ਦੇ ਵਿਧਾਇਕਾਂ ਨੂੰ ਕਿਸਾਨਾਂ ਨਾਲ ਡਟ ਕੇ ਖੜ੍ਹਨ ਦੇ ਹੁਕਮ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੀ ਖੁਸ਼ਹਾਲੀ ਅਤੇ ਕਿਸਾਨ ਅੰਦੋਲਨ ਦੀ ਚੜ੍ਹਦੀ ਕਲਾ ਸਬੰਧੀ ਪੰਜਾਬ ਦੇ ਵਿਧਾਇਕਾਂ ਨਾਲ ਵਿਸਥਾਰ ਸਹਿਤ ਵਿਚਾਰ-ਚਰਚਾ ਕੀਤੀ ਹੈ। ਪਾਰਟੀ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਦੀ ਅਗਵਾਈ ਹੇਠ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਸਮੇਤ 'ਆਪ' ਵਿਧਾਇਕਾਂ ਨਾਲ ਮੁੱਖ ਮੰਤਰੀ ਦੀ ਰਿਹਾਇਸ਼ 'ਚ ਰੱਖੀ ਗਈ ਇਹ ਮੀਟਿੰਗ ਕਰੀਬ ਤਿੰਨ ਘੰਟੇ ਚੱਲੀ। ਮੀਟਿੰਗ ਦੌਰਾਨ ਕੇਜਰੀਵਾਲ ਨੇ ਜਿਥੇ 2022 ਦੀਆਂ ਚੋਣਾਂ ਸਬੰਧੀ ਵਿਚਾਰ-ਵਟਾਂਦਰੇ ਕੀਤੇ, ਉਥੇ ਹੀ ਕਿਸਾਨ ਅੰਦੋਲਨ ਦੀ ਮਜ਼ਬੂਤੀ ਲਈ ਵੀ ਸੁਝਾਅ ਮੰਗੇ।



ਪੰਜਾਬ ਵਿਧਾਨ ਸਭਾ ਚੋਣਾਂ 'ਚ ਪੰਜਾਬ ਨੂੰ ਮਾਫੀਆ ਮੁਕਤ ਕਰਵਾਉਣ ਲਈ ਉਨ੍ਹਾਂ ਵਿਧਾਇਕਾਂ ਨੂੰ ਸਕਾਰਾਤਮਕ ਲਕੀਰ ਖਿੱਚਣ 'ਤੇ ਧਿਆਨ ਕੇਂਦਰਿਤ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਪਾਰਟੀ ਦੇ ਵਰਕਰ ਘਰ-ਘਰ ਪਹੁੰਚ ਕਰ ਕੇ ਲੋਕਾਂ ਨੂੰ ਦੱਸਣ ਕਿ ਆਮ ਆਦਮੀ ਪਾਰਟੀ ਕਿਹੜੀਆਂ ਵਿਕਾਸ ਮੁਖੀ ਨੀਤੀਆਂ ਨਾਲ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਪੰਜਾਬ ਅਤੇ ਪੰਜਾਬੀਆਂ ਨੂੰ ਸੰਕਟ 'ਚੋਂ ਬਾਹਰ ਕੱਢ ਸਕਦੀ ਹੈ। ਇਸ ਦੌਰਾਨ ਕੇਜਰੀਵਾਲ ਨੇ ਸਾਰੇ ਵਿਧਾਇਕਾਂ ਕੋਲੋਂ ਉਨ੍ਹਾਂ ਦੇ ਹਲਕਿਆਂ ਦੀ ਬੂਥ ਪੱਧਰ ਤੱਕ ਦੀ ਜਾਣਕਾਰੀ ਲਈ। ਇਸ ਦੌਰਾਨ ਭਗਵੰਤ ਮਾਨ ਨੇ ਪੰਜਾਬ ਦੇ ਸਿਆਸੀ ਆਰਥਿਕ ਅਤੇ ਸਮਾਜਿਕ ਹਲਾਤ ਬਾਰੇ ਚਾਨਣਾ ਪਾਇਆ।

ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਾਰੇ ਵਿਧਾਇਕਾਂ ਨੂੰ ਦਿਸ਼ਾ-ਨਿਰਦੇਸ਼ ਦਿੰਦਿਆਂ ਕਿਹਾ ਕਿ ਪਾਰਟੀ ਦੇ ਝੰਡੇ ਅਤੇ ਏਜੰਡੇ ਨੂੰ ਪਾਸੇ ਰੱਖ ਕੇ ਕਿਸਾਨ ਅੰਦੋਲਨ ਨੂੰ ਹਰ ਪੱਧਰ 'ਤੇ ਸਹਿਯੋਗ ਦਿੱਤਾ ਜਾਵੇ। ਅੱਜ ਦੇਸ਼ ਦਾ ਅੰਨਦਾਤਾ ਆਪਣੀ ਜ਼ਮੀਨ ਅਤੇ ਹੋਂਦ ਦੀ ਲੜਾਈ ਲੜਨ ਲਈ ਮਜਬੂਰ ਹੈ ਪਰ ਕੇਂਦਰ ਦੀ ਮੋਦੀ ਸਰਕਾਰ ਆਪਣੀ ਜ਼ਿੱਦ ਨਹੀਂ ਛੱਡ ਰਹੀ, ਜਿਸ ਦੀ ਉਹ ਨਿਖੇਧੀ ਕਰਦੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਅੜੀ ਛੱਡ ਕੇ ਖੇਤੀ ਕਾਨੂੰਨ ਤੁਰਤ ਰੱਦ ਕਰਨੇ ਚਾਹੀਦੇ ਹਨ।

ਉਨ੍ਹਾਂ ਦੁਹਰਾਇਆ ਕਿ ਕੇਂਦਰ ਸਰਕਾਰ ਨੂੰ ਅੜੀ ਤਿਆਗ ਕੇ ਖੇਤੀ ਵਿਰੋਧੀ ਇਹ ਕਾਲੇ ਕਾਨੂੰਨ ਤੁਰਤ ਵਾਪਸ ਲੈਣੇ ਚਾਹੀਦੇ ਹਨ ਤੇ ਬਿਜਲੀ ਸੋਧ ਬਿਲ-2021 ਸੰਸਦ 'ਚ ਪੇਸ਼ ਨਹੀਂ ਕਰਨਾ ਚਾਹੀਦਾ। ਬੈਠਕ ਦੌਰਾਨ ਦਿੱਲੀ ਸਰਕਾਰ ਵੱਲੋਂ ਕੇਂਦਰ ਸਰਕਾਰ ਦੇ ਦਬਾਅ ਦੀ ਪ੍ਰਵਾਹ ਨਾ ਕਰਦਿਆਂ ਕਿਸਾਨ ਅੰਦੋਲਨ ਨੂੰ ਦਿੱਤੇ ਗਏ ਸਹਿਯੋਗ ਤੇ ਸੰਸਦ ਦੇ ਅੰਦਰ ਅਤੇ ਬਾਹਰ ਭਗਵੰਤ ਮਾਨ ਵੱਲੋਂ ਕਿਸਾਨਾਂ ਦੇ ਹੱਕ 'ਚ ਲਗਾਤਾਰ ਬੁਲੰਦ ਕੀਤੀ ਜਾ ਰਹੀ ਆਵਾਜ਼ ਦੀ ਭਰਪੂਰ ਸ਼ਲਾਘਾ ਕੀਤੀ ਗਈ।

## ਕੇਂਦਰ ਸਰਕਾਰ ਜ਼ਿੱਦੀ: ਭਗਵੰਤ ਮਾਨ

**ਨਵੀਂ ਦਿੱਲੀ:** ਨਵੇਂ ਖੇਤੀ ਕਾਨੂੰਨਾਂ 'ਤੇ ਸੰਸਦ ਵਿਚ ਚਰਚਾ ਨਾ ਕਰਾਉਣ 'ਤੇ ਕੇਂਦਰ ਸਰਕਾਰ ਦੀ ਅਲੋਚਨਾ ਕਰਦਿਆਂ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਭਗਵੰਤ ਮਾਨ ਨੇ ਕਿਹਾ, 'ਜੇ ਮੋਦੀ ਸਰਕਾਰ ਆਪਣੀ ਜ਼ਿੱਦ 'ਤੇ ਅੜੀ ਹੈ ਤਾਂ 'ਆਪ' ਕਿਸਾਨਾਂ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ।' ਭਗਵੰਤ ਮਾਨ ਨੇ ਕਿਹਾ ਕਿ ਉਹ ਦੋ ਹਫਤਿਆਂ ਤੋਂ ਸੰਸਦ ਵਿਚ ਕਿਸਾਨਾਂ ਦੀ ਆਵਾਜ਼ ਬੁਲੰਦ ਕਰ ਰਹੇ ਹਨ ਅਤੇ ਲਗਾਤਾਰ 'ਕੰਮ ਰੋਕੂ ਮਤਾ' ਪੇਸ਼ ਕਰ ਰਹੇ ਹਨ, ਜਿਸ ਵਿਚ ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਸੰਸਦ ਵਿਚ ਚਰਚਾ ਕਰਾਉਣ ਦੀ ਮੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੀ ਜ਼ਿੱਦੀ ਨੀਤੀ ਅੰਨਦਾਤਾ ਅਤੇ ਦੇਸ਼ ਲਈ ਨੁਕਸਾਨਦਾਇਕ ਹੈ, ਜਿਸ ਨੂੰ ਛੱਡਿਆ ਜਾਣਾ ਚਾਹੀਦਾ ਹੈ।

## ਆਪਣੇ ਬਲਬੂਤੇ ਸਰਕਾਰ ਬਣਾ ਸਕਦੇ ਕਿਸਾਨ: ਚੜੂਨੀ

**ਦਿੜ੍ਹਬਾ ਮੰਡੀ:** ਭਾਰਤੀ ਕਿਸਾਨ ਯੂਨੀਅਨ ਏਕਤਾ (ਚੜੂਨੀ) ਹਰਿਆਣਾ ਦੇ ਪ੍ਰਧਾਨ ਤੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਗੁਰਨਾਮ ਸਿੰਘ ਚੜੂਨੀ ਨੇ ਦਿੜ੍ਹਬਾ ਵਿਖੇ ਕਿਹਾ ਕਿ ਕਿਸਾਨ ਵਿਰੋਧੀ ਕਾਲੇ ਕਾਨੂੰਨ ਲਿਆਉਣ ਵਾਲੀ ਭਾਜਪਾ ਨੂੰ ਉੱਤਰ ਪ੍ਰਦੇਸ਼ 'ਚ ਹਰਾਉਣ ਲਈ ਮਿਸ਼ਨ 2022 ਹੈ। ਪੰਜਾਬ 'ਚ ਵੀ ਮਿਸ਼ਨ 2022 ਹੋਵੇਗਾ, ਜਿਸ ਦੀ ਵਿਉਂਤਬੰਦੀ ਚੜੂਨੀ ਧੜੇ ਵੱਲੋਂ ਤਿਆਰ ਕੀਤੀ ਜਾ ਰਹੀ ਹੈ। ਕੇਂਦਰ 'ਚ ਕਿਸੇ ਹੋਰ ਪਾਰਟੀ ਦੀ ਸਰਕਾਰ ਬਣਨ ਉਤੇ ਵੀ ਖੇਤੀ ਕਾਨੂੰਨ ਰੱਦ ਹੋਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਭਾਜਪਾ ਅਤੇ ਕਾਂਗਰਸ ਦੀਆਂ ਨੀਤੀਆਂ 'ਚ ਕੋਈ ਜਿਆਦਾ ਫਰਕ ਨਹੀਂ ਹੈ। ਚੜੂਨੀ ਨੇ ਕਿਹਾ ਕਿ ਪੰਜਾਬ ਵਿਚ ਕਿਸਾਨ ਸਿਆਸੀ ਪਾਰਟੀਆਂ ਦੀਆ ਸਰਕਾਰਾਂ ਬਣਾਉਂਦੇ ਆ ਰਹੇ ਹਨ, ਜਦ ਕਿ ਪੰਜਾਬ 'ਚ ਕਿਸਾਨਾਂ ਦੀ ਗਿਣਤੀ ਏਨੀ ਹੈ ਕਿ ਆਸਾਨੀ ਨਾਲ ਆਪਣੇ ਬਲਬੂਤੇ 'ਤੇ ਆਪਣੀ ਸਰਕਾਰ ਬਣਾ ਸਕਦੇ ਹਨ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਟੋਕੀਓ ਓਲੰਪਿਕ ਖੇਡਾਂ ਵਿਚ ਭਾਰਤ ਹਾਕੀ ਟੀਮਾਂ ਨੇ ਸਿਰਜਿਆ ਇਤਿਹਾਸ

### *ਡਿਸਕਸ ਥ੍ਰੋਅਰ ਕਮਲਪ੍ਰੀਤ ਕੌਰ ਦੀ ਵੀ ਝੰਡੀ*

**ਟੋਕੀਓ:** ਜਾਪਾਨ ਦੀ ਰਾਜਧਾਨੀ ਟੋਕੀਓ ਵਿਚ ਹੋ ਰਹੀਆਂ 32ਵੀਆਂ ਓਲੰਪਿਕ ਖੇਡਾਂ ਵਿਚ ਭਾਰਤ ਦੀਆਂ ਪੁਰਸ਼ ਤੇ ਮਹਿਲਾ ਹਾਕੀ ਟੀਮਾਂ ਨੇ ਇਤਿਹਾਸ ਰਚਿਆ ਹੈ। ਭਾਰਤੀ ਮਹਿਲਾ ਹਾਕੀ ਟੀਮ ਨੇ ਕੁਆਰਟਰ ਫਾਈਨਲ ਵਿਚ ਵਿਸ਼ਵ ਦੀ ਦੂਜੇ ਨੰਬਰ ਦੀ ਟੀਮ ਆਸਟਰੇਲੀਆ ਨੂੰ ਨੇੜਲੇ ਮੁਕਾਬਲੇ ਵਿਚ 1-0 ਨਾਲ ਸ਼ਿਕਸਤ ਦੇ ਕੇ 41 ਸਾਲਾਂ ਵਿਚ ਪਹਿਲੀ ਵਾਰ ਓਲੰਪਿਕ ਦੇ ਸੈਮੀ-ਫਾਈਨਲ ਵਿਚ ਥਾਂ ਬਣਾ ਕੇ ਇਤਿਹਾਸ ਸਿਰਜ ਦਿੱਤਾ।

ਇਸ ਤੋਂ ਪਹਿਲਾਂ ਭਾਰਤੀ ਪੁਰਸ਼ ਹਾਕੀ ਟੀਮ ਨੇ ਗ੍ਰੇਟ ਬ੍ਰਿਟੇਨ ਨੂੰ 3-1 ਦੀ ਸ਼ਿਕਸਤ ਦਿੰਦਿਆਂ ਚਾਰ ਦਹਾਕਿਆਂ ਮਗਰੋਂ ਸੈਮੀਫਾਈਨਲ ਵਿਚ ਥਾਂ ਪੱਕੀ ਕੀਤੀ ਸੀ, ਹਾਲਾਂਕਿ ਸੈਮੀਫਾਈਨਲ ਮੈਚ ਵਿਚ ਵਿਸ਼ਵ ਚੈਂਪੀਅਨ ਬੈਲਜੀਅਮ ਦੀ ਟੀਮ ਪਾਸੋਂ 5-2 ਨਾਲ ਹਾਰ ਗਈ।

ਭਾਰਤੀ ਟੀਮ ਨੇ ਇਸ ਤੋਂ ਪਹਿਲਾਂ ਓਲੰਪਿਕ ਵਿਚ ਸਰਵੋਤਮ ਪ੍ਰਦਰਸ਼ਨ ਮਾਸਕੋ ਓਲੰਪਿਕ-1980 ਵਿਚ ਕੀਤਾ ਸੀ। ਅਮਰੀਕਾ ਤੇ ਰੂਸ ਵਿਰੋਧੀ ਹੋਰਨਾਂ ਮੁਲਕਾਂ ਵੱਲੋਂ ਮਾਸਕੋ ਖੇਡਾਂ ਦੇ ਕੀਤੇ ਬਾਈਕਾਟ ਕਰ ਕੇ ਉਦੋਂ ਸਿਰਫ ਛੇ ਟੀਮਾਂ ਨੇ ਓਲੰਪਿਕ ਦੇ ਹਾਕੀ ਮੁਕਾਬਲਿਆਂ 'ਚ ਸ਼ਮੂਲੀਅਤ ਕੀਤੀ ਸੀ। ਭਾਰਤੀ ਟੀਮ ਰਾਊਂਡ ਰੋਬਿਨ ਆਧਾਰ 'ਤੇ ਖੇਡੇ ਗਏ ਮੈਚਾਂ ਵਿਚ ਚੌਥੇ ਸਥਾਨ 'ਤੇ ਰਹੀ ਸੀ। ਇਹ ਵੀ ਦੱਸਣਾ ਬਣਦਾ ਹੈ ਕਿ 1980 ਮਾਸਕੋ ਖੇਡਾਂ ਵਿਚ ਪਹਿਲੀ ਵਾਰ ਮਹਿਲਾ ਹਾਕੀ ਨੂੰ ਖੇਡ ਮਹਾਕੁੰਭ ਦਾ ਹਿੱਸਾ ਬਣਾਇਆ ਗਿਆ ਸੀ।

ਹਾਕੀ ਤੋਂ ਇਲਾਵਾ ਪੰਜਾਬ ਤੋਂ ਡਿਸਕਸ ਥ੍ਰੋਅਰ ਕਮਲਪ੍ਰੀਤ ਕੌਰ ਟੋਕੀਓ ਓਲੰਪਿਕ ਵਿਚ ਇਤਿਹਾਸ ਰਚਿਆ ਹੈ। ਕਮਲਪ੍ਰੀਤ ਕੌਰ ਬੱਲ ਨੇ ਡਿਸਕਸ ਥਰੋਅ ਮੁਕਾਬਲੇ ਦੇ ਫਾਈਨਲ ਵਿਚ ਪ੍ਰਵੇਸ਼ ਕਰ ਕੇ ਆਪਣਾ ਵਜੂਦ ਦਰਸਾ ਦਿੱਤਾ। ਉਸ ਦਾ ਥਰੋਅ 64 ਮੀਟਰ ਰਿਹਾ। ਫਾਈਨਲ ਮੁਕਾਬਲੇ ਵਿਚ 63.70 ਮੀਟਰ ਦਾ ਸਰਵੋਤਮ ਥਰੋਅ ਸੁੱਟ ਕੇ 6ਵੇਂ ਸਥਾਨ 'ਤੇ ਰਹੀ। ਇਸ ਤੋਂ ਪਹਿਲਾਂ ਰਾਸ਼ਟਰਮੰਡਲ ਖੇਡਾਂ-2020 ਦੀ ਸੋਨ ਤਗਮਾ ਜੇਤੂ ਕ੍ਰਿਸ਼ਨਾ ਪੂਨੀਆ ਵੀ ਲੰਡਨ ਓਲੰਪਿਕ-2012 ਵਿਚ ਛੇਵੇਂ ਸਥਾਨ 'ਤੇ ਰਹੀ ਸੀ।

ਰੀਓ ਓਲੰਪਿਕ ਵਿਚ ਚਾਂਦੀ ਦਾ ਤਗਮਾ ਜੇਤੂ ਤੇ ਵਿਸ਼ਵ ਚੈਂਪੀਅਨ ਛੇਵਾਂ ਦਰਜਾ ਪ੍ਰਾਪਤ ਪੀ.ਵੀ. ਸਿੰਧੂ ਨੇ ਇਥੇ ਚੀਨ ਦੀ ਅੱਠਵਾਂ ਦਰਜਾ ਪ੍ਰਾਪਤ ਬਿੰਗ ਜਿਆਓ ਨੂੰ ਸਿੱਧੇ ਗੇਮਾਂ ਵਿਚ ਹਰਾ ਕੇ ਟੋਕੀਓ ਖੇਡਾਂ ਦੇ ਮਹਿਲਾ ਸਿੰਗਲਜ ਵਰਗ ਵਿਚ ਕਾਂਸੇ ਦਾ ਤਗਮਾ ਜਿੱਤ ਲਿਆ। ਸਿੰਧੂ ਓਲੰਪਿਕ ਵਿਚ ਦੋ ਤਗਮੇ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਖਿਡਾਰੀ ਬਣ ਗਈ ਹੈ। ਇਸ ਤੋਂ ਇਲਾਵਾ ਚਾਂਦੀ ਦਾ ਤਗਮਾ ਮੀਰਾ ਬਾਈ ਚਾਨੂੰ ਨੇ ਭਾਰ ਚੁੱਕਣ ਦੇ ਮੁਕਾਬਲੇ ਵਿਚ ਹਾਸਲ ਕੀਤਾ ਹੈ।

# ਕੈਪਟਨ ਦੀ ਰਾਜਪਾਲ ਨਾਲ ਅਚਾਨਕ ਮੁਲਾਕਾਤ ਨੇ ਛੇੜੇ ਚਰਚੇ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨਾਲ ਅਚਨਚੇਤੀ ਮਿਲਣੀ ਦਾ ਭੇਤ ਬਣ ਗਿਆ ਹੈ। ਕਰੀਬ ਅੱਧੇ ਘੰਟੇ ਤੱਕ ਹੋਈ ਇਸ ਮੁਲਾਕਾਤ ਨੇ ਨਵੇਂ ਕਿਆਸਾਂ ਨੂੰ ਜਨਮ ਦਿੱਤਾ ਹੈ। ਇਸ ਮੌਕੇ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਵੀ ਮੌਜੂਦ ਸਨ। ਪਤਾ ਲੱਗਾ ਹੈ ਕਿ ਸੂਬੇ ਦੇ ਕੁਝ ਲਟਕਦੇ ਮਾਮਲਿਆਂ ਨੂੰ ਲੈ ਕੇ ਮੁੱਖ ਮੰਤਰੀ ਨੇ ਰਾਜਪਾਲ ਨਾਲ ਮੁਲਾਕਾਤ ਕੀਤੀ ਹੈ।

ਸੂਤਰਾਂ ਅਨੁਸਾਰ ਪੰਜਾਬ ਸਰਕਾਰ ਮੁਹਾਲੀ ਵਿਚ ਨਵੀਂ ਪਲਾਕਸਾ 'ਵਰਸਿਟੀ ਬਾਰੇ ਛੇਤੀ ਆਰਡੀਨੈਂਸ ਲਿਆ ਸਕਦੀ ਹੈ ਅਤੇ ਇਸ ਆਰਡੀਨੈਂਸ ਨੂੰ ਮੀਟਿੰਗ ਦਾ ਕੇਂਦਰ ਬਿੰਦੂ ਦੱਸਿਆ ਜਾ ਰਿਹਾ ਹੈ। ਇਸ ਮਿਲਣੀ ਨੂੰ ਪੰਜਾਬ ਕੈਬਨਿਟ 'ਚ ਫੇਰਬਦਲ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ। ਇਸ ਦੇ ਨਾਲ ਵਿਧਾਨ ਸਭਾ ਵਿਚ ਪਾਸ ਕੀਤੇ ਜਾ ਚੁੱਕੇ ਅਤੇ ਰਾਜਪਾਲ ਕੋਲ ਪਏ ਤਿੰਨੋਂ ਖੇਤੀ ਸੋਧ ਬਿੱਲਾਂ ਨੂੰ ਲੈ ਕੇ ਵੀ ਕਿਆਫੇ ਲੱਗਦੇ ਰਹੇ।

ਚੇਤੇ ਰਹੇ ਕਿ ਮੁਹਾਲੀ ਦੀ ਪਲਾਕਸਾ 'ਵਰਸਿਟੀ ਨੂੰ ਮੁੱਖ ਮੰਤਰੀ ਆਪਣਾ ਡਰੀਮ ਪ੍ਰੋਜੈਕਟ ਮੰਨਦੇ ਹਨ ਅਤੇ ਉਹ ਅਗਲੀ ਕੈਬਨਿਟ ਵਿਚ ਇਸ 'ਵਰਸਿਟੀ ਬਾਰੇ ਆਰਡੀਨੈਂਸ ਲਿਆਉਣਾ ਚਾਹੁੰਦੇ ਹਨ। ਸੂਤਰਾਂ ਮੁਤਾਬਕ ਸਰਕਾਰ ਨੇ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣ ਬਾਰੇ ਵੀ ਮਨ ਬਣਾ ਲਿਆ ਸੀ ਪ੍ਰੰਤੂ ਮਗਰੋਂ ਇਹ ਫੈਸਲਾ ਬਦਲ ਦਿੱਤਾ ਗਿਆ। ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਯਾਦਗਾਰ ਦੇ ਮਸਲੇ 'ਤੇ ਵੀ ਵਿਚਾਰ ਹੋਣ ਦੀ ਗੱਲ ਆਖੀ ਜਾ ਰਹੀ ਹੈ। ਮੁੱਖ ਮੰਤਰੀ ਨੇ ਰਾਜਪਾਲ ਨਾਲ ਮੁਲਾਕਾਤ ਮਗਰੋਂ ਮੀਡੀਆ ਨਾਲ ਵੀ ਕੋਈ ਗੱਲ ਨਹੀਂ ਕੀਤੀ।

# ਰਾਮੂਵਾਲੀਆ ਦੀ ਧੀ ਅਮਨਜੋਤ ਭਾਜਪਾ 'ਚ ਸ਼ਾਮਲ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸਾਬਕਾ ਆਗੂ ਅਮਨਜੋਤ ਕੌਰ ਰਾਮੂਵਾਲੀਆ ਸਮੇਤ ਪਾਰਟੀ ਦੇ ਹੋਰ ਸਾਬਕਾ ਆਗੂ ਦਿੱਲੀ 'ਚ ਇਕ ਸਮਾਗਮ ਦੌਰਾਨ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ। ਪੰਜਾਬ 'ਚ ਹੋਣ ਵਾਲੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਭਾਜਪਾ ਸਿੱਖ ਤੇ ਹੋਰ ਵਰਗਾਂ ਦੇ ਚਿਹਰੇ ਪਾਰਟੀ 'ਚ ਸ਼ਾਮਲ ਕਰਕੇ ਆਪਣੀ ਤਿਆਰੀ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਸਾਬਕਾ ਕੇਂਦਰੀ ਮੰਤਰੀ ਤੇ ਹੁਣ ਉਤਰ ਪ੍ਰਦੇਸ਼ ਦੇ ਸਮਾਜਵਾਦੀ ਪਾਰਟੀ ਦੇ ਐਮ.ਐਲ.ਸੀ. ਬਲਵੰਤ ਸਿੰਘ ਰਾਮੂਵਾਲੀਆ ਦੀ ਧੀ ਅਮਨਜੋਤ ਕੌਰ ਭੁੱਲਰ ਅਕਾਲੀ ਦਲ ਦੀ ਮਹਿਲਾ ਵਿੰਗ ਦੀ ਮੈਂਬਰ ਵੀ ਰਹੀ ਹੈ ਤੇ ਉਨ੍ਹਾਂ ਦੇ ਭਾਜਪਾ ਵਿਚ ਜਾਣ ਦਾ ਕਦਮ ਹੈਰਾਨ ਕਰਨ ਵਾਲਾ ਮੰਨਿਆ ਜਾ ਰਿਹਾ ਹੈ। ਅਮਨਜੋਤ ਕੌਰ ਤੋਂ ਇਲਾਵਾ ਅਕਾਲੀ ਦਲ ਦੇ ਸਾਬਕਾ ਆਗੂ ਗੁਰਪ੍ਰੀਤ ਸਿੰਘ ਸ਼ਾਹਪੁਰ, ਚੰਦ ਸਿੰਘ ਚੱਠਾ ਤੇ ਬਲਜਿੰਦਰ ਸਿੰਘ ਡਕੋਹਾ ਨੇ ਵੀ ਕੈਬਨਿਟ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਦੀ ਹਾਜ਼ਰੀ 'ਚ ਭਾਜਪਾ ਦਾ ਪੱਲਾ ਫੜ ਲਿਆ। ਪ੍ਰੀਤਮ ਸਿੰਘ ਤੇ ਸਾਬਕਾ ਟੀਵੀ ਐਂਕਰ ਚੇਤਨ ਮੋਹਨ ਜੋਸ਼ੀ ਵੀ ਭਾਜਪਾ 'ਚ ਸ਼ਾਮਲ ਹੋ ਗਏ। ਇਸ ਮੌਕੇ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਅਜਿਹੇ ਆਗੂਆਂ ਦਾ ਭਾਜਪਾ 'ਚ ਸ਼ਾਮਲ ਹੋਣ ਤੋਂ ਸਾਫ ਹੈ ਪੰਜਾਬ 'ਚ ਸਿਆਸੀ ਹਵਾ ਕਿਸ ਵੱਲ ਚੱਲ ਰਹੀ ਹੈ।

ਅਮਨਜੋਤ ਕੌਰ ਰਾਮੂਵਾਲੀਆ ਦੇ ਅਚਾਨਕ ਭਾਜਪਾ ਵਿਚ ਸ਼ਾਮਲ ਹੋਣ 'ਤੇ ਉਨ੍ਹਾਂ ਦੇ ਪਿਤਾ ਬਲਵੰਤ ਸਿੰਘ ਰਾਮੂਵਾਲੀਆ ਅਤੇ ਉਨ੍ਹਾਂ ਦੇ ਸਮਰਥਕ ਕਾਫੀ ਦੁਖੀ ਨਜ਼ਰ ਆਏ। ਰਾਮੂਵਾਲੀਆ ਨੇ ਕਿਹਾ ਕਿ ਉਸ ਦੀ ਧੀ ਨੇ ਪੇਕੇ ਪਰਿਵਾਰ ਸਮੇਤ ਪੰਜਾਬ ਅਤੇ ਕਿਸਾਨਾਂ ਨਾਲ ਗੱਦਾਰੀ ਕੀਤੀ ਹੈ। ਇਸ ਗਲਤੀ ਲਈ ਉਹ ਉਸ (ਅਮਨਜੋਤ) ਨੂੰ ਕਦੇ ਵੀ ਮੁਆਫ ਨਹੀਂ ਕਰਨਗੇ। ਉਨ੍ਹਾਂ ਨੇ ਆਪਣੀ ਧੀ ਨਾਲ ਸਾਰੇ ਸਬੰਧ ਤੋੜਨ ਦੀ ਗੱਲ ਵੀ ਆਖੀ।

ਉਨ੍ਹਾਂ ਨੇ ਅਮਨਜੋਤ ਦੇ ਇਸ ਫੈਸਲੇ ਨੂੰ ਬੇਸਮਝੀ ਵਾਲਾ ਕਦਮ ਦੱਸਦਿਆਂ ਕਿਹਾ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਜਿਸ ਬਾਪ ਦੀ ਉਂਗਲ ਫੜ ਕੇ ਰਾਜਨੀਤੀ ਦਾ ਪਹਿਲਾ ਪਾਠ ਧੀ ਨੇ ਸਿੱਖਿਆ, ਉਸ ਨੇ ਭਾਜਪਾ ਵਿਚ ਸ਼ਾਮਲ ਹੋਣ ਬਾਰੇ ਰਾਇ ਕਰਨਾ ਵੀ ਜ਼ਰੂਰੀ ਨਹੀਂ ਸਮਝਿਆ।

# ਲੋਕ-ਲੁਭਾਊ ਵਾਅਦਿਆਂ ਨਾਲ ਪੰਜਾਬ ਦੀ ਸਿਆਸਤ ਨਿਵਾਣਾਂ ਵੱਲ

*(ਸਫਾ ਇਕ ਦੀ ਬਾਕੀ)*

ਲੀਡਰਸ਼ਿਪ ਇਹ ਗੱਲ ਮੰਨਣ ਲਈ ਤਿਆਰ ਨਹੀਂ। ਕੈਪਟਨ ਨੂੰ ਵਾਰ-ਵਾਰ ਇਸ਼ਾਰਾ ਕੀਤਾ ਜਾ ਰਿਹਾ ਹੈ ਕਿ 'ਜਨਤਾ ਸਭ ਜਾਣਦੀ ਹੈ।'

ਸੂਬਾ ਕਾਂਗਰਸ ਦਾ ਤਾਜ਼ਾ ਕਲੇਸ਼ ਵੀ ਕੈਪਟਨ ਸਰਕਾਰ ਦੀਆਂ ਨਕਾਮੀਆਂ ਦੀ ਦੇਣ ਹੈ। ਹਾਈਕਮਾਨ ਨੇ ਭਾਵੇਂ ਨਵਜੋਤ ਸਿੰਘ ਸਿੱਧੂ ਨੂੰ ਸੂਬਾ ਪ੍ਰਧਾਨ ਬਣਾ ਕੇ ਪਾਰਟੀ ਵਿਚ ਏਕੇ ਦੀ ਕੋਸ਼ਿਸ਼ ਕੀਤੀ ਹੈ ਪਰ ਸਿੱਧੂ ਅਤੇ ਕੈਪਟਨ ਵਿਚਲੀਆਂ ਦੂਰੀਆਂ ਕਾਰਨ ਇਹ ਰਾਹ ਇੰਨੀ ਸੌਖਾਲਾ ਨਹੀਂ ਜਾਪ ਰਹੀ ਹੈ। ਅਸਲ ਵਿਚ, ਪੰਜਾਬ ਵਿਚ ਇਸ ਸਮੇਂ ਹਾਲਾਤ ਹੀ ਅਜਿਹੇ ਬਣੇ ਹੋਏ ਹਨ ਕਿ ਸਿਆਸੀ ਧਿਰਾਂ ਨੂੰ ਕੋਈ ਰਾਹ ਨਹੀਂ ਲੱਭ ਰਿਹਾ ਹੈ। ਨਸ਼ਾ, ਬੇਰੁਜ਼ਗਾਰੀ, ਮਾਫੀਆ ਰਾਜ ਤੇ ਬੇਅਦਬੀ ਵਰਗੇ ਅਜਿਹੇ ਮੁੱਦੇ ਹਨ ਜਿਨ੍ਹਾਂ ਨੂੰ ਪਿਛਲੀ ਅਕਾਲੀ ਸਰਕਾਰ ਦੀ ਦੇਣ ਮੰਨਿਆ ਜਾਂਦਾ ਹੈ ਤੇ ਕਾਂਗਰਸ ਇਨ੍ਹਾਂ ਮਸਲਿਆਂ ਦੇ ਹੱਲ ਦਾ ਲਾਰਾ ਲਾ ਕੇ ਸੱਤਾ ਵਿਚ ਆਈ ਸੀ। ਆਪਣੇ ਸਾਢੇ ਚਾਰ ਸਾਲਾਂ ਦੀ ਸੱਤਾ ਵਿਚ ਕੈਪਟਨ ਸਰਕਾਰ ਨੇ ਇਸ ਪਾਸੇ ਡੱਕਾ ਨਹੀਂ ਤੋੜਿਆ। ਇਸੇ ਲਈ ਦੋਵੇਂ ਧਿਰਾਂ (ਕਾਂਗਰਸ-ਅਕਾਲੀ) ਅਗਾਮੀ ਚੋਣਾਂ ਵਿਚ ਇਸ ਪਾਸੇ ਗੱਲ ਕਰਨ ਲਈ ਤਿਆਰ ਨਹੀਂ ਹਨ। ਆਮ ਆਦਮੀ ਪਾਰਟੀ ਇਨ੍ਹਾਂ ਮਸਲਿਆਂ ਨੂੰ ਚੁੱਕ ਜ਼ਰੂਰ ਰਹੀ ਹੈ ਪਰ ਉਸ ਨੂੰ ਇਨ੍ਹਾਂ ਤੋਂ ਬਾਹਲਾ ਫਾਇਦਾ ਮਿਲਣ ਦੀ ਉਮੀਦ ਨਹੀਂ ਹੈ। ਇਸੇ ਲਈ ਇਸ ਧਿਰ ਵੱਲੋਂ ਦਿੱਲੀ ਮਾਡਲ ਤੇ ਮੁਫਤ ਸਹੂਲਤਾਂ ਦੇ ਐਲਾਨਾਂ ਨਾਲ ਮੇਲਾ ਲੁੱਟਣ ਦੀ ਰਣਨੀਤੀ ਨੂੰ ਅੱਗੇ ਕੀਤਾ ਹੋਇਆ ਹੈ।

ਸਿਆਸੀ ਧਿਰਾਂ ਨੂੰ ਸਭ ਤੋਂ ਵੱਧ ਡਰ ਕਿਸਾਨ ਜਥੇਬੰਦੀਆਂ ਦੇ ਸਿਆਸੀ ਧਿਰ ਵਜੋਂ ਖੜ੍ਹੇ ਹੋਣ ਦਾ ਹੈ। ਇਸ ਸਮੇਂ ਭਾਵੇਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਤਾਂ ਅਜਿਹੀ ਕੋਈ ਗੱਲ ਨਹੀਂ ਤੋਰ ਰਹੀਆਂ ਪਰ ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਵੱਲੋਂ ਛੇੜੀ ਮੁਹਿੰਮ ਉਤੇ ਸਿਆਸੀ ਧਿਰਾਂ ਦੀ ਨੇੜਿਉਂ ਨਜ਼ਰ ਹਨ। ਇਸ ਕਿਸਾਨ ਆਗੂ ਨੇ ਖੁੱਲ੍ਹ ਕੇ ਐਲਾਨ ਕਰ ਦਿੱਤਾ ਹੈ ਕਿ ਸੂਬੇ ਵਿਚ ਕਿਸਾਨਾਂ ਦੀ ਸਰਕਾਰ ਬਣਾਏ ਬਿਨਾ ਸਰਨਾ ਨਹੀਂ। ਇਸੇ ਲਈ ਚੜੂਨੀ ਨੇ ਪਿਛਲੇ ਦਿਨਾਂ ਤੋਂ ਪੰਜਾਬ ਵਿਚ ਸਰਗਰਮੀਆਂ ਵਧਾਈਆਂ ਹੋਈਆਂ ਹਨ ਤੇ ਸੂਬੇ ਵਿਚ ਕਿਸਾਨਾਂ ਵੱਲੋਂ 117 ਸੀਟਾਂ ਤੋਂ ਉਮੀਦਵਾਰ ਖੜ੍ਹੇ ਕਰਨ ਦਾ ਇਸ਼ਾਰਾ ਕੀਤਾ ਹੈ।

ਅਸਲ ਵਿਚ, ਪੰਜਾਬ ਦਾ ਮੌਜੂਦਾ ਮਾਹੌਲ ਸੂਬੇ ਦੀਆਂ ਸਥਾਪਤ ਸਿਆਸੀ ਧਿਰਾਂ ਲਈ ਵੱਡੀ ਚੁਣੌਤੀ ਬਣ ਗਿਆ ਹੈ। ਇਸ ਲਈ ਉਹ ਫਿਲਹਾਲ ਮੁਫਤ ਸਹੂਲਤ ਤੇ ਧਰਮ ਦੇ ਨਾਮ ਉਤੇ ਹੀ ਸੂਬੇ ਦੇ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਰਣਨੀਤੀ ਤੱਕ ਸੀਮਤ ਹਨ।

# *ਮਮਤਾ ਬੈਨਰਜੀ ਦੀ ਦਿੱਲੀ ਫੇਰੀ ਪਿੱਛੋਂ ਕੌਮੀ ਸਿਆਸਤ 'ਚ ਹਿਲਜੁਲ*

*(ਸਫਾ ਇਕ ਦੀ ਬਾਕੀ)*

ਦੀ ਮੁੱਖ ਮੰਤਰੀ ਨੇ ਦਿੱਲੀ ਦੇ ਆਪਣੇ ਹਮਰੁਤਬਾ ਅਰਵਿੰਦ ਕੇਜਰੀਵਾਲ, ਆਨੰਦ ਸ਼ਰਮਾ, ਕਮਲਨਾਥ ਤੇ ਅਭਿਸ਼ੇਕ ਮੰਨੂ ਸਿੰਘਵੀ ਵਰਗੇ ਸੀਨੀਅਰ ਕਾਂਗਰਸੀ ਆਗੂਆਂ ਨਾਲ ਵੀ ਮੁਲਾਕਾਤ ਕੀਤੀ ਹੈ। ਬੈਨਰਜੀ ਨੇ ਬੀ.ਜੇ.ਡੀ. ਤੇ ਵਾਈ.ਐਸ.ਆਰ.ਸੀ.ਪੀ. ਸਮੇਤ ਐਨ.ਡੀ.ਏ. (ਕੌਮੀ ਜਮਹੂਰੀ ਗੱਠਜੋੜ) ਦੇ ਅਸਥਾਈ ਸਹਿਯੋਗੀਆਂ ਦੇ ਪ੍ਰਤੀ ਆਪਣੇ ਖੁੱਲ੍ਹੇਪਣ ਦਾ ਵੀ ਸੰਕੇਤ ਦਿੱਤਾ, ਜੋ ਕੇਂਦਰ ਵਿਚ ਦੁਬਾਰਾ ਨਰਿੰਦਰ ਮੋਦੀ ਦੀ ਸਰਕਾਰ ਆਉਣ ਤੋਂ ਬਾਅਦ ਕੰਧ 'ਤੇ ਬੈਠੇ ਹਨ।

ਮਮਤਾ ਬੈਨਰਜੀ ਦੀ ਤਾਜ਼ਾ ਸਰਗਰਮੀ ਤੋਂ ਸੰਕੇਤ ਮਿਲੇ ਹਨ ਕਿ ਐਨ.ਸੀ.ਪੀ. ਮੁਖੀ ਸ਼ਰਦ ਪਵਾਰ, ਸ਼ਿਵਸੈਨਾ ਮੁਖੀ ਊਧਵ ਠਾਕਰੇ, ਡੀ.ਐਮ.ਕੇ. ਮੁਖੀ ਐਮ.ਕੇ. ਸਟਾਲਿਨ, ਸਮਾਜਵਾਦੀ ਪਾਰਟੀ ਮੁਖੀ ਅਖਿਲੇਸ਼ ਯਾਦਵ, ਆਰ.ਜੇ.ਡੀ. ਮੁਖੀ ਤੇਜੱਸਵੀ ਯਾਦਵ, ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਦੀ ਨੇਤਾ ਮਹਿਬੂਬਾ ਮੁਫਤੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਰਗੀਆਂ ਸਾਰੀਆਂ ਖੇਤਰੀ ਪਾਰਟੀਆਂ ਤੇ ਆਗੂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਸਾਂਝੇ ਗੱਠਜੋੜ ਲਈ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ (ਮਮਤਾ) ਨੂੰ ਉਮੀਦਵਾਰ ਬਣਾਉਣ ਦਾ ਸਮਰਥਨ ਕਰ ਸਕਦੇ ਹਨ। ਕਿਆਸ ਲਗਾਏ ਜਾ ਰਹੇ ਹਨ ਕਿ ਮਮਤਾ ਬੈਨਰਜੀ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਵੀ ਸੰਪਰਕ 'ਚ ਹੈ ਅਤੇ ਉਹ ਨਿਤੀਸ਼ ਨੂੰ ਬਿਹਾਰ 'ਚ ਭਾਜਪਾ ਗੱਠਜੋੜ ਛੱਡ ਕੇ ਆਰ.ਜੇ.ਡੀ. ਦੇ ਨਾਲ ਹੱਥ ਮਿਲਾਉਣ ਲਈ ਮਨਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਜੇਕਰ ਮਮਤਾ ਬੈਨਰਜੀ ਭਾਜਪਾ ਖਿਲਾਫ ਧਰਮ ਨਿਰਪੱਖ ਗੱਠਜੋੜ ਖੜ੍ਹਾ ਕਰਨ 'ਚ ਕਾਮਯਾਬ ਹੋ ਜਾਂਦੀ ਹੈ ਤਾਂ ਇਹ ਉਸ ਦੀ ਆਪਣੇ ਘਰੇਲੂ ਮੈਦਾਨ, ਪੱਛਮੀ ਬੰਗਾਲ ਤੋਂ ਬਾਹਰ ਇਕ ਵੱਡੀ ਪ੍ਰਾਪਤੀ ਹੋਵੇਗੀ।

ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਵਿਚ ਤ੍ਰਿਣਮੂਲ ਕਾਂਗਰਸ ਦੀ ਜਿੱਤ ਨਾਲ ਮਮਤਾ ਬੈਨਰਜੀ ਦੇ ਸਿਆਸੀ ਕੱਦ ਵਿਚ ਬਹੁਤ ਵਾਧਾ ਹੋਇਆ ਹੈ। ਇਨ੍ਹਾਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਆਪਣੀ ਸਾਰੀ ਸਿਆਸੀ ਸ਼ਕਤੀ ਦਾ ਇਸਤੇਮਾਲ ਕੀਤਾ ਅਤੇ ਭਾਜਪਾ ਦੇ ਆਗੂਆਂ ਨੂੰ ਯਕੀਨ ਸੀ ਕਿ ਉਹ ਮਮਤਾ ਨੂੰ ਹਰਾ ਦੇਣਗੇ ਪਰ ਨਤੀਜੇ ਇਸ ਦੇ ਉਲਟ ਨਿਕਲੇ। ਇਨ੍ਹਾਂ ਚੋਣਾਂ ਵਿਚ ਮਮਤਾ ਦੇ ਨਾਲ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਨੇ ਵੀ ਅਹਿਮ ਭੂਮਿਕਾ ਨਿਭਾਈ ਅਤੇ ਬਾਅਦ ਵਿਚ ਉਸ ਨੇ ਨੈਸ਼ਨਲਿਸਟ ਕਾਂਗਰਸ ਪਾਰਟੀ (ਐਨ.ਸੀ.ਪੀ.) ਦੇ ਆਗੂ ਸ਼ਰਦ ਪਵਾਰ ਅਤੇ ਕਾਂਗਰਸ ਆਗੂਆਂ ਸੋਨੀਆ ਗਾਂਧੀ, ਰਾਹੁਲ ਗਾਂਧੀ ਤੇ ਪ੍ਰਿਯੰਕਾ ਗਾਂਧੀ ਨਾਲ ਮੁਲਾਕਾਤਾਂ ਕੀਤੀਆਂ। ਉਨ੍ਹਾਂ ਮੁਲਾਕਾਤਾਂ ਤੋਂ ਵੀ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਸਨ ਕਿ ਵਿਰੋਧੀ ਪਾਰਟੀਆਂ ਦੇ ਏਕੇ ਲਈ ਨਵੇਂ ਯਤਨ ਕੀਤੇ ਜਾ ਰਹੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕਿਸਾਨ ਸੰਸਦ: ਬਿਜਲੀ ਸੋਧ ਬਿੱਲ ਸੂਚੀਬੱਧ ਕਰਨਾ ਵਾਅਦਾਖਿਲਾਫੀ ਕਰਾਰ

**ਨਵੀਂ ਦਿੱਲੀ:** ਕਿਸਾਨ ਸੰਸਦ ਵਿਚ ਭਾਰਤੀ ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ ਬਿਜਲੀ ਸੋਧ ਬਿੱਲ ਪੇਸ਼ ਕਰਨ ਦੇ ਮੋਦੀ ਸਰਕਾਰ ਦੇ ਫੈਸਲੇ ਨੂੰ ਕਿਸਾਨਾਂ ਨੇ ਵਾਅਦਾਖਿਲਾਫੀ ਕਰਾਰ ਦਿੱਤਾ ਹੈ। ਕਿਸਾਨ ਸੰਸਦ ਵਿਚ ਉੱਤਰ ਪ੍ਰਦੇਸ਼ ਵਿਚ ਹੋਰ ਟੌਲ ਪਲਾਜ਼ੇ ਪਰਚੀ ਮੁਕਤ ਕਰਨ ਬਾਰੇ ਵੀ ਐਲਾਨ ਕੀਤਾ ਗਿਆ।

ਕਿਸਾਨ ਸੰਸਦ 'ਚ ਬਹਿਸ ਦਾ ਮੁੱਦਾ ਬਿਜਲੀ ਸੋਧ ਬਿੱਲ ਰਿਹਾ। ਕਿਸਾਨਾਂ ਨੇ ਕਿਹਾ ਕਿ ਸਰਕਾਰ ਨੇ ਸੰਸਦ ਦੇ ਮਾਨਸੂਨ ਇਜਲਾਸ 'ਚ ਬਿਜਲੀ ਸੋਧ ਬਿੱਲ ਨੂੰ ਅਚਾਨਕ ਸੂਚੀਬੱਧ ਕਰ ਲਿਆ ਹੈ ਜਦਕਿ ਪਹਿਲਾਂ 11 ਦੌਰ ਦੀ ਗੱਲਬਾਤ ਦੌਰਾਨ ਭਾਰਤ ਸਰਕਾਰ ਨੇ ਵਿਰੋਧ ਕਰ ਰਹੇ ਕਿਸਾਨਾਂ ਨੂੰ ਭਰੋਸਾ ਦਿੱਤਾ ਸੀ ਕਿ ਉਹ ਬਿਜਲੀ ਸੋਧ ਬਿੱਲ ਵਾਪਸ ਲੈ ਲਵੇਗੀ। ਕਿਸਾਨ ਸੰਸਦ ਨੇ ਗੁੱਸਾ ਜਤਾਉਂਦਿਆਂ ਕਿਹਾ ਕਿ ਸਰਕਾਰ 30 ਦਸੰਬਰ, 2020 ਨੂੰ ਬੈਠਕ ਦੌਰਾਨ ਕਿਸਾਨ ਆਗੂਆਂ ਨਾਲ ਆਪਣੀ ਵਚਨਬੱਧਤਾ ਤੋਂ ਮੁੱਕਰ ਗਈ ਹੈ ਜਿਸ 'ਚ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਬਿਜਲੀ ਸੋਧ ਬਿੱਲ 2020 ਵਾਪਸ ਲੈ ਲਿਆ ਜਾਵੇਗਾ। ਕਿਸਾਨ ਸੰਸਦ ਨੇ ਸਿੱਟਾ ਕੱਢਿਆ ਕਿ ਬਿਜਲੀ ਸੋਧ ਬਿੱਲ ਮੋਦੀ ਸਰਕਾਰ ਦੁਆਰਾ ਕਿਸਾਨਾਂ ਅਤੇ ਹੋਰ ਆਮ ਨਾਗਰਿਕਾਂ 'ਤੇ ਗੈਰ ਸੰਵਿਧਾਨਕ ਅਤੇ ਗੈਰ ਜਮਹੂਰੀ ਢੰਗ ਨਾਲ ਲਾਗੂ ਕੀਤੇ ਜਾ ਰਹੇ ਹੋਰ ਕਾਨੂੰਨਾਂ ਵਾਂਗ ਪ੍ਰਾਈਵੇਟ ਬਿਜਲੀ ਕੰਪਨੀਆਂ ਨੂੰ ਸਹੂਲਤ ਦੇਣ ਲਈ ਤਿਆਰ ਕੀਤਾ ਗਿਆ ਹੈ।

ਬਿੱਲ ਰਾਜ ਸਰਕਾਰਾਂ ਦੀਆਂ ਆਪਣੀਆਂ ਨੀਤੀਆਂ ਨਿਰਧਾਰਿਤ ਕਰਨ ਦੇ ਅਧਿਕਾਰਾਂ ਦੀ ਉਲੰਘਣਾ ਕਰਦਿਆਂ ਰਾਸ਼ਟਰੀ ਟੈਰਿਫ ਨੀਤੀ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕਰਦਾ ਹੈ। ਬਿੱਲ ਕਰਾਸ ਸਬਸਿਡੀਆਂ 'ਤੇ ਰੋਕ ਲਗਾਏਗਾ ਅਤੇ ਇਹ ਯਕੀਨੀ ਬਣਾਏਗਾ ਕਿ ਵਪਾਰਕ ਸੰਸਥਾਵਾਂ ਅਤੇ ਉਦਯੋਗਾਂ ਨੂੰ ਘੱਟ ਖਰਚਿਆਂ ਦਾ ਲਾਭ ਮਿਲੇ। ਸੰਯੁਕਤ ਕਿਸਾਨ ਮੋਰਚਾ ਨੇ ਸਰਕਾਰ ਨੂੰ ਵਿਰੋਧ ਕਰ ਰਹੇ ਕਿਸਾਨਾਂ ਨਾਲ ਖੇਡਾਂ ਨਾ ਖੇਡਣ ਅਤੇ ਪਹਿਲਾਂ ਕੀਤੇ ਵਾਅਦਿਆਂ ਤੋਂ ਮੁੱਕਰਨ ਵਿਰੁੱਧ ਚਿਤਾਵਨੀ ਦਿੱਤੀ ਹੈ।



## ਕਿਸਾਨ ਸੰਸਦ ਵੱਲੋਂ ਠੇਕਾ ਖੇਤੀ ਕਾਨੂੰਨ ਰੱਦ

ਨਵੀਂ ਦਿੱਲੀ: ਜੰਤਰ-ਮੰਤਰ 'ਤੇ ਜਾਰੀ ਕਿਸਾਨ ਸੰਸਦ ਦੌਰਾਨ ਬਹਿਸ ਦਾ ਮੁੱਦਾ 2020 'ਚ ਕੇਂਦਰ ਸਰਕਾਰ ਵੱਲੋਂ ਲਿਆਂਦਾ ਠੇਕਾ ਖੇਤੀ ਕਾਨੂੰਨ ਸੀ। ਕਿਸਾਨ ਸੰਸਦ ਨੇ ਸਰਬਸੰਮਤੀ ਨਾਲ ਕਿਸਾਨ (ਸਸ਼ਕਤੀਕਰਨ ਅਤੇ ਸੁਰੱਖਿਆ) ਮੁੱਲ ਆਸ਼ਵਾਸਨ ਅਤੇ ਕ੍ਰਿਸ਼ੀ ਸੇਵਾ ਕਾਨੂੰਨ-2020 ਨੂੰ ਗੈਰਕਾਨੂੰਨੀ, ਕਿਸਾਨ ਵਿਰੋਧੀ ਅਤੇ ਕਾਰਪੋਰੇਟ ਪੱਖੀ ਦੱਸਦਿਆਂ ਇਸ ਨੂੰ ਰੱਦ ਕਰ ਦਿੱਤਾ। ਕਿਸਾਨਾਂ ਨੇ ਦਲੀਲ ਦਿੱਤੀ ਕਿ ਇਹ ਕਾਨੂੰਨ ਕਾਰਪੋਰੇਟ ਖੇਤੀ ਲਈ ਹੈ ਅਤੇ ਕਿਸਾਨਾਂ ਦੇ ਹਿੱਤਾਂ ਦਾ ਵਿਰੋਧੀ ਹੈ। ਕਿਸਾਨ ਸੰਸਦ ਨੇ ਕੁਝ ਅਹਿਦ ਵੀ ਲਏ ਅਤੇ ਕਿਹਾ ਕਿ ਰਾਸ਼ਟਰਪਤੀ ਨੂੰ ਇਹ ਵੇਖਣਾ ਚਾਹੀਦਾ ਹੈ ਕਿ ਸੰਸਦ ਦੀ ਸਰਵਉੱਚਤਾ ਬਰਕਰਾਰ ਰਹੇ।

## 'ਖੇਤੀ ਅੰਕੜਿਆਂ ਅਧਾਰਤ ਨੀਤੀ ਲਿਆਵੇਗੀ ਸਰਕਾਰ'

ਨਵੀਂ ਦਿੱਲੀ: ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਹਾ ਕਿ ਸਰਕਾਰ ਦਾ ਟੀਚਾ ਕੌਮੀ ਪੱਧਰ 'ਤੇ ਕਿਸਾਨਾਂ ਦੇ ਅੰਕੜੇ ਇਕੱਠੇ ਕਰਨ ਦਾ ਹੈ ਅਤੇ ਖੇਤੀ ਸੈਕਟਰ ਲਈ ਅੰਕੜਿਆਂ ਅਧਾਰਤ ਨੀਤੀ ਲਿਆਉਣ ਦਾ ਕੰਮ ਪ੍ਰਕਿਰਿਆ ਅਧੀਨ ਹੈ। ਰਾਜ ਸਭਾ 'ਚ ਲਿਖਤੀ ਜਵਾਬ ਦਿੰਦਿਆਂ ਤੋਮਰ ਨੇ ਕਿਹਾ, 'ਸਰਕਾਰ ਦਾ ਟੀਚਾ ਕਿਸਾਨਾਂ ਦੇ ਕੌਮੀ ਪੱਧਰ 'ਤੇ ਅੰਕੜੇ ਤਿਆਰ ਕਰਨ ਦਾ ਹੈ ਅਤੇ ਇਸ ਲਈ ਡਿਜੀਟਲ ਢੰਗ ਨਾਲ ਜੁੜੇ ਹੋਏ ਜ਼ਮੀਨੀ ਰਿਕਾਰਡ ਦੀ ਵਰਤੋਂ ਕੀਤੀ ਜਾਵੇਗੀ। ਕਿਸਾਨਾਂ ਬਾਰੇ ਅੰਕੜੇ ਤੇਜੀ ਨਾਲ ਇਕੱਠੇ ਕਰਨ ਲਈ ਡਿਜੀਟਲ ਜ਼ਮੀਨੀ ਰਿਕਾਰਡ ਪ੍ਰਬੰਧਨ ਸਿਸਟਮ ਨਾਲ ਜੁੜਨਾ ਲਾਜ਼ਮੀ ਹੈ।'

# ਕੇਜਰੀਵਾਲ ਸਰਕਾਰ ਵੱਲੋਂ ਤਿੰਨੇ ਖੇਤੀ ਕਾਨੂੰਨ ਤੁਰਤ ਰੱਦ ਕਰਨ ਦਾ ਮਤਾ ਪਾਸ

**ਨਵੀਂ ਦਿੱਲੀ:** ਦਿੱਲੀ ਵਿਧਾਨ ਸਭਾ ਨੇ ਕੇਂਦਰ ਵੱਲੋਂ ਪਾਸ ਤਿੰਨੋਂ ਖੇਤੀ ਕਾਨੂੰਨ ਤੁਰਤ ਰੱਦ ਕਰਨ ਦਾ ਮਤਾ ਪਾਸ ਕਰ ਦਿੱਤਾ ਹੈ। ਵਿਧਾਨ ਸਭਾ ਨੇ ਮਤਾ ਪਾਸ ਕਰਕੇ ਸਿਫਾਰਸ਼ ਕੀਤੀ ਕਿ ਕੇਂਦਰ ਸਰਕਾਰ ਪਿਛਲੇ ਸਾਲ ਸੰਸਦ ਵਿਚ ਪਾਸ ਕੀਤੇ ਗਏ ਤਿੰਨੇ ਖੇਤੀ ਕਾਨੂੰਨਾਂ ਨੂੰ ਫੌਰੀ ਰੱਦ ਕਰੇ।



ਮਤੇ ਵਿਚ ਕਿਹਾ ਗਿਆ ਹੈ ਕਿ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਵਿਰੋਧ ਕਰ ਰਹੇ ਕਿਸਾਨਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੇ ਮਸਲਿਆਂ ਦੇ ਹੱਲ ਲਈ ਗੱਲਬਾਤ ਦਾ ਸੱਦਾ ਦੇਵੇ। ਇਸ ਤੋਂ ਪਹਿਲਾਂ ਪੰਜਾਬ, ਪੱਛਮੀ ਬੰਗਾਲ, ਰਾਜਸਥਾਨ, ਛੱਤੀਸਗੜ੍ਹ, ਦਿੱਲੀ ਅਤੇ ਕੇਰਲ ਵਿਧਾਨ ਸਭਾਵਾਂ ਸਮੇਤ ਹੋਰ ਕਈਆਂ ਨੇ ਵਿਵਾਦਿਤ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਮੰਗ ਵਾਲੇ ਮਤੇ ਪਾਸ ਕੀਤੇ ਹਨ।

ਵਿਧਾਨ ਸਭਾ ਨੇ 'ਦਿੱਲੀ ਵਸਤਾਂ ਤੇ ਸੇਵਾ ਕਰ (ਸੋਧ) ਬਿੱਲ 2021' ਵੀ ਪਾਸ ਕਰ ਦਿੱਤਾ ਹੈ। ਉਂਜ ਵਿਰੋਧੀ ਧਿਰ ਭਾਜਪਾ ਵੱਲੋਂ ਇਸ ਸੋਧ ਬਿੱਲ ਦਾ ਸਖਤ ਵਿਰੋਧ ਕੀਤਾ ਗਿਆ। ਇਸ ਬਿੱਲ 'ਚ 15 ਸੋਧਾਂ ਕਰਕੇ ਕਰਾਂ ਦੀਆਂ ਚੋਰ ਮੋਰੀਆਂ ਬੰਦ ਕਰਨ ਦਾ ਦਿੱਲੀ ਸਰਕਾਰ ਨੇ ਦਾਅਵਾ ਕੀਤਾ ਹੈ। ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਜੋ ਵਿੱਤ ਮਹਿਕਮਾ ਵੀ ਦੇਖਦੇ ਹਨ, ਨੇ ਇਹ ਸੋਧ ਬਿੱਲ ਪੇਸ਼ ਕਰਦਿਆਂ ਕਿਹਾ ਕਿ ਸੋਧਾਂ ਦਾ ਮਕਸਦ ਕਰ ਚੋਰੀ ਰੋਕਣਾ ਅਤੇ ਵਧੇਰੇ ਟੈਕਸ ਇਕੱਠਾ ਕਰਨਾ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਇਹ ਤਬਦੀਲੀਆਂ ਵਪਾਰੀਆਂ ਦੇ ਕੰਮਕਾਜ ਵਿਚ ਤੇਜ਼ੀ ਲਿਆਉਣ ਲਈ ਮਦਦਗਾਰ ਸਾਬਤ ਹੋਣਗੀਆਂ। ਸ੍ਰੀ ਸਿਸੋਦੀਆ ਨੇ ਕਿਹਾ ਕਿ ਇਕ ਸੋਧ ਉਨ੍ਹਾਂ ਪੰਜੀਕ੍ਰਿਤ ਵਪਾਰੀਆਂ ਲਈ ਲਾਜ਼ਮੀ ਆਡਿਟ ਕਰਨ ਦੀ ਲੋੜ ਨੂੰ ਦੂਰ ਕਰੇਗੀ ਜਿਨ੍ਹਾਂ ਦਾ ਕਾਰੋਬਾਰ ਡੇਢ ਕਰੋੜ ਜਾਂ ਉਸ ਤੋਂ ਜ਼ਿਆਦਾ ਹੈ। ਉਧਰ, ਭਾਜਪਾ ਵਿਧਾਇਕ ਵਜਿੰਦਰ ਗੁਪਤਾ ਨੇ ਦਿੱਲੀ ਸਰਕਾਰ 'ਤੇ ਦੋਸ਼ ਲਾਇਆ ਕਿ ਇਹ ਬਿੱਲ ਕਾਹਲੀ ਵਿਚ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਇਸ ਨੂੰ ਪੇਸ਼ ਅਤੇ ਪਾਸ ਕਰਨ ਦੇ ਸਮੇਂ 'ਤੇ ਵੀ ਇਤਰਾਜ਼ ਜਤਾਇਆ।

## ਸੰਸਦ ਵੱਲੋਂ ਪਾਸ ਖੇਤੀ ਕਾਨੂੰਨ ਰੱਦ ਕਰਨੇ ਅਸੰਭਵ: ਭਾਜਪਾ ਆਗੂ

ਣ ਪੰਜਾਬ ਭਾਜਪਾ ਦੇ ਜਨਰਲ ਸਕੱਤਰ ਜੀਵਨ ਗੁਪਤਾ ਨੇ ਕਿਸਾਨ ਯੂਨੀਅਨਾਂ ਦੇ ਸਾਰੇ ਨੇਤਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਮਤਭੇਦ ਭੁਲਾ ਕੇ ਕੇਂਦਰ ਸਰਕਾਰ ਨਾਲ ਸਾਰਥਕ ਗੱਲਬਾਤ ਕਰਨ। ਉਨ੍ਹਾਂ ਕਿਹਾ ਕਿ ਕਿਸਾਨ ਨੇਤਾਵਾਂ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਦੇ ਫਾਇਦੇ ਅਤੇ ਪੰਜਾਬ ਦੇ ਭਲੇ ਲਈ ਇਕ ਚੰਗਾ ਖਰੜਾ ਤਿਆਰ ਕਰਕੇ ਕੇਂਦਰ ਸਰਕਾਰ ਦੇ ਸਾਹਮਣੇ ਰੱਖਣ ਤਾਂ ਜੋ ਕਿਸਾਨਾਂ ਅਤੇ ਪੰਜਾਬ ਨੂੰ ਲਾਭ ਪੁੱਜ ਸਕੇ। ਉਨ੍ਹਾਂ ਕਿਹਾ ਕਿ ਸੰਵਿਧਾਨ ਨੂੰ ਸਮਝਣ ਵਾਲੇ ਚੰਗੀ ਤਰ੍ਹਾਂ ਜਾਣਦੇ ਹਨ ਕਿ ਸੰਸਦ ਵੱਲੋਂ ਪਾਸ ਕੀਤੇ ਗਏ ਕਾਨੂੰਨਾਂ ਨੂੰ ਰੱਦ ਕਰਨਾ ਅਸੰਭਵ ਹੈ।

## ਦੁਬਈ ਤੋਂ ਰਣਜੀਤ ਸਿੰਘ ਦੀ ਦੇਹ ਵਤਨ ਪੁੱਜੀ

**ਅੰਮ੍ਰਿਤਸਰ:** ਸਰਬੱਤ ਦਾ ਭਲਾ ਟਰੱਸਟ ਚੈਰੀਟੇਬਲ ਟਰੱਸਟ ਦੇ ਯਤਨਾਂ ਸਦਕਾ ਪਿੰਡ ਹਸਨਪੁਰ ਦੇ 46 ਸਾਲਾ ਰਣਜੀਤ ਸਿੰਘ ਦੀ ਲਾਸ਼ ਦੁਬਈ ਤੋਂ ਇਥੇ ਹਵਾਈ ਅੱਡੇ ਪੁੱਜ ਗਈ, ਜਿਥੇ ਜਥੇਬੰਦੀ ਦੇ ਕਾਰਕੁਨਾਂ ਵੱਲੋਂ ਇਹ ਉਸ ਦੇ ਵਾਰਸਾਂ ਨੂੰ ਸੌਂਪ ਦਿੱਤੀ ਗਈ। ਲਗਭਗ 56 ਦਿਨ ਪਹਿਲਾਂ ਦੁਬਈ ਵਿਚ ਉਸ ਦੀ ਮੌਤ ਹੋ ਗਈ ਸੀ। ਪਰਿਵਾਰ ਨੇ ਮ੍ਰਿਤਕ ਦੀ ਦੇਹ ਵਤਨ ਪਹੁੰਚਾਉਣ ਲਈ ਟਰੱਸਟ ਕੋਲੋਂ ਮਦਦ ਮੰਗੀ ਸੀ।

ਟਰੱਸਟ ਦੇ ਬਾਨੀ ਡਾ. ਐੱਸ ਪੀ ਸਿੰਘ ਓਬਰਾਏ ਨੇ ਦੱਸਿਆ ਕਿ ਰਣਜੀਤ ਸਿੰਘ ਆਪਣੇ ਪਰਿਵਾਰ ਦੀ ਆਰਥਿਕ ਹਾਲਤ ਸੁਧਾਰਨ ਲਈ 20 ਸਾਲ ਪਹਿਲਾਂ ਦੁਬਈ ਗਿਆ ਸੀ। ਇਕ ਸਾਲ ਪਹਿਲਾਂ ਦੁਬਈ 'ਚ ਅਚਾਨਕ ਉਸ ਦੀ ਸਿਹਤ ਵਿਗੜ ਗਈ, ਜਿਸ ਪਿੱਛੋਂ ਉਹ ਪੱਕੇ ਤੌਰ 'ਤੇ ਵਾਪਸ ਪੰਜਾਬ ਆ ਗਿਆ ਸੀ। ਉਹ ਇਥੇ ਪੰਜਾਬ ਵਿਚ ਲੰਮਾ ਸਮਾਂ ਬਿਮਾਰ ਰਿਹਾ ਅਤੇ ਹਸਪਤਾਲ ਵਿਚ ਦਾਖਲ ਰਹਿ ਕੇ ਉਸ ਨੇ ਆਪਣਾ ਇਲਾਜ ਕਰਵਾਇਆ, ਜਿਸ ਦੌਰਾਨ ਇਕ ਵਾਰ ਮੁੜ ਪਰਿਵਾਰ ਦੇ ਆਰਥਿਕ ਹਾਲਾਤ ਵਿਗੜ ਗਏ।

ਇਸ ਕਾਰਨ ਉਹ ਵਿਜ਼ਟਰ ਵੀਜ਼ਾ 'ਤੇ ਕੁਝ ਮਹੀਨੇ ਪਹਿਲਾਂ ਹੀ ਮੁੜ ਦੁਬਈ ਗਿਆ ਸੀ। ਉਸ ਨੇ ਉਥੇ ਕਾਫੀ ਹੱਥ ਪੈਰ ਮਾਰੇ, ਪਰ ਕਰੋਨਾ ਕਾਰਨ ਪੈਦਾ ਹਾਲਾਤ ਵਿਚ ਉਸ ਨੂੰ ਪੱਕਾ ਕੰਮ ਨਹੀਂ ਮਿਲ ਸਕਿਆ। ਇਸ ਦੌਰਾਨ ਉਸ ਦੀ ਮਾਂ ਦੀ ਮੌਤ ਹੋ ਗਈ। ਆਪਣੀ ਮਾਂ ਦੀ ਮੌਤ ਤੇ ਕੰਮ ਨਾ ਮਿਲਣ ਕਾਰਨ ਉਹ ਪ੍ਰੇਸ਼ਾਨ ਰਹਿਣ ਲੱਗਾ ਤੇ ਕੁਝ ਦਿਨਾਂ ਪਿਛੋਂ ਅਚਾਨਕ ਉਸ ਦੀ ਮੌਤ ਹੋ ਗਈ।

# ਵਿਧਾਇਕਾਂ ਦਾ ਟੈਕਸ ਵੀ ਭਰਦੀ ਹੈ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਕਰੋੜਪਤੀ ਵਿਧਾਇਕਾਂ ਦਾ ਟੈਕਸ ਸਰਕਾਰੀ ਖ਼ਜ਼ਾਨੇ ਵਿਚੋਂ ਭਰਿਆ ਜਾ ਰਿਹਾ ਹੈ। ਸੂਚਨਾ ਦਾ ਅਧਿਕਾਰ ਐਕਟ ਤਹਿਤ ਪੰਜਾਬ ਵਿਧਾਨ ਸਭਾ ਤੋਂ ਮਿਲੀ ਜਾਣਕਾਰੀ ਮੁਤਾਬਕ ਪੰਜਾਬ ਦੇ ਸਿਰਫ 3 ਵਿਧਾਇਕ ਕੁਲਜੀਤ ਸਿੰਘ ਨਾਗਰਾ, ਸਿਮਰਨਜੀਤ ਸਿੰਘ




ਬੈਂਸ ਤੇ ਬਲਵਿੰਦਰ ਸਿੰਘ ਬੈਂਸ ਹੀ ਅਜਿਹੇ ਵਿਧਾਇਕ ਹਨ, ਜਿਨ੍ਹਾਂ ਦੀ ਤਨਖਾਹ ਵਿਚੋਂ ਆਮਦਨ ਕਰ ਅਦਾ ਕੀਤਾ ਜਾਂਦਾ ਹੈ ਜਦਕਿ 93 ਵਿਧਾਇਕਾਂ ਦਾ ਆਮਦਨ ਕਰ ਪੰਜਾਬ ਸਰਕਾਰ ਵੱਲੋਂ ਅਦਾ ਕੀਤਾ ਜਾਂਦਾ ਹੈ। ਇਨ੍ਹਾਂ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਅਤੇ ਨਵਜੋਤ ਸਿੰਘ ਸਿੱਧੂ ਦੇ ਨਾਂ ਵੀ ਸ਼ਾਮਲ ਹਨ।

ਪੰਜਾਬ ਸਰਕਾਰ ਵੱਲੋਂ ਇਨ੍ਹਾਂ 93 ਵਿਧਾਇਕਾਂ ਦੇ 2017-18 ਵਿਚ 82,77,506 ਰੁਪਏ, 2018-19 ਵਿੱਚ 65,95,264 ਰੁਪਏ, 2019-20 ਵਿਚ 64,93,652 ਰੁਪਏ ਅਤੇ 2020-21 ਵਿੱਚ 62,54,952 ਰੁਪਏ ਆਮਦਨ ਕਰ ਵਜੋਂ ਅਦਾ ਕੀਤੇ ਗਏ।

ਪੰਜਾਬ ਸਰਕਾਰ ਵੱਲੋਂ ਜਿਨ੍ਹਾਂ 93 ਵਿਧਾਇਕਾਂ ਦਾ ਆਮਦਨ ਕਰ ਅਦਾ ਕੀਤਾ ਜਾਂਦਾ ਹੈ, ਉਨ੍ਹਾਂ ਵਿਚ ਅਮਨ ਅਰੋੜਾ, ਅਮਰਜੀਤ ਸਿੰਘ ਸੰਦੋਆ, ਅਮਿਤ ਵਿੱਜ, ਅਮਰੀਕ ਸਿੰਘ ਢਿੱਲੋਂ, ਅਮਰਿੰਦਰ ਸਿੰਘ ਰਾਜਾ ਵੜਿੰਗ, ਅਰੁਣ ਡੋਗਰਾ, ਅਰੁਣ ਨਾਰੰਗ, ਅਵਤਾਰ ਸਿੰਘ ਜੂਨੀਅਰ, ਬਲਦੇਵ ਸਿੰਘ, ਬਲਦੇਵ ਸਿੰਘ ਖੈਰਾ, ਪ੍ਰੋ. ਬਲਜਿੰਦਰ ਕੌਰ, ਬਲਵਿੰਦਰ ਸਿੰਘ ਲਾਡੀ, ਬਰਿੰਦਰਮੀਤ ਸਿੰਘ ਪਾਹੜਾ, ਬਿਕਰਮ ਸਿੰਘ ਮਜੀਠੀਆ, ਬਲਵਿੰਦਰ ਸਿੰਘ ਧਾਲੀਵਾਲ, ਬੁੱਧ ਰਾਮ, ਦਲਵੀਰ ਸਿੰਘ ਗੋਲਡੀ, ਦਰਸ਼ਨ ਲਾਲ ਮੰਗੂਪੁਰ, ਦਰਸ਼ਨ ਸਿੰਘ ਬਰਾੜ, ਦਵਿੰਦਰ ਸਿੰਘ ਘੁਬਾਇਆ, ਦਿਲਰਾਜ ਸਿੰਘ, ਦਿਨੇਸ਼ ਸਿੰਘ, ਧਰਮਬੀਰ ਅਗਨੀਹੋਤਰੀ, ਫਤਹਿਜੰਗ ਸਿੰਘ ਬਾਜਵਾ, ਗੁਰਕੀਰਤ ਸਿੰਘ ਕੋਟਲੀ, ਗੁਰਮੀਤ ਸਿੰਘ ਮੀਤ ਹੇਅਰ, ਗੁਰਪ੍ਰਤਾਪ ਸਿੰਘ ਵਡਾਲਾ, ਗੁਰਪ੍ਰੀਤ ਸਿੰਘ, ਹਰਦਿਆਲ ਸਿੰਘ ਕੰਬੋਜ, ਹਰਦੇਵ ਸਿੰਘ ਖੈਰਾ, ਹਰਿੰਦਰ ਪਾਲ ਸਿੰਘ ਚੰਦੂਮਾਜਰਾ, ਹਰਜੋਤ ਕਮਲ ਸਿੰਘ, ਹਰਮਿੰਦਰ ਸਿੰਘ ਗਿੱਲ, ਹਰਪ੍ਰਤਾਪ ਸਿੰਘ, ਇੰਦਰਬੀਰ ਸਿੰਘ ਬੁਲਾਰੀਆ, ਇੰਦੂ ਬਾਲਾ, ਜਗਦੇਵ ਸਿੰਘ, ਜਗਤਾਰ ਸਿੰਘ ਜੱਗਾ ਹਿੱਸੋਵਾਲ, ਜੈ ਕਿਸ਼ਨ ਸਿੰਘ ਰੋੜੀ, ਜੋਗਿੰਦਰ ਪਾਲ, ਕੰਵਰ ਸੰਧੂ, ਕੰਵਰਜੀਤ ਸਿੰਘ, ਕੁਲਬੀਰ ਸਿੰਘ ਜ਼ੀਰਾ, ਕੁਲਦੀਪ ਸਿੰਘ ਵੈਦ, ਕੁਲਵੰਤ ਸਿੰਘ, ਕੁਲਤਾਰ ਸਿੰਘ ਸੰਧਵਾਂ, ਕੁਸ਼ਲਦੀਪ ਸਿੰਘ ਢਿੱਲੋਂ, ਲਖਬੀਰ ਸਿੰਘ, ਲਖਵੀਰ ਸਿੰਘ, ਮਦਨ ਲਾਲ, ਮਨਜੀਤ ਸਿੰਘ, ਮਨਪ੍ਰੀਤ ਸਿੰਘ ਇਆਲੀ, ਐੱਨ ਕੇ ਸ਼ਰਮਾ, ਨੱਥੂ ਰਾਮ, ਨਵਜੋਤ ਸਿੰਘ ਸਿੱਧੂ, ਨਵਤੇਜ ਸਿੰਘ ਚੀਮਾ, ਨਾਜਰ ਸਿੰਘ, ਨਿਰਮਲ ਸਿੰਘ, ਪਰਗਟ ਸਿੰਘ, ਪ੍ਰਕਾਸ਼ ਸਿੰਘ ਬਾਦਲ, ਪਰਮਿੰਦਰ ਸਿੰਘ ਢੀਂਡਸਾ, ਪਰਮਿੰਦਰ ਸਿੰਘ ਪਿੰਕੀ, ਪਵਨ ਕੁਮਾਰ ਆਦੀਆ, ਪਵਨ ਕੁਮਾਰ ਟੀਨੂੰ, ਪਿਰਮਲ ਸਿੰਘ, ਪ੍ਰੀਤਮ ਸਿੰਘ ਕੋਟਭਾਈ, ਰਾਕੇਸ਼ ਪਾਂਡੇ, ਡਾ. ਰਾਜ ਕੁਮਾਰ, ਰਾਜਿੰਦਰ ਬੇਰੀ, ਰਾਜਿੰਦਰ ਸਿੰਘ, ਰਮਨਜੀਤ ਸਿੰਘ ਸਿੱਕੀ, ਰਮਿੰਦਰ ਸਿੰਘ ਆਂਵਲਾ, ਰਾਣਾ ਗੁਰਜੀਤ ਸਿੰਘ, ਰਣਦੀਪ ਸਿੰਘ ਨਾਭਾ, ਰੁਪਿੰਦਰ ਕੌਰ ਰੂਬੀ, ਸੰਗਤ ਸਿੰਘ ਗਿਲਜੀਆਂ, ਸੰਜੀਵ ਤਲਵਾੜ, ਸੰਤੋਖ ਸਿੰਘ, ਸਰਵਜੀਤ ਕੌਰ, ਸਤਕਾਰ ਕੌਰ, ਸ਼ਰਨਜੀਤ ਸਿੰਘ ਢਿੱਲੋਂ, ਸੁਖਜੀਤ ਸਿੰਘ, ਸੁਖਪਾਲ ਸਿੰਘ ਭੁੱਲਰ, ਸੁਖਪਾਲ ਸਿੰਘ ਖਹਿਰਾ, ਡਾ. ਸੁਖਵਿੰਦਰ ਕੁਮਾਰ, ਸੁਖਵਿੰਦਰ ਸਿੰਘ ਡੈਨੀ, ਸੁਨੀਲ ਦੱਤੀ, ਸੁਰਿੰਦਰ ਕੁਮਾਰ ਡਾਵਰ, ਸੁਰਿੰਦਰ ਸਿੰਘ, ਸੁਰਜੀਤ ਸਿੰਘ ਧੀਮਾਨ, ਸੁਸ਼ੀਲ ਕੁਮਾਰ ਰਿੰਕੂ, ਤਰਸੇਮ ਸਿੰਘ ਅਤੇ ਅੰਗਦ ਸਿੰਘ ਦੇ ਨਾਂ ਸ਼ਾਮਲ ਹਨ।

# ਪੰਜਾਬ ਦੇ ਸਕੂਲਾਂ 'ਚ ਪਰਤੀਆਂ ਰੌਣਕਾਂ; ਸਾਰੀਆਂ ਕਲਾਸਾਂ ਲਈ ਸਕੂਲ ਖੁੱਲ੍ਹੇ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸਾਰੀਆਂ ਜਮਾਤਾਂ ਲਈ ਸਕੂਲਾਂ ਖੋਲ੍ਹਣ ਦੇ ਐਲਾਨ ਤੋਂ ਬਾਅਦ ਸਕੂਲਾਂ ਵਿਚ ਫਿਰ ਤੋਂ ਰੌਣਕਾਂ ਪਰਤ ਆਈਆਂ ਹਨ। ਸਕੂਲਾਂ ਵਿਚ ਵਿਦਿਆਰਥੀਆਂ ਦੀ ਭਰਵੀਂ ਹਾਜ਼ਰੀ ਰਹੀ। ਇਸੇ ਦੌਰਾਨ ਕਰੋਨਾ ਦੇ ਨਿਯਮਾਂ ਦੀ ਪਾਲਣਾ ਕਰਵਾਉਣ ਲਈ ਕਈ ਮੁਸ਼ਕਲਾਂ ਆਈਆਂ ਪਰ ਇਸ ਦੇ ਬਾਵਜੂਦ ਅਧਿਆਪਕਾਂ ਦੇ ਚਿਹਰੇ ਖਿੜੇ ਹੋਏ ਸਨ। ਪ੍ਰਾਇਮਰੀ ਸਕੂਲਾਂ 'ਚ ਪਹਿਲਾ ਦਿਨ ਹੋਣ ਦੇ ਬਾਵਜੂਦ ਹਾਜਰੀ 70 ਪ੍ਰਤੀਸ਼ਤ ਦੇ ਕਰੀਬ ਰਹੀ।

ਉਧਰ ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕ ਅਤੇ ਅਧਿਆਪਕ ਖੁਸ਼ ਹਨ। ਉਨ੍ਹਾਂ ਦੇ ਆਰਥਿਕ ਸਿਸਟਮ ਨੂੰ ਵੀ ਬੰਦ ਸਕੂਲਾਂ ਕਾਰਨ ਖੋਰਾ ਲੱਗ ਰਿਹਾ ਸੀ। ਸਾਰੇ ਵਿਦਿਆਰਥੀਆਂ ਲਈ ਸਕੂਲ ਖੁੱਲ੍ਹਣ ਤੋਂ ਬਾਅਦ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨੇ ਸਮੂਹ ਜ਼ਿਲ੍ਹਿਆਂ ਦੇ ਸਿੱਖਿਆ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਦੀਆਂ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕਰਨ।



ਸਕੂਲ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਨੇ ਦੱਸਿਆ ਕਿ ਕੋਵਿਡ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਸਿੱਖਿਆ ਵਿਭਾਗ ਨੇ ਸਾਰੀਆਂ ਜਮਾਤਾਂ ਸਕੂਲ ਖੋਲ੍ਹੇ ਹਨ। ਪ੍ਰੀ-ਪ੍ਰਾਇਮਰੀ ਤੋਂ ਸੀਨੀਅਰ ਸੈਕੰਡਰੀ ਤੱਕ ਸਾਰੀਆਂ ਜਮਾਤਾਂ ਪਹਿਲਾਂ ਵਾਂਗ ਚਲਾਈਆਂ ਜਾਣਗੀਆਂ। ਸਕੂਲ ਦਾ ਸਮਾਂ ਸਵੇਰੇ ਅੱਠ ਵਜੇ ਤੋਂ ਦੁਪਹਿਰ ਦੋ ਵਜੇ ਤੱਕ ਰਹੇਗਾ ਅਤੇ ਬੱਚਿਆਂ ਨੂੰ ਸਕੂਲ ਭੇਜਣ ਤੋਂ ਪਹਿਲਾਂ ਮਾਪਿਆਂ ਨੂੰ ਆਪਣੀ ਲਿਖਤੀ ਸਹਿਮਤੀ ਦੇਣੀ ਹੋਵੇਗੀ।

ਉਨ੍ਹਾਂ ਕਿਹਾ ਕਿ ਮਹਾਮਾਰੀ ਦੌਰਾਨ ਅਧਿਆਪਕ ਸਿਰਫ ਆਨਲਾਈਨ ਕਲਾਸਾਂ ਰਾਹੀਂ ਹੀ ਵਿਦਿਆਰਥੀਆਂ ਨਾਲ ਸੰਪਰਕ ਵਿਚ ਸਨ ਪਰ ਸਕੂਲਾਂ ਦਾ ਮੁੜ ਖੁੱਲ੍ਹਣਾ ਵਿਦਿਆਰਥੀਆਂ ਦੀ ਪੜ੍ਹਾਈ ਦੇ ਢੁਕਵੇਂ ਮੁਲਾਂਕਣ ਲਈ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਏਗਾ। ਸ੍ਰੀ ਸਿੰਗਲਾ ਨੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਅਤੇ ਸਕੂਲ ਪ੍ਰਬੰਧਕਾਂ ਨੂੰ ਸਕੂਲ ਦੇ ਆਲੇ-ਦੁਆਲੇ ਅਤੇ ਜਮਾਤਾਂ ਦੀ ਢੁਕਵੀਂ ਸਫਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਕਲਾਸਾਂ ਲੱਗਣ ਦੌਰਾਨ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਕੋਵਿਡ-19 ਸਬੰਧੀ ਜਾਰੀ ਕੀਤੇ ਗਏ ਦਿਸ਼ਾ-ਨਿਰਦੇਸ਼ਾਂ ਤੇ ਸੁਰੱਖਿਆ ਨਿਯਮਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇਗੀ। ਵੈਕਸੀਨ ਦੀਆਂ ਦੋਵੇਂ ਖੁਰਾਕਾਂ ਲੈ ਚੁੱਕੇ ਸਟਾਫ ਨੂੰ ਹੀ ਸਕੂਲ ਆਉਣ ਦੀ ਆਗਿਆ ਹੋਵੇਗੀ। ਇਸ ਸਬੰਧੀ ਸਾਰੇ ਜਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਤਫਸੀਲੀ ਦਿਸ਼ਾ-ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ।

ਉਨ੍ਹਾਂ ਵਿਦਿਆਰਥੀਆਂ ਦੇ 100:1 ਅਨੁਪਾਤ ਅਨੁਸਾਰ ਸਕੂਲਾਂ ਵਿਚ ਰੈਂਡਮ ਟੈਸਟ ਕਰਨ ਦੀ ਵੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਸਕੂਲ ਸਿੱਖਿਆ ਵਿਭਾਗ ਦੇ ਸਕੱਤਰ ਵੱਲੋਂ ਹਰ ਹਫਤੇ ਸਥਿਤੀ ਦੀ ਸਮੀਖਿਆ ਕੀਤੀ ਜਾਵੇਗੀ।

# ਮੁੜ ਸਿਰ ਚੁੱਕਣ ਲੱਗਾ ਕਰੋਨਾ, ਡੈਲਟਾ ਰੂਪ ਨੇ ਫਿਕਰ ਵਧਾਇਆ

**ਨਵੀਂ ਦਿੱਲੀ:** ਕੋਵਿਡ-19 ਮਹਾਮਾਰੀ ਦੇ ਵੱਡੇ ਪੱਧਰ 'ਤੇ ਮੁੜ ਫੈਲਣ ਦੇ ਅਨੁਮਾਨ ਅਤੇ ਆਸਾਰ ਫਿਰ ਡਰ ਦਾ ਮਾਹੌਲ ਪੈਦਾ ਕਰ ਰਹੇ ਹਨ। ਕਰੋਨਾ ਵਾਇਰਸ ਦਾ ਡੈਲਟਾ ਰੂਪ ਜੋ ਪਹਿਲਾਂ ਭਾਰਤ ਵਿਚ ਪਾਇਆ ਗਿਆ ਸੀ, ਹੁਣ ਦੁਨੀਆਂ ਦੇ ਹੋਰ ਦੇਸ਼ਾਂ ਵਿਚ ਵੀ ਤੇਜੀ ਨਾਲ ਫੈਲ ਰਿਹਾ ਹੈ। ਅਮਰੀਕਾ ਵਿਚ ਪ੍ਰਭਾਵਿਤ ਹੋਣ ਵਾਲੇ ਨਵੇਂ ਮਰੀਜ਼ਾਂ 'ਚੋਂ 83 ਫੀਸਦੀ ਡੈਲਟਾ ਰੂਪ ਨਾਲ ਪ੍ਰਭਾਵਿਤ ਹੋਏ ਹਨ। ਇਸ ਤੋਂ ਪਹਿਲਾਂ ਇਹ ਰੂਪ ਇੰਗਲੈਂਡ ਤੇ ਕੁਝ ਹੋਰ ਦੇਸ਼ਾਂ ਵਿਚ ਵੱਡੀ ਪੱਧਰ 'ਤੇ ਫੈਲਿਆ। 'ਆਰ-ਫੈਕਟਰ', ਜੋ ਭਾਰਤ ਵਿਚ ਕੋਵਿਡ-19 ਦੀ ਲਾਗ ਫੈਲਣ ਦੀ ਗਤੀ ਨੂੰ ਦਰਸਾਉਂਦਾ ਹੈ, ਕੇਰਲ ਤੇ ਉਤਰੀ-ਪੂਰਬੀ ਰਾਜਾਂ 'ਚ ਤੇਜੀ ਨਾਲ ਚੜ੍ਹ ਰਿਹਾ ਹੈ ਤੇ ਇਸ ਨੇ ਇਕ ਵਾਰ ਫਿਰ ਦੇਸ਼ 'ਚ ਮਹਾਂਮਾਰੀ ਵੱਲੋਂ ਸਿਰ ਚੁੱਕਣ ਦੇ ਸੰਕੇਤ ਦਿੱਤੇ ਹਨ। ਚੇਨਈ ਦੀ ਮੈਥੇਮੈਟਿਕਲ ਸਾਇੰਸਿਜ ਇੰਸਟੀਚਿਊਟ ਦੇ ਖੋਜਕਰਤਾਵਾਂ ਅਨੁਸਾਰ ਮੈਟਰੋ ਸ਼ਹਿਰਾਂ 'ਚੋਂ ਪੁਣੇ ਤੇ ਦਿੱਲੀ 'ਆਰ-ਵੈਲਯੂ' ਦੇ ਨੇੜੇ ਹਨ। ਦੇਸ 'ਚ ਕੋਵਿਡ-19 ਮਹਾਂਮਾਰੀ ਦੀ ਦੂਜੀ ਲਹਿਰ ਜਦੋਂ ਸਿਖਰਾਂ 'ਤੇ ਸੀ ਤਾਂ ਦੇਸ ਦੀ 'ਆਰ-ਵੈਲਯੂ' 9 ਮਾਰਚ ਤੋਂ 21 ਅਪਰੈਲ ਦੇ ਵਿਚਕਾਰ 1.37 ਸੀ। ਇੰਸਟੀਚਿਊਟ ਦਾ ਕਹਿਣਾ ਹੈ ਕਿ ਡਾਟਾ 1 ਆਰ-ਫੈਕਟਰ ਵੱਲ ਇਸ਼ਾਰਾ ਕਰ ਰਿਹਾ ਹੈ ਤੇ ਆਉਣ ਵਾਲੇ ਦਿਨਾਂ 'ਚ ਇਸ ਦੇ ਹੋਰ ਵਧਣ ਦੀ ਸੰਭਾਵਨਾ ਹੈ।

ਅਮਰੀਕਾ ਦੇ 'ਸੈਂਟਰ ਫਾਰ ਡਿਜੀਜ ਕੰਟਰੋਲ ਐਂਡ ਪ੍ਰਵੈਨਸ਼ਨ' ਅਨੁਸਾਰ ਕਰੋਨਾ ਵਾਇਰਸ ਦਾ ਡੈਲਟਾ ਰੂਪ ਛੋਟੀ ਚੇਚਕ/ਚਿਕਨਪੋਕਸ ਵਾਂਗ ਬਹੁਤ ਤੇਜੀ ਨਾਲ ਫੈਲਦਾ ਹੈ ਅਤੇ ਇਸ ਦੇ ਪ੍ਰਭਾਵ ਸ਼ੁਰੂਆਤੀ ਦੌਰ ਵਾਲੇ ਕਰੋਨਾ ਵਾਇਰਸ ਦੇ ਰੂਪਾਂ ਤੋਂ ਜ਼ਿਆਦਾ ਖਤਰਨਾਕ ਹੋ ਸਕਦੇ ਹਨ। ਸੈਂਟਰ ਅਨੁਸਾਰ ਵੈਕਸੀਨ ਪ੍ਰਾਪਤ ਕਰ ਚੁੱਕੇ ਵਿਅਕਤੀ ਵੀ ਆਪਣੇ ਨੱਕ ਅਤੇ ਗਲੇ



ਵਿਚ ਇਸ ਵਾਇਰਸ ਦੇ ਮੌਜੂਦ ਹੋਣ ਕਾਰਨ ਇਸ ਨੂੰ ਫੈਲਾ ਸਕਦੇ ਹਨ। ਇਸੇ ਕਾਰਨ ਅਮਰੀਕਾ ਅਤੇ ਹੋਰ ਦੇਸ਼ ਜੋ ਕਾਫੀ ਆਬਾਦੀ ਦਾ ਟੀਕਾਕਰਨ ਕਰ ਚੁੱਕੇ ਹਨ, ਮਾਸਕ ਲਾਉਣ ਜਿਹੀਆਂ ਪਾਬੰਦੀਆਂ ਹਟਾਉਣ ਬਾਰੇ ਸੋਚ ਰਹੇ ਸਨ ਪਰ ਹੁਣ ਇਹ ਕਿਹਾ ਜਾ ਰਿਹਾ ਹੈ ਕਿ ਮਾਸਕ ਲਗਾਉਣਾ ਸਭ ਲਈ ਜਰੂਰੀ ਹੈ। ਮਹਾਂਮਾਰੀ ਤੋਂ ਬਚਣ ਲਈ ਵੈਕਸੀਨ ਨੂੰ ਹੀ ਸਭ ਤੋਂ ਕਾਰਗਰ ਹਥਿਆਰ ਮੰਨਿਆ ਜਾ ਰਿਹਾ ਹੈ।

ਭਾਰਤ ਵਿਚ ਵੈਕਸੀਨ ਲਗਾਉਣ ਦੀ ਰਫਤਾਰ ਬਾਰੇ ਫਿਕਰ ਜਤਾਏ ਜਾ ਰਹੇ ਹਨ। 21 ਜੂਨ 2021 ਨੂੰ ਵੈਕਸੀਨ ਲਗਾਉਣ ਦੀ ਨਵੀਂ ਨੀਤੀ ਲਾਗੂ ਕੀਤੀ ਗਈ ਅਤੇ ਉਸ ਦਿਨ 86 ਲੱਖ ਲੋਕਾਂ ਨੂੰ ਵੈਕਸੀਨ ਲਗਾਈ ਗਈ। ਹੁਣ ਵੈਕਸੀਨ ਲਗਾਉਣ ਦੀ ਰਫਤਾਰ ਘਟ ਕੇ ਲਗਭਗ 48 ਲੱਖ ਫੀ ਦਿਨ ਹੋ ਗਈ ਹੈ। ਜੁਲਾਈ ਦੇ ਪਹਿਲੇ ਹਫਤੇ ਇਹ ਔਸਤ ਬਹੁਤ ਘੱਟ ਸੀ, ਲਗਭਗ 34 ਲੱਖ ਫੀ. ਦਿਨ। ਜੁਲਾਈ ਵਿਚ ਉੜੀਸਾ, ਰਾਜਸਥਾਨ, ਪੱਛਮੀ ਬੰਗਾਲ, ਤਾਮਿਲ ਨਾਡੂ ਅਤੇ ਦਿੱਲੀ ਨੇ ਵੈਕਸੀਨ ਦੀ ਕਮੀ ਬਾਰੇ ਸ਼ਿਕਾਇਤ ਕਰਦਿਆਂ ਇਹ ਕਿਹਾ ਸੀ ਕਿ ਉਨ੍ਹਾਂ ਨੂੰ ਵੈਕਸੀਨ ਲਗਾਉਣ ਵਾਲੇ ਕਈ ਕੇਂਦਰ ਬੰਦ ਕਰਨੇ ਪੈ ਰਹੇ ਹਨ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਅਜਿਹੀ ਜਾਣਕਾਰੀ ਗਲਤ ਤੇ ਲੋਕਾਂ ਵਿਚ ਡਰ ਫੈਲਾਉਣ ਵਾਲੀ ਹੈ। 14 ਜੁਲਾਈ 2021 ਦੇ ਇਕ ਬਿਆਨ ਵਿਚ ਨਵੇਂ ਬਣੇ ਸਿਹਤ ਮੰਤਰੀ ਨੇ ਵੈਕਸੀਨ ਦੀ ਕਮੀ ਦਾ ਕਾਰਨ ਸੂਬਾ ਸਰਕਾਰਾਂ ਵੱਲੋਂ ਕੀਤੀ ਗਈ ਬਦ-ਇੰਤਜ਼ਾਮੀ ਨੂੰ ਦੱਸਿਆ ਸੀ। ਦੇਸ਼ ਵਿਚ ਹੁਣ ਤਕ ਵੈਕਸੀਨ ਦੇ 45 ਕਰੋੜ ਤੋਂ ਜਿਆਦਾ ਟੀਕੇ ਲਗਾਏ ਗਏ ਹਨ।

ਭਾਰਤ ਵਿਚ 18 ਸਾਲ ਦੀ ਉਮਰ ਤੋਂ ਵੱਧ ਦੀ ਵੱਸੋਂ ਲਗਭਗ 94 ਕਰੋੜ ਹੈ ਅਤੇ ਸਰਕਾਰ ਦਾ ਟੀਚਾ ਹੈ ਕਿ ਦਸੰਬਰ 2021 ਤੱਕ ਉਨ੍ਹਾਂ ਨੂੰ ਵੈਕਸੀਨ ਦੀਆਂ ਦੋਵੇਂ ਡੋਜ਼ਾਂ ਦੇ ਦਿੱਤੀਆਂ ਜਾਣ। ਸਰਕਾਰੀ ਅੰਕੜਿਆਂ ਅਨੁਸਾਰ ਔਰਤਾਂ ਵੈਕਸੀਨ ਲਗਵਾਉਣ ਵਿਚ ਪਿੱਛੇ ਹਨ। ਉਮਰ ਦੇ ਹਿਸਾਬ ਨਾਲ 18 ਤੋਂ 44 ਸਾਲ ਦੀ ਉਮਰ ਵਾਲੇ ਲੋਕਾਂ ਨੇ ਸਭ ਤੋਂ ਵੱਧ (41.12 ਫੀਸਦੀ) ਟੀਕੇ ਲਗਵਾਏ ਹਨ ਜਦੋਂ ਕਿ 45 ਤੋਂ 60 ਸਾਲ ਦੀ ਉਮਰ ਦੇ ਲੋਕਾਂ ਨੇ 33.9 ਫੀਸਦੀ ਟੀਕੇ ਲਗਵਾਏ ਹਨ। 60 ਸਾਲ ਦੀ ਵੱਧ ਉਮਰ ਦੇ ਲੋਕਾਂ ਵਿਚ ਟੀਕੇ ਲਗਵਾਉਣ ਦੀ ਰਫਤਾਰ ਸਭ ਤੋਂ ਘੱਟ (24 ਫੀਸਦੀ) ਹੈ। ਇਨ੍ਹਾਂ ਅੰਕੜਿਆਂ ਤੋਂ ਸਪੱਸ਼ਟ ਹੈ ਕਿ ਸਾਡਾ ਦੇਸ਼ ਵੈਕਸੀਨ ਲਗਾਉਣ ਵਿਚ ਪਛੜ ਰਿਹਾ ਹੈ। ਕੇਂਦਰ ਸਰਕਾਰ ਨੇ ਵੱਡੇ ਦਾਅਵੇ ਕੀਤੇ ਸਨ ਅਤੇ ਦੂਸਰੇ ਦੇਸ਼ਾਂ ਨੂੰ ਵੈਕਸੀਨ ਬਰਾਮਦ ਕਰਨ ਦੇ ਟੀਚੇ ਬਣਾਏ ਗਏ ਸਨ ਪਰ ਹੁਣ ਵੈਕਸੀਨ ਆਪਣੇ ਹੀ ਦੇਸ਼ ਦੇ ਲੋਕਾਂ ਤੱਕ ਨਹੀਂ ਪਹੁੰਚ ਰਹੀ। ਇਸੇ ਤਰ੍ਹਾਂ ਕਰੋਨਾ ਵਾਇਰਸ ਦੇ ਡੈਲਟਾ ਰੂਪ ਬਾਰੇ ਵੀ ਸਪੱਸ਼ਟ ਤੌਰ 'ਤੇ ਕੁਝ ਨਹੀਂ ਦੱਸਿਆ ਜਾ ਰਿਹਾ। ਜ਼ਿਆਦਾ ਜਾਣਕਾਰੀ ਦੂਸਰੇ ਦੇਸ਼ਾਂ ਤੋਂ ਆ ਰਹੀ ਹੈ।

## ਕੇਂਦਰ ਵੱਲੋਂ ਸੂਬਿਆਂ ਨੂੰ ਢਿੱਲ ਨਾ ਵਰਤਣ ਦੀ ਸਲਾਹ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ 10 ਸੂਬਿਆਂ ਨੂੰ ਕਿਹਾ ਹੈ ਕਿ ਜਿਨ੍ਹਾਂ ਜ਼ਿਲ੍ਹਿਆਂ 'ਚ ਕਰੋਨਾ ਦੀ ਪਾਜ਼ੇਟਿਵਿਟੀ ਦਰ 10 ਫੀਸਦ ਤੋਂ ਜ਼ਿਆਦਾ ਹੈ, ਉਥੇ ਸਖਤ ਪਾਬੰਦੀਆਂ ਲਗਾਉਣ ਬਾਰੇ ਵਿਚਾਰ ਕੀਤਾ ਜਾਵੇ। ਇਨ੍ਹਾਂ 10 ਸੂਬਿਆਂ 'ਚ ਪਿਛਲੇ ਕੁਝ ਦਿਨਾਂ ਦੌਰਾਨ ਲਾਗ ਦੇ ਵਧੇਰੇ ਕੇਸ ਦਰਜ ਕੀਤੇ ਗਏ ਹਨ। ਕੇਂਦਰ ਮੁਤਾਬਕ 46 ਜ਼ਿਲ੍ਹਿਆਂ 'ਚ ਪਾਜ਼ੇਟਿਵਿਟੀ ਦਰ 10 ਫੀਸਦ ਤੋਂ ਜ਼ਿਆਦਾ ਹੈ ਜਦਕਿ 53 ਹੋਰਾਂ 'ਚ ਇਹ 5 ਤੋਂ 10 ਫੀਸਦ ਵਿਚਕਾਰ ਹੈ। ਕੇਂਦਰ ਨੇ ਇਨ੍ਹਾਂ ਸੂਬਿਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਕਰੋਨਾ ਦੀ ਪਛਾਣ ਲਈ ਟੈਸਟਿੰਗ ਵਧਾਉਣ। ਸਿਹਤ ਮੰਤਰਾਲੇ ਨੇ ਕਿਹਾ ਕਿ ਇਨ੍ਹਾਂ ਜ਼ਿਲ੍ਹਿਆਂ 'ਚ ਢਿੱਲ ਦਿੱਤੇ ਜਾਣ ਨਾਲ ਭਵਿੱਖ 'ਚ ਹਾਲਾਤ ਵਿਗੜ ਸਕਦੇ ਹਨ। ਕੇਂਦਰੀ ਸਿਹਤ ਸਕੱਤਰ ਰਾਜੇਸ਼ ਭੂਸ਼ਣ ਨੇ ਉੱਚ ਪੱਧਰੀ ਮੀਟਿੰਗ ਕਰਕੇ ਕੇਰਲਾ, ਮਹਾਰਾਸ਼ਟਰ, ਕਰਨਾਟਕ, ਤਾਮਿਲ ਨਾਡੂ, ਉੜੀਸਾ, ਅਸਾਮ, ਮਿਜ਼ੋਰਮ, ਮੇਘਾਲਿਆ, ਆਂਧਰਾ ਪ੍ਰਦੇਸ਼ ਅਤੇ ਮਨੀਪੁਰ 'ਚ ਕਰੋਨਾ ਹਾਲਾਤ ਦੀ ਸਮੀਖਿਆ ਕੀਤੀ।

## ਸੂਚੀਬੱਧ ਉਡਾਣਾਂ 'ਤੇ ਰੋਕ 31 ਅਗਸਤ ਤੱਕ ਜਾਰੀ ਰਹੇਗੀ

**ਨਵੀਂ ਦਿੱਲੀ:** ਹਵਾਬਾਜ਼ੀ ਰੈਗੂਲੇਟਰ ਡੀ.ਜੀ.ਸੀ.ਏ. ਨੇ ਕਰੋਨਾ ਵਾਇਰਸ ਕਾਰਨ ਰੱਦ ਹੋਈਆਂ ਸੂਚੀਬੱਧ ਕੌਮਾਂਤਰੀ ਉਡਾਣਾਂ 'ਤੇ ਰੋਕ 31 ਅਗਸਤ ਤੱਕ ਵਧਾ ਦਿੱਤੀ ਹੈ। ਡਾਇਰੈਕਟਰ ਜਨਰਲ ਨੇ ਨਾਲ ਹੀ ਕਿਹਾ ਕਿ ਕੇਸਾਂ ਦੀ ਸਮੀਖਿਆ ਕਰ ਕੇ ਕੌਮਾਂਤਰੀ ਉਡਾਣਾਂ ਨੂੰ ਚੋਣਵੇਂ ਰੂਟਾਂ 'ਤੇ ਚੱਲਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਦੱਸਣਯੋਗ ਹੈ ਕਿ ਨਿਰਧਾਰਤ ਕੌਮਾਂਤਰੀ ਉਡਾਣਾਂ ਭਾਰਤ ਵਿਚ 23 ਮਾਰਚ, 2020 ਤੋਂ ਬੰਦ ਹਨ। ਪਰ 'ਵੰਦੇ ਭਾਰਤ ਮਿਸ਼ਨ' ਤਹਿਤ ਮਈ 2020 ਤੋਂ ਉਡਾਣਾਂ ਚੱਲ ਰਹੀਆਂ ਸਨ। ਇਸ ਲਈ ਜੁਲਾਈ 2020 ਤੋਂ ਦੁਵੱਲੇ 'ਏਅਰ ਬਬਲ' ਸਮਝੌਤੇ 24 ਮੁਲਕਾਂ ਨਾਲ ਕੀਤੇ ਗਏ ਸਨ। ਇਨ੍ਹਾਂ ਵਿਚ ਅਮਰੀਕਾ, ਯੂਕੇ, ਯੂ.ਏ.ਈ., ਕੀਨੀਆ, ਭੂਟਾਨ ਤੇ ਫਰਾਂਸ ਸ਼ਾਮਲ ਸਨ। ਡੀ.ਜੀ.ਸੀ.ਏ. ਨੇ ਕਿਹਾ ਕਿ ਕੌਮਾਂਤਰੀ ਕਾਰਗੋ ਅਪਰੇਸ਼ਨ ਤੇ ਇਸ ਲਈ ਮਨਜ਼ੂਰ ਕੀਤੀਆਂ ਗਈਆਂ ਉਡਾਣਾਂ ਉਤੇ ਰੋਕ ਨਹੀਂ ਹੋਵੇਗੀ।

# 'ਪਾਕਿਸਤਾਨ ਗਏ ਕਈ ਕਸ਼ਮੀਰੀ ਅਤਿਵਾਦੀ ਬਣ ਕੇ ਪਰਤੇ'

**ਸ੍ਰੀਨਗਰ:** ਹਾਲ ਹੀ ਵਿਚ ਹਲਾਕ ਹੋਏ ਅਤਿਵਾਦੀ ਸ਼ਕੀਰ ਅਲਤਾਫ ਭੱਟ ਤੇ ਮਗਰੋਂ ਉਸ ਦੇ ਭਾਰਤੀ ਪਾਸਪੋਰਟ ਉਤੇ ਪਾਕਿਸਤਾਨ ਜਾਣ ਦਾ ਖੁਲਾਸਾ ਹੋਣ ਤੋਂ ਬਾਅਦ ਸੁਰੱਖਿਆ ਏਜੰਸੀਆਂ ਚੌਕਸ ਹੋ ਗਈਆਂ ਹਨ। ਉਹ ਸੰਨ 2018 ਵਿਚ ਪੜ੍ਹਾਈ ਲਈ ਪਾਕਿਸਤਾਨ ਗਿਆ ਸੀ ਤੇ ਦਹਿਸ਼ਤਗਰਦ ਵਜੋਂ ਪਰਤਿਆ।

ਸੁਰੱਖਿਆ ਏਜੰਸੀਆਂ ਨੇ ਹੁਣ 2015 ਤੋਂ 2019 ਤੱਕ ਜਾਰੀ ਹੋਏ ਪਾਸਪੋਰਟਾਂ ਦਾ ਅੰਦਾਜ਼ਾ ਲਾਇਆ ਹੈ। ਇਸ ਵਿਚ ਸਾਹਮਣੇ ਆਇਆ ਹੈ ਕਿ ਬੰਗਲਾਦੇਸ਼ ਤੇ ਪਾਕਿਸਤਾਨ ਗਏ 40 ਨੌਜਵਾਨਾਂ ਵਿਚੋਂ 28 ਸਿਖਲਾਈ ਪ੍ਰਾਪਤ ਦਹਿਸ਼ਤਗਰਦਾਂ ਵਜੋਂ ਘੁਸਪੈਠ ਕਰ ਕੇ ਮੁੜੇ ਹਨ। ਇਸ ਤੋਂ ਇਲਾਵਾ ਵੀ 100 ਅਜਿਹੇ ਕਸ਼ਮੀਰੀ ਨੌਜਵਾਨ ਹਨ ਜੋ ਥੋੜ੍ਹੇ ਸਮੇਂ ਦਾ ਦੁਕਵਾਂ ਵੀਜ਼ਾ ਲੈ ਕੇ ਪਾਕਿਸਤਾਨ ਗਏ ਸਨ, ਉਹ ਜਾਂ ਤਾਂ ਮੁੜੇ ਨਹੀਂ ਜਾਂ ਫਿਰ ਮੁੜਨ ਮਗਰੋਂ ਲਾਪਤਾ ਹੋ ਗਏ।

ਏਜੰਸੀਆਂ ਮੁਤਾਬਕ ਉਹ ਸਰਹੱਦ ਪਾਰ ਦੇ ਦਹਿਸ਼ਤਗਰਦ ਸੰਗਠਨਾਂ ਲਈ ਸਲੀਪਰ ਸੈੱਲ ਬਣ ਗਏ ਹੋ ਸਕਦੇ ਹਨ। 24 ਜੁਲਾਈ ਨੂੰ ਬਾਂਦੀਪੋਰਾ ਵਿਚ ਸੁਰੱਖਿਆ ਬਲਾਂ ਨਾਲ ਹੋਏ



ਮੁਕਾਬਲੇ 'ਚ ਤਿੰਨ ਅਤਿਵਾਦੀ ਮਾਰੇ ਗਏ ਸਨ ਜਿਨ੍ਹਾਂ ਵਿਚ ਭੱਟ ਵੀ ਸ਼ਾਮਲ ਸੀ। ਏਜੰਸੀਆਂ ਦਾ ਮੰਨਣਾ ਹੈ ਕਿ ਭੱਟ ਉਸਮਾਨ ਮਜੀਦ ਨੂੰ ਮਾਰਨ ਦੀ ਸਾਜ਼ਿਸ਼ ਘੜ ਰਿਹਾ ਸੀ ਜੋ ਕਿ ਅਤਿਵਾਦ ਛੱਡ ਸਿਆਸਤ ਵਿਚ ਆਇਆ ਸੀ। ਉਸ ਨੂੰ ਮਾਰਨ ਦੀ ਤਿੰਨ ਵਾਰ ਕੋਸ਼ਿਸ਼ ਹੋ ਚੁੱਕੀ ਹੈ। ਪਿਛਲੇ ਸਾਲ ਅਪਰੈਲ ਵਿਚ ਵੀ ਸ਼ੋਪੀਆਂ, ਕੁਲਗਾਮ, ਅਨੰਤਨਾਗ ਜ਼ਿਲ੍ਹਿਆਂ ਦੇ ਕੁਝ ਨੌਜਵਾਨ ਘੁਸਪੈਠ ਕਰਨ ਵਾਲੇ ਅਤਿਵਾਦੀਆਂ ਦੇ ਸਮੂਹਾਂ ਵਿਚ ਦੇਖੇ ਗਏ ਸਨ।

# ਐਚ-1ਬੀ ਵੀਜ਼ੇ ਦੇ ਚਾਹਵਾਨ ਆਈ.ਟੀ. ਪੇਸ਼ੇਵਰਾਂ ਨੂੰ ਰਾਹਤ

**ਵਾਸ਼ਿੰਗਟਨ:** ਐਚ-1ਬੀ ਵੀਜ਼ਾ ਲੈਣ ਦੇ ਚਾਹਵਾਨ ਸੈਂਕੜੇ ਭਾਰਤੀ ਆਈ.ਟੀ. ਪੇਸ਼ੇਵਰਾਂ ਨੂੰ ਰਾਹਤ ਦਿੰਦਿਆਂ ਅਮਰੀਕਾ ਦੀ ਆਵਾਸ ਏਜੰਸੀ ਨੇ ਇਨ੍ਹਾਂ ਵੀਜ਼ਿਆਂ ਲਈ ਦੂਜੀ ਲਾਟਰੀ ਕੱਢਣ ਦਾ ਫੈਸਲਾ ਕੀਤਾ ਹੈ। ਹਾਲਾਂਕਿ ਅਜਿਹਾ ਆਮ ਤੌਰ 'ਤੇ ਨਹੀਂ ਕੀਤਾ ਜਾਂਦਾ।

ਜ਼ਿਕਰਯੋਗ ਹੈ ਕਿ ਪਹਿਲੀ ਚੋਣ ਸੂਚੀ ਵਿਚ ਕਈ ਜਣੇ ਥਾਂ ਬਣਾਉਣ ਤੋਂ ਰਹਿ ਗਏ ਸਨ। ਅਮਰੀਕੀ ਨਾਗਰਿਕ ਤੇ ਆਵਾਸ ਸੇਵਾ ਨੇ ਕਿਹਾ ਹੈ ਕਿ ਐਚ-1ਬੀ ਵੀਜ਼ਿਆਂ ਲਈ ਪਹਿਲਾਂ ਜਿਹੜਾ ਕੰਪਿਊਟਰ ਰਾਹੀਂ ਡਰਾਅ ਕੱਢਿਆ ਗਿਆ ਸੀ, ਉਸ ਵਿਚ ਕਾਂਗਰਸ ਵੱਲੋਂ ਮਨਜ਼ੂਰ ਕੀਤੇ ਗਏ ਵੀਜ਼ਿਆਂ ਦੀ ਗਿਣਤੀ ਮੁਤਾਬਕ ਉਮੀਦਵਾਰ ਨਹੀਂ ਮਿਲ ਸਕੇ ਸਨ। ਜ਼ਿਕਰਯੋਗ ਹੈ ਕਿ ਇਨ੍ਹਾਂ ਵੀਜ਼ਿਆਂ ਲਈ ਵੱਡੀ ਗਿਣਤੀ ਭਾਰਤੀ ਆਪਣਾ ਦਾਅਵਾ ਪੇਸ਼ ਕਰਦੇ ਹਨ। ਇਹ ਗੈਰ ਆਵਾਸੀ ਵੀਜ਼ਾ ਹੈ ਜੋ ਕਿ ਅਮਰੀਕੀ ਕੰਪਨੀਆਂ ਨੂੰ ਖਾਸ ਮੁਹਾਰਤ ਵਾਲੇ ਕੰਮ ਲਈ ਵਿਦੇਸ਼ੀ ਵਰਕਰ ਚੁਣਨ ਦੀ ਇਜਾਜ਼ਤ ਦਿੰਦਾ ਹੈ। ਹਰੇਕ ਵਿੱਤੀ ਵਰ੍ਹੇ ਵਿਚ 65 ਹਜ਼ਾਰ ਐਚ-1ਬੀ ਵੀਜ਼ਾ ਦਿੱਤੇ ਜਾਂਦੇ ਹਨ।

ਉਧਰ, ਅਮਰੀਕੀ ਕਾਨੂੰਨਸਾਜ਼ਾਂ ਦੇ ਇਕ ਸਮੂਹ ਨੇ ਪ੍ਰਤੀਨਿਧੀ ਸਦਨ ਵਿਚ ਵਿਦੇਸ਼ੀ ਵਿਦਿਆਰਥੀਆਂ ਨੂੰ ਪੜ੍ਹਾਈ ਮਗਰੋਂ ਕੁਝ ਹਾਲਤਾਂ ਵਿਚ ਮੁਲਕ 'ਚ ਰਹਿਣ ਦੀ ਆਗਿਆ ਦੇਣ ਵਾਲਾ ਪ੍ਰੋਗਰਾਮ ਖਤਮ ਕਰਨ ਸਬੰਧੀ ਨਵੇਂ ਸਿਰਿਓਂ ਇਕ ਬਿੱਲ ਪੇਸ਼ ਕੀਤਾ ਹੈ। ਜੇਕਰ ਇਹ ਬਿੱਲ ਪਾਸ ਹੋ ਕੇ ਕਾਨੂੰਨ ਬਣ ਜਾਂਦਾ ਹੈ ਤਾਂ ਇਹ ਮੁਲਕ ਵਿਚ ਪੜ੍ਹ ਰਹੇ ਹਜ਼ਾਰਾਂ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਜਾਣਕਾਰੀ ਮੁਤਾਬਕ ਕਾਂਗਰਸੀ ਕਾਨੂੰਨਸਾਜ਼ਾਂ- ਪੌਲ ਏ ਗੋਸਰ, ਮੋਅ ਬਰੁੱਕਸ, ਐਂਡੀ ਬਿੱਗਜ ਅਤੇ ਮੈਟ ਗੈਟਜ਼ ਨੇ 'ਫੇਅਰਨੈੱਸ ਫਾਰ ਹਾਈ-ਸਕਿੱਲ ਅਮੈਰੀਕਨਜ਼ ਐਕਟ' ਪੇਸ਼ ਕੀਤਾ ਜੋ 'ਆਪਸ਼ਨਲ ਪ੍ਰੈਕਟਿਸ ਟਰੇਨਿੰਗ (ਓ.ਟੀ.ਪੀ.) 'ਤੇ ਬਣੇ 'ਇਮੀਗ੍ਰੇਸ਼ਨ ਐਂਡ ਨੈਸ਼ਨੈਲਿਟੀ ਐਕਟ' ਵਿਚ ਸੋਧ ਲਿਆਏਗਾ। ਇਸ ਸਮੇਂ ਅਮਰੀਕਾ ਵਿਚ ਓ.ਪੀ.ਟੀ. 'ਤੇ 80,000 ਭਾਰਤੀ ਵਿਦਿਆਰਥੀ ਹਨ। ਇਹ ਬਿੱਲ ਸੈਨੇਟ ਵਿਚ ਵੀ ਪਾਸ ਕਰਵਾਉਣਾ ਪਵੇਗਾ, ਜਿਸ ਮਗਰੋਂ ਹੀ ਇਸ ਨੂੰ ਰਾਸ਼ਟਰਪਤੀ ਕੋਲ ਭੇਜਿਆ ਜਾ ਸਕੇਗਾ। ਹਾਲਾਂਕਿ ਸੈਨੇਟ 'ਚ ਇਹ ਬਿੱਲ ਪਾਸ ਕਰਵਾਉਣਾ ਸੌਖਾ ਕੰਮ ਨਹੀਂ ਹੈ।

## ਕਈ ਮੁਲਕਾਂ ਨੇ ਭਾਰਤੀ ਵਿਦਿਆਰਥੀਆਂ ਨੂੰ ਢਿੱਲ ਦਿੱਤੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਦੱਸਿਆ ਕਿ ਕਈ ਮੁਲਕਾਂ ਨੇ ਭਾਰਤੀ ਵਿਦਿਆਰਥੀਆਂ ਲਈ ਸਫਰ ਪਾਬੰਦੀਆਂ 'ਚ ਢਿੱਲ ਦਿੱਤੀ ਹੈ। ਇਨ੍ਹਾਂ ਮੁਲਕਾਂ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ, ਨੀਦਰਲੈਂਡ, ਬੈਲਜੀਅਮ, ਜੌਰਜੀਆ ਅਤੇ ਜਰਮਨੀ ਸ਼ਾਮਲ ਹਨ ਜਦਕਿ ਕਰੋਨਾ ਸਬੰਧੀ ਸਥਿਤੀ ਵਿਚ ਸੁਧਾਰ ਆਉਣ 'ਤੇ ਹੋਰ ਮੁਲਕ ਵੀ ਪਾਬੰਦੀਆਂ ਵਿਚ ਢਿੱਲ ਦੇ ਸਕਦੇ ਹਨ। ਵਿਦੇਸ਼ ਰਾਜ ਮੰਤਰੀ ਵੀ ਮੁਰਲੀਧਰਨ ਨੇ ਰਾਜ ਸਭਾ ਵਿਚ ਦੱਸਿਆ ਕਿ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਦਾਖਲ ਭਾਰਤੀ ਵਿਦਿਆਰਥੀਆਂ ਲਈ ਸਫਰ ਪਾਬੰਦੀਆਂ ਸੁਖਾਲੀਆਂ ਕਰਵਾਉਣ ਲਈ ਸਰਕਾਰ ਵੀ ਕੋਸ਼ਿਸ਼ ਕਰ ਰਹੀ ਹੈ। ਭਾਰਤ ਵਿਚ ਕਰੋਨਾ ਵਾਇਰਸ ਦੀ ਦੂਜੀ ਲਹਿਰ ਆਉਣ ਮਗਰੋਂ ਵੱਡੀ ਗਿਣਤੀ ਵਿਚ ਮੁਲਕਾਂ ਨੇ ਭਾਰਤੀ ਵਿਦਿਆਰਥੀਆਂ ਲਈ ਸਫਰ ਪਾਬੰਦੀਆਂ ਲਾ ਦਿੱਤੀਆਂ ਸਨ।

# ਜੰਮੂ ਕਸ਼ਮੀਰ 'ਚ ਪੱਥਰਬਾਜ਼ਾਂ ਨੂੰ ਨਹੀਂ ਮਿਲੇਗਾ ਪਾਸਪੋਰਟ

**ਸ੍ਰੀਨਗਰ:** ਜੰਮੂ ਕਸ਼ਮੀਰ ਪੁਲਿਸ ਦੀ ਸੀ.ਆਈ.ਡੀ. ਇਕਾਈ ਨੇ ਪੱਥਰਬਾਜ਼ੀ ਜਾਂ ਹੋਰ ਭੰਨ-ਤੋੜ ਦੀਆਂ ਗਤੀਵਿਧੀਆਂ ਵਿਚ ਸ਼ਾਮਲ ਲੋਕਾਂ ਨੂੰ ਪਾਸਪੋਰਟ ਤੇ ਸਰਕਾਰੀ ਸੇਵਾਵਾਂ ਲਈ ਜ਼ਰੂਰੀ ਸੁਰੱਖਿਆ ਕਲੀਅਰੈਂਸ ਨਾ ਦੇਣ ਦਾ ਹੁਕਮ ਦਿੱਤਾ ਹੈ। ਕਸ਼ਮੀਰ ਵਿਚ ਸੀ.ਆਈ.ਡੀ. ਦੀ ਵਿਸ਼ੇਸ਼ ਸ਼ਾਖਾ ਦੇ ਐਸ.ਐਸ.ਪੀ. ਨੇ ਜਾਰੀ ਹੁਕਮ ਵਿਚ ਉਨ੍ਹਾਂ ਅਧੀਨ ਆਉਂਦੇ ਸਾਰੇ ਖੇਤਰੀ ਯੂਨਿਟਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਪਾਸਪੋਰਟ ਤੇ ਸਰਕਾਰੀ ਸੇਵਾਵਾਂ ਤੋਂ ਇਲਾਵਾ ਹੋਰ ਸਰਕਾਰੀ ਯੋਜਨਾਵਾਂ ਲਈ ਪੁਸ਼ਟੀ ਕਰਨ ਦੌਰਾਨ ਵਿਅਕਤੀ ਦੀ ਕਾਨੂੰਨ-ਵਿਵਸਥਾ ਉਲੰਘਣ, ਪੱਥਰਬਾਜ਼ੀ ਦੇ ਮਾਮਲਿਆਂ ਤੇ ਰਾਜ ਵਿਚ ਸੁਰੱਖਿਆ ਬਲਾਂ ਦੇ ਖਿਲਾਫ ਹੋਰਨਾਂ ਅਪਰਾਧਕ ਗਤੀਵਿਧੀਆਂ ਵਿਚ ਸ਼ਮੂਲੀਅਤ ਦੀ ਵਿਸ਼ੇਸ਼ ਤੌਰ 'ਤੇ ਜਾਂਚ ਹੋਵੇ।





ਹੁਕਮ ਵਿਚ ਕਿਹਾ ਗਿਆ ਹੈ ਕਿ ਅਜਿਹੇ ਮਾਮਲਿਆਂ ਵਿਚ ਸਥਾਨਕ ਥਾਣਿਆਂ ਵਿਚ ਮੌਜੂਦ ਰਿਕਾਰਡ ਨੂੰ ਜਾਂਚਿਆ ਜਾਵੇ ਤੇ ਮੇਲ ਕੇ ਦੇਖਿਆ ਜਾਵੇ।

ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਇਸ ਤਰ੍ਹਾਂ ਦੀ ਵੈਰੀਫਿਕੇਸ਼ਨ ਦੌਰਾਨ ਪੁਲਿਸ, ਸੁਰੱਖਿਆ ਬਲਾਂ ਤੇ ਹੋਰ ਸੁਰੱਖਿਆ ਏਜੰਸੀਆਂ ਕੋਲ ਮੌਜੂਦ ਡਿਜੀਟਲ ਸਬੂਤਾਂ ਜਿਵੇਂ ਕਿ ਸੀ.ਸੀ.ਟੀ.ਵੀ. ਫੁਟੇਜ, ਫੋਟੋਗ੍ਰਾਫ, ਵੀਡੀਓ ਤੇ ਆਡੀਓ ਕਲਿੱਪਾਂ ਨੂੰ ਵੀ ਧਿਆਨ ਵਿਚ ਰੱਖਿਆ ਜਾਵੇ। ਕਸ਼ਮੀਰ ਸੀ.ਆਈ.ਡੀ. ਦੀ ਵਿਸ਼ੇਸ਼ ਸ਼ਾਖਾ ਦੇ ਐਸ.ਐਸ.ਪੀ. ਨੇ ਕਿਹਾ ਜੇਕਰ ਕੋਈ ਵਿਅਕਤੀ ਅਜਿਹੇ ਮਾਮਲਿਆਂ ਵਿਚ ਸ਼ਾਮਲ ਪਾਇਆ ਜਾਂਦਾ ਹੈ ਤਾਂ ਉਸ ਨੂੰ ਸੁਰੱਖਿਆ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਜਾਵੇ। ਜੰਮੂ ਕਸ਼ਮੀਰ ਭਾਜਪਾ ਦੇ ਮੁਖੀ ਰਵਿੰਦਰ ਰੈਨਾ ਨੇ ਪ੍ਰਸ਼ਾਸਨ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ।

# ਆਈਸ ਹਾਕੀ ਖਿਡਾਰੀ ਜੁਝਾਰ ਸਿੰਘ ਖਹਿਰਾ ਦਾ 'ਸ਼ਿਕਾਗੋ ਹਾਕਸ' ਨਾਲ ਕਰਾਰ

**ਸ਼ਿਕਾਗੋ:** 'ਐਡਮੰਟਨ ਓਲੀਵਰ' ਨਾਲ ਜੁੜੇ ਪੰਜਾਬੀ ਆਈਸ ਹਾਕੀ ਖਿਡਾਰੀ ਜੁਝਾਰ ਸਿੰਘ ਖਹਿਰਾ ਨੇ ਹੁਣ ਸ਼ਿਕਾਗੋ ਹਾਕਸ ਹਾਕੀ ਟੀਮ ਨਾਲ ਕਰਾਰ ਕੀਤਾ ਹੈ। ਇਹ ਕਰਾਰ ਦੋ ਸਾਲਾਂ ਲਈ ਹੈ ਅਤੇ ਇਹ ਕਰਾਰ 1.95 ਮਿਲੀਅਨ ਡਾਲਰਾਂ ਵਿਚ ਹੋਇਆ ਹੈ।

ਯਾਦ ਰਹੇ ਕਿ 26 ਸਾਲਾ ਜੁਝਾਰ ਸਿੰਘ ਖਹਿਰਾ ਨੇ ਐਡਮੰਟਨ ਓਲੀਵਰ ਲਈ ਖੇਡਦਿਆਂ ਇਸ ਸੀਜ਼ਨ ਦੌਰਾਨ 11 ਪੁਆਇੰਟ ਦਰਜ ਕਰਵਾਏ ਹਨ। ਇਸ ਵਿਚ ਤਿੰਨ ਗੋਲ ਅਤੇ ਅੱਠ ਗੋਲਾਂ ਵਿਚ ਉਸ ਦਾ ਸਹਾਇਕ ਵਾਲਾ ਰੋਲ ਰਿਹਾ ਹੈ। ਉਹ ਆਮ ਕਰਕੇ ਸੈਂਟਰ ਜਾਂ ਵਿੰਗ ਪੁਜ਼ੀਸ਼ਨ 'ਤੇ ਖੇਡਦਾ ਹੈ। ਉਹ ਨੈਸ਼ਨਲ ਹਾਕੀ ਲੀਗ (ਐਨ.ਐਚ. ਐਲ.) ਖੇਡਣ ਵਾਲਾ ਪੰਜਾਬੀ ਪਿਛੋਕੜ ਵਾਲਾ ਤੀਜਾ ਖਿਡਾਰੀ ਹੈ। ਉਸ ਤੋਂ ਪਹਿਲਾਂ ਇਹ ਮਾਣ ਰੌਬਿਨ ਬਾਵਾ ਅਤੇ ਮਨੀ ਮਲਹੋਤਰਾ ਨੇ ਮਾਰਿਆ ਸੀ। 13 ਅਗਸਤ 1994 ਨੂੰ ਜਨਮੇ ਜੁਝਾਰ ਸਿੰਘ ਖਹਿਰਾ ਦੇ ਮਾਪੇ 1980ਵਿਆਂ ਵਿਚ





ਕੈਨੇਡਾ ਪੁੱਜੇ ਸਨ ਅਤੇ ਦੋਵੇਂ ਵਾਲੀਬਾਲ ਦੇ ਵਧੀਆ ਖਿਡਾਰੀ ਹਨ। ਉਸ ਦਾ ਭਰਾ ਸਹਿਵਨ ਖਹਿਰਾ ਵੀ ਆਈਸ ਹਾਕੀ ਖੇਡਦਾ ਹੈ।

# ਬਿਜਲੀ ਸਮਝੌਤੇ: ਚੁਫੇਰਿਉਂ ਘੇਰਾਬੰਦੀ ਨੇ ਸਰਕਾਰ ਦੀ ਜਾਗ ਖੋਲ੍ਹੀ

**ਚੰਡੀਗੜ੍ਹ:** ਪੰਜਾਬ ਸਰਕਾਰ ਆਖਰ 'ਬਿਜਲੀ ਖਰੀਦ ਸਮਝੌਤੇ' ਰੱਦ ਕਰਨ ਦੇ ਰਾਹ ਪਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਵਰਕੌਮ ਨੂੰ ਪ੍ਰਾਈਵੇਟ ਕੰਪਨੀਆਂ ਨਾਲ ਕੀਤੇ ਇਕਪਾਸੜ ਬਿਜਲੀ ਖਰੀਦ ਸਮਝੌਤੇ (ਪੀ.ਪੀ.ਏਜ) ਰੱਦ ਕਰਨ ਜਾਂ ਮੁੜ ਘੋਖਣ ਲਈ ਆਖਿਆ ਹੈ। ਇਹ ਉਹ ਕੰਪਨੀਆਂ ਹਨ ਜੋ ਝੋਨੇ ਦੀ ਬਿਜਾਈ ਅਤੇ ਗਰਮੀ ਦੇ ਸੀਜ਼ਨ ਵਿਚ ਸਮਝੌਤਿਆਂ 'ਤੇ ਖਰੀਆਂ ਨਹੀਂ ਉਤਰੀਆਂ। ਕਾਂਗਰਸ ਨੇ ਚੋਣ ਮਨੋਰਥ ਪੱਤਰ ਵਿਚ ਬਿਜਲੀ ਖਰੀਦ ਸਮਝੌਤੇ ਰੀਵਿਊ ਕਰਨ ਦਾ ਵਾਅਦਾ ਕੀਤਾ ਸੀ।

ਮੁੱਖ ਮੰਤਰੀ ਨੇ ਤਲਵੰਡੀ ਸਾਬੋ ਪਾਵਰ ਲਿਮਟਿਡ ਖਿਲਾਫ ਕਦਮ ਚੁੱਕਣ ਲਈ ਪਾਵਰਕੌਮ ਨੂੰ ਹਦਾਇਤ ਕੀਤੀ ਹੈ ਕਿਉਂਕਿ ਇਹ ਪ੍ਰਾਈਵੇਟ ਥਰਮਲ ਪਲਾਂਟ ਐਤਕੀਂ ਪੀਕ ਸੀਜ਼ਨ ਦੌਰਾਨ ਨਾਕਾਮ ਹੋ ਗਿਆ। ਮੁੱਖ ਮੰਤਰੀ ਨੇ ਸਿਆਸੀ ਦਬਾਅ ਬਣਨ ਮਗਰੋਂ ਪਾਵਰਕੌਮ ਨੂੰ ਇਸ ਦੇ ਪੀ.ਪੀ.ਏ. ਰੱਦ ਕਰਨ ਦੇ ਨਿਰਦੇਸ਼ ਦਿੱਤੇ ਹਨ ਕਿਉਂ ਜੋ ਇਹ ਸਮਝੌਤਾ ਬਹੁਤਾ ਕੰਪਨੀ ਦੇ ਹੱਕ ਵਿਚ ਜਾਂਦਾ ਹੈ। ਜਿਕਰਯੋਗ ਹੈ ਕਿ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਨੇ ਵੀ ਬਿਜਲੀ ਖਰੀਦ ਸਮਝੌਤੇ ਰੱਦ ਕਰਨ ਦਾ ਨੁਕਤਾ ਮੁੱਖ ਮੰਤਰੀ ਕੋਲ ਉਠਾਇਆ ਸੀ।

ਉਨ੍ਹਾਂ ਨੇ ਪਾਵਰਕੌਮ ਨੂੰ ਕਿਹਾ ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਪੀਕ ਸੀਜ਼ਨ ਦੀ ਬਿਜਲੀ ਮੰਗ ਨੂੰ ਪੂਰਾ ਕਰਨ ਲਈ ਵੱਖ-ਵੱਖ ਆਜਾਦਾਨਾ ਬਿਜਲੀ ਨਿਰਮਾਤਾਵਾਂ (ਆਈ.ਪੀ.ਪੀਜ) ਨਾਲ ਸਹੀਬੱਧ ਕੀਤੇ ਸਾਰੇ ਬਿਜਲੀ ਖਰੀਦ ਸਮਝੌਤਿਆਂ ਦਾ ਨਿਰੀਖਣ ਕੀਤਾ ਜਾਵੇ। ਉਨ੍ਹਾਂ ਪੀ.ਐਸ.ਪੀ.ਸੀ.ਐਲ. ਨੂੰ ਹੁਕਮ ਦਿੱਤੇ ਕਿ ਸਾਰੇ ਇਕਪਾਸੜ ਪੀ.ਪੀ.ਏਜ. ਰੱਦ ਕਰਨ/ਮੁੜ ਘੋਖੇ ਜਾਣ ਜਿਨ੍ਹਾਂ ਦਾ ਪੰਜਾਬ ਨੂੰ ਕੋਈ ਫਾਇਦਾ ਨਹੀਂ ਹੋਇਆ ਹੈ। ਮੁੱਖ ਮੰਤਰੀ ਨੇ ਵਿਸਥਾਰ ਦਿੰਦਿਆਂ ਕਿਹਾ ਕਿ ਪਾਵਰਕੌਮ ਨੇ ਪੰਜਾਬ ਨੂੰ ਵਾਧੂ ਬਿਜਲੀ ਵਾਲਾ ਸੂਬਾ ਬਣਾਉਣ ਲਈ ਸਾਲ 2007 ਤੋਂ ਬਾਅਦ ਥਰਮਲ/ਹਾਈਡਰੋ ਨਾਲ 12 ਬਿਜਲੀ ਖਰੀਦ ਸਮਝੌਤੇ ਅਤੇ ਸੋਲਰ/ ਬਾਇਓਮਾਸ ਨਾਲ ਲੰਬੇ ਸਮੇਂ ਦੇ 122 ਸਮਝੌਤੇ ਕੀਤੇ ਸਨ ਜਿਸ ਨਾਲ ਬਿਜਲੀ ਪੈਦਾਵਾਰ ਸਮਰੱਥਾ ਕਰੀਬ 13800 ਮੈਗਾਵਾਟ ਹੋਣੀ ਸੀ।

ਐਤਕੀਂ ਜਦੋਂ ਪੀਕ ਸੀਜ਼ਨ ਸੀ ਤਾਂ ਉਦੋਂ ਤਲਵੰਡੀ ਸਾਬੋ ਪਾਵਰ ਪਲਾਂਟ ਦੇ ਤਿੰਨੋਂ ਯੂਨਿਟ ਕੁਝ ਦਿਨਾਂ ਲਈ ਬਿਜਲੀ ਪੈਦਾਵਾਰ ਕਰਨ ਵਿਚ ਫੇਲ੍ਹ ਰਹੇ। ਉਨ੍ਹਾਂ ਕਿਹਾ ਕਿ ਤਲਵੰਡੀ ਸਾਬੋ ਪਾਵਰ ਲਿਮਟਿਡ ਦੀ ਇਕ ਯੂਨਿਟ ਮਾਰਚ 2021 ਤੋਂ ਨਹੀਂ ਚੱਲ ਸਕੀ ਅਤੇ ਦੋ ਯੂਨਿਟ ਪਿਛਲੇ ਇਕ ਮਹੀਨੇ ਤੋਂ ਬਿਜਲੀ ਪੈਦਾ ਕਰਨ ਤੋਂ ਅਸਮਰੱਥ ਰਹੇ ਹਨ। ਇਸ ਵੇਲੇ ਤਲਵੰਡੀ ਸਾਬੋ ਪਾਵਰ ਲਿਮਟਿਡ ਦਾ ਸਿਰਫ ਇਕ ਯੂਨਿਟ ਚੱਲ ਰਿਹਾ ਹੈ। ਪਾਵਰਕੌਮ ਨੇ ਪਹਿਲਾਂ ਹੀ ਤਲਵੰਡੀ ਸਾਬੋ ਪਾਵਰ ਲਿਮਟਿਡ ਨੂੰ ਜੁਰਮਾਨਾ ਲਗਾ ਕੇ ਨੋਟਿਸ ਜਾਰੀ ਕਰ ਦਿੱਤਾ ਹੈ ਪਰ ਕਿਉਂਕਿ ਬਿਜਲੀ ਖਰੀਦ ਸਮਝੌਤੇ (ਪੀ.ਪੀ.ਏ.) ਇਕਪਾਸੜ ਹਨ, ਇਸ ਲਈ ਲਗਾਇਆ ਗਿਆ ਜੁਰਮਾਨਾ ਥਰਮਲ ਪਲਾਂਟਾਂ ਵਿੱਚ ਖਰਾਬੀ ਹੋਣ ਕਰਕੇ ਹੋਏ ਨੁਕਸਾਨ ਦੇ ਮੁਕਾਬਲੇ ਬਹੁਤ ਥੋੜ੍ਹਾ ਹੋਵੇਗਾ।

ਬਿਜਲੀ ਖਰੀਦ ਸਮਝੌਤਿਆਂ ਦੀਆਂ ਸ਼ਰਤਾਂ ਅਨੁਸਾਰ ਗਰਮੀਆਂ/ਝੋਨੇ ਦੇ ਸਮੇਂ ਦੌਰਾਨ ਬਿਜਲੀ ਸਪਲਾਈ ਕਰਨਾ ਲਾਜ਼ਮੀ ਨਹੀਂ ਹੈ। ਇਸ ਲਈ, ਪੀ.ਪੀ.ਏ. ਵਿਚਲੀਆਂ ਕਮੀਆਂ ਦਾ ਫਾਇਦਾ ਉਠਾਉਂਦੇ ਹੋਏ ਪ੍ਰਾਈਵੇਟ ਥਰਮਲ ਘੱਟ ਖਪਤ ਵਾਲੇ ਸੀਜ਼ਨ ਦੌਰਾਨ ਬਿਜਲੀ ਸਪਲਾਈ ਕਰਕੇ ਪਾਵਰਕੌਮ ਤੋਂ ਪੂਰੇ ਤੈਅ ਚਾਰਜਿਜ ਵਸੂਲ ਰਹੇ ਹਨ। ਮੁੱਖ ਮੰਤਰੀ ਨੇ ਦੱਸਿਆ ਕਿ ਤਲਵੰਡੀ ਸਾਬੋ ਪਾਵਰ ਲਿਮਟਿਡ ਦੀ ਨਾਕਾਮੀ ਕਰਕੇ ਮੌਜੂਦਾ ਸੀਜ਼ਨ ਵਿਚ 3 ਗੁਣਾ 660 ਮੈਗਾਵਾਟ (1980 ਮੈਗਾਵਾਟ) ਦੀ ਸਮਰੱਥਾ ਨਾਲ ਪਾਵਰ ਐਕਸਚੇਂਜ ਤੋਂ ਥੋੜ੍ਹੇ ਸਮੇਂ ਦੀ ਬਿਜਲੀ ਖਰੀਦਣੀ ਪਈ। ਪਾਵਰਕੌਮ ਨੇ ਜੂਨ ਅਤੇ ਜੁਲਾਈ ਦੇ ਮਹੀਨਿਆਂ ਵਿਚ 886 ਕਰੋੜ ਰੁਪਏ ਖਰਚ ਕਰਕੇ 271 ਕਰੋੜ ਯੂਨਿਟ ਬਿਜਲੀ ਦੀ ਖਰੀਦ ਕੀਤੀ ਸੀ।



ਆਮ ਆਦਮੀ ਪਾਰਟੀ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਿਜਲੀ ਖਰੀਦ ਸਮਝੌਤਿਆਂ ਦੀ ਘੋਖ ਕਰਨ ਲਈ ਪਾਵਰਕੌਮ ਨੂੰ ਲਿਖੀ ਚਿੱਠੀ ਨੂੰ ਡਰਾਮਾ ਕਰਾਰ ਦਿੱਤਾ ਹੈ। ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜੇ ਮੁੱਖ ਮੰਤਰੀ ਬਿਜਲੀ ਖਰੀਦ ਸਮਝੌਤੇ ਰੱਦ ਕਰਨਾ ਚਾਹੁੰਦੇ ਹਨ ਤਾਂ ਕੈਬਨਿਟ ਜਾਂ ਵਿਧਾਨ ਸਭਾ ਦੇ ਸੈਸ਼ਨ ਰਾਹੀਂ ਰੱਦ ਕਰਵਾਉਣ, ਜਿਨ੍ਹਾਂ ਨੂੰ ਅਕਾਲੀ-ਭਾਜਪਾ ਸਰਕਾਰ ਨੇ ਕੈਬਨਿਟ 'ਚ ਪਾਸ ਕੀਤਾ ਸੀ।

ਸ੍ਰੀ ਚੀਮਾ ਨੇ ਕਿਹਾ ਕਿ ਕੈਪਟਨ ਸਰਕਾਰ ਬਿਜਲੀ ਖਰੀਦ ਸਮਝੌਤਿਆਂ ਬਾਰੇ ਵ੍ਹਾਈਟ ਪੇਪਰ ਵਿਧਾਨ ਸਭਾ 'ਚ ਲਿਆਉਣ ਦੀ ਗੱਲ ਕਰ ਰਹੀ ਸੀ, ਜੋ ਜਨਤਾ ਸਾਹਮਣੇ ਨਹੀਂ ਲਿਆਂਦਾ ਗਿਆ। ਜਦੋਂ ਲੋਕ ਬਿਜਲੀ ਸਮਝੌਤਿਆਂ ਬਾਰੇ ਆਵਾਜ਼ ਚੁੱਕਣ ਲੱਗੇ ਹਨ ਤਾਂ ਪੰਜਾਬ ਸਰਕਾਰ ਚਿੱਠੀਆਂ ਲਿਖ ਕੇ ਡਰਾਮਾ ਕਰ ਰਹੀ ਹੈ।

**ਸਰਕਾਰ ਦੀ ਨੀਅਤ ਉਤੇ ਸਵਾਲ:** ਪੰਜਾਬ ਸਰਕਾਰ ਵੱਲੋਂ ਪਾਵਰਕੌਮ ਨੂੰ ਨਿੱਜੀ ਥਰਮਲ ਕੰਪਨੀਆਂ ਦੇ ਸਮਝੌਤੇ ਰੱਦ ਕਰਨ ਦੀ ਕੀਤੀ ਹਦਾਇਤ ਨਾਲ ਸਮਝੌਤਿਆਂ ਦੀ ਵਾਜਬੀਅਤ ਬਾਰੇ ਮੁੜ ਚਰਚਾ ਛਿੜ ਗਈ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਬਿਜਲੀ ਖਰੀਦ ਦੇ ਸਮਝੌਤੇ ਮੁਤਾਬਕ ਅਜਿਹੀ ਕੋਈ ਧਾਰਾ ਨਹੀਂ ਕਿ ਕਿਸੇ ਖਾਸ ਮੌਸਮ/ਸੀਜ਼ਨ ਦੌਰਾਨ ਬਿਜਲੀ ਸਪਲਾਈ ਘੱਟ ਹੋਣ ਕਰਕੇ ਸਮਝੌਤਾ ਰੱਦ ਕੀਤਾ ਜਾ ਸਕੇ। ਸਪਲਾਈ ਦਾ ਹਿਸਾਬ ਕਿਤਾਬ ਵਿੱਤੀ ਸਾਲ ਦੌਰਾਨ ਮੁਹੱਈਆ ਕਰਾਈ ਗਈ ਬਿਜਲੀ 'ਤੇ ਲਗਾਇਆ ਜਾਣਾ ਹੈ ਜੋ 31 ਮਾਰਚ 2022 ਨੂੰ ਪੂਰਾ ਹੋਵੇਗਾ। ਕੰਪਨੀ ਲਈ ਸਾਲ ਦੌਰਾਨ 65 ਫੀਸਦੀ ਤੋਂ ਵੱਧ ਬਿਜਲੀ ਦੇਣੀ ਜਰੂਰੀ ਹੈ। ਜੇ ਕੰਪਨੀ ਸਾਲ ਅੰਦਰ ਇਸ ਤੋਂ ਵੱਧ ਬਿਜਲੀ ਮੁਹੱਈਆ ਕਰਾਉਂਦੀ ਹੈ ਤਾਂ ਸਮਝੌਤਾ ਰੱਦ ਕਰਨ ਦੀ ਧਾਰਾ ਕੰਮ ਨਹੀਂ ਕਰ ਸਕੇਗੀ। ਬਿਜਲੀ ਖੇਤਰ ਦੇ ਮਾਹਿਰਾਂ ਅਨੁਸਾਰ ਸਰਕਾਰ ਵਾਈਟ ਪੇਪਰ ਰਾਹੀਂ ਪਹਿਲੀ ਸਰਕਾਰ ਵੱਲੋਂ ਕੀਤੇ ਗਏ ਸਮਝੌਤਿਆਂ ਦਾ ਲੇਖਾ ਜੋਖਾ ਕਰਨ ਪਿਛੋਂ ਸਮਝੌਤਿਆਂ ਨੂੰ ਲੋਕ ਹਿੱਤ 'ਚ ਰੱਦ ਕਰਨ ਜਾਂ ਮੁੜ ਗੱਲਬਾਤ ਕਰ ਕੇ ਕੰਪਨੀਆਂ ਨੂੰ ਵਾਧੂ ਪੈਸਾ ਦਿੱਤੇ ਜਾਣ ਦੀਆਂ ਸ਼ਰਤਾਂ ਖਤਮ ਕਰਵਾ ਸਕਦੀ ਹੈ।

## ਸਰਕਾਰ ਜ਼ਿੰਮੇਵਾਰੀ ਤੈਅ ਕਰਨ ਤੋਂ ਭੱਜੀ: ਭਗਵੰਤ ਮਾਨ

ਭਗਵੰਤ ਮਾਨ ਦਾ ਕਹਿਣਾ ਸੀ ਕਿ ਕੈਪਟਨ ਸਰਕਾਰ ਅਗਰ ਸੁਹਿਰਦ ਹੈ ਤਾਂ ਫੌਰੀ ਕੈਬਨਿਟ ਮੀਟਿੰਗ ਵਿਚ ਬਿਜਲੀ ਖਰੀਦ ਸਮਝੌਤੇ ਰੱਦ ਕਰਨ ਦਾ ਏਜੰਡਾ ਲੈ ਕੇ ਆਵੇ ਕਿਉਂਕਿ ਇਨ੍ਹਾਂ ਸਮਝੌਤਿਆਂ ਨੂੰ ਕੈਬਨਿਟ ਨੇ ਹੀ ਪ੍ਰਵਾਨਗੀ ਦਿੱਤੀ ਸੀ। ਉਨ੍ਹਾਂ ਕਿਹਾ ਕਿ ਪਾਵਰਕੌਮ ਨੂੰ ਹਦਾਇਤ ਕਰਕੇ ਸਰਕਾਰ ਸਮਝੌਤਿਆਂ ਲਈ ਜ਼ਿੰਮੇਵਾਰੀ ਤੈਅ ਕਰਨ ਤੋਂ ਭੱਜ ਗਈ ਹੈ। ਉਨ੍ਹਾਂ ਆਖਿਆ ਕਿ ਪਾਵਰਕੌਮ ਨੂੰ ਲਿਖੇ ਪੱਤਰ ਤੋਂ ਸਾਫ ਹੈ ਕਿ ਪ੍ਰਾਈਵੇਟ ਪਾਵਰ ਕੰਪਨੀਆਂ ਨੂੰ ਮੌਕਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਚਾਰ ਵਰ੍ਹੇ ਪਹਿਲਾਂ ਲਿਆ ਜਾਣਾ ਚਾਹੀਦਾ ਸੀ।

### ਸੁਖਬੀਰ ਤੇ ਅਮਰਿੰਦਰ ਸਮਝੌਤੇ ਰੱਦ ਨਹੀਂ ਕਰਨਗੇ: ਆਪ

ਪੰਜਾਬ ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਚੀਮਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਬਿਜਲੀ ਸਮਝੌਤਿਆਂ ਨੂੰ ਰੱਦ ਕਰਾਉਣ ਲਈ ਨਹੀਂ, ਸਗੋਂ ਕੰਪਨੀਆਂ ਨੂੰ ਹਾਈ ਕੋਰਟ ਵਿਚ ਜਾਣ ਲਈ ਉਕਸਾ ਰਹੇ ਹਨ ਕਿਉਂਕਿ ਬਿਜਲੀ ਸਮਝੌਤਿਆਂ ਵਿਚ ਪਹਿਲਾਂ ਸੁਖਬੀਰ ਬਾਦਲ ਨੇ ਹਿੱਸੇ ਰੱਖੇ ਤੇ ਅੱਜ ਕੱਲ੍ਹ ਇਨ੍ਹਾਂ ਵਿਚ ਅਮਰਿੰਦਰ ਦੇ ਹਿੱਸੇ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਕੈਪਟਨ ਵਿਧਾਨ ਸਭਾ ਦੇ ਸੈਸ਼ਨ ਬੁਲਾਵੇ ਤੇ ਬਿਜਲੀ ਸਮਝੌਤੇ ਰੱਦ ਕਰਨ ਜਾਂ ਫਿਰ ਸੋਧਣ ਦੀ ਕਾਰਵਾਈ ਨੂੰ ਅੰਤਿਮ ਰੂਪ ਦੇਵੇ। ਸ੍ਰੀ ਚੀਮਾ ਨੇ ਕਿਹਾ ਕਿ ਨਵਜੋਤ ਸਿੱਧੂ ਕਹਿੰਦਾ ਹੈ ਕਿ ਪੰਜਾਬ ਵਿਚੋਂ ਮਾਫੀਆ ਖਤਮ ਕਰਨਾ ਪਵੇਗਾ ਪਰ ਅਫਸੋਸ ਜਿਨ੍ਹਾਂ ਕੋਲ ਨਵਜੋਤ ਸਿੱਧੂ ਸ਼ੁਰੂ ਵਿਚ ਗਏ, ਉਨ੍ਹਾਂ ਦੇ ਹੱਥ ਮਾਫੀਆ ਨਾਲ ਜੁੜੇ ਹੋਏ ਹਨ।

## ਗੁਰਦੁਆਰਾ ਨਾਨਕਮਤਾ ਕਮੇਟੀ ਦੇ ਪ੍ਰਧਾਨ ਸਣੇ ਚਾਰ ਦਾ ਅਸਤੀਫਾ

**ਰੁਦਰਪੁਰ:** ਮੁੱਖ ਮੰਤਰੀ ਪੁਸਕਰ ਸਿੰਘ ਧਾਮੀ ਦੇ ਸਵਾਗਤ ਸਮਾਰੋਹ ਦੌਰਾਨ ਊਧਮ ਸਿੰਘ ਨਗਰ ਜਿਲ੍ਹੇ ਵਿਚ ਇਤਿਹਾਸਕ ਗੁਰਦੁਆਰਾ ਨਾਨਕਮਤਾ ਸਾਹਿਬ ਕੰਪਲੈਕਸ ਵਿਚ ਸਕੂਲੀ ਵਿਦਿਆਰਥਣਾਂ ਦੇ ਡਾਂਸ ਦਾ ਵੀਡੀਓ ਵਾਇਰਲ ਹੋਣ ਤੋਂ ਬਾਅਦ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਣੇ ਚਾਰ ਮੈਂਬਰਾਂ ਨੇ ਅਸਤੀਫਾ ਦੇ ਦਿੱਤਾ ਹੈ। ਉਤਰ ਪ੍ਰਦੇਸ਼ ਅਤੇ ਉਤਰਾਖੰਡ ਤੋਂ ਹਜ਼ਾਰਾਂ ਸਿੱਖਾਂ ਨੇ ਇਸ ਮਾਮਲੇ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਅਸਤੀਫੇ ਦੀ ਮੰਗ ਕਰਦਿਆਂ ਗੁਰਦੁਆਰੇ ਵਿਚ ਡੇਰਾ ਲਾਇਆ ਹੋਇਆ ਸੀ।

ਮਾਮਲਾ ਭਖਣ ਬਾਅਦ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਵੱਲੋਂ ਭੇਜੀ ਗਈ ਤਿੰਨ ਮੈਂਬਰੀ ਕਮੇਟੀ ਦੇ ਨਿਰਦੇਸ਼ਾਂ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸੇਵਾ ਸਿੰਘ ਸਣੇ ਚਾਰ ਮੈਂਬਰਾਂ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਇਸ ਸਮੇਂ ਗੁਰਦੁਆਰਾ ਪ੍ਰਬੰਧ ਦੇਖਣ ਲਈ ਨਾਨਕਮਤਾ ਗੁਰਦੁਆਰਾ ਦੇ 19 ਵਿਚੋਂ ਪੰਜ ਡਾਇਰੈਕਟਰਾਂ ਦੀ ਕਮੇਟੀ ਬਣਾਈ ਗਈ ਹੈ। ਮੁੱਖ ਮੰਤਰੀ ਧਾਮੀ ਜ਼ਿਲ੍ਹੇ ਦੀ ਆਪਣੀ ਤਾਜ਼ਾ ਫੇਰੀ ਦੌਰਾਨ 24 ਜੁਲਾਈ ਨੂੰ ਗੁਰਦੁਆਰੇ ਗਏ ਸਨ। ਸਕੂਲ ਦੀਆਂ ਵਿਦਿਆਰਥਣਾਂ ਨੇ ਮੁੱਖ ਮੰਤਰੀ ਦੇ ਸਵਾਗਤ ਲਈ ਗੁਰਦੁਆਰੇ ਦੇ ਬਾਹਰ ਵਿਹੜੇ ਵਿਚ ਨ੍ਰਿਤ ਕੀਤਾ ਅਤੇ ਇਸ ਦੌਰਾਨ ਜਦੋਂਕਿ ਮੁੱਖ ਮੰਤਰੀ, ਮੰਤਰੀਆਂ ਅਤੇ ਹੋਰ ਵਿਧਾਇਕਾਂ ਨੇ ਗੁਰਦੁਆਰੇ ਮੱਥਾ ਟੇਕਿਆ ਤਾਂ ਉਸ ਸਮੇਂ ਗੁਰਦੁਆਰੇ ਵਿਚ ਪਾਠ ਤੇ ਕੀਰਤਨ ਕੁਝ ਸਮੇਂ ਲਈ ਰੋਕ ਦਿੱਤਾ ਗਿਆ ਸੀ, ਜਿਸ 'ਤੇ ਕੁਝ ਸਿੱਖ ਸੰਗਠਨਾਂ ਨੇ ਇਤਰਾਜ਼ ਜਤਾਉਂਦਿਆਂ ਇਸ ਨੂੰ ਮਰਿਆਦਾ ਦੀ ਉਲੰਘਣਾ ਕਰਾਰ ਦਿੱਤਾ ਸੀ।

## ਪੰਜਾਬ ਦੇ 'ਦਾਗੀ' ਮੰਤਰੀਆਂ ਦੀ ਬਰਖਾਸਤਗੀ ਲਈ ਰੋਹ ਭਖਿਆ

**ਚੰਡੀਗੜ੍ਹ:** ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਘਿਰੇ ਪੰਜਾਬ ਸਰਕਾਰ ਦੇ ਮੰਤਰੀਆਂ ਦੀ ਬਰਖਾਸਤਗੀ ਦਾ ਮਾਮਲਾ ਭਖ ਗਿਆ ਹੈ। ਵਿਰੋਧੀ ਧਿਰਾਂ ਨੇ ਜਿਥੇ ਇਸ ਮਸਲੇ 'ਤੇ ਸਰਕਾਰ ਦੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ, ਉਥੇ ਕਾਂਗਰਸ ਦੇ ਸੀਨੀਅਰ ਆਗੂ ਸਰਕਾਰ ਦੇ ਅਕਸ ਨੂੰ ਦਾਗ ਲਾਉਣ ਵਾਲੇ ਇਨ੍ਹਾਂ ਮੰਤਰੀਆਂ ਖਿਲਾਫ ਆਵਾਜ਼ ਚੁੱਕਣ ਲੱਗੇ ਹਨ। ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਵੀ ਇਹ ਮੁੱਦਾ ਜ਼ੋਰ-ਸ਼ੋਰ ਨਾਲ ਉਭਾਰਿਆ ਹੈ। ਉਧਰ, 'ਆਪ' ਨੇ ਵਿਵਾਦਾਂ ਵਿਚ ਘਿਰੇ ਮੰਤਰੀਆਂ ਦੀ ਬਰਖ਼ਾਸਤਗੀ ਮੰਗੀ ਹੈ। ਪਾਰਟੀ ਨੇ ਐਲਾਨ ਕੀਤਾ ਹੈ ਕਿ ਇਨ੍ਹਾਂ ਮੰਤਰੀਆਂ ਨੂੰ ਮੰਤਰੀ ਮੰਡਲ ਵਿਚੋਂ ਹਟਾਉਣ ਦੀ ਮੰਗ ਸਬੰਧੀ 'ਆਪ' ਦਾ ਵਫਦ ਰਾਜਪਾਲ ਨਾਲ ਮੁਲਾਕਾਤ ਕਰੇਗਾ। ਪਾਰਟੀ ਵਿਧਾਇਕ ਤੇ ਕਿਸਾਨ ਵਿੰਗ ਦੇ ਪ੍ਰਧਾਨ ਕੁਲਤਾਰ ਸਿੰਘ ਸੰਧਵਾਂ ਅਤੇ ਵਿਧਾਇਕ ਤੇ ਨੌਜਵਾਨ ਵਿੰਗ ਦੇ ਸੂਬਾ ਪ੍ਰਧਾਨ ਗੁਰਮੀਤ ਸਿੰਘ ਮੀਤ ਹੇਅਰ ਨੇ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਵੀ ਕਿਹਾ ਕਿ ਉਹ ਸਪਸ਼ਟ ਕਰਨ ਕਿ ਉਹ ਪੰਜਾਬ ਤੇ ਦਲਿਤ ਪਰਿਵਾਰਾਂ ਦੇ ਬੱਚਿਆਂ ਨਾਲ ਹਨ ਜਾਂ ਭ੍ਰਿਸ਼ਟ ਮੰਤਰੀਆਂ ਨਾਲ। ਉਨ੍ਹਾਂ ਕਿਹਾ ਕਿ ਜੇ ਮੰਤਰੀਆਂ ਖਿਲਾਫ ਕਾਰਵਾਈ ਨਾ ਕੀਤੀ ਤਾਂ ਆਪ ਮੰਤਰੀਆਂ ਦੇ ਘਰਾਂ ਦਾ ਘਿਰਾਓ ਕਰੇਗੀ।

## ਬਿਰਧ ਅਥਲੀਟ ਬੇਬੇ ਮਾਨ ਕੌਰ ਨਹੀਂ ਰਹੇ

**ਡੇਰਾਬਸੀ:** ਪਿੰਡ ਦੇਵੀ ਨਗਰ ਸਥਿਤ ਸ਼ੁੱਧੀ ਆਯੁਰਵੈਦਿਕ ਹਸਪਤਾਲ ਵਿਚ ਜ਼ੇਰੇ ਇਲਾਜ ਬਿਰਧ ਅਥਲੀਟ ਬੀਬੀ ਮਾਨ ਕੌਰ ਦਾ ਦੇਹਾਂਤ ਹੋ ਗਿਆ। ਉਹ 105 ਸਾਲਾਂ ਦੇ ਸਨ। ਉਹ ਕੈਂਸਰ ਦੀ ਬਿਮਾਰੀ ਤੋਂ ਪੀੜਤ ਸਨ। ਬੀਬੀ ਮਾਨ ਕੌਰ ਨੇ 93 ਸਾਲ ਦੀ ਉਮਰ ਵਿਚ ਦੌੜਨਾ ਸ਼ੁਰੂ ਕੀਤਾ ਸੀ। ਉਨ੍ਹਾਂ ਦੇ ਨਾਂ ਕਈ ਕੌਮੀ ਅਤੇ ਕੌਮਾਂਤਰੀ ਰਿਕਾਰਡ ਸਨ। ਲੰਘੇ ਸਾਲ ਉਨ੍ਹਾਂ ਨੂੰ ਰਾਸ਼ਟਰਪਤੀ ਵੱਲੋਂ ਨਾਰੀ ਸ਼ਕਤੀ ਸਨਮਾਨ ਨਾਲ ਨਿਵਾਜਿਆ ਗਿਆ ਸੀ। ਬਿਰਧ ਅਥਲੀਟ ਦੇ ਲੜਕੇ ਗੁਰਦੇਵ ਸਿੰਘ ਨੇ ਦੱਸਿਆ ਕਿ ਬੀਬੀ ਮਾਨ ਕੌਰ ਪਿੱਤੇ ਦੇ ਕੈਂਸਰ ਨਾਲ ਪੀੜਤ ਸੀ। ਉਮਰ ਜ਼ਿਆਦਾ ਹੋਣ ਕਾਰਨ ਡਾਕਟਰਾਂ ਨੇ ਅਪਰੇਸ਼ਨ ਨਾ ਕਰਨ ਦੀ ਸਲਾਹ ਦਿੱਤੀ ਸੀ। ਉਨ੍ਹਾਂ ਨੂੰ ਲਗਭਗ ਇਕ ਮਹੀਨੇ ਪਹਿਲਾਂ ਆਯੁਰਵੈਦਿਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਬੀਬੀ ਮਾਨ ਕੌਰ ਦੀ ਸਿਹਤ ਵਿਚ ਪਹਿਲਾਂ ਤਾਂ ਸੁਧਾਰ ਹੋ ਰਿਹਾ ਸੀ, ਪਰ ਅਚਾਨਕ ਤਬੀਅਤ ਜ਼ਿਆਦਾ ਵਿਗੜ ਗਈ। ਉਂਜ ਉਹ ਸਰੀਰਕ ਪਖੋਂ ਕਾਫੀ ਕਮਜ਼ੋਰ ਹੋ ਗਏ ਸਨ। ਮਾਤਾ ਮਾਨ ਕੌਰ ਨੂੰ ਇਲਾਜ ਲਈ ਪੰਜ ਲੱਖ ਰੁਪਏ ਦਾ ਚੈੱਕ ਪੰਜਾਬ ਸਰਕਾਰ ਵੱਲੋਂ ਅਤੇ ਇਕ ਲੱਖ ਰੁਪਏ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤੇ ਗਏ ਸਨ। ਸਮਾਜ ਸੇਵੀ ਦਵਿੰਦਰ ਸਿੰਘ ਬਾਜਵਾ ਵੱਲੋਂ ਵੀ ਬਿਮਾਰੀ ਦੌਰਾਨ ਵਿੱਤੀ ਮਦਦ ਕੀਤੀ ਗਈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਾਤਾ ਮਾਨ ਕੌਰ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ, 'ਮੈਨੂੰ ਮਾਤਾ ਮਾਨ ਕੌਰ ਦੇ ਦੇਹਾਂਤ ਬਾਰੇ ਜਾਣ ਕੇ ਬਹੁਤ ਦੁੱਖ ਹੋਇਆ ਹੈ, ਜਿਨ੍ਹਾਂ ਨੇ 93 ਸਾਲ ਦੀ ਉਮਰ ਵਿਚ ਅਥਲੈਟਿਕਸ ਵਿਚ ਕਦਮ ਰੱਖਿਆ ਅਤੇ ਦੇਸ਼ ਲਈ ਪ੍ਰਾਪਤੀਆਂ ਕਰਦਿਆਂ ਸਭਨਾਂ ਵਾਸਤੇ ਆਦਰਸ਼ ਬਣ ਗਏ।'




# ਵਜ਼ੀਫਾ ਘੁਟਾਲਾ: ਸੀ.ਬੀ.ਆਈ. ਦੀ ਫੁਰਤੀ ਨੇ ਕਸੂਤੀ ਫਸਾਈ ਕੈਪਟਨ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਚ ਪੋਸਟ ਮੈਟਰਿਕ ਸਕਾਲਰਸ਼ਿਪ ਵੰਡ ਵਿਚ ਕਥਿਤ 63.91 ਕਰੋੜ ਦੇ ਘੁਟਾਲੇ ਦੀ ਜਾਂਚ ਸੀ.ਬੀ.ਆਈ. ਵੱਲੋਂ ਆਪਣੇ ਹੱਥਾਂ ਵਿਚ ਲਏ ਜਾਣ ਕਾਰਨ ਕੈਪਟਨ ਸਰਕਾਰ ਕਸੂਤੀ ਫਸਦੀ ਜਾਪ ਰਹੀ ਹੈ। ਘੁਟਾਲੇ ਦੀ ਜਾਂਚ ਕੇਂਦਰ ਸਰਕਾਰ ਨੇ ਸੀ.ਬੀ.ਆਈ. ਦੇ ਹਵਾਲੇ ਕੀਤੀ ਸੀ। ਕਾਂਗਰਸ ਸਰਕਾਰ ਵੱਲੋਂ ਭਾਵੇਂ ਸੀ.ਬੀ.ਆਈ. ਨੂੰ ਐਸ.ਸੀ. ਸਕਾਲਰਸ਼ਿਪ ਦਾ ਰਿਕਾਰਡ ਦੇਣ ਤੋਂ ਟਾਲਾ ਵੱਟਿਆ ਜਾ ਰਿਹਾ ਹੈ ਪਰ ਏਜੰਸੀ ਵੱਲੋਂ ਲਗਾਤਾਰ ਸਰਕਾਰ ਨੂੰ ਨੋਟਿਸ ਭੇਜੇ ਜਾ ਰਹੇ ਹਨ।

ਕੇਂਦਰੀ ਸਮਾਜਿਕ ਨਿਆਂ ਮੰਤਰਾਲਾ ਨੇ ਇਸ ਤੋਂ ਪਹਿਲਾਂ ਦੋ ਵਾਰ ਰਾਜ ਸਰਕਾਰ ਤੋਂ ਘੋਟਾਲੇ ਨਾਲ ਜੁੜੇ ਦਸਤਾਵੇਜ਼ ਅਤੇ ਇਸ ਸਬੰਧੀ ਕੀਤੀ ਜਾਂਚ ਦੀ ਰਿਪੋਰਟ ਤਲਬ ਕੀਤੀ ਸੀ, ਪਰ ਰਾਜ ਸਰਕਾਰ ਨੇ ਨਾ ਤਾਂ ਮੰਤਰਾਲੇ ਨੂੰ ਕੋਈ ਦਸਤਾਵੇਜ਼ ਸਪੁਰਦ ਕੀਤਾ ਅਤੇ ਨਾ ਹੀ ਹੁਣ ਸੀ.ਬੀ.ਆਈ. ਨੂੰ ਜਾਂਚ ਸੌਂਪਣ 'ਤੇ ਹੀ ਰਾਜ਼ੀ ਹੋਈ ਹੈ। ਹਾਲ ਹੀ ਵਿਚ ਸੀ.ਬੀ.ਆਈ. ਨੇ ਰਾਜ ਸਰਕਾਰ ਨੂੰ ਪੱਤਰ ਲਿਖ ਕੇ ਉਕਤ ਮਾਮਲੇ ਨਾਲ ਜੁੜੇ ਦਸਤਾਵੇਜ਼ ਦੇਣ ਲਈ ਕਿਹਾ ਸੀ, ਪਰ ਰਾਜ ਸਰਕਾਰ ਇਸ ਦੇ ਲਈ ਤਿਆਰ ਨਹੀਂ ਹੋਈ। ਇਸ ਮਹੀਨੇ ਕੇਂਦਰ ਨੇ ਪੰਜਾਬ ਦੇ ਸਮਾਜਿਕ ਨਿਆਂ ਵਿਭਾਗ ਨੂੰ ਘੋਟਾਲੇ ਨਾਲ ਸਬੰਧਤ ਸੂਬੇ ਦੇ ਐਡੀਸ਼ਨਲ ਮੁੱਖ ਸਕੱਤਰ ਕ੍ਰਿਪਾ ਸ਼ੰਕਰ ਸਰੋਜ ਵੱਲੋਂ ਤਿਆਰ ਜਾਂਚ ਰਿਪੋਰਟ ਸੌਂਪਣ ਨੂੰ ਕਿਹਾ ਸੀ।

ਇਸ ਰਿਪੋਰਟ 'ਚ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ 'ਤੇ ਐਸ.ਸੀ. ਸਕਾਲਰਸ਼ਿਪ ਫੰਡ ਵਿਚ ਘੋਟਾਲੇ ਦਾ ਇਲਜ਼ਾਮ ਲੱਗਾ ਸੀ। ਕ੍ਰਿਪਾ ਸ਼ੰਕਰ ਸਰੋਜ ਦੀ ਇਹ ਰਿਪੋਰਟ ਜਦੋਂ ਪਹਿਲੀ ਵਾਰ ਸਾਹਮਣੇ ਆਈ ਤਾਂ ਰਾਜ ਸਰਕਾਰ ਨੇ ਤਿੰਨ ਆਈ.ਏ.ਐਸ. ਅਧਿਕਾਰੀਆਂ ਦੀ ਕਮੇਟੀ ਦਾ ਗਠਨ ਕਰਕੇ ਜਾਂਚ ਦਾ ਕੰਮ ਸੌਂਪਿਆ। ਕਮੇਟੀ ਨੇ ਧਰਮਸੋਤ ਨੂੰ ਕਲੀਨ ਚਿੱਟ ਦਿੰਦੇ ਹੋਏ ਆਪਣੀ ਰਿਪੋਰਟ ਮੁੱਖ ਮੰਤਰੀ ਨੂੰ ਸੌਂਪ ਦਿੱਤੀ ਸੀ, ਪਰ ਵਿਰੋਧੀ ਧਿਰਾਂ ਦੁਆਰਾ ਇਸ ਮਾਮਲੇ ਨੂੰ ਲਗਾਤਾਰ ਚੁੱਕਿਆ ਜਾਂਦਾ ਰਿਹਾ ਅਤੇ ਇਸ ਨੂੰ ਲੈ ਕੇ ਕੇਂਦਰ ਦੇ ਸਾਹਮਣੇ ਵੀ ਸ਼ਿਕਾਇਤ ਦਿੱਤੀ। ਇਸ ਉਤੇ ਕੇਂਦਰ ਨੇ ਦੋ ਵਾਰ ਪੰਜਾਬ ਸਰਕਾਰ ਨੂੰ ਪੱਤਰ ਭੇਜ ਕੇ ਜਾਂਚ ਰਿਪੋਰਟ ਤਲਬ ਕੀਤੀ, ਪਰ ਰਾਜ ਸਰਕਾਰ ਨੇ ਇਸ ਦਾ ਕੋਈ ਜਵਾਬ ਨਹੀਂ ਦਿੱਤਾ। ਆਖਰਕਾਰ ਕੇਂਦਰੀ ਮੰਤਰਾਲਾ ਨੇ ਇਹ ਮਾਮਲਾ ਸੀ.ਬੀ.ਆਈ. ਹਵਾਲੇ ਕਰ ਦਿੱਤਾ। ਸੀ.ਬੀ.ਆਈ. ਨੇ ਵੀ ਤੇਜੀ ਦਿਖਾਉਂਦੇ ਹੋਏ ਪੰਜਾਬ ਸਰਕਾਰ ਘੋਟਾਲੇ ਅਤੇ ਉਸ ਦੀ ਜਾਂਚ ਸਬੰਧੀ ਦਸਤਾਵੇਜ਼ ਮੰਗ ਲਏ। ਪੰਜਾਬ ਸਰਕਾਰ ਨੇ ਪਿਛਲੇ ਸਾਲ ਸੀ.ਬੀ.ਆਈ. ਵੱਲੋਂ ਰਾਜ ਵਿਚ ਕਿਸੇ ਵੀ ਮਾਮਲੇ ਦੀ ਜਾਂਚ ਕਰਨ ਵਾਲੀ ਆਮ ਸਹਿਮਤੀ (ਜਨਰਲ ਕੰਸੇਂਟ) ਵਾਪਸ ਲੈ ਲਿਆ ਸੀ। ਇਸ ਤਰ੍ਹਾਂ ਪੰਜਾਬ ਸਰਕਾਰ ਨੇ ਪਿਛਲੇ ਸਾਲ ਹੀ ਆਪਣੇ ਦਰਵਾਜੇ ਕੇਂਦਰੀ ਜਾਂਚ ਏਜੰਸੀ ਲਈ ਬੰਦ ਕਰ ਦਿੱਤੇ ਸਨ। ਇਸ ਦੇ ਚਲਦੇ ਸੀ.ਬੀ.ਆਈ. ਨੂੰ ਹੁਣ ਪੰਜਾਬ 'ਚ ਕਿਸੇ ਵੀ ਮਾਮਲੇ ਦੀ ਜਾਂਚ ਲਈ ਰਾਜ ਸਰਕਾਰ ਦੀ ਇਜਾਜ਼ਤ ਲੈਣਾ ਜਰੂਰੀ ਹੋ ਚੁੱਕਿਆ ਹੈ।




ਸੂਤਰਾਂ ਮੁਤਾਬਕ ਇਸ ਨੋਟੀਫਿਕੇਸ਼ਨ ਦੇ ਆਧਾਰ 'ਤੇ ਸੂਬਾ ਸਰਕਾਰ ਦੇ ਕੁਝ ਅਧਿਕਾਰੀਆਂ ਦੀ ਦਲੀਲ ਸੀ ਕਿ ਸੀ.ਬੀ.ਆਈ. ਨੂੰ ਦਸਤਾਵੇਜ਼ ਸੌਂਪਣ ਤੋਂ ਇਨਕਾਰ ਕਰ ਦਿੱਤਾ ਜਾਵੇ। ਇਸ ਮਾਮਲੇ 'ਤੇ ਸੂਬਾ ਸਰਕਾਰ ਦੇ ਪ੍ਰਮੁੱਖ ਸਕੱਤਰ (ਦਲਿਤਾਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਵਿਭਾਗ) ਕਿਰਪਾ ਸ਼ੰਕਰ ਸਰੋਜ ਨੇ ਇਕ ਮੁੱਢਲੀ ਪੜਤਾਲੀਆ ਰਿਪੋਰਟ ਪੇਸ਼ ਕਰ ਕੇ 64 ਕਰੋੜ ਰੁਪਏ ਦੇ ਕਰੀਬ ਦਾ ਘੁਟਾਲਾ ਹੋਣ ਦੇ ਤੱਥ ਸਾਹਮਣੇ ਲਿਆਂਦੇ ਸਨ। ਹਾਲਾਂਕਿ ਪੰਜਾਬ ਸਰਕਾਰ ਨੇ ਸ੍ਰੀ ਸਰੋਜ ਦੀ ਪੜਤਾਲੀਆ ਰਿਪੋਰਟ ਤੋਂ ਬਾਅਦ ਉੱਚ ਪੱਧਰੀ ਜਾਂਚ ਰਾਹੀਂ ਵਜ਼ੀਫਾ ਰਾਸ਼ੀ ਦੇ ਖੁਰਦ-ਬੁਰਦ ਨਾ ਹੋਣ ਦੀ ਗੱਲ ਕੀਤੀ ਸੀ। ਸੀ.ਬੀ.ਆਈ. ਦੇ ਹਰਕਤ 'ਚ ਆਉਣ ਤੋਂ ਬਾਅਦ ਸਬੰਧਤ ਮੰਤਰੀ ਦੀਆਂ ਮੁਸ਼ਕਲਾਂ ਹੀ ਵਧੀਆਂ ਦਿਖਾਈ ਨਹੀਂ ਦੇ ਰਹੀਆਂ ਸਗੋਂ ਸਰਕਾਰ ਵੀ ਘਿਰੀ ਹੋਈ ਦਿਖਾਈ ਦੇ ਰਹੀ ਹੈ। ਜ਼ਿਕਰਯੋਗ ਹੈ ਕਿ ਵਿਰੋਧੀ ਧਿਰਾਂ ਵੱਲੋਂ ਵਜ਼ੀਫਾ ਘੁਟਾਲੇ ਦੀ ਰਾਸ਼ੀ ਦਾ ਘੁਟਾਲਾ 200 ਕਰੋੜ ਰੁਪਏ ਤੋਂ ਵੀ ਜ਼ਿਆਦਾ ਹੋਣ ਦੇ ਦੋਸ਼ ਲਾਏ ਜਾ ਰਹੇ ਹਨ।

## ਸੀ.ਬੀ.ਆਈ. ਨੂੰ ਰਿਕਾਰਡ ਨਾ ਦੇਣਾ ਨਿੰਦਣਯੋਗ: ਸੁਖਬੀਰ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਂਗਰਸ ਸਰਕਾਰ ਵੱਲੋਂ ਸੀ.ਬੀ.ਆਈ. ਨੂੰ ਐਸ.ਸੀ. ਸਕਾਲਰਸ਼ਿਪ ਦਾ ਰਿਕਾਰਡ ਨਾ ਦੇਣ 'ਤੇ ਸਰਕਾਰ ਦੀ ਨਿਖੇਧੀ ਕੀਤੀ ਤੇ ਕਿਹਾ ਕਿ ਇਸ ਤੋਂ ਸਾਬਤ ਹੁੰਦਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਮੰਤਰੀ ਸਾਧੂ ਸਿੰਘ ਧਰਮਸੋਤ ਦੀ ਹਮਾਇਤ ਕਰ ਰਹੇ ਹਨ। ਉਨ੍ਹਾਂ ਐਲਾਨ ਕੀਤਾ ਕਿ ਸੂਬੇ ਵਿਚ ਅਕਾਲੀ ਸਰਕਾਰ ਬਣਨ 'ਤੇ ਜੇ.ਸੀ.ਟੀ. ਇਲੈਕਟ੍ਰਾਨਿਕਸ ਦੇ ਪਲਾਟ ਵੇਚਣ ਦੇ ਘਪਲੇ ਦੀ ਜਾਂਚ ਵੀ ਕਰਵਾਈ ਜਾਵੇਗੀ। ਉਨ੍ਹਾਂ ਇਸ ਮਾਮਲੇ ਵਿਚ ਉਦਯੋਗ ਮੰਤਰੀ ਸੁੰਦਰ ਸ਼ਾਮ ਅਰੋੜਾ ਨੂੰ ਬਰਖ਼ਾਸਤ ਕਰਨ ਦੀ ਮੰਗ ਕਰਨ ਦੀ ਮੰਗ ਕੀਤੀ।

# ਸ਼ਹੀਦ ਊਧਮ ਸਿੰਘ ਦੀ ਮਹਾਨ ਸ਼ਹੀਦੀ ਨੂੰ ਸਮਰਪਿਤ ਹੋਈ 'ਰੱਨ-ਕਮ-ਵਾਕ'

**ਬਰੈਂਪਟਨ, ਕੈਨੇਡਾ:** 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਹੋਏ ਜੱਲਿਆਂਵਾਲੇ ਬਾਗ ਦੇ ਖ਼ੂਨੀ ਸ਼ਹੀਦੀ ਸਾਕੇ ਦਾ 21 ਸਾਲਾਂ ਬਾਅਦ ਬਦਲਾ ਲੈਣ ਵਾਲੇ ਪੰਜਾਬ ਦੇ ਮਹਾਨ ਸਪੂਤ ਸ. ਊਧਮ ਸਿੰਘ ਦੀ 31 ਜੁਲਾਈ 1940 ਨੂੰ ਹੋਈ ਸ਼ਹੀਦੀ ਨੂੰ ਸਮਰਪਿਤ ਰੱਨ-ਕਮ-ਵਾਕ ਦਾ ਸਫਲ ਆਯੋਜਨ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ, ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀ. ਪੀ. ਏ. ਆਰ. ਕਲੱਬ) ਅਤੇ ਐਨਲਾਈਟ ਕਿੱਡਜ਼ ਫਾਰ ਐਜੂਕੇਸ਼ਨ ਵੱਲੋਂ ਮਿਲ ਕੇ ਕੀਤਾ ਗਿਆ। ਕਰੋਨਾ-ਮਹਾਂਮਾਰੀ ਦਾ ਡੰਗ ਹੁਣ ਕੁਝ ਘੱਟ ਹੋਣ 'ਤੇ ਸਰਕਾਰੀ ਪ੍ਰਸ਼ਾਸਨ ਵੱਲੋਂ ਇਸ ਮਹੀਨੇ ਦਿੱਤੀਆਂ ਗਈਆਂ ਢਿੱਲ੍ਹਾਂ ਤੇ ਖੁੱਲ੍ਹਾਂ ਦੇ ਮੱਦੇਨਜ਼ਰ ਇਨ੍ਹਾਂ ਤਿਨਾਂ ਉਤਸ਼ਾਹੀ ਸੰਸਥਾਵਾਂ ਦੇ ਪ੍ਰਬੰਧਕਾਂ ਵੱਲੋਂ ਇਹ ਪ੍ਰੋਗਰਾਮ ਉਲੀਕਿਆ ਗਿਆ ਸੀ, ਜੋ ਕਰੋਨਾ ਕਾਲ ਦੇ ਲਗਭਗ ਡੇਢ ਸਾਲ ਦੇ ਵਕਫੇ ਬਾਅਦ ਸਭ ਤੋਂ ਪਹਿਲਾ ਸਫਲ ਉਪਰਾਲਾ ਹੋ ਨਿਬੜਿਆ।

ਨਿਰਧਾਰਤ ਪ੍ਰੋਗਰਾਮ ਅਨੁਸਾਰ ਤਿੰਨਾਂ ਸੰਸਥਾਵਾਂ ਦੇ ਮੈਂਬਰ ਪੌਣੇ ਨੌਂ ਵਜੇ ਚਿੰਗੂਆਕੂਜ਼ੀ ਪਾਰਕ ਦੇ ਬਰੈਮਲੀ ਰੋਡ ਵਾਲੇ ਪਾਸੇ ਦੀ ਪਾਰਕਿੰਗ ਦੇ ਨੇੜੇ ਇਕੱਠੇ ਹੋਣੇ ਅਰੰਭ ਹੋ ਗਏ ਅਤੇ ਨੌਂ ਵਜੇ ਦੇ ਕਰੀਬ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਦੇ ਕੁਝ ਮੈਂਬਰ ਕਾਫੀ ਦਾ ਭਰਿਆ ਟੂਟੀ ਵਾਲਾ ਕੈਨ ਅਤੇ ਟਿਮਬੈੱਟਸ ਦੇ ਡੱਬੇ ਲੈ ਕੇ ਪਹੁੰਚ ਗਏ। ਇਸ ਦੇ ਨਾਲ ਨਾਲ ਹੀ ਕੇਲਿਆਂ ਦੇ ਵੱਡੇ-ਵੱਡੇ ਗੁੱਛੇ ਵੀ ਆ ਗਏ। ਏਨੇ ਨੂੰ ਬਰੈਂਪਟਨ ਦਾ ਟੀ. ਵੀ. ਪੱਤਰਕਾਰ ਚਮਕੌਰ ਸਿੰਘ ਮਾਛੀਕੇ, ਜੋ ਪੀ. ਟੀ. ਐੱਨ 24, ਪਰਵਾਸੀ, ਹਮਦਰਦ, ਚੜ੍ਹਦੀ ਕਲਾ, ਆਦਿ ਟੀ. ਵੀ. ਚੈਨਲਾਂ ਦੀ ਨੁਮਾਇੰਦਗੀ ਕਰਦੇ ਹਨ, ਵੀ ਆਪਣਾ ਕੈਮਰਾ ਲੈ ਕੇ ਉੱਥੇ ਪਹੁੰਚ ਗਏ। ਕਾਫੀ ਦੀਆਂ ਚੁਸਕੀਆਂ ਦੇ ਚੱਲਦਿਆਂ ਉਨ੍ਹਾਂ ਵੱਲੋਂ ਇਸ ਈਵੈਂਟ ਦੇ ਪ੍ਰਬੰਧਕਾਂ ਤੇ ਕੁਝ ਮੈਂਬਰਾਂ ਦੀਆਂ ਬਾਈਟਸ ਲਈਆਂ ਗਈਆਂ ਅਤੇ ਦੌੜ ਦੇ ਅਰੰਭ ਹੋਣ ਦੇ ਦ੍ਰਿਸ਼ ਕੈਮਰਾਬੰਦ ਕੀਤੇ ਗਏ।

ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਦੇ ਮੁੱਖ-ਪ੍ਰਬੰਧਕ ਪਰਮਜੀਤ ਸਿੰਘ ਢਿੱਲੋਂ ਨੇ ਇਸ ਮੌਕੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਰੋਨਾ ਨੇ ਸਾਨੂੰ ਸਾਰਿਆਂ ਨੂੰ ਡੇਢ ਸਾਲ ਵਿਛੋੜੀ ਰੱਖਿਆ ਹੈ ਅਤੇ ਅੱਜ ਸਾਨੂੰ ਇੱਥੇ ਦੌੜ ਤੇ ਵਾਕ ਦਾ ਇਹ ਈਵੈਂਟ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਕਰੋਨਾ ਕਾਰਨ ਹੋਰ ਈਵੈਂਟਸ ਵਾਂਗ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਵੱਲੋਂ ਪਿਛਲੇ ਸਾਲ 2020 ਅਤੇ ਇਸ ਸਾਲ ਵੀ 'ਇਨਸਪੀਰੇਸ਼ਨਲ ਸਟੈੱਪਸ' ਮੈਰਾਥਨ ਦਾ ਆਯੋਜਨ ਵੀ ਨਹੀਂ ਹੋ ਸਕਿਆ। ਇਸ ਵਾਰ ਫੈਡਰੇਸ਼ਨ ਦੇ ਮੈਂਬਰਾਂ ਅਤੇ ਸ਼ੁਭਚਿੰਤਕਾਂ ਨੂੰ ਜੁਲਾਈ ਮਹੀਨੇ ਦੌਰਾਨ ਇਹ ਮੈਰਾਥਨ ਦੌੜ ਆਪਣੇ ਪੱਧਰ 'ਤੇ ਵਰਚੂਅਲ ਰੂਪ ਵਿਚ ਕਰਨ ਲਈ ਕਿਹਾ ਗਿਆ ਸੀ। ਉਨ੍ਹਾਂ ਹੋਰ ਕਿਹਾ ਕਿ ਜਿਨ੍ਹਾਂ ਵਿਅਕਤੀਆਂ ਨੇ ਇਹ ਦੌੜ ਪੂਰੀ ਕੀਤੀ ਹੈ, ਉਹ ਇਸ ਦੇ ਵੇਰਵੇ ਫਾਊਂਡੇਸ਼ਨ ਦੇ ਪ੍ਰਬੰਧਕਾਂ ਨੂੰ ਜਲਦੀ ਭੇਜਣ ਦੀ ਖੇਚਲ ਕਰਨ ਤਾਂ ਜੋ ਇਹ ਫਾਊਂਡੇਸ਼ਨ ਦੀ ਵੈੱਬਸਾਈਟ ਉੱਪਰ ਪਾਏ ਜਾ ਸਕਣ।

ਪ੍ਰਬੰਧਕਾਂ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਡਾ. ਸੁਖਦੇਵ ਸਿੰਘ ਝੰਡ ਨੇ ਕਿਹਾ ਕਿ ਲੰਮੇ ਅਰਸੇ ਬਾਅਦ ਸ਼ੇਰ ਫਿਰ ਆਪਣੇ 'ਘੁਰਨਿਆਂ' ਵਿਚੋਂ ਬਾਹਰ ਆਏ ਹਨ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਟੀ. ਪੀ. ਏ. ਆਰ. ਕਲੱਬ ਤੇ ਹੋਰ ਖੇਡ-ਸੰਸਥਾਵਾਂ ਹੁਣ ਫਿਰ ਪਹਿਲਾਂ ਵਾਂਗ ਹੀ ਸਰਗਰਮ ਹੋਣਗੀਆਂ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਦੌਰਾਨ ਟੀ. ਪੀ. ਏ. ਆਰ. ਦੇ ਕੁਝ ਮੈਂਬਰਾਂ ਨੇ ਬੇਸ਼ਕ ਬਾਈਸਾਈਕਲਾਂ 'ਤੇ ਹਰ ਹਫਤੇ ਲੰਮੇ ਪੈਂਡੇ ਤੈਅ ਕਰਕੇ ਆਪਣੇ ਆਪ ਨੂੰ ਫਿੱਟ ਰੱਖਣ ਦੀ ਕੋਸ਼ਿਸ਼ ਕੀਤੀ ਹੈ, ਪਰ ਉਨ੍ਹਾਂ ਦੀ ਗਿਣਤੀ ਸੀਮਤ ਹੀ ਸੀ ਅਤੇ ਹੁਣ ਆਉਣ ਵਾਲੇ ਦਿਨਾਂ ਵਿਚ ਕਲੱਬ ਦੇ ਵੱਧ ਤੋਂ ਵੱਧ ਮੈਂਬਰ ਦੌੜਾਂ ਦੇ ਈਵੈਂਟਸ ਵਿਚ ਭਾਗ ਲੈਣਗੇ।

ਠੀਕ ਸਾਢੇ ਨੌਂ ਵਜੇ ਦੌੜਾਕਾਂ ਨੂੰ ਹਰੀ ਝੰਡੀ ਦਿੱਤੀ ਗਈ ਅਤੇ ਉਨ੍ਹਾਂ ਤੋਂ ਬਾਅਦ ਵਾਕਰਾਂ ਦੇ ਚੱਲਣ ਦੀ ਵਾਰੀ ਆਈ। ਦੌੜਾਕਾਂ ਨੇ ਪਾਰਕ ਦੇ ਬਾਹਰ ਵਾਲੇ ਚਾਰ ਚੱਕਰ ਲਗਾ ਕੇ ਲਗਭਗ 10 ਕਿਲੋਮੀਟਰ ਦੌੜ ਲਾਈ, ਜਦਕਿ ਵਾਕਰਾਂ ਵੱਲੋਂ ਦੋ ਜਾਂ ਤਿੰਨ ਬਾਹਰਲੇ ਚੱਕਰ ਪੂਰੇ ਕਰਕੇ ਪੰਜ ਤੋਂ ਸੱਤ ਕਿਲੋਮੀਟਰ ਪੈਂਡਾ ਤੈਅ ਕੀਤਾ ਗਿਆ। ਲੰਮੀ ਉਡੀਕ ਬਾਅਦ ਹੋਇਆ ਇਹ ਇਕ ਸ਼ੁਗਲੀਆ ਈਵੈਂਟ ਸੀ, ਜਿਸ ਵਿਚ ਸਾਰਿਆਂ ਨੇ ਬੜੇ ਸ਼ੌਕ ਨਾਲ ਭਾਗ ਲਿਆ।

ਮੈਰਾਥਨ ਦੌੜਾਕ ਧਿਆਨ ਸਿੰਘ ਸੋਹਲ, ਕੁਲਦੀਪ ਗਰੇਵਾਲ, ਕੇਸਰ ਸਿੰਘ ਬੜੈਚ, ਬਲਦੇਵ ਸਿੰਘ ਰਹਿਪਾ, ਹਰਭਜਨ ਸਿੰਘ ਗਿੱਲ, ਹਰਦੇਵ ਸਿੰਘ ਸਮਰਾ, ਪਾਲ ਬੈਂਸ, ਮਨਜੀਤ ਸਿੰਘ, ਬਰਮਿੰਦਰ ਜੱਸੀ, ਸੁਖਦੇਵ ਸਿੱਧੂ, ਸੁਖਦੇਵ ਸਿਧਵਾਂ, ਸੁਖਦੇਵ ਸਿੰਘ ਝੰਡ, ਜਸਵਿੰਦਰ ਸਿੰਘ, ਪਰਦੀਪ ਕੌਰ ਬਾਸੀ, ਬਲਪ੍ਰੀਤ ਕੌਰ ਬਾਸੀ ਤੇ ਕਈ ਹੋਰਨਾਂ ਸਮੇਤ ਇਸ ਵਿਚ 60 ਦੇ ਕਰੀਬ ਮੈਂਬਰਾਂ ਨੇ ਹਿੱਸਾ ਲਿਆ।

ਇਸ ਈਵੈਂਟ ਦੀ ਵਿਲੱਖਣਤਾ ਇਹ ਸੀ ਕਿ ਇਸ ਵਿਚ ਕਈ ਮੈਂਬਰਾਂ ਨੇ ਆਪਣੇ ਪਰਿਵਾਰਾਂ ਸਮੇਤ ਸ਼ਮੂਲੀਅਤ ਕੀਤੀ, ਜਿਵੇਂ ਕੁਲਦੀਪ ਗਰੇਵਾਲ ਆਪਣੀ ਪਤਨੀ ਕੁਲਵੰਤ ਕੌਰ ਗਰੇਵਾਲ, ਬੇਟੇ ਰਣਜੀਤ ਗਰੇਵਾਲ, ਬੇਟੀ ਕਿਰਨ ਗਰੇਵਾਲ, ਦਾਮਾਦ ਕਾਇਲ ਅਤੇ ਪੋਤਰੇ ਈਥਨ ਗਰੇਵਾਲ ਨਾਲ ਸ਼ਾਮਲ ਹੋਏ। ਇਸੇ ਤਰ੍ਹਾਂ ਪਾਲ ਬੈਂਸ ਆਪਣੀ ਪਤਨੀ ਪਿੰਕੀ ਬੈਸ ਤੇ ਬੇਟੇ ਗੁਰਜਸ ਬੈਂਸ ਦੇ ਨਾਲ ਅਤੇ ਜੋਗੀ ਗੁਲਿਆਨੀ ਆਪਣੀ ਪਤਨੀ ਪਾਰੂ ਗੁਲਿਆਨੀ ਅਤੇ ਬੇਟੀ ਧ੍ਰਿਤੀ ਗੁਲਿਆਨੀ ਸਮੇਤ ਹਾਜ਼ਰ ਹੋਏ। ਇਸ ਦੇ ਨਾਲ ਹੀ 'ਟੋਰਾਂਟੋ ਡਰਾਈਵਿੰਗ ਸਕੂਲ' ਦੇ ਮਾਲਕ ਜੱਸੀ ਵੜੈਚ ਤੇ ਤਰਲੋਚਨ ਵੜੈਚ ਦੌੜ ਦੇ ਇਸ ਈਵੈਂਟ ਵਿਚ ਪਹਿਲੀ ਵਾਰ ਸ਼ਾਮਲ ਹੋਏ। ਦੌੜਾਕਾਂ ਅਤੇ ਵਾਕਰਾਂ ਦੀ ਹੱਲਾਸ਼ੇਰੀ ਲਈ ਸੀਨੀਅਰਜ਼ ਵਤਨ ਸਿੰਘ ਗਿੱਲ, ਭਜਨ ਸਿੰਘ ਥਿੰਦ, ਜੰਗੀਰ ਸਿੰਘ ਸੈਂਹਬੀ ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚੇ ਅਤੇ ਉਨ੍ਹਾਂ ਨੇ ਇਸ ਈਵੈਂਟ ਵਿਚ ਭਾਗ ਵੀ ਲਿਆ।

ਦੌੜ ਤੇ ਵਾਕ ਦੀ ਸਮਾਪਤੀ 'ਤੇ ਏਅਰਪੋਰਟ ਰੋਡ ਤੇ ਕੰਟਰੀਸਾਈਡ ਇੰਟਰਸੈੱਕਸ਼ਨ ਵਾਲੇ ਪਲਾਜ਼ੇ ਸਥਿਤ ਸਬਵੇਅ ਰੈਸਟੋਰੈਂਟ ਦੇ ਮਾਲਕ ਕੁਲਵੰਤ ਧਾਲੀਵਾਲ ਵੱਲੋਂ ਭੇਜੇ ਗਏ ਲਜ਼ੀਜ਼ ਸੱਬਾਂ ਨਾਲ ਸਾਰਿਆਂ ਵੱਲੋਂ ਲੰਚ ਕੀਤਾ ਗਿਆ। ਜ਼ੀ-ਟੀ. ਵੀ. ਦੇ ਪੱਤਰਕਾਰ ਦਪਿੰਦਰ ਸਿੰਘ ਵੱਲੋਂ ਈਵੈਂਟ ਦੇ ਅੰਤਲੇ ਪਲਾਂ ਨੂੰ ਆਪਣੇ ਕੈਮਰੇ ਵਿਚ ਕੈਦ ਕੀਤਾ ਗਿਆ ਅਤੇ ਉਸ ਨੇ ਪ੍ਰਬੰਧਕਾਂ ਦੀਆਂ ਕੁਝ ਬਾਈਟਸ ਵੀ ਲਈਆਂ। ਅਖੀਰ ਵਿਚ ਟੀ. ਪੀ. ਏ. ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਅਤੇ ਐਨਲਾਈਟ ਕਿੱਡਜ਼ ਦੇ ਮੁੱਖ ਪ੍ਰਬੰਧਕ ਨਰਿੰਦਰ ਪਾਲ ਬੈਂਸ ਵੱਲੋਂ ਇਸ ਈਵੈਂਟ ਵਿਚ ਭਾਗ ਲੈਣ ਵਾਲਿਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ ਅਤੇ ਅੱਗੋਂ ਜਲਦੀ ਹੀ ਅਜਿਹੇ ਹੋਰ ਈਵੈਂਟ ਆਯੋਜਨ ਕਰਨ ਦਾ ਭਰੋਸਾ ਦਿੱਤਾ ਗਿਆ।






ਡਾ. ਸੁਖਦੇਵ ਸਿੰਘ ਝੰਡ

# ਔਰਤ ਦੇ ਅੰਤਰੀਵ ਮਨ ਨੂੰ ਬ੍ਰਹਿਮੰਡ ਨਾਲ ਜੋੜਦੀ ਗੁਲਸ਼ਨ ਦਿਆਲ ਦੀ ਕਵਿਤਾ

**ਸੈਕਰਾਮੈਂਟੋ:** ਬੀਤੇ ਦਿਨੀਂ ਡਾ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਜ਼ੂਮ ਲਿੰਕ ਰਾਹੀਂ ਹੋਈ ਵਿਪਸਾ ਦੀ ਮਾਸਿਕ ਮਿਲਣੀ ਇਕ ਅਮਿੱਟ ਪੈੜ ਛੱਡ ਗਈ। ਡਾ. ਕੰਬੋਜ ਪ੍ਰੋਗਰਾਮ ਦੀ ਰੂਪ-ਰੇਖਾ ਦੱਸੀ ਅਤੇ ਜਗਜੀਤ ਨੌਸ਼ਹਿਰਵੀ ਦੀ ਮਾਤਾ ਕੁਲਵੰਤ ਕੌਰ ਸੰਧੂ ਦੀ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਇਸ ਮੌਕੇ ਚਰਨਜੀਤ ਸਿੰਘ ਪੰਨੂ ਦੀ ਭੈਣ ਕੁਲਵੰਤ ਭੁੱਲਰ ਅਤੇ ਪ੍ਰਸਿੱਧ ਕਹਾਣੀਕਾਰ ਰਾਵਿੰਦਰ ਅਟਵਾਲ ਦੀ ਧਰਮ ਪਤਨੀ ਬਲਦੇਵ ਕੌਰ ਅਟਵਾਲ ਦੇ ਵਿਛੋੜੇ 'ਤੇ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

ਪੁਸਤਕ ਸੈਸ਼ਨ ਵਿਚ ਲਾਜ ਨੀਲਮ ਸੈਣੀ ਨੇ ਗੁਲਸ਼ਨ ਦਿਆਲ ਦੀ ਜਾਣ-ਪਛਾਣ ਕਰਵਾਉਂਦਿਆਂ ਦੱਸਿਆ ਕਿ ਗੁਲਸ਼ਨ ਦੇ ਘਰ ਵਿਚ ਸਾਹਿਤਕ ਮਾਹੌਲ ਹੋਣ ਕਰਕੇ ਉਹ ਬਚਪਨ ਤੋਂ ਹੀ ਅਖਬਾਰਾਂ ਤੇ ਸਾਹਿਤਕ ਰਸਾਲੇ ਪੜ੍ਹਦੀ ਆ ਰਹੀ ਹੈ, ਪਰ ਆਪਣੇ ਲੇਖਕ ਹੋਣ ਨੂੰ ਉਹ ਇਕ ਹਾਦਸਾ ਸਮਝਦੀ ਹੈ। ਉਸ ਨੇ ਦੋ ਕਾਵਿ ਸੰਗ੍ਰਹਿ 'ਗਜਰ' ਤੇ 'ਅਣਕਹੀਆਂ' ਅਤੇ ਇਕ ਵਾਰਤਕ ਪੁਸਤਕ 'ਪਰਿਕਰਮਾ' ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ।


ਡਾ. ਉਮਿੰਦਰ ਜੌਹਲ ਨੇ ਗੁਲਸ਼ਨ ਦੇ ਕਾਵਿ ਸੰਸਾਰ ਬਾਰੇ ਪੇਪਰ ਪੇਸ਼ ਕਰਦਿਆਂ ਕਿਹਾ ਕਿ ਗੁਲਸ਼ਨ ਦੀ ਕਵਿਤਾ ਔਰਤ ਦੇ ਅੰਤਰ ਮਨ ਦੀ ਵਿਥਿਆ ਦਾ ਕਾਵਿ ਪ੍ਰਵਚਨ ਕਹਿ ਸਕਦੇ ਹਾਂ, ਪਰ ਇਸ ਕਵਿਤਾ ਵਿਚ ਔਰਤ ਦੀ ਪ੍ਰਗਟਾਈ ਵਿਥਿਆ ਪੰਜਾਬੀ ਕਵਿਤਾ ਵਿਚਲੀ ਔਰਤ ਦੀ ਵਿਥਿਆ ਨਾਲ ਬਿਲਕੁਲ ਮੇਲ ਨਹੀਂ ਖਾਂਦੀ। ਇਸ ਵਿਚ ਔਰਤ ਦੀ ਮਾਨਸਿਕ ਸੰਤੁਸ਼ਟੀ ਝਲਕਦੀ ਹੈ। ਦੂਜੇ ਪੇਪਰ ਵਿਚ ਡਾ. ਮੋਹਨ ਤਿਆਗੀ ਨੇ ਗੁਲਸ਼ਨ ਦੀ ਕਾਵਿ ਸੰਵੇਦਨਾ ਦੀ ਗੱਲ ਕਰਦਿਆਂ ਕਿਹਾ ਕਿ ਗੁਲਸ਼ਨ ਦੀ ਕਵਿਤਾ ਔਰਤ ਦੇ ਅੰਤਰੀਵੀ ਮਨ ਨੂੰ ਬ੍ਰਹਿਮੰਡ ਨਾਲ ਜੋੜਦੀ ਹੈ। ਇਹ ਮਨ ਦੇ ਗਹਿਰੇ ਪਾਣੀਆਂ ਵਿਚ ਚਲ ਰਹੀ ਹਲਚਲ ਹੈ:

ਚਲੋ ਹੱਥ ਵਿਚ ਹੱਥ ਪਾਈਏ
ਇਕ ਜੰਜ਼ੀਰ ਬਣ ਜਾਈਏ।


ਉਪਰੰਤ ਗੁਲਸ਼ਨ ਨੇ ਆਪਣੇ ਕਾਵਿ ਸਫਰ ਦੀ ਗੱਲ ਕਰਦਿਆਂ ਡਾ. ਉਮਿੰਦਰ ਜੌਹਲ ਅਤੇ ਡਾ. ਮੋਹਨ ਤਿਆਗੀ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਇਨ੍ਹਾਂ ਦੋਹਾਂ ਵੱਲੋਂ ਪੜ੍ਹੇ ਪੇਪਰਾਂ ਨੇ 'ਉਸ ਨਾਲ ਉਸ ਦੀ ਹੀ ਪਛਾਣ ਨੂੰ ਹੋਰ ਗੂੜ੍ਹਾ ਕੀਤਾ ਹੈ।' ਇਸ ਤੋਂ ਬਾਅਦ ਪੇਪਰਾਂ ਉਪਰ ਹੋਈ ਉਸਾਰੂ ਅਤੇ ਭਖਵੀਂ ਚਰਚਾ ਵਿਚ ਅਮਰਜੀਤ ਕੌਰ ਪੰਨੂ, ਡਾ. ਗੁਰਪ੍ਰੀਤ ਧੁੱਗਾ, ਬੀਬੀ ਸੁਰਜੀਤ ਕੌਰ, ਲਾਜ ਨੀਲਮ ਸੈਣੀ ਅਤੇ ਡਾ. ਸੁਖਵਿੰਦਰ ਕੰਬੋਜ ਨੇ ਹਿੱਸਾ ਲਿਆ। ਡਾ. ਸੁਹਿੰਦਰਬੀਰ ਸਿੰਘ ਨੇ ਇਸ ਸੈਸ਼ਨ ਦੀ ਅੰਤਿਕਾ ਵਿਚ ਕਿਹਾ ਕਿ ਗੁਲਸ਼ਨ ਦੀ ਕਵਿਤਾ ਸਹਿਜ ਦੀ ਕਵਿਤਾ ਹੈ। ਉਸ ਦੇ ਅਵਚੇਤਨ ਵਿਚ ਸਭਿਅਤਾ ਅਤੇ ਸਿਮਰਤੀ ਭਾਰੂ ਹਨ। ਉਹ ਇਕ ਸੰਭਾਵਨਾਵਾਂ ਭਰਪੂਰ ਸ਼ਾਇਰਾ ਹੈ। ਆਸ ਹੈ ਕਿ ਉਹ ਭਵਿੱਖ ਵਿਚ ਹੋਰ ਵੀ ਵਧੀਆ ਕਵਿਤਾ ਲਿਖੇਗੀ।

ਇਸ ਉਪਰੰਤ ਕਵੀ ਦਰਬਾਰ ਵਿਚ ਤਾਰਾ ਸਾਗਰ, ਮਹਿੰਦਰ ਸਿੰਘ ਸੰਘੇੜਾ, ਐਸ਼ ਕਮ ਐਸ਼, ਬੀਬੀ ਸੁਰਜੀਤ ਕੌਰ, ਸੁਰਿੰਦਰ ਸੀਰਤ, ਚਰਨਜੀਤ ਪੰਨੂ, ਡਾ. ਗੁਰਪ੍ਰੀਤ ਧੁੱਗਾ, ਪਿਆਰਾ ਸਿੰਘ ਕੁੱਦੋਵਾਲ, ਸੁਰਜੀਤ ਟੋਰਾਂਟੋ, ਗੁਲਸ਼ਨ ਦਿਆਲ, ਲਾਜ ਨੀਲਮ ਸੈਣੀ, ਸੁਰਜੀਤ ਸਖੀ, ਡਾ. ਮੋਹਨ ਤਿਆਗੀ, ਡਾ. ਉਮਿੰਦਰ ਜੌਹਲ, ਡਾ. ਸੁਹਿੰਦਰਬੀਰ ਸਿੰਘ, ਕੁਲਵਿੰਦਰ ਅਤੇ ਸੁਖਵਿੰਦਰ ਕੰਬੋਜ ਨੇ ਆਪੋ ਆਪਣੀਆਂ ਰਚਨਾਵਾਂ ਪੜ੍ਹੀਆਂ। ਕਵੀ ਦਰਬਾਰ ਦਾ ਸੰਚਾਲਨ ਵਿਪਸਾ ਦੀ ਮੀਤ ਪ੍ਰਧਾਨ ਅਮਰਜੀਤ ਪੰਨੂ ਨੇ ਬਾਖ਼ੂਬੀ ਨਿਭਾਇਆ। ਅਗਲੀ ਮਾਸਿਕ ਮਿਲਣੀ ਵਿਚ ਸੁਰਜੀਤ ਸਖੀ ਦੀ ਗਜ਼ਲ ਸੰਵੇਦਨਾ 'ਤੇ ਗੱਲਬਾਤ ਕੀਤੀ ਜਾਵੇਗੀ।

ਹੋਰ ਜਾਣਕਾਰੀ ਲਈ ਲਾਜ ਨੀਲਮ ਸੈਣੀ ਨਾਲ ਫੋਨ: (510) 502-0551 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



ਗੁਲਸ਼ਨ ਦਿਆਲ




# ਕਰੋਨਾ ਕੇਸਾਂ ਕਾਰਨ ਫੇਸ ਮਾਸਕ ਦੀ ਵਿਕਰੀ 'ਚ ਮੁੜ ਹੋਇਆ ਵਾਧਾ

**ਫਰਿਜ਼ਨੋ:** ਕਰੋਨਾ ਵਾਇਰਸ ਮਹਾਂਮਾਰੀ ਦੌਰਾਨ ਸਿਹਤ ਮਾਹਿਰਾਂ ਵੱਲੋਂ ਵਾਇਰਸ ਦੀ ਲਾਗ ਨੂੰ ਰੋਕਣ ਲਈ ਫੇਸ ਮਾਸਕ ਦੀ ਵਰਤੋਂ ਨੂੰ ਬਹੁਤ ਜਰੂਰੀ ਦੱਸਿਆ ਗਿਆ ਹੈ। ਇਸ ਦੀ ਵਰਤੋਂ ਕਰਕੇ ਵਾਇਰਸ ਦੀ ਲਾਗ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਹੈ।

ਅਮਰੀਕਾ ਵਿਚ ਕੁਝ ਸਮਾਂ ਪਹਿਲਾਂ ਫੇਸ ਮਾਸਕ ਪਹਿਨਣ ਵਿਚ ਦਿੱਤੀ ਢਿੱਲ ਨਾਲ ਇਸ ਦੀ ਵਿਕਰੀ ਘਟ ਗਈ ਸੀ, ਪਰ ਹੁਣ ਸੀ. ਡੀ. ਸੀ. ਦੇ ਨਵੇਂ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਾਇਰਸ ਦੇ ਵਧ ਰਹੇ ਮਾਮਲਿਆਂ ਕਾਰਨ ਫੇਸ ਮਾਸਕਾਂ ਦੀ ਵਿਕਰੀ ਵਿਚ ਵਾਧਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਕਾਰੋਬਾਰਾਂ ਅਨੁਸਾਰ ਹਾਲ ਹੀ ਦੇ ਹਫਤਿਆਂ ਵਿਚ ਮਾਸਕ ਦੀ ਵਿਕਰੀ ਵੱਧ ਰਹੀ ਹੈ, ਕਿਉਂਕਿ ਅਮਰੀਕੀ ਲੋਕ ਕਰੋਨਾ ਵਾਇਰਸ ਦੇ ਡੈਲਟਾ ਰੂਪ ਦੇ ਵੱਧ ਰਹੇ ਮਾਮਲਿਆਂ ਬਾਰੇ ਚਿੰਤਤ ਹਨ। ਮਾਸਕਾਂ ਦੀ ਵਿਕਰੀ ਵਿਚ ਹੋਰ ਵਾਧਾ ਹੋਣ ਦੀ ਉਮੀਦ ਹੈ, ਕਿਉਂਕਿ ਸੀ. ਡੀ. ਸੀ. ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੁਝ ਵਾਇਰਸ ਪ੍ਰਭਾਵਿਤ ਖੇਤਰਾਂ ਵਿਚ ਕਰੋਨਾ ਟੀਕੇ ਲੱਗੇ ਹੋਏ ਲੋਕਾਂ ਨੂੰ ਵੀ ਫੇਸ ਮਾਸਕ ਪਾਉਣ ਦੀ ਜਰੂਰਤ ਹੈ।

ਅਡੋਬ ਡਿਜੀਟਲ ਇਕਾਨਮੀ ਇੰਡੈਕਸ ਅਨੁਸਾਰ ਮਈ ਤੋਂ ਹਫਤਾਵਾਰੀ ਗਿਰਾਵਟ ਤੋਂ ਬਾਅਦ ਪਿਛਲੇ ਹਫਤੇ ਵਿਚ ਮਾਸਕ ਦੀ ਵਿਕਰੀ 24% ਵਧੀ ਹੈ। ਸੈਨ ਫਰਾਂਸਿਸਕੋ ਦੀ ਇੱਕ ਰਿਟੇਲ ਕੰਪਨੀ ਇੰਸਟਾ ਕਾਰਟ ਨੇ ਕਿਹਾ ਕਿ ਇਸ ਦੇ ਆਨਲਾਈਨ ਪਲੇਟਫਾਰਮ ਰਾਹੀਂ ਮਾਸਕ ਦੀ ਵਿਕਰੀ ਜੁਲਾਈ ਦੇ ਚੌਥੇ ਹਫਤੇ ਦੇ ਅੰਤ ਤੋਂ ਵਧੀ ਹੈ, ਜੋ ਅਪਰੈਲ ਵਿਚ ਘਟਣੀ ਸ਼ੁਰੂ ਹੋਈ ਸੀ। ਇਸ ਦੇ ਇਲਾਵਾ ਸਰਚ ਇੰਜਣ ਗੂਗਲ ਅਨੁਸਾਰ ਵੀ ਸੀ. ਡੀ. ਸੀ. ਦੇ ਐਲਾਨ ਤੋਂ ਬਾਅਦ 'ਮਾਸਕ' ਸ਼ਬਦ ਦੀ ਸਰਚ ਦੁੱਗਣੀ ਹੋ ਗਈ ਹੈ।

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

PUNJAB SPORTS & CULTURAL ASSOCIATION
PSCA
Punjabi Khed Mela
MICHIGAN

ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ

ਸ਼ੋਹਰਤ ਦੇ ਦੀਵੇ ਵਿਚ ਖੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 14ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

## 28 ਅਗਸਤ 2021

(ਸਨਿਚਰਵਾਰ, ਸਵੇਰੇ 9 ਤੋਂ ਸ਼ਾਮ 5 ਵਜੇ ਤੱਕ)

**Heritage Park**
46202 Heritage Park Dr., Canton Twp, MI 48188
Behind Canton Library
Address: 1150 S Canton Center Toad, Canton Twp, MI 48188

## ਇਨਾਮ

**ਕਬੱਡੀ ਓਪਨ**
ਪਹਿਲਾ ਇਨਾਮ $18,000
ਦੂਜਾ ਇਨਾਮ $15,000
ਤੀਜਾ ਇਨਾਮ $12,000

**ਸੌਕਰ**
ਪਹਿਲਾ ਇਨਾਮ $4500
ਦੂਜਾ ਇਨਾਮ $3000

**ਵਾਲੀਬਾਲ (ਓਪਨ)**
ਪਹਿਲਾ ਇਨਾਮ $3500
ਦੂਜਾ ਇਨਾਮ $2500

ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ








ਗਾਇਕ ਗੈਰੀ ਸੰਧੂ, ਗੁਰਲੇਜ ਅਖਤਰ ਅਤੇ ਕੁਲਵਿੰਦਰ ਕੈਲੀ ਗਾਇਕੀ ਦਾ ਅਖਾੜਾ ਲਾਉਣਗੇ

AUTOBAHN FREIGHT LINES LTD.

WORLD WIDE CARRIERS US INC. Marysville, MI
Sukhi Dhaliwal
416-213-1334

Charger logistics inc
Goldy Grewal
Ph: 586-610-3021

Radio Chann Pardesi

Hunter Express US Inc. Lincoln Park, MI
Balkar & Harry
Ph: 313-307-4185
Fax: 313-388-8449

**Free Entry Free Food and Free Entertainment**

**ਸਭਨਾਂ ਨੂੰ ਖੁੱਲ੍ਹਾ ਸੱਦਾ**

## PSCA Committee Members and Gold Sponsors


ਸੁੱਖਾ ਸੇਖੋਂ


ਕੇਵਲ ਗਿੱਲ


ਮਨਪ੍ਰੀਤ ਗਿੱਲ


ਕੁਲਬੀਰ ਗਿੱਲ


ਅਮਰਜੀਤ ਗਿੱਲ


ਰਵਿੰਦਰ ਬਿੰਦ


ਜਸਵਿੰਦਰ ਧਾਲੀਵਾਲ


ਸੁਖਵੰਤ ਸਿੰਘ ਗਿੱਲ


ਰਾਜ ਨਿੱਜਰ


ਰਾਜ ਜਾਮਾਰਾਏ


ਅਰਜੁਨ ਗਿੱਲ


ਸੁਖਦੇਵ ਸੇਖੋਂ


ਕਰਮਬੀਰ ਸਿੰਘ


ਕਰਨ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

ਜਸਵਿੰਦਰ ਧਾਲੀਵਾਲ ਫੋਨ: 734-347-1154
ਸੁਖਵੰਤ ਗਿੱਲ ਫੋਨ: 734-231-7035
ਰਾਜ ਨਿੱਜਰ ਫੋਨ: 734-637-7540
ਰਾਜ ਜਾਮਾਰਾਏ ਫੋਨ: 734-644-1010
ਸੁਖਦੇਵ ਸੇਖੋਂ ਫੋਨ: 248-431-9678
ਕਰਮਬੀਰ ਸਿੰਘ ਫੋਨ: 734-558-3151

*ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

LIVE ON
Cruze tv CHANNEL 422
Real tv CHANNEL 136
f LIVE /LIVEKABADDI
LIVE KABADDI
jadoo tv
YouTube LIVE KABADDI
IPTV
jus punjabi

ਪੰਜਾਬ ਟਾਈਮਜ਼

*ਸਨਿਚਰਵਾਰ, 7 ਅਗਸਤ 2021*

## ਖੇਡਾਂ ਅਤੇ ਸਿਆਸਤ

ਮੀਡੀਆ ਵਿਚ ਅੱਜ ਕੱਲ੍ਹ ਓਲੰਪਿਕ ਖੇਡਾਂ ਨੂੰ ਵਾਹਵਾ ਥਾਂ ਮਿਲ ਰਹੀ ਹੈ। ਇਹ ਖੇਡਾਂ 2020 ਵਿਚ ਹੋਣੀ ਸਨ ਪਰ ਕਰੋਨਾ ਵਾਇਰਸ ਕਾਰਨ ਉਦੋਂ ਸੰਭਵ ਨਹੀਂ ਹੋ ਸਕੀਆਂ ਅਤੇ ਇਹ ਤਕਰੀਬਨ ਇਕ ਸਾਲ ਪਛੜ ਕੇ ਹੁਣ ਹੋ ਰਹੀਆਂ ਹਨ। ਹੋਰ ਖੇਤਰਾਂ ਵਾਂਗ ਓਲੰਪਿਕ ਖੇਡਾਂ ਉਤੇ ਕਰੋਨਾ ਦਾ ਅਸਰ ਅਜੇ ਵੀ ਸਾਫ ਦਿਖਾਈ ਦੇ ਰਿਹਾ ਹੈ। ਫਿਰ ਵੀ ਜਿਨ੍ਹਾਂ ਹਾਲਾਤ ਵਿਚ ਇਹ ਖੇਡਾਂ ਹੋ ਰਹੀਆਂ ਹਨ, ਉਸ ਲਈ ਪ੍ਰਬੰਧਕਾਂ ਅਤੇ ਖਿਡਾਰੀ ਨੂੰ ਵਧਾਈ ਦੇਣੀ ਬਣਦੀ ਹੈ। ਸਭ ਤੋਂ ਵੱਡੀ ਗੱਲ, ਇਨ੍ਹਾਂ ਖੇਡਾਂ ਨਾਲ ਜੁੜੀਆਂ ਕਹਾਣੀਆਂ ਰਾਹੀਂ ਜਿਸ ਤਰ੍ਹਾਂ ਦਾ ਭਰਾਤਰੀ-ਭਾਵ ਉਭਰਿਆ ਹੈ, ਉਹ ਮਨੁੱਖਤਾ ਦੇ ਅਗਲੇ ਕਦਮਾਂ ਲਈ ਸ਼ੁਭ ਸ਼ਗਨ ਹੀ ਹੈ। ਕਤਰ ਅਤੇ ਇਟਲੀ ਦੇ ਉਚੀ ਛਾਲ ਦੇ ਸੋਨ ਤਗਮਾ ਜੇਤੂ ਖਿਡਾਰੀਆਂ ਦੀ ਕਹਾਣੀ ਤੋਂ ਹੁਣ ਕੌਣ ਵਾਕਿਫ ਨਹੀਂ! ਇਟਲੀ ਦੇ ਖਿਡਾਰੀ ਦੇ ਜ਼ਖਮੀ ਹੋਣ ਤੋਂ ਬਾਅਦ ਕਤਰ ਦੇ ਖਿਡਾਰੀ ਨੇ ਜਿਸ ਤਰ੍ਹਾਂ ਦੀ ਖੇਡ ਭਾਵਨਾ ਦਿਖਾਈ ਹੈ, ਉਸ ਭਾਵਨਾ ਨੂੰ ਅੱਜ ਅਗਾਂਹ ਵਧਾਉਣ ਦੀ ਬਹੁਤ ਲੋੜ ਹੈ। ਇਹ ਕਿੱਸਾ ਮਨੁੱਖ ਲਈ ਨਵੀਂ ਪਰਵਾਜ਼ ਆ ਆਗਾਜ਼ ਕਿਹਾ ਜਾ ਸਕਦਾ ਹੈ।

ਇਨ੍ਹਾਂ ਖੇਡਾਂ ਵਿਚ ਐਤਕੀਂ ਭਾਰਤ ਦੀ ਤਕੜੀ ਹਾਜ਼ਰੀ ਲੱਗ ਰਹੀ ਹੈ। ਕੁਝ ਖਿਡਾਰੀਆਂ ਨੇ ਤਗਮੇ ਤਾਂ ਜਿੱਤੇ ਹੀ ਹਨ ਪਰ ਐਤਕੀਂ ਜਿਸ ਢੰਗ ਨਾਲ ਭਾਰਤੀ ਹਾਕੀ ਦੀ ਵਾਪਸੀ ਹੋਈ ਹੈ, ਉਸ ਨੇ ਕਈ ਤਰ੍ਹਾਂ ਦੀਆਂ ਆਸਾਂ ਜਗਾਈਆਂ ਹਨ ਅਤੇ ਸਬਕ ਵੀ ਦਿੱਤੇ ਹਨ। ਭਾਰਤੀ ਹਾਕੀ ਟੀਮ ਭਾਵੇਂ ਸੈਮੀ ਫਾਈਨਲ ਵਿਚ ਹਾਰ ਗਈ ਪਰ ਇਸ ਮੈਚ ਦੌਰਾਨ ਜਿਸ ਤਰ੍ਹਾਂ ਦੀ ਹਾਕੀ ਦਾ ਮੁਜ਼ਾਹਰਾ ਭਾਰਤੀ ਖਿਡਾਰੀਆਂ ਨੇ ਕੀਤਾ ਹੈ, ਉਹ ਆਪਣੀ ਮਿਸਾਲ ਆਪ ਹੈ। ਬੈਲਜੀਅਮ ਦੀ ਟੀਮ ਦਾ ਸਾਰਾ ਦਾਰੋਮਦਾਰ ਪੈਨਲਟੀ ਕਾਰਨਰਾਂ 'ਤੇ ਰਿਹਾ ਪਰ ਭਾਰਤੀ ਖਿਡਾਰੀਆਂ ਨੇ ਹਾਕੀ ਦਾ ਅਸਲ ਰੰਗ ਦਿਖਾਇਆ। ਉਂਜ, ਕਈ ਮਾਮਲਿਆਂ ਵਿਚ ਭਾਰਤੀ ਖਿਡਾਰੀ ਅਜੇ ਸੰਸਾਰ ਪੱਧਰ ਦੀਆਂ ਚੋਟੀ ਦੀਆਂ ਤੋਂ ਪਿਛਾਂਹ ਹਨ। ਇਹ ਆਭਾਸ ਇਸ ਮੈਚ ਦੇ ਤੀਜੇ ਕੁਆਰਟਰ ਵਿਚ ਹੋਣਾ ਸ਼ੁਰੂ ਹੋ ਗਿਆ ਸੀ। ਫਿਰ ਵੀ ਚਾਰ ਦਹਾਕਿਆਂ ਬਾਅਦ ਭਾਰਤੀ ਹਾਕੀ ਟੀਮ ਦਾ ਸੈਮੀ ਫਾਈਨਲ ਵਿਚ ਪੁੱਜਣਾ ਅਤੇ ਕੁੜੀਆਂ ਦੀ ਹਾਕੀ ਟੀਮ ਦਾ ਪਹਿਲੀ ਵਾਰ ਸੈਮੀ ਫਾਈਨਲ ਵਿਚ ਪੁੱਜਣਾ ਕ੍ਰਿਸ਼ਮਾ ਹੀ ਸਮਝਿਆ ਜਾ ਰਿਹਾ ਹੈ। ਇਹ ਕ੍ਰਿਸ਼ਮਾ ਉੜੀਸਾ ਦੇ ਉਠਾਏ ਕਦਮ ਨਾਲ ਸੰਭਵ ਹੋ ਸਕਿਆ ਹੈ ਜਿਸ ਨੇ 2018 ਤੋਂ 2023 ਤੱਕ ਦੋਹਾਂ ਟੀਮਾਂ ਦਾ ਖਰਚ ਉਠਾਇਆ ਹੋਇਆ ਹੈ ਅਤੇ ਖਿਡਾਰੀਆਂ ਨੂੰ ਸਹੂਲਤਾਂ ਦੇਣ ਦੇ ਨਾਲ-ਨਾਲ ਪ੍ਰਬੰਧਾਂ ਦਾ ਖਰਚਾ ਚੁੱਕਣ ਦਾ ਬੀੜਾ ਚੁੱਕਿਆ ਹੋਇਆ ਹੈ।

ਇਨ੍ਹਾਂ ਓਲੰਪਿਕ ਖੇਡਾਂ ਵਿਚ ਕਿਤੇ-ਕਿਤੇ ਰਾਸ਼ਟਰਵਾਦ ਦਾ ਮੁੱਦਾ ਵਾਰ-ਵਾਰ ਉਭਰ ਰਿਹਾ ਹੈ। ਇਸ ਸਬੰਧ ਵਿਚ ਇਕ ਨੁਕਤਾ ਇਹ ਵੀ ਸਾਹਮਣੇ ਆ ਰਿਹਾ ਹੈ ਕਿ ਇਹ ਖੇਡਾਂ ਅਸਲ ਵਿਚ ਰਾਸ਼ਟਰਵਾਦੀ ਕੱਟੜਤਾ ਦਾ ਤੋੜ ਲੱਭਣ ਦਾ ਹੀ ਯਤਨ ਸਨ ਪਰ ਸਿਤਮਜ਼ਰੀਫੀ ਇਹ ਹੈ ਕਿ ਕਈ ਮਾਮਲਿਆਂ ਵਿਚ ਕੁਝ ਲੋਕ ਅਜੇ ਵੀ ਅੰਨ੍ਹੇ ਰਾਸ਼ਟਰਵਾਦ ਦੀ ਪੈਰਵੀ ਕਰਨ ਦਾ ਯਤਨ ਕਰ ਰਹੇ ਹਨ। ਆਪਣੇ ਪੰਜਾਬੀ ਵੀ ਇਸ ਮਾਮਲੇ ਵਿਚ ਪਿਛਾਂਹ ਨਹੀਂ ਰਹੇ। ਪੰਜਾਬੀ ਖਿਡਾਰੀਆਂ ਦਾ ਓਲੰਪਿਕ ਰਾਹੀਂ ਚੋਟੀ 'ਤੇ ਪੁੱਜਣਾ ਮਾਣ ਵਾਲੀ ਗੱਲ ਹੈ, ਪਰ ਕੁਝ ਧਿਰਾਂ ਵਲੋਂ ਇਸ ਦੌਰਾਨ ਜਿਸ ਢੰਗ ਨਾਲ ਪੰਜਾਬੀ ਖਿਡਾਰੀਆਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ, ਉਸ ਤੋਂ ਪੰਜਾਬੀਆਂ ਦੀ ਕੱਟੜਤਾ ਹੀ ਜ਼ਾਹਿਰ ਹੋ ਰਹੀ ਹੈ। ਹਾਕੀ ਦੇ ਮਾਮਲੇ ਵਿਚ ਵਿਵਾਦਗ੍ਰਸਤ ਪੁਲਿਸ ਅਫਸਰ ਕੇ.ਪੀ.ਐਸ. ਗਿੱਲ ਦਾ ਨਾਂ ਤੱਕ ਘੜੀਸ ਲਿਆ ਗਿਆ। ਜਿਸ ਤਰ੍ਹਾਂ ਕਿਸਾਨ ਅੰਦੋਲਨ ਨੂੰ ਖਿੱਚ-ਖਿੱਚ ਕੇ ਸਿੱਖ ਅੰਦੋਲਨ ਬਣਾਉਣ ਦਾ ਯਤਨ ਕੀਤਾ ਗਿਆ ਸੀ, ਐਨ ਉਸੇ ਤਰ੍ਹਾਂ ਹੁਣ ਪੰਜਾਬੀਆਂ ਦੀ ਪ੍ਰਾਪਤੀ ਨੂੰ ਸਿੱਖਾਂ ਦੀਆਂ ਪ੍ਰਾਪਤੀਆਂ ਦੱਸਣ ਦੀ ਦੌੜ ਸ਼ੁਰੂ ਹੋ ਗਈ ਹੈ।

ਅਸਲ ਵਿਚ ਪਿਛਲੇ ਕੁਝ ਸਮੇਂ ਦੌਰਾਨ ਜਿਸ ਤਰ੍ਹਾਂ ਸੰਸਾਰ ਪੱਧਰ ਉਤੇ ਕੱਟੜਤਾ ਦੀ ਹਨੇਰੀ ਝੁੱਲੀ ਹੈ, ਉਸ ਨੇ ਸੰਸਾਰ ਭਰ ਦੇ ਮਾਨਸ ਉਤੇ ਅਸਰ ਪਾਇਆ ਹੈ। ਵੱਖ-ਵੱਖ ਮੁਲਕਾਂ ਦੇ ਮੁਖੀ ਵੀ ਕੁਝ ਅਜਿਹੇ ਲੀਡਰ ਬਣ ਗਏ ਜਿਨ੍ਹਾਂ ਨੇ ਕੱਟੜਤਾ ਨੂੰ ਰੱਜ ਕੇ ਹਵਾ ਦਿੱਤੀ। ਇਨ੍ਹਾਂ ਵਿਚ ਅਮਰੀਕਾ ਦਾ ਸਾਬਕਾ ਸਦਰ ਡੋਨਲਡ ਟਰੰਪ ਅਤੇ ਭਾਰਤ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ਾਮਿਲ ਹਨ। ਇਨ੍ਹਾਂ ਦੇ ਰਾਜਕਾਲ ਦੌਰਾਨ ਲੋਕਾਂ ਅੰਦਰ ਜਿਸ ਤਰ੍ਹਾਂ ਦੀਆਂ ਵੰਡੀਆਂ ਪਈਆਂ, ਉਸ ਨੇ ਮਨੁੱਖਤਾ ਲਈ ਖਤਰਾ ਖੜ੍ਹਾ ਕੀਤਾ ਹੈ। ਇਸ ਪ੍ਰਸੰਗ ਵਿਚ ਓਲੰਪਿਕ ਖੇਡਾਂ ਦੀ ਭਾਵਨਾ ਵਧੇਰੇ ਸਾਰਥਕ ਜਾਪਣ ਲੱਗਦੀ ਹੈ। ਖੇਡਾਂ ਤਾਂ ਉਂਜ ਵੀ ਬੰਦੇ ਨੂੰ ਬੰਦੇ ਦੇ ਨੇੜੇ ਕਰਦੀਆਂ ਹਨ ਅਤੇ ਤਾਲਮੇਲ ਵਧਾਉਣ ਵਿਚ ਅਹਿਮ ਰੋਲ ਨਿਭਾਉਂਦੀਆਂ ਹਨ। ਇਹੀ ਨਹੀਂ, ਖੇਡਾਂ ਸਾਨੂੰ ਸਹਿਣਸ਼ੀਲਤਾ ਦਾ ਪਾਠ ਵੀ ਪੜ੍ਹਾਉਂਦੀਆਂ ਹਨ ਜਿਸ ਨੂੰ ਕੱਟੜ ਸਿਆਸਤ ਸਦਾ ਤਾਰ-ਤਾਰ ਕਰਨਾ ਚਾਹੁੰਦੀ ਹੈ। ਅੱਜ ਜਿਸ ਤਰ੍ਹਾਂ ਦੇ ਸੰਕਟ ਸਮੁੱਚੇ ਸੰਸਾਰ ਅੱਗੇ ਆ ਰਹੇ ਹਨ, ਉਨ੍ਹਾਂ ਨਾਲ ਨਜਿੱਠਣ ਲਈ ਬਿਨਾ ਸ਼ੱਕ, ਓਲੰਪਿਕ ਵਾਲੀ ਖੇਡ ਭਾਵਨਾ ਦਾ ਵੱਡਾ ਰੋਲ ਬਣ ਸਕਦਾ ਹੈ ਪਰ ਇਹ ਤਾਂ ਹੀ ਸੰਭਵ ਹੈ, ਜੇ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਇਸ ਪਾਸੇ ਕਦਮ ਵਧਾਉਣ। ਇਸ ਦੀ ਸਭ ਤੋਂ ਉਮਦਾ ਮਿਸਾਲ ਭਾਰਤ ਅਤੇ ਪਾਕਿਸਤਾਨ ਦੇ ਰਿਸ਼ਤਿਆਂ ਦੀ ਹੈ। ਦੋਹਾਂ ਮੁਲਕਾਂ ਦੇ ਬਹੁਤੇ ਲੋਕ ਆਪਸ ਵਿਚ ਨਿੱਘੇ ਰਿਸ਼ਤੇ ਚਾਹੁੰਦੇ ਹਨ ਪਰ ਦੋਹਾਂ ਮੁਲਕਾਂ ਦੇ ਕੁਝ ਸਿਆਸਤਦਾਨ ਅਤੇ ਸਿਆਸਤ ਚਲਾ ਰਹੇ ਲੋਕ, ਦੋਹਾਂ ਪਾਸਿਆਂ ਦੇ ਲੋਕਾਂ ਵਿਚਕਾਰ ਨਫਰਤ ਦੀ ਹਨੇਰੀ ਵਗਾਉਣ ਦਾ ਯਤਨ ਕਰਦੇ ਰਹਿੰਦੇ ਹਨ ਅਤੇ ਬਹੁਤ ਵਾਰ ਆਪਣੇ ਮਨਸੂਬਿਆਂ ਵਿਚ ਕਾਮਯਾਬ ਵੀ ਹੋ ਜਾਂਦੇ ਹਨ। ਹੁਣ ਆਮ ਲੋਕ ਭਾਵੇਂ ਅਜਿਹੇ ਲੋਕਾਂ ਦੀ ਸ਼ੈਤਾਨੀਆਂ ਨੂੰ ਸਮਝਣ ਲੱਗੇ ਹਨ ਪਰ ਇਸ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਜੇ ਅਜਿਹੇ ਕੱਟੜ ਲੋਕਾਂ ਨੂੰ ਖਦੇੜ ਦਿੱਤਾ ਜਾਵੇ ਤਾਂ ਸਮੁੱਚੀ ਮਨੁੱਖਤਾ ਲਈ ਰਾਹ ਮੋਕਲੇ ਹੋ ਸਕਦੇ ਹਨ। ਦੁਨੀਆ ਦੇ ਹਰ ਰਹਿਬਰ ਨੇ ਸਦਭਾਵ ਦਾ ਹੀ ਸੁਨੇਹਾ ਦਿੱਤਾ ਹੈ, ਇਸ ਸਦਭਾਵ ਉਤੇ ਸਿਆਸਤ ਕਦੀ ਵੀ ਭਾਰੂ ਨਹੀਂ ਪੈਣੀ ਚਾਹੀਦੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਚਰਚਾ ਬੇਅਦਬੀਆਂ ਦੀ!*

ਬੰਦ ਕਮਰੇ ਵਿਚ ਮੀਟਿੰਗ 'ਪ੍ਰਧਾਨ ਜੀ' ਨੇ ਕਰਕੇ 'ਜੁਗਤਿ' ਸੀ ਜਿਵੇਂ ਸਮਝਾਈ ਹੋਈ।
ਛੱਡ ਲਿਆ ਨਿਧੜਕ ਪ੍ਰਚਾਰਕਾਂ ਨੂੰ, ਰਲੀ-ਮਿਲੀ ਜਿਹੀ 'ਧਿਰ' ਬੁਲਾਈ ਹੋਈ।
ਜਥੇਦਾਰਾਂ ਨੂੰ ਫਿਕਰ ਹੈ ਅਹੁਦਿਆਂ ਦਾ, ਕਿਸੇ 'ਟਿਕਟ' ਦੀ ਆਸ ਰਖਾਈ ਹੋਈ।
ਸਿੱਖ ਜਗਤ ਅਚੰਭੇ ਦੇ ਨਾਲ ਸੋਚੇ, ਮਸਲੇ ਵਾਲੀ ਤਾਂ ਜੜ੍ਹ ਲੁਕਾਈ ਹੋਈ।
ਪੈਣੇ ਨਾਮ ਨਹੀਂ ਵਿਚ ਲਿਫਾਫਿਆਂ ਦੇ, ਦਿੱਤੀ ਰਿਐਤ ਨਾ ਜੇ ਪ੍ਰਤਿਪਾਲਕਾਂ ਨੂੰ।
ਚਰਚਾ ਇਸ ਤਰ੍ਹਾਂ ਕਰੀ ਬੇਅਦਬੀਆਂ ਦੀ, ਆਈ ਆਂਚ ਨਾ ਜਰਾ ਵੀ 'ਮਾਲਕਾਂ' ਨੂੰ!

# ਭਾਰਤ ਵਿਚ ਦੇਸ਼ ਧਰੋਹ ਦਾ ਕਾਨੂੰਨ ਅਤੇ ਲੋਕਤੰਤਰ

***ਭਾਰਤ ਵਿਚ ਦੇਸ਼ ਧਰੋਹ ਵਾਲਾ ਕਾਨੂੰਨ ਅੰਗਰੇਜ਼ ਹਾਕਮਾਂ ਨੇ ਦੇਸ਼ ਭਗਤਾਂ ਨੂੰ ਦਬਾਉਣ ਅਤੇ ਜੇਲ੍ਹਾਂ ਅੰਦਰ ਡੱਕਣ ਲਈ ਲਾਗੂ ਕੀਤਾ ਸੀ। ਇੰਗਲੈਂਡ ਇਹ ਕਾਨੂੰਨ ਖਤਮ ਕਰ ਚੁੱਕਾ ਹੈ ਪਰ ਭਾਰਤ ਅੰਦਰ ਇਹ ਕਾਨੂੰਨ ਅਜੇ ਵੀ ਲਾਗੂ ਹੈ ਅਤੇ ਅੱਜ ਕੱਲ੍ਹ ਮੋਦੀ ਸਰਕਾਰ ਇਸ ਕਾਨੂੰਨ ਦੀ ਦੁਰਵਰਤੋਂ ਅਸਹਿਮਤੀ ਪ੍ਰਗਟਾਉਣ ਵਾਲਿਆਂ ਖਿਲਾਫ ਕਰ ਰਹੀ ਹੈ। ਭਾਰਤੀ ਸੁਪਰੀਮ ਕੋਰਟ ਦੇ ਉਘੇ ਵਕੀਲ ਰਾਕੇਸ਼ ਦਿਵੇਦੀ ਨੇ ਇਨ੍ਹਾਂ ਸਮੁੱਚੇ ਹਾਲਾਤ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ।***

**ਰਾਕੇਸ਼ ਦਿਵੇਦੀ**

ਇਹ ਬਹੁਤ ਹੈਰਾਨਕੁਨ ਤੇ ਵਿਰੋਧਾਭਾਸੀ ਹੈ ਕਿ ਇੰਗਲੈਂਡ ਦੀ ਮਹਾਰਾਣੀ ਐਲਿਜ਼ਾਬੈਥ ਦੇ ਦੌਰ ਦਾ ਦੇਸ਼ ਧਰੋਹ ਦਾ ਕਾਨੂੰਨ (1593) ਜਿਸ ਨੂੰ ਵੱਖੋ-ਵੱਖ ਮੁਲਕਾਂ ਵੱਲੋਂ ਬਾਅਦ ਵਿਚ ਸੋਧ ਕੇ ਲਾਗੂ ਕੀਤਾ ਗਿਆ, ਨੂੰ ਬਰਤਾਨਵੀ ਸੰਸਦ ਦੇ ਕਾਨੂੰਨ ਕੋਰੋਨਰਜ਼ ਐਂਡ ਜਸਟਿਸ ਐਕਟ-2009 ਤਹਿਤ ਬਰਤਾਨੀਆ ਵਿਚੋਂ ਖਤਮ ਕਰ ਦਿੱਤਾ ਗਿਆ। ਇਸ ਦੇ ਬਾਵਜੂਦ ਅਸੀਂ ਭਾਰਤ ਵਿਚ ਅੱਜ ਵੀ ਭਾਰਤੀ ਦੰਡਾਵਲੀ/ਤਾਜ਼ੀਰਾਤੇ-ਹਿੰਦ (ਆਈ.ਪੀ.ਸੀ.) ਦੀ ਦਫਾ 124ਏ ਤਹਿਤ ਇਸ ਨੂੰ ਜਾਰੀ ਰੱਖਿਆ ਹੋਇਆ ਹੈ।

ਭਾਰਤ ਦੀ ਬਰਤਾਨਵੀ ਬਸਤੀਵਾਦੀ ਹਕੂਮਤ ਨੇ ਇਸ ਧਾਰਾ ਨੂੰ 1870 ਵਿਚ ਆਈ.ਪੀ.ਸੀ. 'ਚ ਸ਼ਾਮਲ ਕੀਤਾ। ਇਹ ਕਾਰਵਾਈ 1857 ਦੀ ਬਗਾਵਤ ਦੇ ਪਿਛੋਕੜ ਵਿਚ ਕੀਤੀ ਗਈ ਸੀ। ਇਸ ਦੇ ਬਾਵਜੂਦ ਬਾਅਦ ਵਿਚ ਅੰਗਰੇਜ਼ ਹਕੂਮਤ ਇਸ ਐਕਟ ਨੂੰ ਖੁੱਲ੍ਹੇਆਮ ਅਹਿੰਸਕ ਆਜ਼ਾਦੀ ਘੁਲਾਟੀਆਂ ਅਤੇ ਸਰਕਾਰ ਦੀਆਂ ਕਾਰਵਾਈਆਂ ਤੇ ਕਾਨੂੰਨਾਂ ਦਾ ਵਿਰੋਧ ਕਰਨ ਵਾਲੇ ਹੋਰ ਆਮ ਲੋਕਾਂ ਖਿਲਾਫ ਇਸਤੇਮਾਲ ਕਰਦੀ ਰਹੀ। ਬਾਲ ਗੰਗਾਧਰ ਤਿਲਕ, ਮਹਾਤਮਾ ਗਾਂਧੀ, ਭਗਤ ਸਿੰਘ ਆਦਿ ਸਣੇ ਵੱਡੀ ਗਿਣਤੀ ਭਾਰਤੀਆਂ ਖਿਲਾਫ ਅੰਗਰੇਜ਼ ਹਕੂਮਤ ਨੇ ਦੇਸ਼ ਧਰੋਹ ਦੇ ਮੁਕੱਦਮੇ ਚਲਾਏ। ਇਸ ਤੋਂ ਇਲਾਵਾ ਪ੍ਰਿੰਟ ਮੀਡੀਆ ਵਿਚ ਵੀ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਖਿਲਾਫ ਇਸ ਕਾਨੂੰਨ ਦੀ ਵਰਤੋਂ ਕੀਤੀ ਗਈ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਭਾਵੇਂ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦਾ ਸਾਡਾ ਬੁਨਿਆਦੀ ਹੱਕ ਸੰਵਿਧਾਨ ਵਿਚ ਵਧੀਆ ਢੰਗ ਨਾਲ ਸਥਾਪਿਤ ਕਰ ਦਿੱਤਾ ਗਿਆ ਪਰ ਇਸ ਦੇ ਬਾਵਜੂਦ ਕੇਂਦਰ ਸਰਕਾਰ ਨੇ ਸੰਵਿਧਾਨ ਦੀ ਧਾਰਾ 19(2) ਵਿਚ ਤਰਮੀਮ ਕਰਨੀ ਜ਼ਰੂਰੀ ਸਮਝੀ ਤਾਂ ਕਿ ਇਸ ਸਬੰਧੀ ਲੋੜੀਂਦੀਆਂ ਪਾਬੰਦੀਆਂ ਤੇ ਬੰਦਸ਼ਾਂ ਲਾਉਣ ਲਈ ਵਿਧਾਨ ਪਾਲਿਕਾ ਦੇ ਅਖਤਿਆਰ ਵਧਾਏ ਜਾ ਸਕਣ। ਸੰਵਿਧਾਨ ਸਭਾ ਨੇ ਭਾਵੇਂ ਦੇਸ਼ ਧਰੋਹ ਦੇ ਕਾਨੂੰਨ ਨੂੰ ਹਟਾ ਦਿੱਤਾ ਸੀ ਪਰ ਤਾਂ ਵੀ ਧਾਰਾ 124ਏ ਨੂੰ ਰੱਖ ਲਿਆ ਗਿਆ। ਇਸ ਨੂੰ ਸੰਵਿਧਾਨਿਕ ਤੌਰ 'ਤੇ ਜਾਇਜ਼ ਠਹਿਰਾਉਣ ਲਈ ਸ਼ਾਇਦ ਦੇਸ਼ ਦੀ ਵੰਡ ਤੋਂ ਬਾਅਦ, ਅਜਿਹੇ ਸੂਬੇ ਜਿਹੜੇ ਉਦੋਂ ਤੱਕ ਵੀ ਦੇਸ਼ ਤੋਂ ਬਾਹਰ ਹੀ ਸਨ ਅਤੇ ਨਾਲ ਹੀ ਪਾਕਿਸਤਾਨ ਨਾਲ ਕਸ਼ਮੀਰ ਦਾ ਮਸਲਾ ਖੜ੍ਹਾ ਹੋਣ ਜਾਂ ਦੂਜੇ ਲਫਜ਼ਾਂ ਵਿਚ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਦਲੀਲ ਨੂੰ ਆਧਾਰ ਬਣਾਇਆ ਗਿਆ।

ਇਸ ਦੇ ਬਾਵਜੂਦ, ਇਸ ਕਾਨੂੰਨ ਦੀ ਦੁਰਵਰਤੋਂ ਦੇ ਜਿਹੜੇ ਖਦਸ਼ੇ ਸੰਵਿਧਾਨ ਦੇ ਸਿਰਜਕਾਂ ਨੇ ਜ਼ਾਹਰ ਕੀਤੇ ਸਨ, ਉਹ ਅੱਜ ਸੱਚ ਸਾਬਤ ਹੋ ਰਹੇ ਹਨ, ਕਿਉਂਕਿ ਵੱਖੋ-ਵੱਖ ਸਰਕਾਰਾਂ ਜਮਹੂਰੀ ਵਿਰੋਧ ਨੂੰ ਦਬਾਉਣ ਲਈ ਵੀ ਇਸ ਦੀ ਖੁੱਲ੍ਹੇਆਮ ਵਰਤੋਂ ਕਰ ਰਹੀਆਂ ਹਨ। ਹਾਲੀਆ ਦੌਰ ਵਿਚ ਕਿਸਾਨਾਂ, ਵਿਦਿਆਰਥੀਆਂ, ਲੇਖਕਾਂ ਅਤੇ ਸਿਆਸੀ ਮੁਖਾਲਿਫਾਂ ਆਦਿ ਨੂੰ ਦੇਸ਼ ਧਰੋਹ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਇਸ ਕਾਰਨ ਸੁਪਰੀਮ ਕੋਰਟ ਨੇ ਇਸ ਮਾਮਲੇ ਨੂੰ ਅਦਾਲਤੀ ਨਿਰਖ-ਪਰਖ ਲਈ ਮਨਜ਼ੂਰ ਕਰ ਕੇ ਬਿਲਕੁਲ ਸਹੀ ਕਦਮ ਚੁੱਕਿਆ ਹੈ।

ਅਹਿਮ ਗੱਲ ਇਹ ਹੈ ਕਿ ਸੁਪਰੀਮ ਕੋਰਟ ਨੇ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ, ਜੀਣ ਤੇ ਆਜ਼ਾਦੀ ਦੇ ਅਧਿਕਾਰਾਂ ਅਤੇ ਨਾਲ ਹੀ ਜਮਹੂਰੀਅਤ ਨੂੰ ਸੰਵਿਧਾਨ ਦੀਆਂ ਬੁਨਿਆਦੀ ਖੂਬੀਆਂ ਕਰਾਰ ਦਿੱਤਾ ਹੈ। ਦੇਸ਼ ਦੇ ਨਾਗਰਿਕਾਂ ਦੇ ਇਹ ਹੱਕ ਬੁਨਿਆਦੀ ਹਨ, ਨਾ ਕਿ ਬੰਦਸ਼ਾਂ, ਪਰ ਅੱਜ ਜਮਹੂਰੀਅਤ ਅਤੇ ਇਨ੍ਹਾਂ ਹੱਕਾਂ ਦਾ ਮਤਲਬ



ਲਾਜ਼ਮੀ ਤੌਰ 'ਤੇ ਸਮੇਂ ਦੀ ਸਰਕਾਰ ਦੇ ਵਿਰੋਧੀ ਹੋਣ ਵਜੋਂ ਕੱਢਿਆ ਜਾ ਰਿਹਾ ਹੈ। ਉਨ੍ਹਾਂ ਦਾ ਭਾਵ ਸਰਕਾਰ ਦੀ ਕਾਰਵਾਈ ਜਾਂ ਕਾਰਵਾਈ ਨਾ ਕਰਨ ਦੀ ਆਲੋਚਨਾ ਵਜੋਂ ਲਿਆ ਜਾ ਰਿਹਾ ਹੈ। ਇਸ ਲਈ, ਦੇਸ਼ ਧਰੋਹ ਦੇ ਕਾਨੂੰਨ ਨੂੰ ਅਸੰਤੋਸ਼ ਨੂੰ ਰੋਕਣ ਜਾਂ ਅਸੰਤੁਸ਼ਟਾਂ ਨੂੰ ਦਬਾਉਣ ਲਈ ਨਹੀਂ ਵਰਤਿਆ ਜਾ ਸਕਦਾ।

ਨਾਲ ਹੀ ਅਸੀਂ ਇਹ ਵੀ ਨਹੀਂ ਭੁੱਲ ਸਕਦੇ ਕਿ ਸਾਡੇ ਮੁਲਕ ਨੂੰ ਦਹਿਸ਼ਤਗਰਦੀ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੌਮੀ ਏਕਤਾ ਦੀ ਹਿਫਾਜ਼ਤ ਜ਼ਰੂਰੀ ਹੈ ਇਹ ਸੰਵਿਧਾਨ ਦੀ ਧਾਰਾ 51ਏ ਤਹਿਤ ਮੁਲਕ ਦੇ ਸਾਰੇ ਬਾਸ਼ਿੰਦਿਆਂ ਦਾ ਬੁਨਿਆਦੀ ਫਰਜ਼ ਹੈ। ਅਸੀਂ ਇਹ ਵੀ ਦੇਖ ਚੁੱਕੇ ਹਾਂ ਕਿ ਦੇਸ਼ ਦੀ ਏਕਤਾ ਲਈ ਖਤਰਾ ਦੋਵੇਂ ਪਾਸਿਆਂ ਤੋਂ ਹੈ ਅੰਦਰੂਨੀ ਵੀ, ਬਹਿਰੂਨੀ ਵੀ। ਇਸ ਲਈ ਸਾਨੂੰ ਇਸ ਮਾਮਲੇ ਵਿਚ ਨਿਤਾਰਾ ਕਰਨ ਤੇ ਲਕੀਰ ਖਿੱਚ ਲੈਣ ਦੀ ਲੋੜ ਹੈ। ਇਹ ਵੀ ਸਾਫ ਹੈ ਕਿ ਸਮੇਂ ਦੀ ਸਰਕਾਰ ਹੀ ਰਾਸ਼ਟਰ ਜਾਂ ਦੇਸ਼ ਨਹੀਂ ਹੈ, ਭਾਵੇਂ ਕਿ ਪ੍ਰਧਾਨ ਮੰਤਰੀ ਦੇ ਕੁਝ ਹਮਾਇਤੀਆਂ ਵੱਲੋਂ ਪ੍ਰਧਾਨ ਮੰਤਰੀ ਨੂੰ ਰਾਸ਼ਟਰ ਦੇ ਹੀ ਰੂਪ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸਾਡੇ ਦੇਸ਼ ਵਿਚ ਪ੍ਰਧਾਨ ਮੰਤਰੀ (ਸੰਸਦੀ) ਤਰਜ਼ ਵਾਲੀ ਸਰਕਾਰ ਹੈ, ਪਰ ਇਸ ਦਾ ਇਹ ਮਤਲਬ ਹਰਗਿਜ਼ ਨਹੀਂ ਕਿ ਪ੍ਰਧਾਨ ਮੰਤਰੀ ਹੀ ਦੇਸ਼ ਹੈ। ਇਸ ਦੇ ਬਾਵਜੂਦ ਅਸੀਂ ਦੇਖ ਰਹੇ ਹਾਂ ਕਿ ਜੇ ਕੋਈ ਵਿਅਕਤੀ ਸਰਕਾਰ ਬਾਰੇ ਗਲਤ ਬੋਲਦਾ ਹੈ ਤਾਂ ਉਸ ਉਤੇ ਦੇਸ਼ ਧਰੋਹ ਦੇ ਦੋਸ਼ ਮੜ੍ਹ ਦਿੱਤੇ ਜਾਂਦੇ ਹਨ; ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲਿਆਂ ਨੂੰ ਦੇਸ਼ ਧਰੋਹ ਦੇ ਮੁਕੱਦਮਿਆਂ ਵਿਚ ਫਸਾ ਕੇ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਹੈ। ਇਸ ਦੇ ਸਿੱਟੇ ਵਜੋਂ, ਕੇਦਾਰਨਾਥ ਕੇਸ (1962), ਜਿਸ ਦਾ ਫੈਸਲਾ ਸੁਣਾਉਂਦਿਆਂ ਸੁਪਰੀਮ ਕੋਰਟ ਨੇ ਧਾਰਾ 124ਏ ਦੀ ਸੰਵਿਧਾਨਿਕਤਾ ਬਰਕਰਾਰ ਰੱਖੀ ਸੀ, ਉਤੇ ਮੁੜ ਤੋਂ ਨਜ਼ਰ ਮਾਰੇ ਜਾਣ ਦੀ ਲੋੜ ਹੈ। ਅੱਜ ਇਹ ਸੋਚਣ-ਵਿਚਾਰਨ ਦੀ ਲੋੜ ਹੈ ਕਿ ਕੀ ਇਸ ਧਾਰਾ ਨੂੰ ਖਾਰਜ ਕਰ ਦਿੱਤਾ ਜਾਣਾ ਚਾਹੀਦਾ ਹੈ ਜਾਂ ਫਿਰ ਇਸ ਨੂੰ ਇਸ ਤਰ੍ਹਾਂ ਸੀਮਤ ਕਰ ਦਿੱਤਾ ਜਾਵੇ ਅਤੇ ਇਸ ਦੀ ਦੁਰਵਰਤੋਂ ਰੋਕਣ ਲਈ ਇਸ ਉਤੇ ਹੋਰ ਬੰਦਸ਼ਾਂ ਲਾ ਦਿੱਤੀਆਂ ਜਾਣ, ਤਾਂ ਕਿ ਅਸੰਤੋਖ, ਆਲੋਚਨਾ ਤੇ ਵਿਰੋਧ ਜ਼ਾਹਰ ਕਰਨ ਨੂੰ ਵਧੇਰੇ ਖੁੱਲ੍ਹ ਮਿਲ ਸਕੇ। ਸੰਖੇਪ ਵਿਚ ਆਖਿਆ ਜਾਵੇ ਤਾਂ ਜਮਹੂਰੀਅਤ ਕਿਵੇਂ ਸਹੀ ਤੇ ਮੁਕੰਮਲ ਰੂਪ ਵਿਚ ਕੰਮ ਕਰੇ, ਇਹ ਅਸਲ ਮੁੱਦਾ ਹੈ।

ਆਸਟਰੇਲੀਆ ਵਿਚ ਦੇਸ਼ ਧਰੋਹ ਦੇ ਕਾਨੂੰਨ ਨੂੰ ਖਤਮ ਕਰ ਦਿੱਤਾ ਗਿਆ ਹੈ ਅਤੇ ਉਥੇ 2011 ਤੋਂ 'ਹਿੰਸਾ ਲਈ ਉਕਸਾਉਣ' ਵਾਲੇ ਭਾਸ਼ਣ ਜਾਂ ਵਿਚਾਰ ਪ੍ਰਗਟਾਵੇ ਨੂੰ ਹੀ ਜੁਰਮ ਕਰਾਰ ਦੇ ਕੇ ਉਸ ਦੀ ਮਨਾਹੀ ਕੀਤੀ ਗਈ ਹੈ। ਆਇਰਲੈਂਡ ਵਿਚ ਵੀ 2009 ਤੋਂ ਕੋਈ ਦੇਸ਼ ਧਰੋਹ ਦਾ ਕਾਨੂੰਨ ਨਹੀਂ ਹੈ। ਨਿਊਜ਼ੀਲੈਂਡ ਵਿਚ 2007 'ਚ ਹੀ ਦੇਸ਼ ਧਰੋਹ ਦੇ ਕਾਨੂੰਨ ਨੂੰ ਮਨਸੂਖ ਕਰ ਦਿੱਤਾ ਗਿਆ ਸੀ। ਅਮਰੀਕਾ ਵਿਚ 1918 ਵਿਚ ਪਹਿਲੀ ਸੰਸਾਰ ਜੰਗ ਦੌਰਾਨ ਇਹ ਕਾਨੂੰਨ ਬਣਾਇਆ ਗਿਆ ਤੇ ਬਾਅਦ ਵਿਚ ਇਸ ਨੂੰ ਕਮਿਊਨਿਸਟਾਂ ਦੇ ਖਤਰੇ ਦੇ ਟਾਕਰੇ ਲਈ ਜਾਰੀ ਰੱਖਿਆ ਗਿਆ। ਅਮਰੀਕੀ ਸੁਪਰੀਮ ਕੋਰਟ ਨੇ ਇਸ ਕਾਨੂੰਨ ਦੀ ਸੰਵਿਧਾਨਿਕਤਾ ਬਰਕਰਾਰ ਰੱਖੀ ਹੈ। ਇਸ ਬਾਰੇ ਮੁਲਕ ਵਿਚ ਬਹਿਸ ਜਾਰੀ ਹੈ।


ਇਸ ਵਕਤ, ਇਸ ਗੱਲ 'ਤੇ ਗੌਰ ਹੋ ਰਹੀ ਹੈ ਕਿ ਕੀ ਅਮਰੀਕੀ ਕੈਪੀਟਲ ਵਿਚ ਹੋਏ ਦੰਗਿਆਂ ਦੇ ਦੋਸ਼ੀਆਂ ਉਤੇ ਇਹ ਐਕਟ ਲਾਇਆ ਜਾਵੇ ਜਾਂ ਨਾ। ਅਮਰੀਕੀ ਸੁਪਰੀਮ ਕੋਰਟ ਨੇ 1969 ਵਿਚ ਬਰੈਂਡਨਬਰਗ ਬਨਾਮ ਓਹਾਇਓ ਕੇਸ ਵਿਚ ਕਿਹਾ ਸੀ ਕਿ ਸਰਕਾਰ 'ਤਾਕਤ ਦੀ ਵਰਤੋਂ ਜਾਂ ਕਾਨੂੰਨ ਦੇ ਉਲੰਘਣ ਦੀ ਵਕਾਲਤ ਤੋਂ ਨਹੀਂ ਰੋਕ ਸਕਦੀ, ਸਿਵਾ ਇਸ ਦੇ ਕਿ ਜਿਥੇ ਅਜਿਹੀ ਵਕਾਲਤ ਫੌਰੀ ਗੈਰਕਾਨੂੰਨੀ ਕਾਰਵਾਈ ਨੂੰ ਉਕਸਾਉਣ ਜਾਂ ਪੈਦਾ ਕਰਨ ਵੱਲ ਸੇਧਿਤ ਹੋਵੇ ਅਤੇ ਉਸ ਤੋਂ ਅਜਿਹੀ ਕਾਰਵਾਈ ਨੂੰ ਉਕਸਾਏ ਜਾਂ ਪੈਦਾ ਕੀਤੇ ਜਾਣ ਦੀ ਸੰਭਾਵਨਾ ਹੋਵੇ।' ਇਸ ਤਰ੍ਹਾਂ ਅਮਰੀਕੀ ਕਾਨੂੰਨ ਵਿਚ ਦੇਸ਼ ਧਰੋਹ ਲਈ ਤਾਕਤ ਅਤੇ ਹਿੰਸਾ ਦੀ ਵਰਤੋਂ ਨੂੰ ਜ਼ਰੂਰੀ ਅੰਸ਼ ਮੰਨਿਆ ਗਿਆ ਹੈ। ਕਾਨੂੰਨ ਦਾ ਘੇਰਾ ਸੀਮਤ ਤੇ ਸੌੜਾ ਹੈ ਅਤੇ ਇਸ ਦੀ ਵਿਆਖਿਆ ਵੀ ਸੀਮਤ ਹੀ ਕੀਤੀ ਗਈ ਹੈ।

ਸਾਫ ਹੈ ਕਿ ਦੇਸ਼ ਧਰੋਹ ਦੇ ਕਾਨੂੰਨ ਦੀ ਦੁਰਵਰਤੋਂ ਦੇ ਮੁਤੱਲਕ ਆਲਮੀ ਰੁਝਾਨ ਇਹੋ ਹੈ ਕਿ ਜਾਂ ਤਾਂ ਇਸ ਕਾਨੂੰਨ ਨੂੰ ਖਤਮ ਕਰ ਦਿੱਤਾ ਗਿਆ ਹੈ ਜਾਂ ਫਿਰ ਇਕ ਸੀਮਤ ਕਾਨੂੰਨ ਨਾਲ ਬਦਲ ਦਿੱਤਾ ਗਿਆ ਹੈ ਅਤੇ ਨਾਲ ਹੀ ਅਦਾਲਤਾਂ ਵੱਲੋਂ ਵੀ ਇਸ ਦੀ ਸੀਮਤ ਵਰਤੋਂ ਦੇ ਪੱਖ ਵਿਚ ਹੀ ਵਿਆਖਿਆ ਕੀਤੀ ਹੈ। ਧਾਰਾ 124ਏ ਵਿਚ ਉਹ ਵਿਅਕਤੀ ਸ਼ਾਮਲ ਹਨ, ਜੋ ਆਪਣੇ ਜ਼ੁਬਾਨੀ ਜਾਂ ਲਿਖਤੀ ਸ਼ਬਦਾਂ ਰਾਹੀਂ, ਜ਼ਾਹਿਰਾ ਪ੍ਰਗਟਾਵਿਆਂ ਜਾਂ ਹੋਰ ਕਿਸੇ ਢੰਗ ਨਾਲ ਨਫਰਤ ਜਾਂ ਅਪਮਾਨ ਪੈਦਾ ਕਰਦੇ ਜਾਂ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਾਂ ਕਾਨੂੰਨ ਰਾਹੀਂ ਕਾਇਮ ਸਰਕਾਰ ਪ੍ਰਤੀ ਨਾਰਾਜ਼ਗੀ ਪੈਦਾ ਕਰਦੇ ਜਾਂ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਅਤੇ ਨਾਰਾਜ਼ਗੀ ਵਿਚ ਬਗਾਵਤ ਅਤੇ ਦੁਸ਼ਮਣੀ ਦੀਆਂ ਸਾਰੀਆਂ ਭਾਵਨਾਵਾਂ ਸ਼ਾਮਲ ਹਨ (ਵਿਆਖਿਆ 1)।

ਵਿਆਖਿਆ 2 ਸਰਕਾਰੀ ਕਦਮਾਂ ਦੇ ਨਾਰਾਜ਼ਗੀ ਪੈਦਾ ਕੀਤੇ ਬਿਨਾ ਵਿਰੋਧ ਦੀ ਇਜਾਜ਼ਤ ਦਿੰਦੀ ਹੈ: "ਸਰਕਾਰ ਦੇ ਕਦਮਾਂ ਪ੍ਰਤੀ ਨਾਪਸੰਦਗੀ ਜ਼ਾਹਰ ਕਰਨ ਵਾਲੀਆਂ ਅਜਿਹੀਆਂ ਟਿੱਪਣੀਆਂ, ਜਿਹੜੀਆਂ ਕਾਨੂੰਨੀ ਤਰੀਕਿਆਂ ਰਾਹੀਂ (ਉਨ੍ਹਾਂ ਵਿਚ) ਤਬਦੀਲੀ ਕਰਾਉਣ ਦੇ ਮਕਸਦ ਨਾਲ ਹੋਣ, ਨਫਰਤ, ਅਪਮਾਨ ਜਾਂ ਨਾਰਾਜ਼ਗੀ ਪੈਦਾ ਨਾ ਕਰਨ ਵਾਲੀਆਂ ਜਾਂ ਇਸ ਦੀ ਕੋਸ਼ਿਸ਼ ਨਾ ਕਰਨ ਵਾਲੀਆਂ ਹੋਣ, ਇਸ ਧਾਰਾ ਤਹਿਤ ਜੁਰਮ ਨਹੀਂ ਬਣਦੀਆਂ।"

ਇਹ ਕਾਨੂੰਨੀ ਪ੍ਰਬੰਧ ਸਾਫ ਤੌਰ 'ਤੇ ਬੇਲੋੜਾ ਤੇ ਵਧੀਕੀ ਵਾਲਾ ਹੈ। ਇਹ ਜਮਹੂਰੀਅਤ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ ਦੇ ਖ਼ਿਲਾਫ ਹੈ। ਇਹ ਸੰਵਿਧਾਨ ਦੀਆਂ ਧਾਰਾਵਾਂ 19(1)(ਜੀ) ਅਤੇ 21 ਦਾ ਉਲੰਘਣ ਕਰਦਾ ਹੈ। ਸਰਕਾਰ ਨੂੰ ਇਸ ਉਤੇ ਨਵੇਂ ਸਿਰਿਉਂ ਗੌਰ ਕਰਨੀ ਚਾਹੀਦੀ ਹੈ ਅਤੇ ਜੇ ਜ਼ਰੂਰੀ ਹੋਵੇ ਤਾਂ ਇਸ ਨੂੰ ਬਦਲ ਕੇ ਇਸ ਦੀ ਥਾਂ ਸੌੜੇ ਪ੍ਰਬੰਧਾਂ ਵਾਲਾ ਦੇਸ਼ ਧਰੋਹ ਦਾ ਕਾਨੂੰਨ ਲਿਆਉਣਾ ਚਾਹੀਦਾ ਹੈ।

# ਜਸੂਸੀ ਕਾਂਡ ਦੀ ਮਾਰ ਅਤੇ ਵਿਰੋਧੀ ਧਿਰ ਦੀ ਪਹੁੰਚ




**ਅਭੈ ਕੁਮਾਰ ਦੂਬੇ**

ਅਜਿਹਾ ਲੱਗ ਰਿਹਾ ਹੈ ਕਿ ਭਾਰਤ ਦੀ ਵਿਰੋਧੀ ਧਿਰ ਨੂੰ ਪੈਗਾਸਸ ਦੇ ਜਾਸੂਸੀ ਕਾਂਡ ਤੋਂ ਬਹੁਤ ਉਮੀਦਾਂ ਹਨ। ਜੇਕਰ ਅਜਿਹਾ ਨਾ ਹੁੰਦਾ ਤਾਂ ਉਹ ਇਸ ਨੂੰ ਕੇਂਦਰ ਬਣਾ ਕੇ ਸੰਸਦ ਦੇ ਮੌਜੂਦਾ ਇਜਲਾਸ ਨੂੰ ਲਗਾਤਾਰ ਠੱਪ ਕਰਨ ਦੀ ਰਣਨੀਤੀ ਨਾ ਬਣਾਉਂਦੇ। ਇਹ ਉਮੀਦਾਂ ਕਿਸ ਤਰ੍ਹਾਂ ਦੀਆਂ ਹਨ? ਇਸ ਸਵਾਲ ਦਾ ਜਵਾਬ ਸਾਨੂੰ ਮਿਲ ਸਕਦਾ ਹੈ, ਜੇਕਰ ਅਸੀਂ ਵਿਰੋਧੀ ਧਿਰ ਦੇ ਸਾਹਮਣੇ ਮੌਜੂਦਾ ਮੁੱਦਿਆਂ ਤੋਂ ਹੋ ਸਕਣ ਵਾਲੇ ਲਾਭਾਂ ਅਤੇ ਪੈਗਾਸਸ ਦੇ ਰਾਜਨੀਤਕ ਕਿਰਦਾਰ ਦੀ ਤੁਲਨਾਤਮਿਕ ਸਮੀਖਿਆ ਕਰੀਏ। ਮਹਿੰਗਾਈ ਇਸ ਸਮੇਂ ਆਪਣੇ ਸਿਖਰ 'ਤੇ ਹੈ। ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ 100 ਰੁਪਏ ਤੋਂ ਪਾਰ ਚਲੀਆਂ ਗਈਆਂ ਹਨ, ਕੋਵਿਡ-19 ਪ੍ਰਬੰਧਾਂ ਵਿਚ ਹੋਈਆਂ ਧਾਂਦਲੀਆਂ ਅਤੇ ਉਸ ਤੋਂ ਬਾਅਦ ਵੈਕਸੀਨ ਸਪਲਾਈ ਵਿਚ ਹੋਈਆਂ ਗਲਤੀਆਂ ਵੀ ਹਨ। ਅਰਥ-ਵਿਵਸਥਾ ਦੀ ਹਾਲਤ ਖਰਾਬ ਹੈ। ਬੇਰੁਜ਼ਗਾਰੀ ਦੀ ਕੋਈ ਹੱਦ ਹੀ ਨਹੀਂ ਰਹੀ। ਆਮ ਜਨਤਾ ਦੀ ਆਮਦਨ ਵਿਚ ਲਗਾਤਾਰ ਗਿਰਾਵਟ ਆ ਰਹੀ ਹੈ। ਸਰਕਾਰ ਦੇ ਕੋਲ ਉਨ੍ਹਾਂ ਨੂੰ ਦੇਣ ਲਈ ਕੋਈ ਆਰਥਿਕ ਪੈਕੇਜ ਨਹੀਂ ਹਨ। ਉਧਰ ਵਿਦੇਸ਼ ਨੀਤੀ 'ਤੇ ਚੀਨ ਦਾ ਗ੍ਰਹਿਣ ਅਜੇ ਤੱਕ ਲੱਗਿਆ ਹੋਇਆ ਹੈ। ਨੌਬਤ ਇਹ ਆ ਗਏ ਹੈ ਕਿ ਸਰਕਾਰ ਕੈਲਾਸ਼ 'ਤੇ ਫੌਜ ਤਾਇਨਾਤ ਕਰਨ ਬਾਰੇ ਸੋਚਣ ਲੱਗੀ ਹੈ। ਕਿਸਾਨ ਅੰਦੋਲਨ ਵੀ ਜਾਰੀ ਹੈ ਅਤੇ ਉਸ ਨੇ ਖੁੱਲ੍ਹ ਕੇ ਭਾਜਪਾ ਵਿਰੋਧੀ ਮੋੜ ਲੈ ਲਿਆ ਹੈ। ਇਹ ਕੋਈ ਛੋਟੀਆਂ-ਮੋਟੀਆਂ ਗੱਲਾਂ ਨਹੀਂ ਹਨ। ਫਿਰ ਇਨ੍ਹਾਂ ਨੂੰ ਦੂਜੇ ਦਰਜੇ 'ਤੇ ਰੱਖ ਕੇ ਵਿਰੋਧੀ ਧਿਰ ਪੈਗਾਸਸ ਨੂੰ ਪਹਿਲ ਕਿਉਂ ਦੇ ਰਹੀ ਹੈ?

ਪਹਿਲੀ ਗੱਲ ਤਾਂ ਇਹ ਹੈ ਕਿ ਪੈਗਾਸਸ ਦਾ ਘਟਨਾਕ੍ਰਮ ਭਾਰਤੀ ਰਾਜਨੀਤੀ ਲਈ ਇਕਦਮ ਨਵੀਂ ਚੀਜ਼ ਹੈ। ਅਜਿਹੀ ਘਟਨਾ ਪਹਿਲਾਂ ਕਦੇ ਨਹੀਂ ਹੋਈ। ਦੂਜੀ ਗੱਲ ਇਹ ਹੈ ਕਿ ਇਸ ਦਾ ਸਬੰਧ ਕੇਵਲ ਕੇਂਦਰ ਸਰਕਾਰ ਨਾਲ ਹੀ ਹੈ। ਵਿਰੋਧੀ ਧਿਰ ਦੀਆਂ ਰਾਜ ਸਰਕਾਰਾਂ ਦੀ ਇਸ ਵਿਚ ਕੋਈ ਭੂਮਿਕਾ ਨਹੀਂ ਹੈ। ਬਾਕੀ ਸਾਰੇ ਮੁੱਦਿਆਂ 'ਤੇ ਵਿਰੋਧੀ ਧਿਰ ਨੂੰ ਭਾਜਪਾ ਵਲੋਂ ਇਹ ਆਲੋਚਨਾ ਸੁਣਨੀ ਪੈਂਦੀ ਹੈ ਕਿ ਤੁਹਾਡੀਆਂ ਰਾਜ ਸਰਕਾਰਾਂ ਦੀ ਸਥਿਤੀ ਵੀ ਇਨ੍ਹਾਂ ਮਸਲਿਆਂ 'ਤੇ ਕੇਂਦਰ ਸਰਕਾਰ ਤੋਂ ਵੱਖ ਨਹੀਂ ਹੈ, ਭਾਵ ਪੈਟਰੋਲ-ਡੀਜ਼ਲ ਦੇ ਸਵਾਲ 'ਤੇ ਭਾਜਪਾ ਦੇ ਬੁਲਾਰੇ ਪੁੱਛਦੇ ਹਨ ਕਿ ਕਿਸ ਭਾਜਪਾ ਵਿਰੋਧੀ ਸਰਕਾਰ ਨੇ ਆਪਣੇ ਟੈਕਸਾਂ ਨੂੰ ਘਟਾ ਕੇ ਰਾਜ ਵਿਚ ਇਨ੍ਹਾਂ ਨੂੰ ਸਸਤਾ ਕੀਤਾ ਹੈ? ਦਰਅਸਲ ਸਾਰੀਆਂ ਸਰਕਾਰਾਂ ਇਨ੍ਹਾਂ ਪਦਾਰਥਾਂ ਤੋਂ ਵੱਡੇ ਪੱਧਰ 'ਤੇ ਮਾਲੀਆ ਕਮਾ ਰਹੀਆਂ ਹਨ। ਕੇਂਦਰ ਜ਼ਿਆਦਾ ਕਮਾ ਰਿਹਾ ਹੈ ਪਰ ਰਾਜ ਸਰਕਾਰਾਂ ਵੀ ਜਿੰਨੀ ਹੋ ਸਕਦੀ ਹੈ, ਕਮਾਈ ਕਰ ਰਹੀਆਂ ਹਨ। ਇਨ੍ਹਾਂ ਪਦਾਰਥਾਂ ਨੂੰ ਜੀ.ਐਸ.ਟੀ. ਤਹਿਤ ਲਿਆਉਣ ਲਈ ਕੋਈ ਰਾਜ ਸਰਕਾਰ ਰਾਜ਼ੀ ਨਹੀਂ ਹੈ। ਸ਼ਰਾਬ ਅਤੇ ਤੇਲ, ਇਹ ਦੋਵੇਂ ਵਸਤਾਂ ਸਰਕਾਰਾਂ ਦੇ ਲਈ ਸੋਨੇ ਦੀ ਖਾਣ ਹਨ। ਕੋਵਿਡ-19 ਪ੍ਰਬੰਧਾਂ ਵਿਚ ਜੋ ਧਾਂਦਲੀਆਂ ਹੋਈਆਂ ਹਨ, ਉਨ੍ਹਾਂ 'ਚ ਵੀ ਸਰਕਾਰਾਂ ਦੀ ਭੂਮਿਕਾ ਰਹੀ ਹੈ। ਜੇਕਰ ਵੈਕਸੀਨ ਦੇ ਮਾੜੇ ਪ੍ਰਬੰਧਾਂ ਨੂੰ ਜੋੜ ਲਿਆ ਜਾਵੇ ਤਾਂ ਕੇਂਦਰ ਦੀ ਭੂਮਿਕਾ ਜ਼ਿਆਦਾ ਹੋ ਜਾਂਦੀ ਹੈ ਪਰ ਮੋਦੀ ਸਰਕਾਰ ਨੂੰ ਲੰਮੇ ਹੱਥੀਂ ਲੈਣ ਦਾ ਅਜਿਹਾ ਮੌਕਾ ਵਿਰੋਧੀ ਧਿਰ ਕੋਲ ਨਹੀਂ ਆ ਸਕਿਆ, ਜਿਵੇਂ ਉਹ ਪੈਗਾਸਸ ਜਾਸੂਸੀ ਕਾਂਡ ਵਿਚ ਦੇਖ ਰਹੀ ਹੈ।

ਪਰ ਇਸੇ ਮੁਕਾਮ 'ਤੇ ਵਿਰੋਧੀ ਧਿਰ ਨੂੰ ਆਪਣੇ-ਆਪ ਤੋਂ ਇਕ ਸਵਾਲ ਪੁੱਛਣਾ ਚਾਹੀਦਾ ਹੈ: ਕੀ ਪੈਗਾਸਸ ਜਾਸੂਸੀ ਕਾਂਡ ਨਾਲ ਆਮ ਲੋਕ ਪ੍ਰਭਾਵਿਤ ਹੋਏ ਹਨ? ਕੀ ਮੱਧ ਵਰਗ ਇਸ ਨੂੰ ਲੈ ਕੇ ਪ੍ਰੇਸ਼ਾਨ ਹੈ ਜਾਂ ਉਤਸ਼ਾਹਿਤ ਹੈ ਜਾਂ ਭਵਿੱਖ ਵਿਚ ਹੋ ਸਕਦਾ ਹੈ? ਇਹ ਕਿੰਨਾ ਵੀ ਗੰਭੀਰ ਕਿਉਂ ਨਾ ਹੋਵੇ, ਇਹ ਸਿਰਫ ਵੱਡੇ ਲੋਕਾਂ ਦਾ ਹੀ ਮਸਲਾ ਮਾਮਲਾ ਹੈ। ਵਿਰੋਧੀ ਧਿਰ ਨੂੰ ਇਹ ਵੀ ਮੁਲੰਕਣ ਕਰਨਾ ਚਾਹੀਦਾ ਹੈ: ਕੀ ਪੈਗਾਸਸ ਜਾਸੂਸੀ ਕਾਂਡ ਵਿਚ ਬੋਫੋਰਸ ਕਾਂਡ ਵਾਂਗ ਰਾਜਨੀਤਕ ਪ੍ਰਭਾਵ ਪਾਉਣ ਦੀ ਸਮਰੱਥਾ ਹੈ? 80 ਦੇ ਦਹਾਕੇ ਦੀ ਰਾਜਨੀਤੀ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਧਿਆਨ ਆ ਸਕਦਾ ਹੈ ਕਿ ਬੋਫੋਰਸ ਸੌਦੇ ਵਿਚ ਦਲਾਲੀ ਖਾਣ ਵਾਲੇ ਮਾਮਲੇ ਨੇ ਵੋਟਰਾਂ ਦੇ ਮਨ ਨੂੰ ਛੂਹ ਲਿਆ ਸੀ। ਐਚ.ਡੀ.ਡਬਲਿਊ. ਪਣਡੁੱਬੀ ਕਾਂਡ ਵੀ ਇਸ ਦੇ ਨਾਲ ਜੁੜ ਗਿਆ ਸੀ। ਕਿਉਂਕਿ ਮਸਲਾ ਰੱਖਿਆ ਸੌਦਿਆਂ ਦਾ ਸੀ, ਇਸ ਲਈ ਵਿਸ਼ਵਨਾਥ ਪ੍ਰਤਾਪ ਸਿੰਘ ਅਤੇ ਐਨ.ਟੀ. ਰਾਮਾਰਾਓ ਦੀ ਅਗਵਾਈ ਵਿਚ ਵਿਰੋਧੀ ਪੱਖ ਰਾਸ਼ਟਰੀ ਸੁਰੱਖਿਆ ਦੇ ਮਸਲਿਆਂ ਨਾਲ ਉਸ ਨੂੰ ਜੋੜ ਸਕਿਆ ਸੀ।



ਰਾਜੀਵ ਗਾਂਧੀ ਨੇ ਉਸ ਨਾਲ ਨਜਿੱਠਣ ਵਿਚ ਬਹੁਤ ਸਾਰੀਆਂ ਗ਼ਲਤੀਆਂ ਕੀਤੀਆਂ ਸਨ। ਵਿਰੋਧੀ ਧਿਰ ਨੂੰ ਇਹ ਵੀ ਯਾਦ ਕਰਨਾ ਚਾਹੀਦਾ ਹੈ ਕਿ ਉਸ ਸਮੇਂ ਬੋਫੋਰਸ ਮੁੱਦਾ ਇਕ ਵਾਰ ਉਛਲਣ ਤੋਂ ਬਾਅਦ ਠੰਢਾ ਪੈ ਗਿਆ ਸੀ ਅਤੇ ਫਿਰ ਵਿਰੋਧੀ ਧਿਰ ਨੇ ਉਸ ਵਿਚ ਦੁਬਾਰਾ ਜਾਨ ਪਾਉਣ ਲਈ ਸਫਲ ਰਣਨੀਤੀ ਬਣਾਈ ਅਤੇ ਉਸ ਨੂੰ ਲਾਗੂ ਕਰਕੇ ਦਿਖਾਇਆ। ਨਤੀਜੇ ਵਜੋਂ ਕਾਂਗਰਸ 200 ਤੋਂ ਜ਼ਿਆਦਾ ਸੀਟਾਂ ਤਾਂ ਹਾਸਲ ਕਰ ਸਕੀ ਪਰ ਪੂਰਨ ਬਹੁਮਤ ਪ੍ਰਾਪਤ ਨਾ ਕਰ ਸਕੀ। ਉਨ੍ਹੀਂ ਦਿਨੀਂ ਕਾਂਗਰਸ ਦਾ ਅਕਸ ਇਕੱਲਿਆਂ ਰਾਜ ਕਰਨ ਦਾ ਸੀ। ਉਹ ਗੱਠਜੋੜ ਦੀ ਅਗਵਾਈ ਕਰਨ ਬਾਰੇ ਸੋਚਣ ਲਈ ਵੀ ਤਿਆਰ ਨਹੀਂ ਸੀ, ਨਹੀਂ ਤਾਂ ਉਸ ਸਮੇਂ ਵੀ ਕਾਂਗਰਸ ਦੀ ਸਰਕਾਰ ਬਣ ਸਕਦੀ ਸੀ। 15 ਸਾਲ ਬਾਅਦ ਉਸੇ ਕਾਂਗਰਸ ਨੇ 200 ਤੋਂ ਕਾਫੀ ਘੱਟ ਸੀਟਾਂ ਨਾਲ ਹੀ ਸਰਕਾਰ ਬਣਾ ਲਈ ਸੀ।

ਸਮਝਣ ਵਾਲੀ ਗੱਲ ਇਹ ਹੈ ਕਿ ਬੋਫੋਰਸ ਦੇ ਮੁੱਦੇ ਨੇ 80 ਦੇ ਦਹਾਕੇ ਵਿਚ ਗੈਰ-ਕਾਂਗਰਸਵਾਦ ਦੇ ਦੂਜੇ ਅਧਿਆਏ ਦੀ ਜ਼ਮੀਨ ਤਿਆਰ ਕਰ ਦਿੱਤੀ ਸੀ। ਉਸ ਦੇ ਕੋਲ ਰਾਜੀਵ ਗਾਂਧੀ ਨੂੰ ਚੁਣੌਤੀ ਦੇਣ ਲਈ ਵਿਸ਼ਵਨਾਥ ਪ੍ਰਤਾਪ ਸਿੰਘ ਦੀ ਸ਼ਖਸੀਅਤ ਸੀ। ਵੀ.ਪੀ. ਸਿੰਘ ਰਾਜਨੀਤਕ ਤੌਰ 'ਤੇ ਕੁਸ਼ਲ ਅਤੇ ਲਚਕੀਲੇ ਸਨ, ਝੂਠੀ ਹੋਵੇ ਜਾਂ ਸੱਚੀ ਉਨ੍ਹਾਂ ਕੋਲ ਨੈਤਿਕ ਪ੍ਰਤਿਭਾ ਸੀ। ਰਾਜੀਵ ਸਰਕਾਰ ਦੀ ਕੈਬਨਿਟ ਵਿਚ ਕੰਮ ਕਰਦਿਆਂ ਉਨ੍ਹਾਂ ਨੇ ਆਪਣਾ ਅਕਸ ਭ੍ਰਿਸ਼ਟਾਚਾਰ ਵਿਰੋਧੀ ਰਾਜਨੇਤਾ ਦੇ ਰੂਪ ਵਿਚ ਬਣਾ ਲਿਆ ਸੀ। ਗੈਰ-ਕਾਂਗਰਸਵਾਦ ਦੇ 1967 ਵਾਲੇ ਦਹਾਕੇ ਵਿਚ ਜੋ ਕੰਮ ਡਾ. ਰਾਮ ਮਨੋਹਰ ਲੋਹੀਆ ਅਤੇ ਚਰਨ ਸਿੰਘ ਨੇ ਮਿਲ ਕੇ ਕੀਤੇ ਸਨ, ਉਹੀ ਕੰਮ 80 ਦੇ ਦਹਾਕੇ ਦੇ ਆਖਰੀ ਸਾਲਾਂ ਵਿਚ ਵੀ.ਪੀ. ਸਿੰਘ ਨੇ ਇਕੱਲਿਆਂ ਕਰ ਦਿਖਾਇਆ ਸੀ। ਅੱਜ ਦੀ ਵਿਰੋਧੀ ਧਿਰ ਕੋਲ ਨਾ ਤਾਂ ਲੋਹੀਆ ਤੇ ਚਰਨ ਸਿੰਘ ਵਰਗੇ ਨੇਤਾ ਹਨ ਅਤੇ ਨਾ ਹੀ ਉਸ ਕੋਲ ਵੀ.ਪੀ. ਸਿੰਘ ਹੈ।

ਤੀਜੀ ਗੱਲ ਇਹ ਹੈ ਕਿ ਇਹ ਸਮਾਂ ਗੈਰ-ਕਾਂਗਰਸਵਾਦ ਦਾ ਨਾ ਹੋ ਕੇ ਗੈਰ-ਭਾਜਪਾਵਾਦ ਦੀਆਂ ਸੰਭਾਵਨਾਵਾਂ ਤਲਾਸ਼ਣ ਦਾ ਹੈ। ਪਿਛਲੀਆਂ ਦੋ ਲੋਕ ਸਭਾ ਚੋਣਾਂ ਵਿਚ ਵਿਰੋਧੀ ਏਕਤਾ ਦਾ ਸੂਚਕ ਅੰਕ ਸਿਫਰ ਰਿਹਾ ਹੈ। ਇਸ ਲਈ ਸਿਰਫ ਇਕੱਤੀ-ਅਠੱਤੀ ਵੋਟ ਹਾਸਲ ਕਰਕੇ ਨਰਿੰਦਰ ਮੋਦੀ ਪੂਰਨ ਬਹੁਮਤ ਦੀ ਸਰਕਾਰ ਚਲਾ ਰਹੇ ਹਨ (ਕਾਂਗਰਸ ਪੂਰਨ ਬਹੁਮਤ ਦੀ ਸਰਕਾਰ ਬਣਾਉਂਦੀ ਸੀ ਤਾਂ ਉਸ ਨੂੰ ਹਮੇਸ਼ਾ 40 ਫੀਸਦੀ ਜਾਂ ਉਸ ਤੋਂ ਵੱਧ ਵੋਟ ਮਿਲਦੇ ਸਨ)। ਜ਼ਾਹਰ ਹੈ ਕਿ ਇਸ ਵਿਚ ਵਿਰੋਧੀ ਧਿਰ ਦੇ ਵੰਡੇ ਰਹਿਣ ਦੀ ਵੱਡੀ ਭੂਮਿਕਾ ਹੈ। ਕੀ ਕਾਂਗਰਸ ਗੈਰ-ਭਾਜਪਾਵਾਦ ਗੱਠਜੋੜ ਦੀ ਉਸੇ ਤਰ੍ਹਾਂ ਨਾਲ ਅਗਵਾਈ ਕਰ ਸਕੇਗੀ ਜਿਸ ਤਰ੍ਹਾਂ ਨਾਲ ਕਦੇ ਲੋਹੀਆ ਅਤੇ ਵੀ.ਪੀ. ਸਿੰਘ ਨੇ ਗੈਰ-ਕਾਂਗਰਸਵਾਦ ਦੀ ਕੀਤੀ ਸੀ? ਪਿਛਲੀਆਂ ਦੋ ਚੋਣਾਂ ਵਿਚ ਕਾਂਗਰਸ ਇਹ ਜ਼ਿੰਮੇਵਾਰੀ ਚੁੱਕਣ ਵਿਚ ਅਸਫਲ ਰਹੀ ਹੈ। ਹੁੰਦਾ ਇਹ ਹੈ ਕਿ ਜਿਵੇਂ ਹੀ ਕਾਂਗਰਸ ਵਿਰੋਧੀ ਧਿਰਾਂ ਨੂੰ ਇਕੱਠਿਆਂ ਕਰਨ ਦੀ ਕੋਸ਼ਿਸ਼ ਕਰਦੀ ਹੈ, ਉਦੋਂ ਹੀ ਖੇਤਰੀ ਸ਼ਕਤੀਆਂ ਨੂੰ ਮੁਸ਼ਕਿਲ ਹੋਣ ਲਗਦੀ ਹੈ। ਕਾਂਗਰਸ ਉਨ੍ਹਾਂ ਰਾਜਾਂ ਵਿਚ ਉਨ੍ਹਾਂ ਦੀ ਵਿਰੋਧੀ ਰਹੀ ਹੈ ਅਤੇ ਅੱਜ ਵੀ ਹੈ। ਦਰਅਸਲ ਕਾਂਗਰਸ ਨੂੰ ਹਰਾ ਕੇ ਹੀ ਜ਼ਿਆਦਾਤਰ ਖੇਤਰੀ ਸ਼ਕਤੀਆਂ ਖੜ੍ਹੀਆਂ ਹੋ ਸਕੀਆਂ ਹਨ।

ਅਜਿਹੀ ਸੂਰਤ ਵਿਚ ਵਿਰੋਧੀ ਏਕਤਾ ਲਈ ਕਾਂਗਰਸ ਤੋਂ ਜ਼ਿਆਦਾ ਅਨੁਕੂਲ ਇਹ ਲਗਦਾ ਹੈ ਕਿ ਕੋਈ ਖੇਤਰੀ ਸ਼ਕਤੀ ਹੀ ਵਿਰੋਧੀ ਏਕਤਾ ਦੇ ਮੰਚ ਦੀ ਰਚਨਾ ਕਰਨ ਦੀ ਕੋਸ਼ਿਸ਼ ਕਰੇ। ਸ਼ਾਇਦ ਇਸੇ ਗੱਲ ਨੂੰ ਸਮਝਦੇ ਹੋਏ ਸ਼ਰਦ ਪਵਾਰ ਅਤੇ ਮਮਤਾ ਬੈਨਰਜੀ ਨੇ ਇਹ ਕੰਮ ਸ਼ੁਰੂ ਕਰ ਦਿੱਤਾ ਹੈ। ਇਹ ਸੌਖਾ ਤਾਂ ਨਹੀਂ ਹੈ ਪਰ ਵਿਰੋਧੀ ਧਿਰ ਵਿਚ ਜੇਕਰ ਕੋਈ ਇਸ ਨੂੰ ਚੰਗੀ ਤਰ੍ਹਾਂ ਨਾਲ ਕਰ ਸਕਦਾ ਹੈ ਤਾਂ ਇਹ ਦੋਵੇਂ ਨੇਤਾ ਹੀ ਕਰ ਸਕਦੇ ਹਨ। ਕਾਂਗਰਸ ਨੂੰ ਤਾਂ ਇਹ ਸੋਚਣਾ ਚਾਹੀਦਾ ਹੈ ਕਿ ਜਦੋਂ ਪਵਾਰ ਅਤੇ ਮਮਤਾ ਵਿਰੋਧੀਆਂ ਨੂੰ ਇਕ ਜਗ੍ਹਾ ਲੈ ਆਉਣਗੇ ਤਾਂ ਉਸ ਵਿਚ ਉਸ ਦੀ ਭੂਮਿਕਾ ਕੀ ਹੋਵੇਗੀ? ਉਹ ਵਿਰੋਧੀਆਂ ਦੀ ਉਸ ਇਕਜੁਟਤਾ ਦੇ ਨਾਲ ਖੁਦ ਨੂੰ ਕਿਵੇਂ ਇਕਮਿਕ ਕਰੇਗੀ?

---

# ਪਹਾੜਾਂ ਦੀ ਕਦਰ ਕਰੀਏ...

**ਵਿਜੈ ਬੰਬੇਲੀ**

ਜ਼ਿੰਦਾ ਰਹਿਣ ਲਈ ਪੈਸਾ ਜਾਂ ਸਿਰਫ ਭੌਤਿਕ ਸਹੂਲਤਾਂ ਦੀ ਹੀ ਲੋੜ ਨਹੀਂ। ਦਰਅਸਲ, ਜੇ ਸਮੁੱਚੀ ਕਾਇਨਾਤ ਜਾਂ ਬੰਦੇ ਨੇ ਸਾਵੀਂ-ਪੱਧਰੀ ਜ਼ਿੰਦਗੀ ਜਿਊਣੀ ਹੈ ਤਾਂ ਇਸ ਨੂੰ ਮਿੱਟੀ-ਪਾਣੀ, ਹਵਾ-ਆਕਾਸ਼, ਜੰਗਲ-ਬੇਲੇ, ਦਰਿਆਵਾਂ ਸਮੇਤ ਪਹਾੜਾਂ, ਅਰਥਾਤ ਸਰ-ਸਬਜ਼ ਪਹਾੜਾਂ ਦੀ ਵੀ ਓਨੀ ਹੀ ਲੋੜ ਹੈ, ਜਿੰਨੀ ਕੁੱਲੀ-ਗੁੱਲੀ-ਜੁੱਲੀ ਦੀ। ਪਹਾੜਾਂ 'ਚ ਧਨ ਦੀ ਹਿਰਸ ਅਤੇ 'ਵਿਕਾਸ ਤੇ ਸੈਰ-ਸਪਾਟੇ' ਦੇ ਨਾਂ 'ਤੇ ਕੁਦਰਤੀ ਸਮਤੋਲ ਵਿਚ ਦਿੱਤਾ ਬੇਲੋੜਾ/ਬੇਕਿਰਕ ਦਖਲ ਪਹਾੜਾਂ ਨੂੰ ਢਹਿ-ਢੇਰੀ ਕਰਕੇ ਹਰ ਸਾਲ ਭੀਸ਼ਣ ਦੁਖਾਂਤ ਸਾਡੇ ਪੱਲੇ ਪਾਉਂਦਾ ਹੈ। ਉਤਰਾਖੰਡ, ਨੇਪਾਲ ਆਦਿ ਅਤੇ ਹੁਣ ਰਾਏਗੜ੍ਹ (ਮਹਾਰਾਸ਼ਟਰ) ਤੇ ਕਿੰਨੌਰ (ਹਿਮਾਚਲ) ਦੇ ਜਲ ਸੈਲਾਬ ਸਾਨੂੰ ਸਖਤ ਚਿਤਾਵਨੀ ਹਨ।

ਪਹਾੜ ਮਹਿਜ਼ ਮਿੱਟੀ ਦੇ ਢੇਰ ਨਹੀਂ ਹੁੰਦੇ। ਇਨ੍ਹਾਂ ਦਾ ਆਪਣਾ ਜੀਵੰਤ ਸੰਸਾਰ ਹੈ। ਬੇਅੰਤ ਸੂਖਮ ਅਤੇ ਜਟਿਲ। ਬਹੁਤ ਕੁਝ ਹੈ ਇਨ੍ਹਾਂ ਉਤੇ ਅਤੇ ਇਨ੍ਹਾਂ ਵਿਚ। ਜ਼ਰਖੇਜ਼ ਮਿੱਟੀ ਦੀਆਂ ਪਰਤਾਂ, ਬੇਸ਼-ਕੀਮਤੀ ਖਣਿਜ, ਵਿਲੱਖਣ ਜੀਵ-ਜੰਤੂ ਅਤੇ ਮਨ ਮੋਹਦੇ ਜੰਗਲ-ਬੇਲੇ, ਜਿਹੜੇ ਰਲ-ਮਿਲ ਪੌਣ-ਪਾਣੀ, ਮਨੁੱਖੀ ਜ਼ਿੰਦਗੀ ਅਤੇ ਸਾਰੇ ਸੰਸਾਰ ਦੀ ਤਰੱਕੀ ਵਿਚ ਅਹਿਮ ਰੋਲ ਨਿਭਾਉਂਦੇ ਹਨ। ਪਹਾੜਾਂ ਦੀ ਅਪਾਰ ਕਿਰਪਾ ਭੁੱਲ ਅਸੀਂ ਇਨ੍ਹਾਂ ਨੂੰ ਸਿਰਫ 'ਆਮਦਨ' ਦੇ ਸਾਧਨ ਅਤੇ ਨਿਰੋਲ ਸੈਰਗਾਹਾਂ ਸਮਝਦੇ ਹਾਂ। ਇਹੀ ਸਾਡੀ ਬੱਜਰ ਭੁੱਲ ਹੈ। ਪਹਾੜ ਕੁਦਰਤ ਦਾ ਸਿਰਮੌਰ ਅੰਗ ਹਨ, ਸਾਡੇ ਮੂਕ ਸੇਵਾਦਾਰ ਪਰ ਜਦ ਇਹ ਸਾਡੀਆਂ ਕਰਤੂਤਾਂ ਕਾਰਨ ਰੁੱਸਦੇ ਹਨ, ਤਦ ਭੀਸ਼ਣ ਦੁਖਾਂਤ ਸਾਡੇ ਪੱਲੇ ਪੈਂਦੇ ਹਨ। ਵਿਰਾਟ ਰੂਪ ਧਾਰ ਇਹ ਕੁੱਢਰ ਚਾਲੇ ਵਹਿ ਤੁਰਦੇ ਹਨ, ਲਾਲਚੀ ਨਿਜ਼ਾਮਾਂ ਅਤੇ ਨਾਸਮਝ ਬੰਦੇ ਦਾ ਸਿਰਜਿਆ ਸਭ ਕੁਝ ਢਹਿ-ਢੇਰੀ ਕਰਨ।

ਮਿੱਟੀ ਸਿਰਜਣ ਅਤੇ ਪਹਾੜਾਂ ਨੂੰ ਜਕੜ-ਬੰਦ ਰੱਖਣ ਵਿਚ ਲੱਖਾਂ ਸਾਲਾਂ ਦੀ ਕੁਦਰਤੀ ਕਿਰਿਆ-ਪ੍ਰਕਿਰਿਆ ਅਤੇ ਬਨਸਪਤੀ ਦਾ ਵੱਡਾ ਯੋਗਦਾਨ ਹੈ। ਮਿੱਟੀ ਦੀ ਇਕ ਇੰਚ ਪਰਤ ਤਿਆਰ ਹੋਣ ਵਿਚ ਇਕ ਹਜ਼ਾਰ ਵਰ੍ਹਾ ਲੱਗ ਜਾਂਦਾ ਹੈ ਅਤੇ ਕੁਦਰਤਨ ਜ਼ਰਖੇਜ਼ ਹੋਣ ਵਿਚ ਤਿੰਨ ਸਦੀਆਂ। ਪਹਾੜ ਵੀ ਅੰਬਰੋਂ ਨਹੀਂ ਸੀ ਡਿੱਗੇ, ਇਕ ਲੰਬੀ ਦਾਸਤਾਂ ਹੈ ਇਨ੍ਹਾਂ ਦੇ ਉਗਮਣ ਅਤੇ ਸਭ ਦੀ ਸਰਬ-ਸਾਂਝੀ ਮਾਲਕੀ ਦੀ, ਕਿਤੇ ਫੇਰ ਸਹੀ ਪਰ ਧਨ ਕੁਬੇਰਾਂ ਦੇ ਬੇਲਗਾਮ ਲਾਲਚ ਨੇ ਜਲ, ਜੰਗਲ ਅਤੇ ਜ਼ਮੀਨ ਨੂੰ ਹਾਕਮ ਜਮਾਤਾਂ ਨਾਲ ਬਗਲਗੀਰ ਹੋ ਸਾਜ਼ਿਸ਼ੀ ਢੰਗ ਨਾਲ ਹੜੱਪਣਾ ਸ਼ੁਰੂ ਕੀਤਾ ਹੋਇਆ ਹੈ। ਸਿੱਟੇ ਵਜੋਂ ਕਈ ਹੋਰ ਦੁਸ਼ਵਾਰੀਆਂ ਸਮੇਤ ਜੰਗਲ ਨਿਗਲੇ ਜਾ ਰਹੇ ਹਨ ਅਤੇ ਪਹਾੜ ਖੋਖਲੇ ਕੀਤੇ ਜਾ ਰਹੇ ਹਨ। ਅਸਲ ਵਿਚ ਨਫੇ ਤੇ ਦੌਲਤ ਲਈ, ਫਿਰ ਇਸੇ ਦੌਲਤ ਨਾਲ ਸੱਤਾ ਕਾਇਮ ਰੱਖਣ ਦੀ ਭੁੱਖ ਸਰਬੱਤ ਦੇ ਭਲੇ ਵਾਲੀਆਂ ਸਪਸ਼ਟ ਧਾਰਨਾਵਾਂ ਨੂੰ ਵੀ ਧੁੰਦਲਾ ਦਿੰਦੀ ਹੈ। ਕਸੂਰ ਸਾਡੀ ਕੁਦਰਤ ਪ੍ਰਤੀ ਉਪਰਾਮਤਾ/ ਉਦਾਸੀਨਤਾ/ ਨਾਸਮਝੀ ਅਤੇ ਮਜਬੂਰੀ ਦਾ ਤਾਂ ਹੈ ਪਰ ਮੌਜੂਦਾ ਪ੍ਰਬੰਧ ਤਾਂ ਰਾਜ ਕਰਨ ਦੀ ਹਿਰਸ ਤਹਿਤ ਮੂਲੋਂ ਹੀ ਅੱਖਾਂ ਮੀਟੀ ਬੈਠਾ ਹੈ। ਧਨ ਕੁਬੇਰ ਅਤੇ ਹਾਕਮ ਇਹ ਵੀ ਭੁੱਲੀ ਬੈਠੇ ਹਨ ਕਿ ਕੁਦਰਤ ਅਤੇ ਵਾਤਾਵਰਨ ਨੂੰ ਉਲੰਘ ਕੇ ਕੀਤਾ ਗਿਆ ਕੋਈ ਵੀ 'ਵਿਕਾਸ' ਅੰਤ ਉਨ੍ਹਾਂ ਨੂੰ ਵੀ ਲੈ ਬੈਠੇਗਾ। ਪਹਾੜਾਂ ਦੀ ਕੱਟ-ਵੱਢ ਉਪਰੰਤ ਤਿੱਖੀ ਜਲ-ਭੌਂ ਖੋਰ ਉਪਰੰਤ ਰਾਏਗੜ੍ਹ (ਮਹਾਰਾਸ਼ਟਰ) ਅਤੇ ਹੁਣ ਕਿੰਨੌਰ (ਹਿਮਾਚਲ) ਦਾ ਦੁਖਾਂਤ ਸਾਡੇ ਵੇਲਿਆਂ ਦੀ ਇਕ ਹੋਰ ਚਿਤਾਵਨੀ ਹੈ। ਕਿਵੇਂ? ਕੁਦਰਤ ਦੁਆਰਾ ਜਾਂ ਕੁਦਰਤ ਵਿਰੋਧੀ ਮਨੁੱਖ ਵਲੋਂ ਕੁਦਰਤੀ ਸੋਮਿਆਂ ਦੀ ਮੁੜ ਭਰਪਾਈ ਨਾ ਕਰਨ ਕਾਰਨ ਧਰਤੀ ਦਾ ਖੁਰਚਿਆ ਜਾਣਾ ਭੌਂ-ਖੋਰ ਜਾਂ ਪਹਾੜਾਂ ਦਾ ਖਿਸਕਾਅ ਕਹਾਉਂਦਾ ਹੈ। ਭੂਮੀ ਦੇ ਕਣਾਂ ਦਾ ਪਾਣੀ, ਹਵਾ, ਗਤੀ ਜਾਂ ਜੀਵਕ ਸਰਗਰਮੀਆਂ ਦੁਆਰਾ ਆਪਣੀ ਮੂਲ ਥਾਂ ਤੋਂ ਦੂਜੀ ਥਾਂ ਜਾਣ ਨੂੰ ਭੌਂ-ਖੋਰ ਆਖਦੇ ਹਨ। ਸੀਮਤ ਤੇ ਸਾਧਾਰਨ ਭੌਂ-ਖੋਰ ਕੁਦਰਤ ਦੀ ਆਮ ਪ੍ਰਕਿਰਿਆ ਹੈ, ਇਹ ਨੁਕਸਾਨਦਾਇਕ ਵੀ ਨਹੀਂ। ਕੁਦਰਤੀ ਜਾਂ ਬੰਦੇ ਦੀਆਂ ਲੋੜਾਂ ਕਾਰਨ ਇਹ ਅੱਗੇ ਵੀ ਜਾਰੀ ਰਹੇਗੀ। ਕੁਦਰਤੀ ਸਮਤੋਲ ਜਾਂ ਭੌਂ-ਖੋਰ ਰੋਕੂ ਕਾਰਜਾਂ ਤਹਿਤ ਇਹ ਸੀਮਤ ਅਤੇ ਕਹਿਣੇ ਵਿਚ ਹੁੰਦੀ ਸੀ ਪਰ ਹੁਣ ਅਜਿਹਾ ਨਹੀਂ ਹੈ। ਭੌਂ ਖੋਰ ਦੋ ਕਿਸਮ ਦਾ ਹੁੰਦਾ ਹੈ ਸਹਿਜ (ਕੁਦਰਤੀ) ਅਤੇ ਵਧਿਆ ਹੋਇਆ (ਮਨੁੱਖੀ ਆਪ-ਹੁਦਰੀਆਂ ਕਾਰਨ)। ਜਦੋਂ ਭੌਂ ਖਾਰ ਦੀ ਦਰ ਭੂਮੀ ਬਣਤਰ ਦੀ ਦਰ ਤੋਂ ਘੱਟ ਜਾਂ ਬਰਾਬਰ ਹੋਵੇ ਤਾਂ ਇਸ ਨੂੰ ਕੁਦਰਤੀ ਜਾਂ ਸਹਿਜ ਕਿਹਾ ਜਾਂਦਾ ਹੈ ਪਰ ਇਹ ਉਸੇ ਸਥਿਤੀ ਵਿਚ ਹੁੰਦਾ ਹੈ ਜਦ ਭੂਮੀ ਬਨਸਪਤੀ ਨਾਲ ਪੂਰੀ ਤਰ੍ਹਾਂ ਢਕੀ ਹੋਈ ਹੋਵੇ। ਮਨੁੱਖੀ ਲੋੜਾਂ ਪਰ ਬੇਲਗਾਮ ਹਿਰਸ ਕਾਰਨ ਭੂਮੀ ਨੰਗ-ਧੜੰਗੀ ਅਤੇ ਖੋਖਲੀ ਕਰ ਦਿੱਤੀ ਗਈ ਹੈ।

ਪਹਿਲੀ ਸਟੇਜ ਵਿਚ ਜਦ ਮੀਂਹ ਦੀਆਂ ਬੂੰਦਾਂ ਨੰਗੀ ਧਰਤੀ 'ਤੇ ਪੈਂਦੀਆਂ ਹਨ ਤਾਂ ਇਹ ਭੂਮੀ ਕਣਾਂ ਨੂੰ ਨਿਖੇੜ ਕੇ 2 ਤੋਂ 5 ਫੁੱਟ ਦੀ ਦੂਰੀ 'ਤੇ ਲਿਜਾ ਕੇ ਸੁੱਟ ਦਿੰਦੀਆਂ ਹਨ। ਦੂਸਰੀ ਸਟੇਜ ਉਤੇ ਇਹ ਕਣ ਵਹਿ ਕੇ ਜਾਂ ਧਰਤੀ ਉਪਰਲੀ ਮਹੀਨ ਪਰਤ ਵਹਿ ਤੁਰਦੀ ਹੈ। ਇਸ ਬਾਰੀਕ ਪਰਤ ਦੀ ਖੁਰਚਾਈ ਦਿਸਦੀ ਨਹੀਂ ਪਰ ਇਕ ਅੱਧੇ ਦਹਾਕੇ ਬਾਅਦ ਇਸ ਦੀ ਘਾਟ ਰੜਕਣ ਲੱਗ ਪੈਂਦੀ ਹੈ। ਇਸ ਤੋਂ ਅਗਲਾ ਕਦਮ, ਧਾਰਾਵੀ ਖੋਰ ਹੁੰਦੀ ਹੈ ਜਦ ਧਰਤੀ ਉਤੇ ਪੰਜਿਆਂ ਵਰਗੀਆਂ ਧਾਰਾਵਾਂ ਬਣ ਜਾਂਦੀਆਂ ਹਨ। ਪਾਣੀ ਦਾ ਲਗਾਤਾਰ ਵਹਿਣ ਉਂਗਲਾਂ ਵਰਗੀਆਂ ਨਾਲੀਆਂ ਉਸਾਰ ਕੇ ਭੌਂ-ਖੋਰ ਕਰਦਾ ਹੈ ਜਿਸ ਨਾਲ ਉਪਜਾਊ ਪਰਤਾਂ ਰੁੜ੍ਹ ਜਾਂਦੀਆਂ ਹਨ। ਤੀਜੀ ਧਾਰਾ ਚੋਈਆਂ ਦੀ ਉਸਾਰ ਹੁੰਦੀ ਹੈ। ਪਾਣੀ ਦੀ ਤੇਜ਼ ਗਤੀ ਦੋ ਕੁ ਸਾਲਾਂ 'ਚ ਹੀ ਚੋਈਆਂ (ਨਾਲੀਆਂ) ਦੀ ਉਸਾਰੀ ਕਰ ਦਿੰਦੀ ਹੈ। ਇਸ ਤੋਂ ਅਗਾਂਹ ਖੁਰ ਕੇ ਚੌੜੀਆਂ ਤੇ ਡੂੰਘੀਆਂ ਖੱਡਾਂ-ਖਾਈਆਂ ਬਣ ਜਾਂਦੀਆਂ ਹਨ। ਬਰਫਾਨੀ, ਹਵਾਈ ਤੇ ਢਿੱਗਾਂ ਡਿਗਣ ਵਾਲੀਆਂ ਹੋਰ ਵੀ ਕਈ ਕਿਸਮਾਂ ਭੂਮੀ ਖੋਰ ਦੀਆਂ ਸ਼ਕਲਾਂ ਹਨ ਪਰ ਡੂੰਘੀਆਂ ਖਾਈਆਂ ਇਸ ਦਾ ਵਿਰਾਟ ਰੂਪ ਹਨ ਜਿਹੜਾ ਪਰਬਤਾਂ ਨੂੰ ਵੀ ਲੈ ਬਹਿੰਦਾ ਹੈ। ਵੀਰਾਨ, ਨੰਗ-ਧੜੰਗੀ ਤੇ ਰੁੱਖ ਵਿਹੂਣੀ ਇਕ ਹੈਕਟੇਅਰ ਭੂਮੀ ਹਰ ਵਰ੍ਹੇ 30 ਟਨ ਮਿੱਟੀ ਗੁਆ ਬਹਿੰਦੀ ਹੈ। ਬਨਸਪਤੀ ਦੀਆਂ ਜੜ੍ਹਾਂ ਅਤੇ ਰੋਕਾਂ ਹੀ ਸਾਡੀ ਮਿੱਟੀ ਨੂੰ ਰੁੜ੍ਹਨੋਂ-ਉਡਣੋਂ ਬਚਾਉਂਦੀਆਂ ਹਨ। ਜੇ ਇਕ ਹੈਕਟੇਅਰ ਵਿਚੋਂ ਹਰ ਵਰ੍ਹੇ ਇਕ ਘਣਮੀਟਰ ਮਿੱਟੀ ਰੁੜ੍ਹਦੀ ਰਹੇ ਅਤੇ ਇਹ ਕਿਰਿਆ ਇਕ ਪੀੜ੍ਹੀ (25 ਵਰ੍ਹੇ) ਜਾਰੀ ਰਹੇ ਤਾਂ ਇਕ ਫੁੱਟ ਉਤਲੀ ਪਰਤ ਰੁੜ੍ਹ-ਖੁਰ ਸਮੁੰਦਰਾਂ ਪੇਟੇ ਜਾ ਪਵੇਗੀ। ਦਰਅਸਲ, ਹੁਣ ਭੂਮੀ ਅਤੇ ਜੰਗਲਾਂ ਪਹਾੜਾਂ ਦੀ ਵਰਤੋਂ ਉਸ ਦੀ ਯੋਗਤਾ ਅਤੇ ਕੁਦਰਤੀ ਸਮਤੋਲ ਦੇ ਮੱਦੇਨਜ਼ਰ ਨਹੀਂ ਹੋ ਰਹੀ। ਜਿਸ ਕਾਰਨ ਵੀ ਭੂਮੀ ਖੋਰ, ਮਾਰੂਥਲੀਕਰਨ, ਜਲ-ਸੰਕਟ ਅਤੇ ਪਹਾੜਾਂ 'ਚ ਜਲ ਸੈਲਾਬ ਵਧ ਰਹੇ ਹਨ। ਭਾਰਤ ਨੂੰ ਦਰਪੇਸ਼ ਖਤਰਿਆਂ ਵਿਚੋਂ ਭੌਂ-ਖੋਰ ਅਤੇ ਜਲ-ਸੰਕਟ ਹੁਣ ਵੱਡੇ ਖਤਰੇ ਹਨ। ਹਰ ਸਾਲ 6 ਕਰੋੜ ਟਨ ਮਿੱਟੀ ਜਲ ਕੁੰਡਾਂ ਨੂੰ ਜਾ ਰਹੀ ਹੈ। ਭਾਰੀ ਮੀਹਾਂ ਅਤੇ ਤੇਜ਼ ਹਨੇਰੀਆਂ ਦੌਰਾਨ ਇਹ ਭੌਂ-ਖੋਰ ਬੜਾ ਤੇਜ਼ ਹੁੰਦਾ ਹੈ। ਪਹਾੜਾਂ ਵਿਚ 60 ਹਿੱਸੇ ਦੇ ਹਿਸਾਬ ਨਾਲ ਰੁੱਖ ਨਾ ਲੱਗੇ ਹੋਣ ਤਾਂ ਮੀਂਹ ਮਿੱਟੀ ਨੂੰ ਖੋਰਦਾ-ਰੋੜ੍ਹਦਾ ਹੈ। ਜਦੋਂ ਪਾਣੀ ਢਲਾਨ ਤੋਂ ਉਤਰਦਾ ਹੈ, ਉਥੇ ਜੇ ਧਰਤੀ ਨੰਗੀ ਹੋਵੇ ਜਾਂ ਮੂਹਰੇ ਅੜਿੱਕੇ ਨਾ ਹੋਣ 'ਤੇ ਇਸ ਦੀ ਗਤੀ ਦੁੱਗਣੀ ਹੋ ਜਾਵੇ ਤਾਂ ਭੂਮੀ ਦੀ ਕੱਟ-ਵੱਢ 4 ਗੁਣਾ ਵੱਧ ਜਾਂਦੀ ਹੈ।

ਪਹਾੜ ਖਿਸਕਦੇ ਅਤੇ ਵਹਿ ਤੁਰਦੇ ਹਨ। ਭੌਂ-ਖੋਰ ਨਾਲ ਧਰਤੀ ਦੀ ਉਪਜਾਊ ਪਰਤ ਗੁਆਚ ਜਾਂਦੀ ਹੈ, ਮੈਦਾਨੀ ਜਲ ਵਹਿਣਾਂ ਦੇ ਪਾਟ ਭਰਨ ਨਾਲ ਹੜ੍ਹਾਂ ਦਾ ਖਤਰਾ, ਜਲ-ਕੁੰਡ ਮਿੱਟੀ ਨਾਲ ਪੂਰ ਹੋਣ ਨਾਲ ਜਲ-ਗ੍ਰਹਿਣ ਸਮਰੱਥਾ ਵਿਚ ਘਾਟਾ, ਜਲ ਤਲ ਦਾ ਨੀਵੇਂ ਤੋਂ ਨੀਵਾਂ ਹੁੰਦੇ ਜਾਣਾ, ਸਮੁੰਦਰ ਦਾ ਤਲ ਉਚਾ ਹੁੰਦੇ ਜਾਣਾ ਤੇ ਇਸ ਕਾਰਨ ਵਰਖਾ ਗੜਬੜਾ ਜਾਣ ਤੋਂ ਬਿਨਾ ਭੋਜਨ ਪਦਾਰਥਾਂ ਦੀ ਪੈਦਾਵਾਰ ਦਾ ਘਟਣਾ ਅਤੇ ਸੰਪਤੀਆਂ ਸਮੇਤ ਜਾਨਾਂ ਦਾ ਖੌਅ ਆਦਿ ਇਸ ਦੀਆਂ ਭੈੜੀਆਂ ਅਲਾਮਤਾਂ ਹਨ। ਬਨਸਪਤੀ ਵਿਹੂਣੀ ਧਰਤੀ ਅਤੇ ਖੋਖਲੇ ਪਹਾੜਾਂ ਦੀ ਜਲ ਅਤੇ ਹਵਾ ਨਾਲ ਲਗਾਤਾਰ ਹੁੰਦੀ ਭੌਂ-ਖੋਰ, ਕੱਟ-ਵੱਢ ਤੇ ਉਡਾਈ ਸਾਡੇ ਪੱਲੇ ਜਲ ਸੈਲਾਬ, ਦਰਾੜਾਂ ਅਤੇ ਮਾਰੂਥਲ ਤਾਂ ਪਾ ਹੀ ਜਾਵੇਗੀ ਸਗੋਂ ਅਸੀਂ ਪਹਾੜੀ ਜਨ-ਜੀਵਨ, ਸਮੁੰਦਰ ਕੰਢਲੇ ਸ਼ਹਿਰਾਂ ਅਤੇ ਨੀਵੇਂ ਮੁਲਕਾਂ ਨੂੰ ਵੀ ਲੈ ਬੈਠਾਂਗੇ।

ਭਾਰਤ ਅਤੇ ਪਾਕਿਸਤਾਨ ਵਿਚਲੇ ਥਾਰ ਦੀ ਦੋ ਹਜ਼ਾਰ ਵਰ੍ਹੇ ਪੁਰਾਣੀ ਦਾਸਤਾਂ ਅਤੇ ਪਹਾੜਾਂ ਦੇ ਮੌਜੂਦਾ ਜਲ ਸੈਲਾਬ ਅਸਲ ਵਿਚ ਮਨੁੱਖ ਦੇ ਕੁਦਰਤ ਪ੍ਰਤੀ ਗਲਤ ਵਿਹਾਰ ਦੀ ਹੀ ਵਿੱਥਿਆ ਹੈ। ਲਗਦਾ, ਅਸੀਂ ਹੱਥੀਂ ਉਜਾੜੇ ਰਾਜਸਥਾਨ ਦੀ ਹੋਣੀ ਨੂੰ ਭੁੱਲ ਗਏ ਹਾਂ। ਕਿਸੇ ਸਮੇਂ ਸਾਰੇ ਸਥਾਨਾਂ 'ਚੋਂ ਰਾਜ (ਸਿਰਮੌਰ) ਸਥਾਨ ਰੱਖਦਾ ਸਰ-ਸਬਜ਼ ਇਹ ਖਿੱਤਾ ਕੁਝ ਹੀ ਦਹਿ-ਸਦੀਆਂ ਵਿਚ ਉਦੋਂ ਧੂੜ ਤੇ ਟੋਇਆਂ-ਟਿੱਬਿਆਂ ਵਿਚ ਬਦਲ ਗਿਆ ਜਦ ਜੰਗਲ ਅਤੇ ਪਹਾੜ ਰੁੱਸ ਗਏ। ਤਵਾਰੀਖ ਗਵਾਹ ਹੈ ਕਿ ਜ਼ਰੂਰੀ ਵਰਤੋਂ ਉਪਰੰਤ ਕੁਦਰਤੀ ਸੋਮਿਆਂ ਦੀ ਮੁੜ ਭਰਪਾਈ ਨਾ ਕਰਨ ਵਾਲੀ ਤਕਰੀਬਨ ਹਰ 'ਸਲਤਨਤ' ਦਾ ਅੰਤ ਦਰਾੜਾਂ ਅਤੇ ਮਾਰੂਥਲ ਦੇ ਜਨਮ ਨਾਲ ਹੋਇਆ ਹੈ। ਕਿਥੇ ਗਈਆਂ ਸਾਡੀਆਂ ਹੜੱਪਾ ਅਤੇ ਮਹਿੰਜੋਦੜੋ ਦੀਆਂ ਸੱਭਿਆਤਾਵਾਂ? ਮੌਜੂਦਾ ਮਾਰੂਥਲ ਮਰਾਕੋ, ਅਲਜ਼ੀਰੀਆ ਅਤੇ ਟਿਊਨੇਸ਼ੀਆ ਕਿਸੇ ਵਕਤ ਰੋਮਨ ਸ਼ਹਿਨਸ਼ਾਹੀ ਦੇ ਪ੍ਰਸਿੱਧ ਅਨਾਜ ਖੇਤਰ ਸਨ। ਇਸੇ ਦੀ ਉਪਜ ਇਟਲੀ ਅਤੇ ਸਿਸਲੀ ਦਾ ਭੌਂ-ਖੋਰ ਹੈ। ਮੈਸੋਪਟਾਮੀਆ, ਫਲਸਤੀਨ, ਸੀਰੀਆ ਅਤੇ ਅਰਬ ਦੇ ਕੁਝ ਭਾਗ, ਉਰ, ਸੁਮੇਰੀਆ, ਬੇਬੀਲੋਨ ਅਤੇ ਅਸੀਰੀਆ ਕਦੇ ਮਹਾਨ ਬਾਦਸ਼ਾਹੀਆਂ ਦੇ ਮਾਣ-ਮੱਤੇ ਤਖਤ ਸਨ। ਕੱਲ੍ਹ ਦਾ ਉਪਜਾਊ ਪਰਸ਼ੀਆ ਅੱਜ ਦਾ ਮਾਰੂਥਲ ਹੈ। ਸਿਕੰਦਰ ਦਾ ਹਰਿਆ-ਭਰਿਆ ਯੂਨਾਨ ਅੱਜ ਆਪਣੀ ਬੰਜਰ ਭੂਮੀ ਕਾਰਨ ਝੂਰ ਰਿਹਾ ਹੈ। ਕਿਉਂ? ਕਿਉਂਕਿ ਉਨ੍ਹਾਂ ਦੇਸ਼ਾਂ ਦੀਆਂ ਹਕੂਮਤਾਂ ਅਤੇ ਮਨੁੱਖੀ ਵਸੇਬੇ ਨੇ ਕੁਦਰਤ ਦੀ ਅਸਮਤ ਲੀਰੋ-ਲੀਰ ਕਰ ਦਿੱਤੀ ਸੀ। ਆਓ: ਬਿਰਖਾਂ ਦੀ ਬਾਤ ਪਾਈਏ, ਪਹਾੜਾਂ ਦੀ ਕਦਰ ਕਰੀਏ, ਦਰਿਆਵਾਂ ਦੀ ਬਾਂਹ ਫੜੀਏ, ਧਰਤੀ ਦਾ ਅਦਬ ਕਰੀਏ।

# ਅਫਗਾਨਿਸਤਾਨ 'ਚ ਸਿੱਖ ਪਰਿਵਾਰਾਂ ਵਿਚ ਸਹਿਮ ਦਾ ਮਾਹੌਲ ਬਣਿਆ

## ਸ਼੍ਰੋਮਣੀ ਕਮੇਟੀ ਵੱਲੋਂ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਨੂੰ ਮਦਦ ਦੀ ਅਪੀਲ

**ਅੰਮ੍ਰਿਤਸਰ:** ਅਫ਼ਗਾਨਿਸਤਾਨ 'ਚ ਪੈਦਾ ਹੋਏ ਗ੍ਰਹਿ ਯੁੱਧ ਵਰਗੇ ਹਾਲਾਤ ਕਾਰਨ ਇਥੇ ਰਹਿ ਰਹੇ ਸਿੱਖ ਪਰਿਵਾਰਾਂ ਵਿਚ ਸਹਿਮ ਦਾ ਮਾਹੌਲ ਹੈ। ਸ਼੍ਰੋਮਣੀ ਕਮੇਟੀ ਨੇ ਭਾਰਤ ਅਤੇ ਅਫ਼ਗਾਨਿਸਤਾਨ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਅਫ਼ਗਾਨਿਸਤਾਨ ਵਿਚ ਵੱਸਦੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਇਆ ਜਾਵੇ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅਫ਼ਗਾਨਿਸਤਾਨ ਵਿਚ ਸਿੱਖਾਂ ਦੀ ਦਿਨੋ-ਦਿਨ ਘਟ ਰਹੀ ਗਿਣਤੀ ਬੇਹੱਦ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਅਪੀਲ ਕੀਤੀ ਕਿ ਭਾਰਤ ਸਰਕਾਰ ਇਸ ਮਾਮਲੇ ਨੂੰ ਸੰਜੀਦਗੀ ਨਾਲ ਲੈਂਦਿਆਂ ਉਥੇ ਵੱਸਦੇ ਸਿੱਖਾਂ ਦੀ ਜਾਨ-ਮਾਲ ਦੀ ਸੁਰੱਖਿਆ ਲਈ ਯਤਨ ਕਰੇ। ਸ੍ਰੀ ਧਾਮੀ ਨੇ ਕਿਹਾ ਕਿ ਪਹਿਲਾਂ ਅਫ਼ਗਾਨਿਸਤਾਨ ਵਿਚ ਲੱਖਾਂ ਸਿੱਖ ਵੱਸਦੇ ਸਨ, ਜਿਨ੍ਹਾਂ ਦੀ ਗਿਣਤੀ ਹੁਣ ਬਹੁਤ ਘੱਟ ਰਹਿ ਗਈ ਹੈ। ਇਸ ਦਾ ਕਾਰਨ ਅਸੁਰੱਖਿਆ ਦੀ ਭਾਵਨਾ ਹੈ, ਕਿਉਂਕਿ ਸਿੱਖਾਂ ਨੂੰ ਉਥੇ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਥੋੜ੍ਹੇ ਸਮੇਂ ਅੰਦਰ ਹੀ ਅਫ਼ਗਾਨਿਸਤਾਨ ਵਿੱਚ ਸਿੱਖਾਂ 'ਤੇ ਦੋ ਵੱਡੇ ਨਸਲੀ ਹਮਲੇ ਹੋਏ ਹਨ, ਜਿਸ ਕਾਰਨ ਖੌਫਜ਼ਦਾ ਸਿੱਖ ਉਥੋਂ ਪਰਵਾਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਥੇ ਵੱਸਦੇ ਘੱਟਗਿਣਤੀ ਸਿੱਖ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾਉਣੀ ਸਰਕਾਰਾਂ ਦੀ ਜਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਸਮੁੱਚੀ ਮਾਨਵਤਾ



ਦਾ ਭਲਾ ਮੰਗਦੀ ਹੈ, ਪਰ ਦੁੱਖ ਦੀ ਗੱਲ ਹੈ ਕਿ ਅਫ਼ਗਾਨਿਸਤਾਨ ਵਿਚ ਸਿੱਖਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਅਫ਼ਗਾਨਿਸਤਾਨ ਵਿਚ ਰਹਿੰਦੇ ਸਿੱਖਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਹੱਲ ਕਰੇ। ਉਨ੍ਹਾਂ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਭਾਰਤ ਸਰਕਾਰ ਨੂੰ ਇਸ ਸਬੰਧੀ ਪੱਤਰ ਵੀ ਭੇਜਿਆ ਜਾਵੇਗਾ।

ਦੱਸ ਦਈਏ ਕਿ ਅਫ਼ਗਾਨਿਸਤਾਨ 'ਚ ਪਿਛਲੇ ਲੰਬੇ ਸਮੇਂ ਤੋਂ ਜਾਰੀ ਹਿੰਸਕ ਘਟਨਾਵਾਂ ਦੇ ਚੱਲਦਿਆਂ ਮੌਜੂਦਾ ਸਮੇਂ ਉਥੇ ਸਿਰਫ ਸਿੱਖਾਂ ਦੇ 20 ਪਰਿਵਾਰ ਰਹਿ ਗਏ ਹਨ। ਇਨ੍ਹਾਂ 'ਚੋਂ 5-6 ਪਰਿਵਾਰ ਕੁਝ ਸਮਾਂ ਪਹਿਲਾਂ ਹੀ ਭਾਰਤ ਸਰਕਾਰ ਦੇ ਸਹਿਯੋਗ ਨਾਲ ਆਪਣੀਆਂ ਜਾਨਾਂ ਬਚਾਅ ਕੇ ਦਿੱਲੀ ਪਹੁੰਚੇ ਸਨ ਪਰ ਫਿਰ ਅਚਾਨਕ ਉਹ ਵਾਪਸ ਆਪਣੇ ਘਰਾਂ ਨੂੰ ਪਰਤ ਗਏ। ਸਿੱਖ ਜਥੇਬੰਦੀਆਂ ਨੇ ਅਫ਼ਗਾਨਿਸਤਾਨ ਸਰਕਾਰ ਅੱਗੇ ਉਥੇ ਰਹਿ ਰਹੇ ਸਿੱਖਾਂ ਨੂੰ ਸੁਰੱਖਿਆ ਮੁਹੱਈਆ ਕਰਵਾਏ ਜਾਣ ਦੀ ਮੰਗ ਕੀਤੀ ਹੈ। ਦੱਸਣਯੋਗ ਹੈ ਕਿ ਸਾਲ 1992 'ਚ ਅਫ਼ਗਾਨਿਸਤਾਨ ਵਿਚ ਹਿੰਦੂ-ਸਿੱਖਾਂ ਦੀ ਕੁੱਲ ਵਸੋਂ ਤਕਰੀਬਨ ਸਵਾ ਦੋ ਲੱਖ ਸੀ ਪਰ ਉਥੇ ਸ਼ੁਰੂ ਹੋਏ ਨਸਲੀ ਹਮਲਿਆਂ ਤੋਂ ਬਾਅਦ ਅਫ਼ਗਾਨ ਹਿੰਦੂ-ਸਿੱਖ ਦਿੱਲੀ, ਪਿਸ਼ਾਵਰ (ਪਾਕਿਸਤਾਨ) ਜਾਂ ਫਿਰ ਹੋਰਨਾਂ ਮੁਲਕਾਂ 'ਚ ਪਰਿਵਾਰ ਸਮੇਤ ਆਬਾਦ ਹੋ ਗਏ। ਮੌਜੂਦਾ ਸਮੇਂ ਅਫ਼ਗਾਨਿਸਤਾਨ ਦੇ ਜਲਾਲਾਬਾਦ 'ਚ ਕੁੱਲ 19-20 ਸਿੱਖ ਪਰਿਵਾਰ ਰਹਿ ਰਹੇ ਹਨ, ਜਿਨ੍ਹਾਂ ਦੀ ਆਬਾਦੀ 150 ਤੋਂ ਵੀ ਘੱਟ ਹੈ, ਜਦਕਿ ਉਥੇ ਰਹਿ ਰਹੇ ਹਿੰਦੂ ਭਾਈਚਾਰੇ ਦੇ ਲੋਕਾਂ ਦੀ ਗਿਣਤੀ 65 ਤੋਂ 70 ਦੇ ਵਿਚਕਾਰ ਹੈ। ਇਨ੍ਹਾਂ ਸਿੱਖ ਪਰਿਵਾਰਾਂ ਦੀ ਆਰਥਿਕ ਹਾਲਤ ਜਿਆਦਾ ਠੀਕ ਨਹੀਂ, ਇਸ ਲਈ ਇਨ੍ਹਾਂ ਲਈ ਭਾਰਤ ਜਾਂ ਦੂਜੇ ਦੇਸਾਂ 'ਚ ਜਾਣ ਦਾ ਖਰਚਾ ਕਰਨਾ ਸੰਭਵ ਨਹੀਂ ਹੈ। ਇਨ੍ਹਾਂ ਪਰਿਵਾਰਾਂ ਨੂੰ ਇਹ ਵੀ ਡਰ ਹੈ ਕਿ ਜੇਕਰ ਦਿੱਲੀ ਜਾਂ ਕਿਸੇ ਹੋਰ ਜਗ੍ਹਾ ਜਾਣ ਤੇ ਉਨ੍ਹਾਂ ਨੂੰ ਕੋਈ ਕੰਮ ਨਹੀਂ ਮਿਲਿਆ ਤਾਂ ਉਨ੍ਹਾਂ ਦੀ ਹਾਲਤ ਹੋਰ ਖਰਾਬ ਹੋ ਜਾਵੇਗੀ।

ਇਸ ਦੇ ਇਲਾਵਾ ਕੁਝ ਸਿੱਖ ਤੇ ਗੁਰੂ ਨਾਨਕ ਨਾਮ ਲੇਵਾ ਪਰਿਵਾਰ ਕਾਬੁਲ, ਕੰਧਾਰ, ਜਲਾਲਾਬਾਦ, ਕਰਤਾ-ਏ-ਪਰਵਾਨ, ਗਜਨੀ ਆਦਿ ਇਲਾਕਿਆਂ ਵਿਚਲੇ ਇਤਿਹਾਸਕ ਗੁਰਧਾਮਾਂ ਦੀ ਸੇਵਾ-ਸੰਭਾਲ ਲਈ ਉੱਥੇ ਟਿਕੇ ਹੋਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਉਹ ਅਫ਼ਗਾਨਿਸਤਾਨ ਛੱਡ ਦਿੰਦੇ ਹਨ ਤਾਂ ਉਥੇ ਗੁਰੂ ਸਾਹਿਬ ਦੀ ਚਰਨਛੋਹ ਪ੍ਰਾਪਤ ਨਿਸ਼ਾਨੀਆਂ ਅਤੇ ਸਿੱਖ ਧਰਮ ਦੀਆਂ ਮੁਕੱਦਸ ਯਾਦਗਾਰਾਂ ਦਾ ਪੂਰੀ ਤੌਰ 'ਤੇ ਸਫਾਇਆ ਹੋ ਜਾਵੇਗਾ।

ਦੱਸਿਆ ਜਾਂਦਾ ਹੈ ਕਿ ਪਹਿਲਾਂ ਅਫ਼ਗਾਨਿਸਤਾਨ 'ਚ 500 ਤੋਂ ਵਧੇਰੇ ਗੁਰਦੁਆਰੇ ਸਨ, ਜਦਕਿ ਹੁਣ ਸਿਰਫ 5-6 ਹੀ ਰਹਿ ਗਏ ਹਨ। ਦੱਸਣਯੋਗ ਹੈ ਕਿ ਪਿਛਲੇ ਦਿਨੀਂ ਅਫ਼ਗਾਨਿਸਤਾਨ ਦੇ ਸ਼ਹਿਰ ਜਲਾਲਾਬਾਦ ਵਿਖੇ ਇਕ ਸਿੱਖ ਦੁਕਾਨਦਾਰ ਨੂੰ ਨਿਸ਼ਾਨਾ ਬਣਾ ਕੇ ਕੀਤੇ ਹਮਲੇ 'ਚ ਦੋ ਲੋਕਾਂ ਦੇ ਗੰਭੀਰ ਜ਼ਖਮੀ ਹੋਏ ਸਨ। ਇਸ ਤੋਂ ਪਹਿਲਾਂ 25 ਮਾਰਚ 2020 ਨੂੰ ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਦੇ ਪੁਰਾਣੇ ਸ਼ਹਿਰ ਵਿਚਲੇ ਸ਼ੋਰ ਬਾਜ਼ਾਰ ਦੇ ਗੁਰਦੁਆਰਾ ਗੁਰੂ ਹਰਿ ਰਾਏ ਸਾਹਿਬ ਵਿਖੇ ਹੋਏ ਆਤਮਘਾਤੀ ਅਤਿਵਾਦੀ ਹਮਲੇ 'ਚ 25 ਸਿੱਖ ਮਾਰੇ ਗਏ ਸਨ। ਜਲਾਲਾਬਾਦ 'ਚ ਹੀ ਸਾਲ 2018 'ਚ ਹੋਏ ਆਤਮਘਾਤੀ ਹਮਲੇ 'ਚ ਅਫਗਾਨੀ ਸਿੱਖ ਭਾਈਚਾਰੇ ਦੇ ਪ੍ਰਤੀਨਿਧੀ ਅਵਤਾਰ ਸਿੰਘ ਖਾਲਸਾ ਅਤੇ ਰਵੇਲ ਸਿੰਘ ਸਮੇਤ 13 ਸਿੱਖ ਮਾਰੇ ਗਏ ਸਨ।

## ਵਿਦਵਾਨ ਕੋਈ ਵਿਉਂਤ ਬਣਾਉਣ: ਜਥੇਦਾਰ

**ਤਲਵੰਡੀ ਸਾਬੋ:** ਅਫ਼ਗਾਨਿਸਤਾਨ 'ਚ ਪੈਦਾ ਹੋਏ ਗ੍ਰਹਿ ਯੁੱਧ ਵਰਗੇ ਹਾਲਾਤ ਵਿਚਕਾਰ ਇਥੇ ਰਹਿ ਰਹੇ ਸਿੱਖ ਪਰਿਵਾਰਾਂ ਦੀ ਸੁਰੱਖਿਆ ਅਤੇ ਉਥੋਂ ਦੇ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਪ੍ਰਤੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਫਿਕਰਮੰਦੀ ਜ਼ਾਹਿਰ ਕਰਦਿਆਂ ਸਮੁੱਚੀ ਕੌਮ ਦੇ ਵਿਦਵਾਨਾਂ ਅਤੇ ਚਿੰਤਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਫਗਾਨੀ ਸਿੱਖਾਂ ਦੀ ਸੁਰੱਖਿਆ ਅਤੇ ਗੁਰਧਾਮਾਂ ਦੀ ਸਾਂਭ ਸੰਭਾਲ ਲਈ ਵਿਉਂਤਬੰਦੀ ਉਲੀਕਣ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੇ ਵਿਦਵਾਨਾਂ ਅਤੇ ਚਿੰਤਕਾਂ ਨੂੰ ਵਿਉਂਤਬੰਦੀ, ਨੀਤੀ ਘੜਨੀ ਚਾਹੀਦੀ ਹੈ ਕਿ ਅਸੀਂ ਕਿਵੇਂ ਸਿੱਖਾਂ ਨੂੰ ਬਚਾਅ ਸਕਦੇ ਹਾਂ ਅਤੇ ਕਿਵੇਂ ਗੁਰਧਾਮਾਂ ਦੀ ਸਾਂਭ ਸੰਭਾਲ ਕਰ ਸਕਾਂਗੇ।

# ਗੁਰੂ ਰਾਮਦਾਸ ਸਰਾਂ ਦਾ ਹੋਵੇਗਾ ਨਵ-ਨਿਰਮਾਣ




**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਦਰਬਾਰ ਸਾਹਿਬ ਸਮੂਹ ਸਥਿਤ ਲਗਭਗ 90 ਸਾਲ ਪੁਰਾਣੀ ਗੁਰੂ ਰਾਮਦਾਸ ਸਰਾਂ ਦੇ ਨਵ-ਨਿਰਮਾਣ ਦਾ ਫੈਸਲਾ ਕੀਤਾ ਹੈ, ਜਿਸ ਤਹਿਤ ਇਥੇ ਹੁਣ 800 ਕਮਰੇ, ਕਈ ਹਾਲ ਅਤੇ ਪਾਰਕਿੰਗ ਆਦਿ ਬਣਨਗੇ। ਇਹ ਸਰਾਂ ਇਸ ਵੇਲੇ ਦਰਬਾਰ ਸਾਹਿਬ ਸਮੂਹ ਵਿਚ ਸਭ ਤੋਂ ਪੁਰਾਣੀ ਹੈ। ਇਸ ਦਾ ਨੀਂਹ ਪੱਥਰ 1931 ਵਿਚ ਸਾਧੂ ਸਿੰਘ ਪਟਿਆਲੇ ਵਾਲਿਆਂ ਵੱਲੋਂ ਰੱਖਿਆ ਗਿਆ ਸੀ। ਇਥੇ ਫਿਲਹਾਲ 232 ਕਮਰੇ ਅਤੇ 18 ਹਾਲ ਹਨ ਪਰ 125 ਕਮਰੇ ਤੇ ਤਿੰਨ ਹਾਲ ਹੀ ਵਰਤੋਂ ਦੇ ਯੋਗ ਹਨ। ਇਸ ਸਰਾਂ ਵਿਚ ਠਹਿਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਕੋਈ ਕਿਰਾਇਆ ਨਹੀਂ ਲਿਆ ਜਾਂਦਾ। ਸਮੇਂ ਦੇ ਨਾਲ ਇਸ ਦੀ ਹਾਲਤ ਖਸਤਾ ਹੋ ਰਹੀ ਹੈ। ਕਈ ਕਮਰਿਆਂ ਵਿਚ ਛੱਤਾਂ ਦਾ ਪਲੱਸਤਰ ਉਤਰਨ ਲੱਗ ਪਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਦਰਬਾਰ ਸਾਹਿਬ ਵਿਖੇ ਦਰਸ਼ਨਾਂ ਲਈ ਪੁੱਜਦੀ ਸੰਗਤ ਦੀ ਵਧਦੀ ਗਿਣਤੀ ਦੇ ਮੱਦੇਨਜ਼ਰ ਨਵੀਆਂ ਸਰਾਵਾਂ ਤਿਆਰ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸੇ ਤਹਿਤ ਗੁਰੂ ਰਾਮਦਾਸ ਸਰਾਂ ਦੇ ਨਵ-ਨਿਰਮਾਣ ਦੀ ਯੋਜਨਾ ਵੀ ਤਿਆਰ ਕੀਤੀ ਗਈ ਹੈ। ਇਥੇ ਹੁਣ 800 ਕਮਰੇ ਤਿਆਰ ਕੀਤੇ ਜਾਣਗੇ। ਇਸ ਦੀ ਬਾਹਰੀ ਦਿੱਖ ਹੂ-ਬ-ਹੂ ਇਸੇ ਤਰ੍ਹਾਂ ਦੀ ਰੱਖੀ ਜਾਵੇਗੀ।

ਇਸ ਤੋ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਅਕਾਲੀ ਬਾਗ ਵਾਲੀ ਜਗ੍ਹਾ 'ਤੇ ਵੀ 1000 ਕਮਰਿਆਂ ਲਈ ਚਾਰ ਬਲਾਕ ਤਿਆਰ ਕਰਨ ਦੀ ਯੋਜਨਾ ਹੈ। ਜਿਕਰਯੋਗ ਹੈ ਕਿ ਇਸ ਸਰਾਂ ਦੇ ਨਵ-ਨਿਰਮਾਣ ਲਈ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਦੋ ਵਾਰ ਪ੍ਰਵਾਨਗੀ ਮਿਲ ਚੁੱਕੀ ਹੈ ਪਰ ਵਿਰੋਧ ਕਾਰਨ ਪਹਿਲਾਂ ਵੀ ਕੰਮ ਲਟਕ ਗਿਆ ਸੀ।

## ਕਰਤਾਰਪੁਰ ਲਾਂਘਾ ਮੁੜ ਖੋਲ੍ਹਿਆ ਜਾਵੇ: ਅਮਰਿੰਦਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਸਥਿਤ ਇਤਿਹਾਸਕ ਗੁਰਧਾਮ ਦੇ ਦਰਸ਼ਨ-ਦੀਦਾਰ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਰਤਾਰਪੁਰ ਲਾਂਘਾ ਮੁੜ ਖੋਲ੍ਹਣ ਦੀ ਅਪੀਲ ਕੀਤੀ ਹੈ। ਉਨ੍ਹਾਂ ਇਸ ਸਬੰਧੀ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਹੈ। ਮੁੱਖ ਮੰਤਰੀ ਨੇ ਆਖਿਆ ਕਿ ਕੋਵਿਡ ਦੀ ਸਥਿਤੀ ਵਿਚ ਹੁਣ ਕਾਫੀ ਸੁਧਾਰ ਹੋ ਗਿਆ ਹੈ, ਜਿਸ ਕਰਕੇ ਕਰਤਾਰਪੁਰ ਲਾਂਘਾ ਖੋਲ੍ਹਿਆ ਜਾਵੇ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪੱਤਰ ਵਿਚ ਕਿਹਾ ਹੈ ਕਿ ਪੰਜਾਬ ਸਰਕਾਰ ਨੂੰ ਲਾਂਘੇ ਦੀ ਵਰਤੋਂ ਕਰਨ ਵਾਲੇ ਸਰਧਾਲੂਆਂ ਦੀ ਟੈਸਟਿੰਗ ਅਤੇ ਟੀਕਾਕਰਨ ਸਮੇਤ ਕੋਵਿਡ-19 ਦੇ ਪ੍ਰੋਟੋਕੋਲ ਦੀ ਸਹੀ ਢੰਗ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਭਾਰਤ ਸਰਕਾਰ ਨਾਲ ਮਿਲ ਕੇ ਕੰਮ ਕਰਨ ਵਿੱਚ ਖੁਸ਼ੀ ਹੋਵੇਗੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਦੇ ਹਾਂ-ਪੱਖੀ ਹੁੰਗਾਰੇ ਲਈ ਉਮੀਦ ਜ਼ਾਹਿਰ ਕੀਤੀ।

# ਸ਼੍ਰੋਮਣੀ ਕਮੇਟੀ ਸਥਾਪਤ ਕਰੇਗੀ ਸਿੱਖ ਆਰਕਾਈਵਜ਼ ਪ੍ਰੋਜੈਕਟ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਸਿੱਖਾਂ ਤੇ ਪੰਜਾਬੀਆਂ ਨਾਲ ਸਬੰਧਤ ਪੁਰਾਤਨ ਤੇ ਇਤਿਹਾਸਕ ਦਸਤਾਵੇਜ਼ਾਂ ਨੂੰ ਸੰਭਾਲਣ ਲਈ ਸਿੱਖ ਆਰਕਾਈਵਜ਼ ਪ੍ਰੋਜੈਕਟ ਸ਼ੁਰੂ ਕਰਨ ਦਾ ਫੈਸਲਾ ਲਿਆ ਹੈ, ਜਿਸ ਨੂੰ ਪਟਿਆਲਾ ਵਿਚ 'ਜਥੇਦਾਰ ਗੁਰਚਰਨ ਸਿੰਘ ਟੌਹੜਾ ਗੁਰਮਤਿ ਇੰਸਟੀਚਿਊਟ' ਬਹਾਦਰਗੜ੍ਹ ਵਿਚ ਸਥਾਪਿਤ ਕੀਤਾ ਜਾਵੇਗਾ। ਇਸ ਦਾ ਖੁਲਾਸਾ ਇਥੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਧਰਮ ਪ੍ਰਚਾਰ ਕਮੇਟੀ ਅਤੇ ਐਜੂਕੇਸ਼ਨ ਕਮੇਟੀ ਦੀ ਮੀਟਿੰਗ ਮਗਰੋਂ ਕੀਤਾ।

ਬੀਬੀ ਜਗੀਰ ਕੌਰ ਨੇ ਦੱਸਿਆ ਕਿ ਇਸ ਸਬੰਧੀ ਸਬ-ਕਮੇਟੀ ਵੱਲੋਂ ਵਿਸਥਾਰਤ ਰਿਪੋਰਟ ਤਿਆਰ ਕੀਤੀ ਗਈ ਹੈ, ਜਿਸ ਨੂੰ ਲਾਗੂ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਨੇ ਸਿੱਖ ਵਿਰਾਸਤ ਦੀ ਸਾਂਭ-ਸੰਭਾਲ ਲਈ ਸਿੱਖ ਆਰਕਾਈਵਜ਼ ਪ੍ਰੋਜੈਕਟ ਦੀ ਰੂਪ-ਰੇਖਾ ਤਿਆਰ ਕੀਤੀ ਹੈ। ਇਸ ਵਿਚ ਇੰਗਲੈਂਡ ਵਾਸੀ ਮਰਹੂਮ ਸਿੱਖ ਵਿਦਵਾਨ ਡਾ. ਦਰਸ਼ਨ ਸਿੰਘ ਦਾ ਅਹਿਮ ਯੋਗਦਾਨ ਹੈ। ਡਾ. ਚਮਕੌਰ ਸਿੰਘ ਨੇ ਦੱਸਿਆ ਕਿ ਇਸ ਪ੍ਰੋਜੈਕਟ ਹੇਠ ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਦਲੀਪ ਸਿੰਘ, ਪਹਿਲੀ ਤੇ ਦੂਜੀ ਵਿਸ਼ਵ ਜੰਗ, ਆਜ਼ਾਦੀ ਦੀ ਜੰਗ ਲਈ ਵਿਦੇਸ਼ ਵਿਚ ਚੱਲੀ ਲਹਿਰ, ਦੇਸ਼ ਵੰਡ, ਸਾਕਾ ਨੀਲਾ ਤਾਰਾ ਆਦਿ ਨਾਲ ਸਬੰਧਤ ਅਹਿਮ ਦਸਤਾਵੇਜ਼ ਸੰਭਾਲੇ ਜਾਣਗੇ। ਐਜੂਕੇਸ਼ਨ ਕਮੇਟੀ ਦੀ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਵਿੱਦਿਅਕ ਅਦਾਰਿਆਂ ਨੂੰ ਹੋਰ ਬਿਹਤਰ ਢੰਗ ਨਾਲ ਚਲਾਉਣ ਸਬੰਧੀ ਫੈਸਲੇ ਲਏ ਗਏ।

## ਅਮਰੀਕਾ 'ਚ ਭਾਰਤੀ ਸਫੀਰ ਦਰਬਾਰ ਸਾਹਿਬ ਨਤਮਸਤਕ

**ਅੰਮ੍ਰਿਤਸਰ:** ਅਮਰੀਕਾ ਵਿਚ ਭਾਰਤੀ ਸਫੀਰ ਤਰਨਜੀਤ ਸਿੰਘ ਸੰਧੂ ਇਥੇ ਦਰਬਾਰ ਸਾਹਿਬ ਨਤਮਸਤਕ ਹੋਏ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਉਨ੍ਹਾਂ ਨਾਲ ਅਮਰੀਕਾ ਵਿਚ ਵੱਸਦੇ ਸਿੱਖਾਂ ਦੇ ਮਸਲਿਆਂ ਬਾਰੇ ਚਰਚਾ ਕੀਤੀ। ਸਿੱਖਾਂ 'ਤੇ ਹੁੰਦੇ ਨਸਲੀ ਹਮਲਿਆਂ ਬਾਰੇ ਗੱਲ ਸ੍ਰੀ ਸੰਧੂ ਨੇ ਕਿਹਾ ਕਿ ਉਹ ਇਸ ਮਾਮਲੇ 'ਤੇ ਪਹਿਲਾਂ ਵੀ ਸੰਜੀਦਗੀ ਨਾਲ ਕੰਮ ਕਰ ਰਹੇ ਹਨ ਅਤੇ ਭਵਿੱਖ ਵਿਚ ਵੀ ਯਤਨ ਜਾਰੀ ਰੱਖਣਗੇ। ਬੀਬੀ ਜਗੀਰ ਕੌਰ ਨੇ ਕਿਹਾ ਕਿ ਖੁਸ਼ੀ ਦੀ ਗੱਲ ਹੈ ਕਿ ਪੰਥਕ ਆਗੂ ਤੇਜਾ ਸਿੰਘ ਸਮੁੰਦਰੀ ਦੇ ਪਰਿਵਾਰ ਦਾ ਵਾਰਸ ਤਰਨਜੀਤ ਸਿੰਘ ਸੰਧੂ ਅਮਰੀਕਾ ਵਿਚ ਭਾਰਤ ਦੀ ਨੁਮਾਇੰਦਗੀ ਕਰ ਰਿਹਾ ਹੈ। ਭਾਰਤੀ ਸਫੀਰ ਨੂੰ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਚ ਸਨਮਾਨਿਆ ਗਿਆ।

# ਅਕਾਲ ਤਖਤ ਨੇੜੇ ਮਿਲਿਆ ਪੁਰਾਤਨ ਇਮਾਰਤੀ ਢਾਂਚਾ ਵਿਰਾਸਤੀ ਕਰਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਸਕੱਤਰੇਤ ਨੇੜੇ ਖੁਦਾਈ ਵੇਲੇ ਮਿਲੇ ਪੁਰਾਤਨ ਇਮਾਰਤੀ ਢਾਂਚੇ ਨੂੰ ਪੁਰਾਤਤਵ ਵਿਭਾਗ ਨੇ ਵਿਰਾਸਤੀ ਇਮਾਰਤ ਦਾ ਹਿੱਸਾ ਦੱਸਦਿਆਂ ਇਸ ਨੂੰ ਸੰਭਾਲਣ ਦੀ ਸਿਫਾਰਸ਼ ਕੀਤੀ ਹੈ। ਸ਼੍ਰੋਮਣੀ ਕਮੇਟੀ ਨੇ ਵੀ ਇਸ ਪੁਰਾਤਨ ਇਮਾਰਤੀ ਢਾਂਚੇ ਦੀ ਸੰਭਾਲ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਆਰਕੀਟੈਕਟ ਵਿਭਾਗ ਦੇ ਮਾਹਿਰਾਂ ਨੂੰ ਵਿਚਾਰ ਕਰਨ ਲਈ ਸੱਦਿਆ ਹੈ।

ਭਾਰਤੀ ਪੁਰਾਤਤਵ ਵਿਭਾਗ ਦੀ ਚੰਡੀਗੜ੍ਹ ਤੋਂ ਆਈ ਟੀਮ, ਜੋ ਇਸ ਪੁਰਾਤਨ ਇਮਾਰਤੀ ਢਾਂਚੇ ਦੀ 20 ਜੁਲਾਈ ਨੂੰ ਜਾਂਚ ਕਰ ਕੇ ਗਈ ਸੀ, ਨੇ ਆਪਣੀ ਜਾਂਚ ਰਿਪੋਰਟ ਜਿਲ੍ਹਾ ਪ੍ਰਸ਼ਾਸਨ ਤੇ ਗਲਿਆਰਾ ਪ੍ਰੋਜੈਕਟ ਦੇ ਵਧੀਕ ਮੁੱਖ ਪ੍ਰਸ਼ਾਸਕ ਨੂੰ ਭੇਜ ਦਿੱਤੀ ਹੈ। ਇਸ ਜਾਂਚ ਰਿਪੋਰਟ ਵਿਚ ਸਪੱਸ਼ਟ ਹੈ ਕਿ ਇਹ ਪੁਰਾਤਨ ਇਮਾਰਤੀ ਢਾਂਚਾ ਕਿਸੇ ਵਿਰਾਸਤੀ ਇਮਾਰਤ ਦਾ ਹਿੱਸਾ ਹੈ। ਉਨ੍ਹਾਂ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਇਸ ਦੀ ਸੰਭਾਲ ਲਈ ਕਾਰਵਾਈ ਕਰਨ ਨੂੰ ਕਿਹਾ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਪੁਰਾਤਨ ਢਾਂਚੇ ਵਿਚ ਲਖੌਰੀ ਇੱਟਾਂ ਤੇ ਚੂਨੇ ਦੀ ਵਰਤੋਂ ਕੀਤੀ ਹੋਈ ਹੈ ਅਤੇ ਇਹ ਇਮਾਰਤ ਦੇਰ ਮੱਧਕਾਲੀ ਸਮੇਂ ਦੀ ਹੋ ਸਕਦੀ ਹੈ। ਇਹ ਕਿਸੇ ਰਿਹਾਇਸ਼ੀ ਇਮਾਰਤ ਦਾ ਹਿੱਸਾ ਲੱਗਦਾ ਹੈ। ਉਨ੍ਹਾਂ ਲਿਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਦਾ ਇਲਾਕਾ ਪੁਰਾਤਨ ਤੇ ਵਿਰਾਸਤੀ ਹੈ। ਇਸ ਲਈ ਇਹ ਢਾਂਚਾ ਵੀ ਕਿਸੇ ਵਿਰਾਸਤੀ ਇਮਾਰਤ ਦਾ ਹਿੱਸਾ ਹੋ ਸਕਦਾ ਹੈ।



ਇਥੇ ਦੱਸਣਯੋਗ ਹੈ ਕਿ ਗਿਆਨੀ ਪਰਿਵਾਰ ਵੱਲੋਂ ਦਾਅਵਾ ਕੀਤਾ ਜਾ ਚੁੱਕਾ ਹੈ ਕਿ ਇਹ ਰਿਹਾਇਸ਼ੀ ਇਮਾਰਤ ਗਿਆਨੀਆਂ ਦਾ ਬੁੰਗਾ ਸੀ, ਜੋ ਮਹਾਰਾਜਾ ਰਣਜੀਤ ਸਿੰਘ ਵੱਲੋਂ ਉਨ੍ਹਾਂ ਦੇ ਬਜ਼ੁਰਗ ਭਾਈ ਸੰਤ ਸਿੰਘ ਗਿਆਨੀ ਨੂੰ ਸੌਂਪੀ ਗਈ ਸੀ। ਇਹ ਇਮਾਰਤ 1988 ਵਿਚ ਗਲਿਆਰਾ ਯੋਜਨਾ ਦੇ ਘੇਰੇ ਵਿਚ ਆ ਗਈ ਸੀ। ਸਰਕਾਰ ਨੇ ਇਸ ਦਾ ਮੁਆਵਜ਼ਾ ਦੇ ਕੇ ਕਬਜ਼ਾ ਲੈ ਲਿਆ ਸੀ ਅਤੇ ਮਗਰੋਂ ਇਸ ਨੂੰ ਢਹਿ-ਢੇਰੀ ਕਰ ਦਿੱਤਾ ਗਿਆ। ਹੁਣ ਮਿਲਿਆ ਪੁਰਾਤਨ ਇਮਾਰਤੀ ਢਾਂਚਾ ਬੁੰਗਾ ਗਿਆਨੀਆਂ ਦਾ ਜ਼ਮੀਨਦੋਜ਼ ਹਿੱਸਾ ਹੈ।

## ਇਮਾਰਤ ਇਤਿਹਾਸਕ ਨਹੀਂ: ਜਗੀਰ ਕੌਰ



ਬੀਬੀ ਜਗੀਰ ਕੌਰ ਨੇ ਕਿਹਾ ਕਿ ਅਕਾਲ ਤਖਤ ਦੇ ਸਕੱਤਰੇਤ ਨੇੜੇ ਬਣਾਏ ਜਾ ਰਹੇ ਜੋੜਾ ਘਰ ਅਤੇ ਵਹੀਕਲ ਸਟੈਂਡ ਲਈ ਖੁਦਾਈ ਸਮੇਂ ਨਿਕਲੀ ਇਮਾਰਤ ਇਤਿਹਾਸਕ ਨਹੀਂ ਵਿਰਾਸਤੀ ਹੈ। ਪੁਰਾਤਤਵ ਵਿਭਾਗ ਦੇ ਮਾਹਿਰਾਂ ਨੇ ਆਪਣੀ ਰਿਪੋਰਟ ਵਿਚ ਇਹ ਸਪੱਸ਼ਟ ਕਰ ਦਿੱਤਾ ਹੈ ਪਰ ਫਿਰ ਵੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਾਹੀਂ ਟੂਰਿਜ਼ਮ ਵਿਭਾਗ ਨੂੰ ਲਿਖਿਆ ਜਾ ਚੁੱਕਾ ਹੈ, ਤਾਂ ਜੋ ਇਸ ਦੀ ਸੰਭਾਲ ਬਾਰੇ ਸਹੀ ਕਦਮ ਉਠਾਏ ਜਾ ਸਕਣ। ਉਨ੍ਹਾਂ ਕਿਹਾ ਕਿ ਗਲਿਆਰਾ ਯੋਜਨਾ ਸਮੇਂ ਬਹੁਤ ਸਾਰੀਆਂ ਅਜਿਹੀਆਂ ਹੀ ਇਮਾਰਤਾਂ ਹੇਠਾਂ ਦੱਬ ਦਿੱਤੀਆਂ ਗਈਆਂ ਸਨ। ਗਲਿਆਰੇ ਦੀ ਮੌਜੂਦਾ ਸਥਿਤੀ ਬਹੁਤੀ ਚੰਗੀ ਨਹੀਂ ਹੈ ਅਤੇ ਕਮੇਟੀ ਇਸ ਦੀ ਦੇਖਭਾਲ ਲਈ ਵੀ ਤਿਆਰ ਹੈ।

# ਬੇਰੁਜ਼ਗਾਰੀ ਦੇ ਵਧ ਰਹੇ ਸੰਕਟ ਅੱਗੇ ਬੇਵੱਸ ਹੋਈ ਮੋਦੀ ਸਰਕਾਰ

**ਨਵੀਂ ਦਿੱਲੀ:** ਵਿਕਾਸ ਤੇ ਰੁਜ਼ਗਾਰ ਦੇ ਤਮਾਮ ਦਾਅਵਿਆਂ ਦੇ ਬਾਵਜੂਦ ਬੇਰੁਜ਼ਗਾਰੀ ਦਾ ਸੰਕਟ ਵਧ ਰਿਹਾ ਹੈ। ਸੰਸਦ ਦੇ ਇਸ ਇਜਲਾਸ ਦੌਰਾਨ ਭਾਰਤ ਸਰਕਾਰ ਨੇ ਮੰਨਿਆ ਹੈ ਕਿ ਸਾਲ 2019-20 ਵਿਚ ਬੇਰੁਜ਼ਗਾਰੀ ਦੀ ਦਰ 4.8 ਫੀਸਦੀ ਸੀ। ਇਸ ਸਮੇਂ ਇਹ 7.14 ਫੀਸਦੀ ਤੱਕ ਵਧ ਚੁੱਕੀ ਹੈ। ਕਰੋੜਾਂ ਬੇਰੁਜ਼ਗਾਰ ਨੌਜਵਾਨ ਰੁਜ਼ਗਾਰ ਦੀ ਤਲਾਸ਼ ਵਿਚ ਹਨ ਪਰ ਨੌਕਰੀਆਂ ਦੀਆਂ ਸੰਭਾਵਨਾਵਾਂ ਖਤਮ ਹੋ ਰਹੀਆਂ ਹਨ।

ਕੇਂਦਰ ਸਰਕਾਰ ਦੇ ਵੱਖੋ-ਵੱਖਰੇ ਸਰਕਾਰੀ ਵਿਭਾਗਾਂ ਵਿਚ 1 ਮਾਰਚ 2020 ਨੂੰ ਲਗਭਗ 8.72 ਲੱਖ ਅਸਾਮੀਆਂ ਖਾਲੀ ਸਨ। ਵਿਕਾਸ ਦੇ ਮੌਜੂਦਾ ਮਾਡਲ ਵਿਚ ਸ਼ਹਿਰਾਂ ਵੱਲ ਵੱਧ ਧਿਆਨ ਦਿੱਤਾ ਜਾਂਦਾ ਹੈ ਪਰ ਇਸ ਦੇ ਬਾਵਜੂਦ ਸ਼ਹਿਰਾਂ ਵਿਚ ਬੇਰੁਜ਼ਗਾਰੀ ਦੀ ਦਰ ਪਿੰਡਾਂ ਨਾਲੋਂ ਜ਼ਿਆਦਾ ਹੈ। ਸਰਕਾਰੀ ਅੰਕੜਿਆਂ ਅਨੁਸਾਰ ਸ਼ਹਿਰਾਂ ਅੰਦਰ ਬੇਰੁਜ਼ਗਾਰੀ ਦੀ ਦਰ 8 ਫੀਸਦੀ ਦੇ ਨੇੜੇ ਹੈ ਅਤੇ ਪਿੰਡਾਂ ਵਿਚ 6.75 ਫੀਸਦੀ ਦੇ। ਕੋਵਿਡ-19 ਦੇ ਦੌਰ ਨੇ ਬੇਰੁਜ਼ਗਾਰੀ ਵਿਚ ਵਾਧਾ ਕੀਤਾ ਹੈ ਕਿਉਂਕਿ ਇਸ ਦੌਰਾਨ ਤਾਲਾਬੰਦੀਆਂ ਕਰਕੇ ਕਾਰੋਬਾਰ ਵੱਡੀ ਪੱਧਰ 'ਤੇ ਬੰਦ ਹੋਏ ਹਨ ਅਤੇ ਗੈਰ-ਰਸਮੀ ਖੇਤਰ ਦੇ ਰੁਜ਼ਗਾਰ ਉੱਤੇ ਭਾਰੀ ਅਸਰ ਪਿਆ ਹੈ।



ਵਿੱਤੀ ਸਾਲ 2017-18 ਦੌਰਾਨ ਬੇਰੁਜ਼ਗਾਰੀ ਦੀ ਦਰ ਪਿਛਲੇ 45 ਸਾਲਾਂ ਨਾਲੋਂ ਸਭ ਤੋਂ ਵੱਧ ਸੀ। ਵਿੱਤੀ ਮਾਹਿਰਾਂ ਅਨੁਸਾਰ ਨੋਟਬੰਦੀ ਦਾ ਅਸਰ ਅਜੇ ਤੱਕ ਨਹੀਂ ਗਿਆ। ਸਮੁੱਚੇ ਵਿੱਤੀ ਲੈਣ ਦੇਣ ਨੂੰ ਡਿਜੀਟਲ ਕਰ ਦੇਣ ਦਾ ਪ੍ਰਚਾਰ ਕੀਤਾ ਗਿਆ ਸੀ ਪਰ ਭਾਰਤ ਵਰਗੇ ਦੇਸ਼ ਵਿਚ ਇਹ ਸੰਭਵ ਨਹੀਂ ਹੈ। ਨੋਟਬੰਦੀ ਨੇ ਗੈਰਰਸਮੀ ਖੇਤਰ ਦੇ ਕਾਰੋਬਾਰ 'ਤੇ ਡੂੰਘਾ ਅਸਰ ਪਾਇਆ ਤੇ ਉਹ ਕਾਰੋਬਾਰ ਇਸ ਪ੍ਰਭਾਵ ਤੋਂ ਮੁਕਤ ਨਹੀਂ ਹੋ ਸਕੇ। ਬੇਰੁਜ਼ਗਾਰੀ ਦੀ ਸਮੱਸਿਆ ਦੀ ਪੱਧਰ ਦਾ ਅੰਦਾਜ਼ਾ ਸਿਆਸੀ ਆਗੂਆਂ ਦੇ ਵਾਅਦਿਆਂ ਤੇ ਦਾਅਵਿਆਂ ਤੋਂ ਲਗਾਇਆ ਜਾ ਸਕਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਰ ਸਾਲ ਦੋ ਕਰੋੜ ਨੌਕਰੀ ਪੈਦਾ ਕਰਨ ਦੇ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਘਰ ਘਰ ਨੌਕਰੀ ਦੇਣ ਦੇ ਵਾਅਦੇ ਕੀਤੇ ਸਨ।

ਇਕ ਪਾਸੇ ਬੇਰੁਜ਼ਗਾਰੀ ਤੇ ਦੂਜੇ ਪਾਸੇ ਦੇਸ਼ 'ਚ ਮਹਿੰਗਾਈ ਦਾ ਚੱਕਰ ਇਕ ਵਾਰ ਫਿਰ ਘੁੰਮ ਗਿਆ ਹੈ। ਮਹਿੰਗਾਈ ਦੀ ਇਹ ਦਰ ਥੋਕ ਤੇ ਪ੍ਰਚੂਨ ਦੋਵਾਂ ਪੱਧਰਾਂ ਉਤੇ ਵਧੀ ਹੈ। ਉਦਯੋਗਿਕ ਖੇਤਰ 'ਚ ਖੁਦਰਾ ਮਹਿੰਗਾਈ ਦੀ ਇਹ ਦਰ 5.57 ਫੀਸਦੀ ਦਰਜ ਕੀਤੀ ਗਈ ਹੈ, ਜੋ ਕਿ ਹਾਲ ਦੇ ਸਮੇਂ 'ਚ ਸਭ ਤੋਂ ਵੱਧ ਵਾਧਾ ਦਰ ਹੈ। ਇਸੇ ਸਾਲ ਜੂਨ ਮਹੀਨੇ 'ਚ ਇਹ ਦਰ 5.24 ਫੀਸਦੀ ਸੀ, ਜਦਕਿ ਪਿਛਲੇ ਸਾਲ ਇਸੇ ਸਮੇਂ ਦੌਰਾਨ ਇਹ ਦਰ 5.06 ਫੀਸਦੀ ਸੀ। ਇਸ ਕਾਰਨ ਮਹਿੰਗਾਈ ਦਰ 'ਤੇ ਵੀ ਦਬਾਅ ਪਿਆ ਹੈ, ਜਿਸ ਨਾਲ ਹੋਰ ਘਰੇਲੂ ਤੇ ਰਸੋਈ ਘਰ 'ਚ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਦੇ ਭਾਅ 'ਤੇ ਵੀ ਦਬਾਅ ਮਹਿਸੂਸ ਕੀਤਾ ਗਿਆ। ਥੋਕ 'ਚ ਮਹਿੰਗਾਈ ਦੀ ਦਰ ਵਧਣ ਨਾਲ ਪ੍ਰਚੂਨ ਪੱਧਰ ਉਤੇ ਚੌਲ, ਚੀਨੀ, ਚਾਹ ਅਤੇ ਕਈ ਪ੍ਰਕਾਰ ਦੀਆਂ ਦਾਲਾਂ ਦੀਆਂ ਕੀਮਤਾਂ 'ਚ ਭਾਰੀ ਵਾਧਾ ਦੇਖਿਆ ਗਿਆ। ਫਲਾਂ ਤੇ ਸਬਜ਼ੀਆਂ ਦੇ ਭਾਅ 'ਚ ਵੀ ਇਸੇ ਤਰ੍ਹਾਂ ਵਾਧਾ ਦਰਜ ਕੀਤਾ ਗਿਆ, ਜਦਕਿ ਮਾਸ ਤੋਂ ਬਣੇ ਪਦਾਰਥਾਂ ਦੇ ਭਾਅ ਵੀ ਪਿਛਲੇ ਸਾਲ ਦੀ ਤੁਲਨਾ ਵਿਚ ਕਈ ਗੁਣਾ ਵਧ ਗਏ ਹਨ।

## ਕੇਂਦਰੀ ਵਿਭਾਗਾਂ ਵਿਚ 8.72 ਲੱਖ ਅਸਾਮੀਆਂ ਖਾਲੀ

**ਨਵੀਂ ਦਿੱਲੀ:** ਕਰਮਚਾਰੀ, ਲੋਕ ਸ਼ਿਕਾਇਤ ਤੇ ਪੈਨਸ਼ਨ ਮੰਤਰਾਲੇ ਬਾਰੇ ਕੇਂਦਰੀ ਰਾਜ ਮੰਤਰੀ ਜੀਤੇਂਦਰ ਸਿੰਘ ਨੇ ਦੱਸਿਆ ਕਿ ਕੇਂਦਰ ਸਰਕਾਰ ਦੇ ਵੱਖੋ-ਵੱਖਰੇ ਸਰਕਾਰੀ ਵਿਭਾਗਾਂ ਵਿਚ 1 ਮਾਰਚ 2020 ਨੂੰ ਲਗਭਗ 8.72 ਲੱਖ ਅਸਾਮੀਆਂ ਖਾਲੀ ਸਨ। ਰਾਜ ਸਭਾ ਵਿਚ ਇਕ ਲਿਖਤੀ ਜੁਆਬ ਰਾਹੀਂ ਉਨ੍ਹਾਂ ਦੱਸਿਆ ਕਿ ਸਾਰੇ ਕੇਂਦਰੀ ਸਰਕਾਰੀ ਵਿਭਾਗਾਂ ਦੀ ਮਨਜ਼ੂਰਸ਼ੁਦਾ ਗੁੰਜਾਇਸ਼ 40,04,941 ਸੀ ਜਿਨ੍ਹਾਂ ਵਿਚੋਂ 31,32,698 'ਤੇ ਮੁਲਾਜ਼ਮ ਕੰਮ ਕਰ ਰਹੇ ਸਨ। ਪਿਛਲੇ ਪੰਜ ਸਾਲਾਂ ਵਿਚ ਤਿੰਨ ਮੁੱਖ ਭਰਤੀ ਏਜੰਸੀਆਂ ਵੱਲੋਂ ਕੀਤੀਆਂ ਭਰਤੀਆਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਸਾਲ 2016-17 ਤੋਂ 2020-21 ਤੱਕ ਯੂ.ਪੀ.ਐਸ.ਸੀ. ਵੱਲੋਂ 25,267 ਉਮੀਦਵਾਰਾਂ, ਸਟਾਫ ਸਿਲੈਕਸ਼ਨ ਕਮਿਸ਼ਨ ਵੱਲੋਂ 2,14,601 ਉਮੀਦਵਾਰਾਂ ਅਤੇ ਰੇਲਵੇ ਭਰਤੀ ਬੋਰਡ ਵੱਲੋਂ 2,04,945 ਉਮੀਦਵਾਰਾਂ ਦੀ ਭਰਤੀ ਕੀਤੀ ਗਈ।

# ਹੁਣ ਏ. ਟੀ. ਐਮ. ਤੋਂ ਰਾਸ਼ੀ ਕਢਵਾਉਣੀ ਪਏਗੀ ਮਹਿੰਗੀ



**ਨਵੀਂ ਦਿੱਲੀ:** ਆਰ.ਬੀ.ਆਈ. (ਭਾਰਤੀ ਰਿਜ਼ਰਵ ਬੈਂਕ) ਦੀਆਂ ਇੰਟਰਚੇਂਜ ਫੀਸ ਬਾਰੇ ਨਵੀਆਂ ਹਦਾਇਤਾਂ ਲਾਗੂ ਹੋ ਗਈਆਂ ਹਨ। ਇਸ ਤੋਂ ਇਲਾਵਾ ਥੋਕ ਭੁਗਤਾਨ ਕਰਨ ਦੀ ਸਹੂਲਤ ਵੀ ਦੇ ਦਿੱਤੀ ਗਈ ਹੈ। ਇਹ ਸਹੂਲਤ ਚੌਵੀ ਘੰਟੇ ਤੇ ਪੂਰੇ ਹਫਤੇ ਮਿਲੇਗੀ। ਇੰਟਰਚੇਂਜ ਫੀਸ ਬੈਂਕਾਂ ਦੁਆਰਾ ਕਰੈਡਿਟ ਜਾਂ ਡੈਬਿਟ ਕਾਰਡ ਦੇ ਮਾਧਿਅਮ ਨਾਲ ਭੁਗਤਾਨ ਕਰਨ ਵਾਲਿਆਂ ਤੋਂ ਲਈ ਜਾਣ ਵਾਲੀ ਫੀਸ ਹੈ। ਜੇ ਕਿਸੇ ਇਕ ਬੈਂਕ ਦਾ ਗਾਹਕ ਕਿਸੇ ਹੋਰ ਬੈਂਕ ਦੇ ਏ.ਟੀ.ਐਮ. 'ਤੇ ਆਪਣੇ ਕਾਰਡ ਦਾ ਇਸਤੇਮਾਲ ਕਰ ਕੇ ਪੈਸੇ ਕਢਵਾਉਂਦਾ ਹੈ ਤਾਂ ਅਜਿਹੀ ਸਥਿਤੀ ਵਿਚ ਜਿਸ ਬੈਂਕ ਦੇ ਏ.ਟੀ.ਐਮ. ਤੋਂ ਪੈਸੇ ਕਢਵਾਏ ਜਾਂਦੇ ਹਨ, ਉਹ ਮਰਚੈਂਟ ਬੈਂਕ ਹੋ ਜਾਂਦਾ ਹੈ। ਇਸ 'ਤੇ ਫੀਸ ਵਸੂਲੀ ਜਾਂਦੀ ਹੈ। ਆਰ.ਬੀ.ਆਈ. ਨੇ ਜੂਨ ਵਿਚ ਵਿੱਤੀ ਲੈਣ-ਦੇਣ ਲਈ ਇੰਟਰਚੇਂਜ ਫੀਸ 15 ਰੁਪਏ ਤੋਂ ਵਧਾ ਕੇ 17 ਰੁਪਏ ਕਰ ਦਿੱਤੀ ਸੀ ਜਦਕਿ ਗੈਰ-ਵਿੱਤੀ ਲੈਣ-ਦੇਣ ਲਈ ਇਹ ਵਾਧਾ ਪੰਜ ਰੁਪਏ ਤੋਂ ਵਧਾ ਕੇ ਛੇ ਰੁਪਏ ਕੀਤਾ ਗਿਆ ਸੀ। ਨੈਸ਼ਨਲ ਆਟੋਮੇਟੇਡ ਕਲੀਅਰਿੰਗ ਹਾਊਸ (ਐਨ.ਏ.ਸੀ.ਐਚ.) ਹੁਣ ਹਫਤੇ ਦੇ ਸਾਰੇ ਦਿਨ ਉਪਲਬਧ ਰਹੇਗਾ।

ਐਨ.ਏ.ਸੀ.ਐਚ. ਕੌਮੀ ਪੱਧਰ ਦਾ ਥੋਕ ਭੁਗਤਾਨ ਸਿਸਟਮ ਹੈ ਜਿਸ ਨੂੰ 'ਨੈਸ਼ਨਲ ਪੇਅਮੈਂਟ ਕਾਰਪੋਰੇਸ਼ਨ' ਚਲਾਉਂਦੀ ਹੈ। ਇਸ ਰਾਹੀਂ ਇਕ ਥਾਂ ਤੋਂ ਕਈਆਂ ਨੂੰ ਕਰੈਡਿਟ ਟਰਾਂਸਫਰ ਹੁੰਦਾ ਹੈ। ਇਸ ਤਹਿਤ ਲਾਭ ਅੰਸ਼, ਵਿਆਜ, ਤਨਖਾਹ ਤੇ ਪੈਨਸ਼ਨ ਦਾ ਭੁਗਤਾਨ ਹੁੰਦਾ ਹੈ। ਬਿਜਲੀ, ਗੈਸ, ਟੈਲੀਫੋਨ, ਪਾਣੀ, ਕਰਜ਼ੇ ਦੀਆਂ ਕਿਸ਼ਤਾਂ, ਮਿਊਚੁਅਲ ਫੰਡ ਨਿਵੇਸ਼ ਤੇ ਬੀਮਾ ਪ੍ਰੀਮੀਅਮ ਵੀ ਇਸ ਰਾਹੀਂ ਭਰਿਆ ਜਾਂਦਾ ਹੈ। ਥੋਕ ਭੁਗਤਾਨ ਬਾਰੇ ਫੈਸਲਾ ਖਪਤਕਾਰਾਂ ਦੀ ਸਹੂਲਤ ਲਈ ਲਿਆ ਗਿਆ ਸੀ। ਇਹ ਸਹੂਲਤ ਪਹਿਲਾਂ ਉਦੋਂ ਹੀ ਉਪਲਬਧ ਸੀ ਜਦ ਬੈਂਕ ਖੁੱਲ੍ਹੇ ਹੁੰਦੇ ਸਨ (ਸੋਮਵਾਰ ਤੋਂ ਸ਼ੁੱਕਰਵਾਰ)। ਆਟੋ-ਡੈਬਿਟ ਵੀ ਬੈਂਕਾਂ ਬੰਦ ਹੋਣ ਵਾਲੇ ਦਿਨ ਨਹੀਂ ਹੁੰਦਾ ਸੀ ਤੇ ਤਨਖਾਹਾਂ ਵੀ ਬੈਂਕ ਬੰਦ ਹੋਣ ਵਾਲੇ ਦਿਨ ਨਹੀਂ ਸਨ ਪੈਂਦੀਆਂ।

## ਭਾਜਪਾ ਮੰਤਰੀ ਨੇ ਦਿੱਤੀ ਗਾਂ ਦਾ ਮਾਸ ਖਾਣ ਦੀ ਸਲਾਹ



**ਸ਼ਿਲੌਂਗ:** ਮੇਘਾਲਿਆ ਸਰਕਾਰ 'ਚ ਭਾਰਤੀ ਜਨਤਾ ਪਾਰਟੀ ਦੇ ਮੰਤਰੀ ਸਨਬੋਰ ਸ਼ੁਲਈ ਨੇ ਰਾਜ ਦੇ ਲੋਕਾਂ ਨੂੰ ਮੁਰਗਾ, ਭੇਡ ਜਾਂ ਬੱਕਰੀ ਦਾ ਮਾਸ ਜਾਂ ਮੱਛੀ ਖਾਣ ਦੀ ਥਾਂ ਬੀਫ (ਗਾਂ ਦਾ ਮਾਸ) ਜਿਆਦਾ ਖਾਣ ਲਈ ਕਿਹਾ ਅਤੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਨ੍ਹਾਂ ਦੀ ਪਾਰਟੀ ਇਸ ਦੇ ਖਿਲਾਫ ਹੈ। ਪਿਛਲੇ ਹਫਤੇ ਕੈਬਨਿਟ ਦੀ ਸਹੁੰ ਚੁੱਕਣ ਵਾਲੇ ਸੀਨੀਅਰ ਭਾਜਪਾ ਆਗੂ ਸ਼ੁਲਈ ਨੇ ਕਿਹਾ ਕਿ ਇਕ ਜਮਹੂਰੀ ਦੇਸ਼ 'ਚ ਹਰ ਕੋਈ ਆਪਣੀ ਪਸੰਦ ਦਾ ਖਾਣਾ ਖਾਣ ਲਈ ਆਜ਼ਾਦ ਹੈ। ਉਨ੍ਹਾਂ ਪੱਤਰਕਾਰਾਂ ਨੂੰ ਕਿਹਾ, 'ਮੈਂ ਲੋਕਾਂ ਨੂੰ ਮੁਰਗਾ, ਭੇਡ ਜਾਂ ਬੱਕਰੀ ਦਾ ਮਾਸ ਜਾਂ ਮੱਛੀ ਖਾਣ ਦੀ ਥਾਂ ਬੀਫ ਜਿਆਦਾ ਖਾਣ ਲਈ ਪ੍ਰੇਰਿਤ ਕਰਦਾ ਹਾਂ। ਇਹ ਧਾਰਨਾ ਕਿ ਭਾਜਪਾ ਗਊ ਹੱਤਿਆ 'ਤੇ ਪਾਬੰਦੀ ਲਾਏਗੀ, ਦੂਰ ਹੋ ਜਾਵੇਗੀ।' ਸ਼ੁਲਈ ਨੇ ਕਿਹਾ ਕਿ ਉਹ ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸ਼ਰਮਾ ਨਾਲ ਗੱਲ ਕਰਨਗੇ ਕਿ ਗੁਆਂਢੀ ਸੂਬੇ 'ਚ ਨਵੇਂ ਕਾਨੂੰਨ ਨਾਲ ਮੇਘਾਲਿਆ 'ਚ ਪਸ਼ੂਆਂ ਦੀ ਸਪਲਾਈ 'ਚ ਅੜਿੱਕਾ ਨਾ ਪਵੇ। ਮੇਘਾਲਿਆ ਤੇ ਅਸਾਮ ਵਿਚਾਲੇ ਸਰਹੱਦੀ ਵਿਵਾਦ ਬਾਰੇ ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਰਾਜ ਸਰਹੱਦ ਤੇ ਆਪਣੇ ਲੋਕਾਂ ਦੀ ਰਾਖੀ ਲਈ ਪੁਲਿਸ ਫੋਰਸ ਦੀ ਵਰਤੋਂ ਕਰੇ।

# ਗਿਲਗਿਟ-ਬਾਲਟਿਸਤਾਨ ਨੂੰ ਅਸਥਾਈ ਸੂਬਾ ਬਣਾਉਣ ਦੀ ਤਿਆਰੀ

**ਇਸਲਾਮਾਬਾਦ:** ਭਾਰਤ ਦੀਆਂ ਚਿਤਾਵਨੀਆਂ ਨੂੰ ਨਜ਼ਰ-ਅੰਦਾਜ਼ ਕਰਦਿਆਂ ਪਾਕਿਸਤਾਨੀ ਅਧਿਕਾਰੀਆਂ ਨੇ ਰਣਨੀਤਕ ਤੌਰ 'ਤੇ ਅਹਿਮ ਖੇਤਰ ਗਿਲਗਿਟ-ਬਾਲਟਿਸਤਾਨ ਨੂੰ ਅਸਥਾਈ ਸੂਬੇ ਦਾ ਦਰਜਾ ਦੇਣ ਸਬੰਧੀ ਕਾਨੂੰਨ ਦਾ ਖਾਕਾ ਤੈਅ ਕਰ ਲਿਆ ਹੈ। ਮੀਡੀਆ ਵਿਚ ਆਈ ਇਕ ਖਬਰ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ।

ਦਿੱਲੀ ਨੇ ਇਸਲਾਮਾਬਾਦ ਨੂੰ ਸਪਸ਼ਟ ਕਿਹਾ ਹੈ ਕਿ ਗਿਲਗਿਟ ਅਤੇ ਬਾਲਟਿਸਤਾਨ ਸਣੇ ਜੰਮੂ ਕਸ਼ਮੀਰ ਅਤੇ ਲੱਦਾਖ ਦਾ ਪੂਰਾ ਕੇਂਦਰੀ ਸ਼ਾਸਿਤ ਖੇਤਰ ਭਾਰਤ ਦਾ ਅਟੁੱਟ ਹਿੱਸਾ ਹੈ। ਭਾਰਤ ਦਾ ਕਹਿਣਾ ਹੈ ਕਿ ਪਾਕਿਸਤਾਨ ਸਰਕਾਰ ਜਾਂ ਉਸ ਦੀ ਨਿਆਪਾਲਿਕਾ ਦਾ ਗੈਰ-ਕਾਨੂੰਨੀ ਜਾਂ ਜਬਰੀ ਕਬਜ਼ਾ ਕੀਤੇ ਗਏ ਖੇਤਰਾਂ 'ਤੇ ਕੋਈ ਅਧਿਕਾਰ ਨਹੀਂ ਹੈ। 'ਡਾਅਨ' ਅਖਬਾਰ ਦੀ ਇਕ ਖਬਰ ਮੁਤਾਬਕ, ਕਾਨੂੰਨ ਤੇ ਨਿਆਂ ਮੰਤਰਾਲੇ ਦੇ ਤਜਵੀਜਤ ਕਾਨੂੰਨ ਤਹਿਤ ਗਿਲਗਿਟ-ਬਾਲਟਿਸਤਾਨ ਦੀ ਸੁਪਰੀਮ ਅਪੀਲੀ ਕੋਰਟ (ਐਸ.ਏ.ਸੀ.) ਖਤਮ ਕੀਤੀ ਜਾ ਸਕਦੀ ਹੈ ਅਤੇ ਖੇਤਰ ਦੇ ਚੋਣ ਕਮਿਸ਼ਨ ਦਾ ਪਾਕਿਸਤਾਨ ਦੇ ਚੋਣ ਕਮਿਸ਼ਨ ਵਿਚ ਰਲੇਵਾਂ ਕੀਤਾ ਜਾ ਸਕਦਾ ਹੈ। ਕਾਨੂੰਨ ਮੰਤਰਾਲੇ ਦੇ ਸੂਤਰਾਂ ਨੇ ਅਖਬਾਰ ਨੂੰ ਦੱਸਿਆ ਕਿ 26ਵੇਂ ਸੰਵਿਧਾਨਿਕ ਸੋਧ ਬਿੱਲ ਦਾ ਖਰੜਾ ਤਿਆਰ ਕਰ ਕੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਸੌਂਪ ਦਿੱਤਾ ਗਿਆ ਹੈ। ਜੁਲਾਈ ਦੇ ਪਹਿਲੇ ਹਫਤੇ ਪ੍ਰਧਾਨ ਮੰਤਰੀ ਨੇ ਸੰਘੀ ਕਾਨੂੰਨ ਮੰਤਰੀ ਬੈਰਿਸਟਰ ਫਾਰੋਗ ਨਸੀਮ ਨੂੰ ਕਾਨੂੰਨ ਤਿਆਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਸੀ। ਸੂਤਰਾਂ ਨੇ ਦੱਸਿਆ ਕਿ ਪਾਕਿਸਤਾਨ ਦੇ ਸੰਵਿਧਾਨ, ਕੌਮਾਂਤਰੀ ਕਾਨੂੰਨਾਂ, ਸੰਯੁਕਤ ਰਾਸ਼ਟਰ ਦੇ ਮਤਿਆਂ ਖਾਸ ਕਰਕੇ ਕਸ਼ਮੀਰ 'ਤੇ ਰਾਇਸ਼ੁਮਾਰੀ ਨਾਲ ਸਬੰਧਤ ਮਤਿਆਂ ਦਾ ਸਾਵਧਾਨੀ ਨਾਲ ਅਧਿਐਨ ਕਰਨ ਮਗਰੋਂ ਬਿੱਲ ਦਾ ਖਰੜਾ ਤਿਆਰ ਕੀਤਾ ਗਿਆ ਹੈ।



ਸੂਤਰਾਂ ਨੇ ਦੱਸਿਆ ਕਿ ਤਜਵੀਜਤ ਕਾਨੂੰਨ ਵਿਚ ਸੁਝਾਅ ਦਿੱਤਾ ਗਿਆ ਹੈ ਕਿ ਖੇਤਰ ਦੀ ਸੰਵੇਦਨਸ਼ੀਲਤਾ ਦੇ ਮੱਦੇਨਜਰ ਸੂਬਿਆਂ ਅਤੇ ਖੇਤਰਾਂ ਨਾਲ ਸਬੰਧਤ ਸੰਵਿਧਾਨ ਦੀ ਧਾਰਾ-1 ਵਿਚ ਸੋਧ ਕਰਕੇ ਉਸ ਨੂੰ ਅਸਥਾਈ ਸੂਬੇ ਦਾ ਦਰਜਾ ਦਿੱਤਾ ਜਾ ਸਕਦਾ ਹੈ।

# ਭਾਰਤ ਨੇ ਚੀਨ ਨੂੰ ਵਿਵਾਦ ਵਾਲੇ ਖੇਤਰਾਂ 'ਚੋਂ ਫੌਜ ਹਟਾਉਣ ਲਈ ਕਿਹਾ

**ਨਵੀਂ ਦਿੱਲੀ:** ਭਾਰਤ ਤੇ ਚੀਨ ਦਰਮਿਆਨ ਇਕ ਹੋਰ ਉਚ ਪੱਧਰੀ ਫੌਜੀ ਵਾਰਤਾ ਵਿਚ ਭਾਰਤ ਨੇ ਚੀਨ 'ਤੇ ਜੋਰ ਪਾਇਆ ਕਿ ਹੌਟ ਸਪਰਿੰਗਜ, ਗੋਗਰਾ ਤੇ ਵਿਵਾਦ ਵਾਲੇ ਹੋਰਨਾਂ ਇਲਾਕਿਆਂ ਵਿਚੋਂ ਫੌਜ ਤੇ ਹਥਿਆਰਾਂ ਨੂੰ ਜਲਦੀ ਹਟਾਇਆ ਜਾਵੇ। ਕੋਰ ਕਮਾਂਡਰ ਪੱਧਰ 'ਤੇ ਇਹ 12ਵੇਂ ਗੇੜ ਦੀ ਗੱਲਬਾਤ ਸੀ ਤੇ ਕਰੀਬ ਨੌਂ ਘੰਟੇ ਚੱਲੀ।

ਦੋਵਾਂ ਧਿਰਾਂ ਨੇ ਕਿਹਾ ਕਿ ਵਿਸਤਾਰ 'ਚ ਵਿਆਪਕ ਗੱਲਬਾਤ ਹੋਈ ਹੈ। ਹਾਲਾਂਕਿ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਫੌਜੀ ਕਮਾਂਡਰ ਪੱਧਰ ਦੀ ਵਾਰਤਾ ਐਲ.ਏ.ਸੀ. ਦੇ ਚੀਨ ਵਾਲੇ ਪਾਸੇ ਮੋਲਡੋ 'ਚ ਹੋਈ। ਬੈਠਕ ਦੇ ਸਿੱਟੇ ਬਾਰੇ ਅਧਿਕਾਰਤ ਤੌਰ 'ਤੇ ਕੋਈ ਟਿੱਪਣੀ ਨਹੀਂ ਆਈ ਹੈ। ਬੈਠਕ ਪੂਰਬੀ ਲੱਦਾਖ ਦੇ ਬਾਕੀ ਖੇਤਰਾਂ 'ਚੋਂ ਫੌਜ ਨੂੰ ਵਾਪਸ ਸੱਦਣ 'ਤੇ ਕੇਂਦਰਤ ਸੀ। ਫੌਜੀ ਕਮਾਂਡਰਾਂ ਨੇ ਪਹਿਲਾਂ ਹੋਏ ਸਮਝੌਤੇ ਵਿਚਲੇ ਵਖਰੇਵਿਆਂ ਨੂੰ ਦੂਰ ਕਰ ਕੇ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕੀਤੀ। ਇਸੇ ਸਾਲ ਫਰਵਰੀ ਵਿਚ ਦੋਵੇਂ ਮੁਲਕ ਇਸ ਖੇਤਰ ਵਿਚ ਸੈਨਿਕਾਂ ਦੀ ਗਿਣਤੀ ਘਟਾਉਣ ਤੇ ਫੌਜਾਂ ਨੂੰ ਵਾਪਸ ਸੱਦਣ 'ਤੇ ਸਹਿਮਤ ਹੋਏ ਸਨ।



ਵਾਰਤਾ ਵਿਚ ਭਾਰਤੀ ਵਫਦ ਦੀ ਅਗਵਾਈ 14 ਕੋਰ ਦੇ ਕਮਾਂਡਰ ਲੈਫਟੀਨੈਂਟ ਜਨਰਲ ਪੀ.ਜੀ.ਕੇ. ਮੈਨਨ ਤੇ ਚੀਨੀ ਵਫਦ ਦੀ ਅਗਵਾਈ ਦੱਖਣੀ ਸ਼ਿਨਜਿਆਂਗ ਫੌਜੀ ਜਿਲ੍ਹੇ ਦੇ ਮੁਖੀ ਨੇ ਕੀਤੀ। ਦੋਵਾਂ ਮੁਲਕਾਂ ਵਿਚਾਲੇ ਵਾਰਤਾ ਕਰੀਬ ਤਿੰਨ ਮਹੀਨੇ ਬਾਅਦ ਹੋਈ ਹੈ। ਆਸ ਜਤਾਈ ਜਾ ਰਹੀ ਸੀ ਕਿ ਇਸ ਗੱਲਬਾਤ ਦਾ ਸਕਾਰਾਤਮਕ ਸਿੱਟਾ ਨਿਕਲੇਗਾ। ਦੋਵਾਂ ਧਿਰਾਂ ਨੇ ਵਿਵਾਦ ਵਾਲੇ ਬਾਕੀ ਖੇਤਰਾਂ ਵਿਚ ਸ਼ਾਂਤੀ-ਸਥਿਰਤਾ ਕਾਇਮ ਰੱਖਣ 'ਤੇ ਵਿਚਾਰ-ਚਰਚਾ ਕੀਤੀ ਹੈ।

ਅਪਰੈਲ ਵਿਚ ਹੋਈ 11ਵੇਂ ਗੇੜ ਦੀ ਵਾਰਤਾ ਵਿਚ ਵੀ ਇਨ੍ਹਾਂ ਇਲਾਕਿਆਂ 'ਚੋਂ ਫੌਜ ਕੱਢਣ 'ਤੇ ਹੀ ਜੋਰ ਦਿੱਤਾ ਗਿਆ ਸੀ। ਦੋ ਹਫਤੇ ਪਹਿਲਾਂ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਆਪਣੇ ਚੀਨੀ ਹਮਰੁਤਬਾ ਵਾਂਗ ਯੀ ਨੂੰ ਕਿਹਾ ਸੀ ਕਿ ਮਸਲੇ ਦੇ ਹੱਲ ਵਿਚ ਦੇਰੀ ਕਾਰਨ ਦੁਵੱਲੇ ਰਿਸ਼ਤਿਆਂ ਉਤੇ ਨਕਾਰਾਤਮਕ ਅਸਰ ਪੈ ਰਿਹਾ ਹੈ।

## ਕੋਈ ਗੁਆਂਢੀ ਅੱਜ ਭਾਰਤ ਦੀ ਇੱਜ਼ਤ ਨਹੀਂ ਕਰਦਾ: ਸਵਾਮੀ

**ਨਵੀਂ ਦਿੱਲੀ:** ਵੱਖ-ਵੱਖ ਮਸਲਿਆਂ 'ਤੇ ਆਪਣੀ ਹੀ ਸਰਕਾਰ ਨੂੰ ਘੇਰਨ ਵਾਲੇ ਭਾਜਪਾ ਆਗੂ ਸੁਬਰਾਮਣੀਅਮ ਸਵਾਮੀ ਨੇ ਇਕ ਵਾਰ ਫਿਰ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ। ਦੇਸ਼ ਦੀ ਵਿਦੇਸ਼ੀ ਨੀਤੀ ਸਬੰਧੀ ਸੋਸ਼ਲ ਮੀਡੀਆ 'ਤੇ ਪੁੱਛੇ ਇਕ ਸਵਾਲ ਦਾ ਜਵਾਬ ਦਿੰਦਿਆਂ ਰਾਜ ਸਭਾ ਮੈਂਬਰ ਸਵਾਮੀ ਨੇ ਕਿਹਾ ਕਿ ਕਿਹੜਾ ਅਜਿਹਾ ਗੁਆਂਢੀ ਮੁਲਕ ਹੈ, ਜੋ ਭਾਰਤ ਦੀ ਇੱਜ਼ਤ ਕਰਦਾ ਹੈ। ਅਮਰੀਕੀ ਫੌਜਾਂ ਦੀ ਵਾਪਸੀ ਮਗਰੋਂ ਤਾਲਿਬਾਨ ਅਤਿਵਾਦੀਆਂ ਨੇ ਅਫਗਾਨਿਸਤਾਨ ਦੇ ਕਈ ਜਿਲ੍ਹਿਆਂ ਦੇ ਦਿਹਾਤੀ ਖੇਤਰਾਂ 'ਤੇ ਕਬਜ਼ਾ ਕਰ ਲਿਆ ਹੈ। ਅਫਗਾਨੀ ਸੁਰੱਖਿਆ ਦਸਤੇ ਤਾਲਿਬਾਨੀਆਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਲਗਾਤਾਰ ਜੂਝ ਰਹੇ ਹਨ। ਅਫਗਾਨਿਸਤਾਨ ਦੇ ਅੰਦਰੂਨੀ ਸੰਕਟ ਨੂੰ ਲੈ ਕੇ ਅਮਰੀਕਾ, ਰੂਸ, ਚੀਨ ਅਤੇ ਪਾਕਿਸਤਾਨ ਅਗਲੇ ਦਿਨਾਂ ਵਿਚ ਕਤਰ ਦੀ ਰਾਜਧਾਨੀ ਦੋਹਾ 'ਚ ਮੀਟਿੰਗ ਕਰਨ ਜਾ ਰਹੇ ਹਨ। ਭਾਰਤ ਮੀਟਿੰਗ ਵਿਚ ਹਿੱਸਾ ਨਹੀਂ ਲੈ ਰਿਹਾ।

# ਇਹ ਜਾਸੂਸੀ ਮਾਮੂਲੀ ਨਹੀਂ ਹੈ...

## ਅਸੀਂ ਆਪਣਾ ਦੁਸ਼ਮਣ ਜੇਬ 'ਚ ਲੈ ਕੇ ਨਹੀਂ ਘੁੰਮ ਸਕਦੇ

***ਪੈਗਾਸਸ ਸਪਾਈਵੇਅਰ ਕਾਂਡ ਨੇ ਸੰਸਾਰ ਭਰ ਦੇ ਸੰਜੀਦਾ ਲੋਕਾਂ ਨੂੰ ਸੋਚਣ ਲਾ ਦਿੱਤਾ ਹੈ। ਜਿਸ ਤਰ੍ਹਾਂ ਸਰਕਾਰਾਂ ਅਤੇ ਸਟੇਟ ਆਪਣੇ ਲੋਕਾਂ ਦੀ ਜਸੂਸੀ ਦੇ ਰਾਹ ਪੈ ਗਈਆਂ ਹਨ, ਉਸ ਬਾਰੇ ਸੋਚ ਕੇ ਕੰਬਣੀ ਛਿੜਦੀ ਹੈ। ਭਾਰਤ ਦੀ ਉਘੀ ਵਿਦਵਾਨ ਅਤੇ ਲਿਖਾਰੀ ਅਰੁੰਧਤੀ ਰਾਏ ਇਸ ਜਸੂਸੀ ਕਾਂਡ ਦੇ ਹਵਾਲੇ ਨਾਲ ਸਾਨੂੰ ਇਕ ਵਾਰ ਫਿਰ ਸਰਕਾਰਾਂ ਅਤੇ ਸਟੇਟ ਦੀਆਂ ਕਾਰਵਾਈਆਂ ਬਾਰੇ ਸੁਚੇਤ ਕੀਤਾ ਹੈ। ਇਸ ਅਹਿਮ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।***

**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ**

ਭਾਰਤ ਵਿਚ ਮੌਤਾਂ ਦਾ ਮਨਹੂਸ ਮੌਸਮ ਤੇਜ਼ੀ ਨਾਲ ਜਾਸੂਸੀ ਦੇ ਮੌਸਮ 'ਚ ਬਦਲਦਾ ਹੋਇਆ ਨਜ਼ਰ ਆ ਰਿਹਾ ਹੈ।

ਕਰੋਨਾ ਵਾਇਰਸ ਦੀ ਦੂਜੀ ਲਹਿਰ ਲਹਾਓ 'ਚ ਹੈ ਅਤੇ ਇਹ ਆਪਣੇ ਪਿੱਛੇ ਛੱਡ ਗਈ ਹੈ ਅੰਦਾਜ਼ਨ 40 ਲੱਖ ਭਾਰਤੀਆਂ ਦੀਆਂ ਮੌਤਾਂ। ਮੌਤਾਂ ਦਾ ਅਧਿਕਾਰਕ ਸਰਕਾਰੀ ਅੰਕੜਾ ਇਸ ਦਾ ਦਸਵਾਂ ਹਿੱਸਾ ਹੈ - ਚਾਰ ਲੱਖ। ਨਰਿੰਦਰ ਮੋਦੀ ਦੀ ਇਸ ਖੌਫਨਾਕ ਹਕੂਮਤ 'ਚ, ਜਦੋਂ ਸ਼ਮਸ਼ਾਨ ਘਾਟਾਂ ਉਪਰੋਂ ਧੂੰਆਂ ਖਿੰਡਣਾ ਸ਼ੁਰੂ ਹੋ ਗਿਆ ਅਤੇ ਕਬਰਸਤਾਨਾਂ ਦੀ ਮਿੱਟੀ ਜੰਮਣੀ ਸ਼ੁਰੂ ਹੋ ਗਈ ਤਾਂ ਸਾਡੀਆਂ ਸੜਕਾਂ ਉਪਰ 'ਥੈਂਕਯੂ ਮੋਦੀ ਜੀ' ਕਹਿੰਦੇ ਚੁਭਵੇਂ ਹੋਰਡਿੰਗ ਉਭਰ ਆਏ (ਇਹ ਉਸ 'ਮੁਫਤ ਵੈਕਸੀਨ' ਲਈ ਲੋਕਾਂ ਵੱਲੋਂ ਪੇਸ਼ਗੀ ਧੰਨਵਾਦ ਹੈ ਜੋ ਜ਼ਿਆਦਾਤਰ ਤਾਂ ਉਪਲਬਧ ਨਹੀਂ ਹੈ, ਤੇ ਜੋ ਆਬਾਦੀ ਦੇ 95 ਫੀਸਦ ਨੂੰ ਅਜੇ ਲੱਗਣਾ ਬਾਕੀ ਹੈ)। ਜਿੱਥੋਂ ਤੱਕ ਮੋਦੀ ਸਰਕਾਰ ਦੀ ਗੱਲ ਹੈ, ਇਸ ਮੁਤਾਬਿਕ ਮੌਤਾਂ ਅਤੇ ਸਹੀ ਅੰਕੜਿਆਂ ਦੀ ਗਿਣਤੀ ਕਰਨ ਦੀ ਕੋਈ ਵੀ ਕੋਸ਼ਿਸ਼ ਭਾਰਤ ਖਿਲਾਫ ਸਾਜ਼ਿਸ਼ ਹੈ - ਮਾਨੋ ਜੋ ਦਹਿ ਲੱਖਾਂ ਹੋਰ ਲੋਕ ਮਰੇ, ਉਹ ਮਹਿਜ਼ ਐਕਟਰ ਸਨ ਜੋ ਕਿਸੇ ਬਦਨੀਅਤ ਨਾਲ ਕੰਮ ਕਰ ਰਹੇ ਸਨ; ਜੋ ਉਨ੍ਹਾਂ ਭੀੜੀਆਂ, ਸਮੂਹਿਕ ਕਬਰਾਂ 'ਚ ਲੰਮੇ ਪੈ ਗਏ ਜਿਨ੍ਹਾਂ ਨੂੰ ਤੁਸੀਂ ਆਸਮਾਨ ਤੋਂ ਲਈਆਂ ਤਸਵੀਰਾਂ 'ਚ ਦੇਖਿਆ; ਜਾਂ ਜਿਨ੍ਹਾਂ ਨੇ ਲਾਸ਼ਾਂ ਦਾ ਭੇਖ ਧਾਰ ਕੇ ਖੁਦ ਨੂੰ ਨਦੀਆਂ 'ਚ ਵਹਾਇਆ; ਜਾਂ ਜਿਨ੍ਹਾਂ ਨੇ ਸ਼ਹਿਰਾਂ ਦੇ ਫੁੱਟਪਾਥਾਂ ਉਪਰ ਖੁਦ ਦੀ ਲਾਸ਼ ਜਲਾਈ। ਉਹ ਸਾਰੇ ਭਾਰਤ ਦੀ ਕੌਮਾਂਤਰੀ ਸਾਖ ਨੂੰ ਬਦਨਾਮ ਕਰਨ ਦੀ ਇੱਕੋ-ਇਕ ਖਵਾਹਿਸ਼ ਨਾਲ ਕੰਮ ਕਰ ਰਹੇ ਸਨ।

ਭਾਰਤ ਸਰਕਾਰ ਅਤੇ ਇਸ ਦੇ ਗੋਦੀ ਮੀਡੀਆ ਨੇ ਹੁਣ ਇਹੀ ਇਲਜ਼ਾਮ ਖੋਜੀ ਪੱਤਰਕਾਰਾਂ ਦੇ ਉਸ ਕੌਮਾਂਤਰੀ ਕਨਸੌਰਟੀਅਮ ਵਿਰੁੱਧ ਲਗਾਇਆ ਹੈ ਜਿਸ ਤਹਿਤ 17 ਸਮਾਚਾਰ ਸੰਸਥਾਵਾਂ ਦੇ ਪੱਤਰਕਾਰਾਂ ਨੇ 'ਫੌਰਬਿਡਨ ਸਟੋਰੀਜ਼' ਅਤੇ ਐਮਨੈਸਟੀ ਇੰਟਰਨੈਸ਼ਨਲ ਨਾਲ ਮਿਲ ਕੇ ਭਾਰੀ ਪੈਮਾਨੇ 'ਤੇ ਆਲਮੀ ਜਾਸੂਸੀ ਅਤੇ ਨਿਗਰਾਨੀ ਦੀ ਅਸਾਧਾਰਨ ਖਬਰ ਨਸ਼ਰ ਕੀਤੀ ਹੈ। ਇਨ੍ਹਾਂ ਖਬਰਾਂ 'ਚ ਭਾਰਤ ਉਨ੍ਹਾਂ ਮੁਲਕਾਂ 'ਚ ਸ਼ਾਮਿਲ ਹੈ ਜਿਨ੍ਹਾਂ ਦੀਆਂ ਸਰਕਾਰਾਂ ਨੇ ਜ਼ਾਹਿਰਾ ਤੌਰ 'ਤੇ ਇਜ਼ਰਾਇਲੀ ਨਿਗਰਾਨੀ ਕੰਪਨੀ ਐਨ.ਐਸ.ਓ. ਗਰੁੱਪ ਵੱਲੋਂ ਵਿਕਸਿਤ ਕੀਤਾ ਪੈਗਾਸਸ ਸਪਾਈਵੇਅਰ (ਜਾਸੂਸੀ ਸਾਫਟਵੇਅਰ) ਖਰੀਦਿਆ ਹੈ। ਉਧਰ ਐਨ.ਐਸ.ਓ. ਨੇ ਕਿਹਾ ਹੈ ਕਿ ਇਹ ਆਪਣੀ ਤਕਨੀਕ ਸਿਰਫ ਉਨ੍ਹਾਂ ਸਰਕਾਰਾਂ ਨੂੰ ਵੇਚਦੀ ਹੈ ਜਿਨ੍ਹਾਂ ਦਾ ਮਨੁੱਖੀ ਹੱਕਾਂ ਦਾ ਇਤਿਹਾਸ ਬੇਦਾਗ ਹੈ ਅਤੇ ਜੋ ਵਾਅਦਾ ਕਰਦੀਆਂ ਹਨ ਕਿ ਉਹ ਸਿਰਫ ਕੌਮੀ ਸੁਰੱਖਿਆ ਦੇ ਮਕਸਦ ਨਾਲ ਦਹਿਸ਼ਤਗਰਦਾਂ ਅਤੇ ਮੁਜਰਿਮਾਂ ਦਾ ਸੁਰਾਗ ਲਾਉਣ ਲਈ ਇਸ ਦੀ ਵਰਤੋਂ ਕਰਨਗੀਆਂ।

ਐਨ.ਐਸ.ਓ. ਦੇ ਮਨੁੱਖੀ ਅਧਿਕਾਰ ਟੈਸਟ ਵਿਚ ਬੇਦਾਗ ਨਿਕਲਣ ਵਾਲੇ ਕੁਝ ਹੋਰ ਮੁਲਕਾਂ 'ਚ ਸ਼ਾਮਿਲ ਹਨ- ਰਵਾਂਡਾ, ਸਾਊਦੀ ਅਰਬ, ਬਹਿਰੀਨ, ਸੰਯੁਕਤ ਰਾਜ ਅਮੀਰਾਤ ਅਤੇ ਮੈਕਸੀਕੋ। ਫਿਰ 'ਦਹਿਸ਼ਤਗਰਦਾਂ' ਅਤੇ 'ਮੁਜਰਿਮਾਂ' ਦੀ ਪਰਿਭਾਸ਼ਾ ਠੀਕ-ਠੀਕ ਕਿਨ੍ਹਾਂ ਨੇ ਬਣਾਈ ਹੈ? ਕੀ ਇਹ ਬਸ ਐਨ.ਐਸ.ਓ. ਅਤੇ ਇਸ ਦੇ ਗਾਹਕਾਂ ਦੀ ਮਰਜ਼ੀ 'ਤੇ ਆਧਾਰਿਤ ਹੈ?

ਸਪਾਈਵੇਅਰ ਦੀ ਅਤਿਅੰਤ ਉਚੀ ਕੀਮਤ ਜੋ ਇਕ-ਇਕ ਫੋਨ ਲਈ ਲੱਖਾਂ ਡਾਲਰ ਤੱਕ ਹੁੰਦੀ ਹੈ, ਤੋਂ ਇਲਾਵਾ ਐਨ.ਐਸ.ਓ. ਆਪਣੇ ਪ੍ਰੋਗਰਾਮ ਦੀ ਕੁਲ ਕੀਮਤ ਦਾ 17 ਫੀਸਦੀ ਸਾਲਾਨਾ ਸਿਸਟਮ ਦੀ ਮੇਨਟੀਨੈਂਸ ਫੀਸ ਦੇ ਰੂਪ 'ਚ ਵਸੂਲ ਕਰਦੀ ਹੈ। ਇਕ ਵਿਦੇਸ਼ੀ ਕਾਰਪੋਰੇਟ ਕੰਪਨੀ ਐਸਾ ਜਾਸੂਸੀ ਨੈੱਟਵਰਕ ਮੁਹੱਈਆ ਕਰਾ ਰਹੀ ਹੈ ਅਤੇ ਉਸ ਦਾ ਸੰਚਾਲਨ ਕਰਦੀ ਹੈ ਜੋ ਕਿਸੇ ਮੁਲਕ ਦੀ ਸਰਕਾਰ ਵੱਲੋਂ ਉਸ ਮੁਲਕ ਦੇ ਨਾਗਰਿਕਾਂ ਦੀ ਨਿੱਜੀ ਨਿਗਰਾਨੀ ਕਰ ਰਿਹਾ ਹੈ, ਇਸ ਵਿਚ ਕੁਝ ਤਾਂ ਵਿਸ਼ਵਾਸਘਾਤ ਵਾਲੀ ਗੱਲ ਹੈ।

ਪੱਤਰਕਾਰਾਂ ਦੀ ਜਾਂਚ ਟੀਮ ਨੇ 50,000 ਫੋਨ ਨੰਬਰਾਂ ਦੀ ਲੀਕ ਹੋਈ ਸੂਚੀ ਦੀ ਛਾਣਬੀਣ ਕੀਤੀ। ਇਸ ਵਿਸ਼ਲੇਸ਼ਣ ਤੋਂ ਪਤਾ ਲੱਗਾ ਕਿ ਇਨ੍ਹਾਂ ਵਿਚ 1000 ਤੋਂ ਵਧੇਰੇ ਨੰਬਰ ਐਨ.ਐਸ.ਓ. ਦੇ ਭਾਰਤ ਵਿਚਲੇ ਇਕ ਗਾਹਕ ਵੱਲੋਂ ਚੁਣੇ ਗਏ ਸਨ। ਉਹ ਇਨ੍ਹਾਂ ਨੰਬਰਾਂ ਨੂੰ ਹੈਕ ਕਰਨ 'ਚ ਸਫਲ ਰਹੇ ਸਨ ਜਾਂ ਨਹੀਂ, ਜਾਂ ਉਨ੍ਹਾਂ ਨੂੰ ਹੈਕ ਕਰਨ ਦੀ ਕੋਸ਼ਿਸ਼ ਹੋਈ ਸੀ ਜਾਂ ਨਹੀਂ, ਇਹ ਗੱਲ ਸਿਰਫ ਇਨ੍ਹਾਂ ਫੋਨਾਂ ਨੂੰ ਫੋਰੈਂਸਿਕ ਜਾਂਚ ਲਈ ਜਮਾਂ ਕਰਾਉਣ 'ਤੇ ਹੀ ਪਤਾ ਲਾਈ ਜਾ ਸਕਦੀ ਹੈ। ਭਾਰਤ ਵਿਚ ਜਿਨ੍ਹਾਂ ਨੰਬਰਾਂ ਦੀ ਜਾਂਚ ਕੀਤੀ ਗਈ, ਉਨ੍ਹਾਂ ਵਿਚੋਂ ਕਈ ਪੈਗਾਸਸ ਸਪਾਈਵੇਅਰ ਦੀ ਮਾਰ ਹੇਠ ਸਨ। ਲੀਕ ਹੋਈ ਸੂਚੀ ਵਿਚ ਵਿਰੋਧੀ ਧਿਰ ਦੇ ਸਿਆਸਤਦਾਨਾਂ, ਆਲੋਚਕ ਪੱਤਰਕਾਰਾਂ, ਕਾਰਕੁਨਾਂ, ਵਕੀਲਾਂ, ਬੁੱਧੀਜੀਵੀਆਂ, ਕਾਰੋਬਾਰੀਆਂ, ਭਾਰਤ ਵਿਚ ਚੋਣ ਕਮਿਸ਼ਨ ਦੇ ਇਕ ਹੁਕਮ ਅਦੂਲੀ ਕਰਨ ਵਾਲੇ ਅਧਿਕਾਰੀ, ਗੱਲ ਨਾ ਮੰਨਣ ਵਾਲੇ ਉਘੇ ਖੁਫੀਆ ਅਧਿਕਾਰੀ, ਕੈਬਨਿਟ ਮੰਤਰੀ ਅਤੇ ਉਸ ਦੇ ਪਰਿਵਾਰ ਵਾਲੇ, ਵਿਦੇਸ਼ੀ ਕੂਟਨੀਤਕ, ਤੇ ਇੱਥੋਂ ਤੱਕ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਫੋਨ ਨੰਬਰ ਵੀ ਸ਼ਾਮਿਲ ਹਨ।

ਭਾਰਤ ਸਰਕਾਰ ਦੇ ਬੁਲਾਰੇ ਨੇ ਸੂਚੀ ਨੂੰ ਫਰਜ਼ੀ ਕਰਾਰ ਦਿੱਤਾ ਹੈ। ਭਾਰਤੀ ਸਿਆਸਤ ਉਪਰ ਨੇੜਿਓਂ ਨਜ਼ਰ ਰੱਖਣ ਵਾਲੇ ਜਾਣਦੇ ਹਨ ਕਿ ਇਕ ਮਾਹਿਰ ਅਤੇ ਗਿਆਨੀ ਕਥਾਕਾਰ ਵੀ ਉਨ੍ਹਾਂ ਲੋਕਾਂ ਦੀ ਐਸੀ ਢੁੱਕਵੀਂ, ਭਰੋਸੇਯੋਗ ਸੂਚੀ ਤਿਆਰ ਕਰਨ ਦੇ ਕਾਬਿਲ ਨਹੀਂ ਹੈ ਜਿਨ੍ਹਾਂ ਵਿਚ ਹੁਕਮਰਾਨ ਪਾਰਟੀ ਦੀ ਦਿਲਚਸਪੀ ਹੈ (ਪਰਸਨਜ਼ ਆਫ ਇੰਟਰਸਟ) ਜਾਂ ਜਿਨ੍ਹਾਂ ਨੂੰ ਉਹ ਆਪਣੇ ਸਿਆਸੀ ਪ੍ਰੋਜੈਕਟ ਦੇ ਮੁਖਾਲਿਫ ਸਮਝਦੀ ਹੈ। ਇਹ ਮਜ਼ੇਦਾਰ ਬਾਰੀਕੀਆਂ ਨਾਲ ਭਰੀ ਹੋਈ ਹੈ, ਕਹਾਣੀਆਂ ਦੇ ਅੰਦਰ ਕਹਾਣੀਆਂ ਭਰੀਆਂ ਪਈਆਂ ਹਨ। ਇਸ ਵਿਚ ਕੁਝ ਐਸੇ ਨਾਮ ਸ਼ਾਮਿਲ ਹਨ ਜਿਨ੍ਹਾਂ ਦੀ ਉਮੀਦ ਨਹੀਂ ਸੀ। ਅਨੇਕ ਜਿਨ੍ਹਾਂ ਦਾ ਅੰਦੇਸ਼ਾ ਸੀ, ਉਹ ਇਸ ਵਿਚ ਸ਼ਾਮਿਲ ਨਹੀਂ ਹਨ।

ਸਾਨੂੰ ਦੱਸਿਆ ਗਿਆ ਹੈ ਕਿ ਪੈਗਾਸਸ ਨੂੰ ਬਸ ਇਕ ਮਿਸਡ ਕਾਲ ਜ਼ਰੀਏ ਟਾਰਗੈੱਟ ਕੀਤੇ ਗਏ ਫੋਨ ਵਿਚ ਲਾਇਆ ਜਾ ਸਕਦਾ ਹੈ। ਜ਼ਰਾ ਸੋਚੋ। ਮਿਸਡ ਕਾਲ ਦੀ ਮਿਜ਼ਾਇਲ ਨਾਲ ਦਾਗੇ ਗਏ ਅਦਿੱਖ ਸਪਾਈਵੇਅਰ ਦਾ ਗੋਲਾ-ਬਾਰੂਦ। ਮਹਾਦੀਪਾਂ ਨੂੰ ਚੀਰ ਕੇ ਲੰਘ ਜਾਣ ਵਾਲੀ ਬੈਲਿਸਟਿਕ ਮਿਜ਼ਾਇਲ (ਆਈ.ਸੀ.ਬੀ.ਐਸ.) ਜਿਸ ਦਾ ਕੋਈ ਸਾਨੀ ਨਹੀਂ ਹੈ। ਜੋ ਲੋਕਤੰਤਰਾਂ ਨੂੰ ਤਹਿਸ-ਨਹਿਸ ਕਰਨ 'ਚ ਅਤੇ ਸਮਾਜਾਂ ਨੂੰ ਤੋੜਨ ਦੇ ਸਮਰੱਥ ਹੈ ਜਿਸ ਨੂੰ ਕਿਸੇ ਲਾਲ-ਫੀਤਾਸ਼ਾਹੀ ਦਾ ਸਾਹਮਣਾ ਨਹੀਂ ਕਰਨਾ ਪੈਂਦਾ - ਨਾ ਵਾਰੰਟ, ਨਾ ਹਥਿਆਰਾਂ ਦੇ ਸਮਝੌਤੇ, ਨਾ ਚੌਕਸੀ ਰੱਖਣ ਵਾਲੀਆਂ ਕਮੇਟੀਆਂ, ਨਾ ਹੀ ਕਿਸੇ ਤਰ੍ਹਾਂ ਦਾ ਕਾਨੂੰਨ। ਨਿਰਸੰਦੇਹ ਤਕਨੀਕ ਦਾ ਆਪਣਾ ਕੋਈ ਅਸੂਲ ਨਹੀਂ ਹੁੰਦਾ। ਇਸ ਵਿਚ ਕਿਸੇ ਦਾ ਕੋਈ ਕਸੂਰ ਨਹੀਂ ਹੈ।

ਜ਼ਾਹਿਰ ਤੌਰ 'ਤੇ ਐਨ.ਐਸ.ਓ. ਅਤੇ ਭਾਰਤ ਦਰਮਿਆਨ ਦੋਸਤਾਨਾ ਲੈਣ-ਦੇਣ 2017 'ਚ ਸ਼ੁਰੂ ਹੋਇਆ, ਜਦੋਂ ਭਾਰਤੀ ਮੀਡੀਆ ਦੀ ਭਾਸ਼ਾ 'ਚ ਮੋਦੀ-ਨੇਤਨਯਾਹੂ ਦਾ 'ਬ੍ਰੋਮਾਂਸ' ਚੱਲਿਆ ਸੀ - ਜਦੋਂ ਉਨ੍ਹਾਂ ਨੇ ਆਪਣੀਆਂ ਪੈਂਟਾਂ ਦੇ ਪੌਂਚੇ ਮੋੜ ਅਤੇ ਸਮੁੰਦਰੀ ਕੰਢੇ ਉਪਰ ਕਦਮ ਮਿਲਾ ਕੇ ਚਹਿਲ ਕਦਮੀ ਕੀਤੀ। ਆਪਣੇ ਪਿੱਛੇ ਉਨ੍ਹਾਂ ਨੇ ਰੇਤ ਉਪਰ ਜੋ ਛੱਡਿਆ, ਉਹ ਉਨ੍ਹਾਂ ਦੀ ਮਹਿਜ਼ ਪੈੜ ਨਹੀਂ ਸੀ। ਇਹੀ ਉਹ ਵਕਤ ਸੀ ਜਿਸ ਦੇ ਨੇੜੇ-ਤੇੜੇ ਇਸ ਸੂਚੀ ਵਿਚ ਭਾਰਤ ਦੇ ਫੋਨ ਨੰਬਰ ਨਜ਼ਰ ਆਉਣ ਲੱਗੇ।

ਉਸੇ ਸਾਲ ਭਾਰਤ ਦੀ ਕੌਮੀ ਸੁਰੱਖਿਆ ਕੌਂਸਲ ਦਾ ਬਜਟ ਦਸ ਗੁਣਾ ਵਧ ਗਿਆ। ਜ਼ਿਆਦਾਤਰ ਵਧੀ ਹੋਈ ਰਕਮ ਸਾਈਬਰ ਸੁਰੱਖਿਆ ਉਪਰ ਖਰਚ ਹੋਣੀ ਸੀ। ਮੋਦੀ ਵੱਲੋਂ ਪ੍ਰਧਾਨ ਮੰਤਰੀ ਵਜੋਂ ਆਪਣਾ ਦੂਜਾ ਕਾਰਜ-ਕਾਲ ਜਿੱਤਣ ਤੋਂ ਛੇਤੀ ਹੀ ਬਾਅਦ, ਅਗਸਤ 2019 'ਚ ਭਾਰਤ ਦੇ ਬੇਕਿਰਕ ਦਹਿਸ਼ਤਵਾਦ ਵਿਰੋਧੀ ਕਾਨੂੰਨ, ਯੂ.ਏ.ਪੀ.ਏ., ਦਾ ਵਿਸਤਾਰ ਕਰਕੇ ਜਿਸ ਤਹਿਤ ਪਹਿਲਾਂ ਹੀ ਹਜ਼ਾਰਾਂ ਲੋਕ ਬਿਨਾ ਜ਼ਮਾਨਤ ਜੇਲ੍ਹਾਂ 'ਚ ਬੰਦ ਹਨ, ਹੁਣ ਸਿਰਫ ਜਥੇਬੰਦੀਆਂ ਨੂੰ ਹੀ ਨਹੀਂ, ਵਿਅਕਤੀਆਂ ਨੂੰ ਵੀ ਇਸ ਦੇ ਦਾਇਰੇ 'ਚ ਲਿਆਂਦਾ ਗਿਆ। ਆਖਿਰਕਾਰ ਜਥੇਬੰਦੀਆਂ ਦਾ ਕੋਈ ਸਮਾਰਟਫੋਨ ਨਹੀਂ ਹੁੰਦਾ - ਇਹ ਮਹੱਤਵਪੂਰਨ ਬਾਰੀਕੀ ਹੈ, ਚਾਹੇ ਇਹ ਸਿਧਾਂਤਕ ਹੀ ਹੋਵੇ; ਲੇਕਿਨ ਨਿਸ਼ਚਿਤ ਤੌਰ 'ਤੇ ਇਸ ਦੇ ਫੰਦੇ ਦਾ ਘੇਰਾ ਵਧਾ ਦਿੱਤਾ ਗਿਆ, ਤੇ ਮੰਡੀ ਵੀ।

ਸੰਸਦ ਵਿਚ ਇਸ ਸੋਧ ਉਪਰ ਹੋਣ ਵਾਲੀ ਬਹਿਸ ਦੌਰਾਨ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ: "ਸਰ, ਬੰਦੂਕਾਂ ਦਹਿਸ਼ਤਵਾਦ ਨੂੰ ਨਹੀਂ ਵਧਾਉਂਦੀਆਂ, ਦਹਿਸ਼ਤਵਾਦ ਦੀ ਜੜ੍ਹ ਉਹ ਪ੍ਰਚਾਰ ਹੈ ਜੋ ਇਸ ਨੂੰ ਫੈਲਾਉਣ ਲਈ ਕੀਤਾ ਜਾਂਦਾ ਹੈ ... ਅਤੇ ਜੇ ਐਸੇ ਸਾਰੇ ਵਿਅਕਤੀਆਂ ਦੀ ਦਹਿਸ਼ਤਗਰਦ ਵਜੋਂ ਸ਼ਨਾਖਤ ਕੀਤੀ ਜਾਂਦੀ ਹੈ ਤਾਂ ਮੈਂ ਨਹੀਂ ਸੋਚਦਾ ਕਿ ਸੰਸਦ ਦੇ ਕਿਸੇ ਮੈਂਬਰ ਨੂੰ ਇਸ ਉਪਰ ਕੋਈ ਇਤਰਾਜ਼ ਹੋਣਾ ਚਾਹੀਦਾ ਹੈ।"

ਪੈਗਾਸਸ ਕਾਂਡ ਨੇ ਸੰਸਦ ਦੇ ਮਾਨਸੂਨ ਸੈਸ਼ਨ ਵਿਚ ਉਥਲ-ਪੁਥਲ ਮਚਾ ਦਿੱਤੀ ਹੈ। ਵਿਰੋਧੀ ਧਿਰ ਨੇ ਗ੍ਰਹਿ ਮੰਤਰੀ ਦੇ ਅਸਤੀਫੇ ਦੀ ਮੰਗ ਕੀਤੀ ਹੈ। ਆਪਣੇ ਬੇਕਿਰਕ ਬਹੁਮੱਤ ਦੇ ਭਰੋਸੇ ਮੋਦੀ ਦੀ ਹੁਕਮਰਾਨ ਪਾਰਟੀ ਨੇ ਰੇਲਵੇ ਅਤੇ ਸੰਚਾਰ ਤੇ ਸੂਚਨਾ ਤਕਨੀਕ ਮੰਤਰੀ ਵਜੋਂ ਨਵੀਂ ਨਵੀਂ ਸਹੁੰ ਚੁੱਕਣ ਵਾਲੇ ਅਸ਼ਵਨੀ ਵੈਸ਼ਨਵ ਨੂੰ ਸੰਸਦ 'ਚ ਸਰਕਾਰ ਦਾ ਬਚਾਓ ਕਰਨ ਦੇ ਲਈ ਮੈਦਾਨ 'ਚ ਉਤਾਰਿਆ। ਉਸ ਦਾ ਅਪਮਾਨਿਤ ਮੁਕੱਦਰ ਦੇਖੋ, ਲੀਕ ਹੋਈ ਸੂਚੀ ਵਿਚ ਉਸ ਦਾ ਨੰਬਰ ਵੀ ਸੀ।

ਜੇ ਤੁਸੀਂ ਸਰਕਾਰ ਦੇ ਅਨੇਕਾਂ ਬਿਆਨਾਂ ਦੀਆਂ ਗਰਜਵੀਆਂ ਅਤੇ ਪੇਚੀਦਾ ਗੱਲਾਂ ਨੂੰ ਪਾਸੇ ਰੱਖ ਦਿਓ, ਤਾਂ ਤੁਸੀਂ ਦੇਖੋਗੇ ਕਿ ਪੈਗਾਸਸ ਖਰੀਦਣ ਅਤੇ ਇਸ ਦੀ ਵਰਤੋਂ ਕਰਨ ਤੋਂ ਸਿੱਧੇ ਤੌਰ 'ਤੇ ਇਨਕਾਰ ਨਹੀਂ ਕੀਤਾ ਜਾ ਸਕਦਾ। ਐਨ.ਐਸ.ਓ. ਨੇ ਵੀ ਵਿਕਰੀ ਤੋਂ ਇਨਕਾਰ ਨਹੀਂ ਕੀਤਾ ਹੈ। ਇਜ਼ਰਾਈਲ ਸਰਕਾਰ ਨੇ ਸਪਾਈਵੇਅਰ ਦੀ ਦੁਰਵਰਤੋਂ ਦੇ ਇਲਜ਼ਾਮਾਂ ਦੀ ਜਾਂਚ ਸ਼ੁਰੂ ਕੀਤੀ ਹੈ, ਫਰਾਂਸੀਸੀ ਸਰਕਾਰ ਨੇ ਵੀ ਐਸਾ ਕੀਤਾ ਹੈ। ਭਾਰਤ ਵਿਚ ਪੈਸੇ ਦੇ ਲੈਣ-ਦੇਣ ਦਾ ਪਤਾ ਲਗਾਉਣਗੇ ਤਾਂ ਦੇਰ-ਸਵੇਰ ਪੱਕੇ ਸਬੂਤਾਂ ਤੱਕ ਪਹੁੰਚ ਜਾਣਗੇ, ਲੇਕਿਨ ਉਹ ਪੱਕੇ ਸਬੂਤ ਸਾਨੂੰ ਕਿੱਥੇ ਪਹੁੰਚਾਉਣਗੇ?

ਇਸ ਬਾਰੇ ਸੋਚੋ: 16 ਕਾਰਕੁਨ, ਵਕੀਲ, ਟਰੇਡ ਯੂਨੀਅਨ ਕਾਰਕੁਨ, ਪ੍ਰੋਫੈਸਰ ਤੇ ਬੁੱਧੀਜੀਵੀ ਜਿਨ੍ਹਾਂ ਵਿਚੋਂ ਕਈ ਦਲਿਤ ਹਨ, ਸਾਲਾਂ ਤੋਂ ਜੇਲ੍ਹਾਂ 'ਚ ਬੰਦ ਹਨ। ਇਸ ਮਾਮਲੇ ਨੂੰ ਹੁਣ ਭੀਮਾ-ਕੋਰੇਗਾਓਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਬੜੇ ਅਜੀਬ ਢੰਗ ਨਾਲ ਉਨ੍ਹਾਂ ਉਪਰ ਇਲਜ਼ਾਮ ਲਗਾਇਆ ਗਿਆ ਹੈ ਕਿ ਉਨ੍ਹਾਂ ਨੇ ਹਿੰਸਾ ਭੜਕਾਉਣ ਦੀ ਸਾਜ਼ਿਸ਼ ਰਚੀ ਜੋ ਪਹਿਲੀ ਜਨਵਰੀ 2018 ਨੂੰ ਦਲਿਤਾਂ ਅਤੇ ਦਬਾਊ ਜਾਤੀਆਂ ਦਰਮਿਆਨ ਹੋਈ ਸੀ। ਇਸ ਦਿਨ ਹਜ਼ਾਰਾਂ ਦੀ ਤਾਦਾਦ 'ਚ ਦਲਿਤ ਭੀਮਾ-ਕੋਰੇਗਾਓਂ ਦੀ ਲੜਾਈ (ਜਿਸ ਵਿਚ ਦਲਿਤ ਸੈਨਿਕਾਂ ਨੇ ਅੰਗਰੇਜ਼ਾਂ ਨਾਲ ਮਿਲ ਕੇ ਇਕ ਨਿਰੰਕੁਸ਼ ਬ੍ਰਾਹਮਣ ਰਾਜ ਪੇਸ਼ਵਾਵਾਂ ਨੂੰ ਹਰਾ ਦਿੱਤਾ ਸੀ) ਦੀ 200ਵੀਂ ਵਰ੍ਹੇਗੰਢ ਮਨਾਉਣ ਲਈ ਜੁੜੇ ਸਨ। 16 ਭੀਮਾ-ਕੋਰੇਗਾਓਂ ਦੋਸ਼ੀਆਂ 'ਚੋਂ 8 ਦੇ ਫੋਨ ਨੰਬਰ ਤੇ ਉਨ੍ਹਾਂ ਦੇ ਕੁਝ ਕਰੀਬੀ ਪਰਿਵਾਰ ਮੈਂਬਰਾਂ ਦੇ ਫੋਨ ਨੰਬਰ ਇਸ ਲੀਕ ਹੋਈ ਸੂਚੀ 'ਚ ਮਿਲੇ ਹਨ। ਉਨ੍ਹਾਂ 'ਚੋਂ ਸਾਰੇ ਹੈਕ ਹੋਏ ਜਾਂ ਨਹੀਂ, ਜਾਂ ਹੈਕ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਜਾਂ ਨਹੀਂ, ਇਸ ਗੱਲ ਦਾ ਪੱਕਾ ਸਬੂਤ ਪਤਾ ਨਹੀਂ ਲਾਇਆ ਜਾ ਸਕਦਾ ਕਿਉਂਕਿ ਉਨ੍ਹਾਂ ਦੇ ਫੋਨ ਨੰਬਰ ਪੁਲਿਸ ਦੇ ਕਬਜ਼ੇ 'ਚ ਹਨ ਤੇ ਫੋਰੈਂਸਿਕ ਜਾਂਚ ਲਈ ਉਪਲਬਧ ਨਹੀਂ ਹਨ।

ਇਧਰ ਥੋੜ੍ਹੇ ਸਾਲਾਂ 'ਚ ਹੀ ਅਸੀਂ ਉਸ ਮਨਹੂਸ ਹੱਦ ਦੇ ਵਿਦਵਾਨ ਹੋ ਗਏ ਹਾਂ ਜਿੱਥੋਂ ਤੱਕ ਮੋਦੀ ਸਰਕਾਰ ਉਨ੍ਹਾਂ ਲੋਕਾਂ ਨੂੰ ਫਸਾਉਣ ਲਈ ਜਾ ਸਕਦੀ ਹੈ ਜਿਨ੍ਹਾਂ ਨੂੰ ਉਹ ਦੁਸ਼ਮਣ ਮੰਨਦੀ ਹੈ - ਤੇ ਇਹ ਮਹਿਜ਼ ਖੁਫੀਆ ਨਿਗਰਾਨੀ ਤੋਂ ਵਧ ਕੇ ਹੈ। 'ਦਿ ਵਾਸ਼ਿੰਗਟਨ ਪੋਸਟ' ਨੇ ਹਾਲ ਹੀ ਵਿਚ ਮੈਸਾਚਿਊਸੈਟਸ ਦੀ ਡਿਜੀਟਲ ਫੋਰੈਂਸਕ ਕੰਪਨੀ ਆਰਸੈਨਲ ਕੰਸਲਟਿੰਗ ਦੀ ਇਕ ਰਿਪੋਰਟ ਦੇ ਨਤੀਜੇ ਪ੍ਰਕਾਸ਼ਿਤ ਕੀਤੇ ਹਨ ਜਿਸ ਨੇ ਭੀਮਾ-ਕੋਰੇਗਾਓਂ ਕੇਸ ਦੇ ਦੋ ਮੁਲਜ਼ਮਾਂ ਰੋਨਾ ਵਿਲਸਨ ਅਤੇ ਸੁਰਿੰਦਰ ਗੈਡਲਿੰਗ ਦੇ ਕੰਪਿਊਟਰਾਂ ਦੀਆਂ ਇਲੈਕਟ੍ਰਾਨਿਕ ਕਾਪੀਆਂ ਦੀ ਜਾਂਚ ਕੀਤੀ ਹੈ। ਜਾਂਚ ਕਰਤਾਵਾਂ ਨੇ ਦੇਖਿਆ ਕਿ ਉਨ੍ਹਾਂ ਦੋਨਾਂ ਕੰਪਿਊਟਰਾਂ ਵਿਚ ਇਕ ਅਣਪਛਾਤੇ ਹੈਕਰ ਨੇ ਘੁਸਪੈਠ ਕੀਤੀ ਸੀ, ਤੇ ਉਨ੍ਹਾਂ ਦੀਆਂ ਹਾਰਡ ਡਿਸਕਾਂ ਵਿਚ ਹਿਡਨ (ਗੁਪਤ) ਫੋਲਡਰਾਂ 'ਚ ਉਨ੍ਹਾਂ ਨੂੰ ਫਸਾਉਣ ਵਾਲੇ ਦਸਤਾਵੇਜ਼ ਰੱਖ ਦਿੱਤੇ ਗਏ। ਉਨ੍ਹਾਂ ਵਿਚ ਸਨਸਨੀ ਵਧਾਉਣ ਲਈ ਬੇਤੁਕੀ ਚਿੱਠੀ ਮੋਦੀ ਦੇ ਕਤਲ ਦੀ ਅਜੀਬ ਸਾਜ਼ਿਸ਼ ਬਾਬਤ ਸੀ।

ਆਰਸੈਨਲ ਰਿਪੋਰਟ ਦੇ ਗੰਭੀਰ ਸੰਕੇਤਾਂ ਨਾਲ ਭਾਰਤੀ ਨਿਆਂਪਾਲਿਕਾ ਜਾਂ ਇਸ ਦੇ ਮੁੱਖ ਧਾਰਾ ਮੀਡੀਆ ਵਿਚ ਇਨਸਾਫ ਦੇ ਮਕਸਦ ਨਾਲ ਕੋਈ ਹਲਚਲ ਨਹੀਂ ਮਚੀ। ਹੋਇਆ ਇਸ ਤੋਂ ਉਲਟ ਹੀ ਹੈ। ਜਿਸ ਵਕਤ ਇਸ ਦੇ ਪਰਦਾ ਪਾਉਣ ਦੀਆਂ ਜ਼ੋਰਦਾਰ ਕੋਸ਼ਿਸ਼ਾਂ ਹੋ ਰਹੀਆਂ ਸਨ ਅਤੇ ਉਹ ਰਿਪੋਰਟ ਦੇ ਸੰਭਾਵੀ ਨੁਕਸਾਨਾਂ ਨੂੰ ਸੀਮਤ ਕਰਨ 'ਚ ਜੁੱਟੇ ਹੋਏ ਸਨ, ਭੀਮਾ-ਕੋਰੇਗਾਓਂ ਮੁਲਜ਼ਮਾਂ ਵਿਚੋਂ ਇਕ, 84 ਸਾਲ ਦੇ ਈਸਾਈ ਪਾਦਰੀ ਸਟੇਨ ਸਵਾਮੀ ਦੀ ਜੇਲ੍ਹ ਵਿਚ ਕਰੋਨਾ ਵਾਇਰਸ ਦੀ ਲਪੇਟ 'ਚ ਆਉਣ ਤੋਂ ਬਾਅਦ ਮੌਤ ਹੋ ਗਈ। ਇਸ ਸ਼ਖਸ ਨੇ ਝਾਰਖੰਡ ਵਿਚ ਜੰਗਲ ਵਿਚ ਰਹਿਣ ਵਾਲੇ ਉਨ੍ਹਾਂ ਆਦਿਵਾਸੀ ਲੋਕਾਂ ਦਰਮਿਆਨ ਕੰਮ ਕਰਦੇ ਹੋਏ ਆਪਣੀ ਜ਼ਿੰਦਗੀ ਦੇ ਕਈ ਦਹਾਕੇ ਗੁਜ਼ਾਰੇ ਸਨ ਜੋ ਆਪਣੀ ਧਰਤੀ ਉਪਰ ਕਾਰਪੋਰੇਟ ਕੰਪਨੀਆਂ ਦੇ ਕਬਜ਼ੇ ਦੇ ਖਿਲਾਫ ਲੜ ਰਹੇ ਹਨ। ਆਪਣੀ ਗ੍ਰਿਫਤਾਰੀ ਦੇ ਸਮੇਂ ਸਵਾਮੀ ਨੂੰ ਪਾਰਕਿਨਸਨ ਅਤੇ ਕੈਂਸਰ ਰੋਗ ਸੀ।

ਫਿਰ ਪੈਗਾਸਸ ਨੂੰ ਕਿਵੇਂ ਸਮਝਿਆ ਜਾਵੇ? ਹਕੀਕਤ ਤੋਂ ਅੱਖਾਂ ਮੀਟਦੇ ਹੋਏ ਇਸ ਨੂੰ ਖਾਰਜ ਕਰ ਦੇਈਏ, ਕਹਿ ਦੇਈਏ ਕਿ ਹੁਕਮਰਾਨ ਆਪਣੀ ਪਰਜਾ ਦੀ ਨਿਗਰਾਨੀ ਕਰਨ ਲਈ ਜੋ ਸਦੀਆਂ ਪੁਰਾਣੀ ਖੇਡ ਖੇਡਦੇ ਆਏ ਹਨ, ਇਹ ਮਹਿਜ਼ ਉਸ ਦਾ ਨਵਾਂ ਤਕਨੀਕੀ ਹਥਕੰਡਾ ਹੈ; ਐਸਾ ਕਰਨਾ ਗੰਭੀਰ ਗਲਤੀ ਹੋਵੇਗੀ। ਇਹ ਕੋਈ ਮਾਮੂਲੀ ਖੁਫੀਆ ਨਿਗਰਾਨੀ ਨਹੀਂ ਹੈ। ਸਾਡੇ ਮੋਬਾਈਲ ਫੋਨ ਸਾਡੇ ਸਭ ਦੇ ਵਜੂਦ ਦੇ ਸਭ ਤੋਂ ਨਜ਼ਦੀਕੀ ਹਨ। ਇਹ ਸਾਡੇ ਦਿਮਾਗ ਅਤੇ ਸਾਡੇ ਸਰੀਰਾਂ ਦਾ ਵਿਸਤਾਰ ਹਨ। ਭਾਰਤ ਵਿਚ ਮੋਬਾਈਲ ਫੋਨ ਦੀ ਗੈਰਕਾਨੂੰਨੀ ਨਿਗਰਾਨੀ ਨਵੀਂ ਗੱਲ ਨਹੀਂ ਹੈ। ਹਰ ਕਸ਼ਮੀਰੀ ਨੂੰ ਇਹ ਪਤਾ ਹੈ। ਜ਼ਿਆਦਾਤਰ ਭਾਰਤੀ ਕਾਰਕੁਨ ਵੀ ਇਹ ਜਾਣਦੇ ਹਨ ਲੇਕਿਨ ਸਾਡੇ ਲਈ ਸਰਕਾਰਾਂ ਅਤੇ ਕਾਰਪੋਰੇਟ ਕੰਪਨੀਆਂ ਨੂੰ ਇਸ ਗੱਲ ਦਾ ਕਾਨੂੰਨੀ ਅਧਿਕਾਰ ਦੇ ਦੇਣਾ ਕਿ ਉਹ ਸਾਡੇ ਫੋਨ ਵਿਚ ਘੁਸਪੈਠ ਕਰਨ ਅਤੇ ਉਸ ਉਪਰ ਕਬਜ਼ਾ ਕਰ ਲੈਣ, ਇਹ ਤਾਂ ਇਉਂ ਹੋਵੇਗਾ ਜਿਵੇਂ ਅਸੀਂ ਆਪਣੀ ਮਰਿਯਾਦਾ ਭੰਗ ਕਰਨ ਲਈ ਖੁਦ ਨੂੰ ਉਨ੍ਹਾਂ ਦੇ ਹਵਾਲੇ ਕਰ ਦੇਈਏ।

ਪੈਗਾਸਸ ਪ੍ਰੋਜੈਕਟ ਨਾਲ ਹੋਏ ਖੁਲਾਸੇ ਦਰਸਾਉਂਦੇ ਹਨ ਕਿ ਇਸ ਸਪਾਈਵੇਅਰ ਦਾ ਸੰਭਾਵੀ ਖਤਰਾ ਪੁਰਾਣੀ ਕਿਸੇ ਵੀ ਕਿਸਮ ਦੀ ਜਾਸੂਸੀ ਜਾਂ ਨਿਗਰਾਨੀ ਤੋਂ ਕਿਤੇ ਜ਼ਿਆਦਾ ਹਮਲਾਵਰ ਹੈ। ਇਹ ਗੂਗਲ, ਐਮਾਜ਼ੋਨ ਅਤੇ ਫੇਸਬੁੱਕ ਦੇ ਅਲਗੋਰਿਦਮਜ਼ ਤੋਂ ਵੀ ਵਧੇਰੇ ਹਮਲਾਵਰ ਹੈ ਜਿਨ੍ਹਾਂ ਦੇ ਤਾਣੇ-ਬਾਣੇ ਅੰਦਰ ਕਰੋੜਾਂ ਲੋਕ ਆਪਣੀਆਂ ਜ਼ਿੰਦਗੀਆਂ ਜੀਅ ਰਹੇ ਹਨ ਅਤੇ ਆਪਣੀਆਂ ਖਵਾਹਿਸ਼ਾਂ ਨਾਲ ਖਿਲਵਾੜ ਕਰ ਰਹੇ ਹਨ। ਇਹ ਆਪਣੀ ਜੇਬ ਵਿਚ ਜਾਸੂਸ ਲਈ ਘੁੰਮਣ ਤੋਂ ਵੀ ਬੜੀ ਗੱਲ ਹੈ। ਇਹ ਤਾਂ ਇਉਂ ਹੈ ਕਿ ਤੁਹਾਡਾ ਸਭ ਤੋਂ ਪਿਆਰਾ - ਜਾਂ ਉਸ ਤੋਂ ਵੀ ਬਦਤਰ, ਤੁਹਾਡਾ ਆਪਣਾ ਦਿਮਾਗ ਉਥੋਂ ਤੱਕ ਜਾ ਕੇ ਤੁਹਾਡੀ ਜਾਸੂਸੀ ਕਰ ਰਿਹਾ ਹੋਵੇ ਜੋ ਇਸ ਦੀ ਪਹੁੰਚ ਤੋਂ ਬਾਹਰ ਹੈ।

**(ਬਾਕੀ ਅਗਲੇ ਸਫੇ 'ਤੇ)**



***ਐਡਵਰਡ ਸਨੋਡਨ ਦੀ ਗੱਲ ਸਹੀ ਸੀ। ਤਕਨਾਲੋਜੀ ਨੂੰ ਵਾਪਸ ਨਹੀਂ ਲਿਆ ਜਾ ਸਕਦਾ। ਲੇਕਿਨ ਇਸ ਨੂੰ ਬੇਲਗਾਮ, ਕਾਨੂੰਨੀ ਉਦਯੋਗ ਦੇ ਰੂਪ 'ਚ ਕੰਮ ਕਰਨ ਦੀ ਇਜਾਜ਼ਤ ਦੇਣ ਦੀ ਜ਼ਰੂਰਤ ਨਹੀਂ ਹੈ, ਜੋ ਖੁੱਲ੍ਹੀ ਮੰਡੀ ਦੇ ਹਲਚਲ ਭਰੇ, ਮਹਾਦੀਪਾਂ ਵਿਚ ਪਸਰੇ ਹੋਏ ਰਾਜ ਮਾਰਗਾਂ ਉੱਪਰ ਸਰਪਟ ਦੌੜਦੀ ਹੋਈ ਵਧਦਾ ਫੁੱਲਦਾ ਰਹੇ, ਅਤੇ ਮੁਨਾਫਾ ਬਟੋਰਦਾ ਰਹੇ। ਇਸ ਉਪਰ ਕਾਨੂੰਨ ਦੀ ਲਗਾਮ ਕੱਸਣ ਦੀ ਜ਼ਰੂਰਤ ਹੈ।... ਫਿਰ ਅਸੀਂ ਅੱਜ ਕਿੱਥੇ ਹਾਂ? ਮੈਂ ਕਹਾਂਗੀ, ਉਸੇ ਜਾਣੀ-ਪਛਾਣੀ, ਪੁਰਾਣੀ ਸਿਆਸਤ ਦੀ ਦੁਨੀਆ ਵਿਚ। ਇਸ ਖਤਰੇ ਨੂੰ ਸਿਰਫ ਸਿਆਸੀ ਕਾਰਵਾਈ ਹੀ ਰੋਕ ਸਕਦੀ ਹੈ, ਨੁਕਸਾਨ ਘਟਾ ਸਕਦੀ ਹੈ। ਕਿਉਂਕਿ ਇਹ ਤਕਨਾਲੋਜੀ, ਜਦੋਂ ਵੀ ਇਹ ਵਰਤੋਂ 'ਚ ਲਿਆਂਦੀ ਜਾਂਦੀ ਹੈ, (ਚਾਹੇ ਕਾਨੂੰਨੀ ਜਾਂ ਗੈਰਕਾਨੂੰਨੀ ਤਰੀਕੇ ਨਾਲ), ਇਹ ਹਮੇਸ਼ਾ ਜਟਿਲ ਕੁਚੱਕਰ 'ਚ ਬਣੀ ਰਹੇਗੀ ਜੋ ਅੱਜ ਸਾਡੇ ਸਮੇਂ ਦੀ ਪਛਾਣ ਹੈ: ਰਾਸ਼ਟਰਵਾਦ, ਪੂੰਜੀਵਾਦ, ਸਾਮਰਾਜਵਾਦ, ਬਸਤੀਵਾਦ, ਨਸਲਵਾਦ, ਜਾਤੀਵਾਦ, ਸੈਕਸਵਾਦ। ਚਾਹੇ ਇਹ ਤਕਨਾਲੋਜੀ ਕਿਸੇ ਵੀ ਤਰ੍ਹਾਂ ਵਿਕਸਿਤ ਹੁੰਦੀ ਹੈ - ਇਹ ਸਾਡੀ ਲੜਾਈ ਦਾ ਮੈਦਾਨ ਬਣੀ ਰਹੇਗੀ।***



**ਐਡਵਰਡ ਸਨੋਡਨ**

# ਅਗਲੀ ਪੀੜ੍ਹੀ ਲਈ ਉਪਰਾਲੇ ਨੂੰ ਉਡੀਕ ਰਿਹਾ ਜਾਪਦੈ ਪੰਜਾਬ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਆਜ਼ਾਦੀ ਤੋਂ ਬਾਅਦ ਪੰਜਾਬ ਅਤੇ ਪੰਜਾਬੀਆਂ ਨੇ ਉਹ ਦੌਰ ਵੀ ਵੇਖਿਆ ਸੀ, ਜਦੋਂ ਤੇਰ੍ਹਵੇਂ ਮਹੀਨੇ ਵਿਚ ਖਾਣ ਨੂੰ ਘਰਾਂ ਵਿਚ ਦਾਣੇ ਨਹੀਂ ਸਨ ਹੁੰਦੇ ਤੇ ਪਿੰਡਾਂ ਵਿਚ ਕਈ ਵਾਰ ਸਰਕਾਰ ਵੰਡਦੀ ਹੁੰਦੀ ਸੀ। ਉਸ ਵਕਤ ਅਸੀਂ ਜਵਾਕ ਹੁੰਦੇ ਸਾਂ ਅਤੇ ਇਸ ਹਾਲਤ ਦੇ ਕਾਰਨ ਨਹੀਂ ਸਾਂ ਜਾਣਦੇ। ਫਿਰ ਅਚਾਨਕ ਪੰਜਾਬ ਵਿਚ ਹਰੇ ਇਨਕਲਾਬ ਦੀ ਆਮਦ ਨਾਲ ਉਹ ਨਵਾਂ ਦੌਰ ਆ ਗਿਆ, ਜਿਸ ਵਿਚ ਸਾਡੇ ਖੇਤ ਏਨਾ ਅਨਾਜ ਪੈਦਾ ਕਰਨ ਲੱਗ ਪਏ ਕਿ ਪੁਰਾਣੇ ਤਰੀਕਿਆਂ ਨਾਲ ਸੰਭਾਲਣਾ ਵੀ ਸੰਭਵ ਨਹੀਂ ਸੀ। ਉਸ ਦੀ ਸੰਭਾਲ ਲਈ ਫਲ੍ਹਿਆਂ ਦੀ ਥਾਂ ਪਹਿਲਾਂ ਕਣਕ ਕੁਤਰਨ ਵਾਲੀਆਂ ਤੇ ਬਾਅਦ ਵਿਚ ਉਸ ਨੂੰ ਗਾਹੁਣ ਤੇ ਦਾਣੇ ਵੱਖ ਕਰਨ ਵਾਲੀਆਂ ਮਸ਼ੀਨਾਂ ਆ ਗਈਆਂ ਤੇ ਫਿਰ ਵੱਢਣ ਦਾ ਕੰਮ ਕਰਨ ਵਾਲੀਆਂ ਕੰਬਾਈਨਾਂ ਵੀ ਬਣ ਗਈਆਂ। ਉਦੋਂ ਕਦੇ-ਕਦੇ ਅਸੀਂ ਬਜ਼ੁਰਗਾਂ ਤੋਂ ਸੁਣਿਆ ਕਰਦੇ ਸਾਂ ਕਿ ਮਸ਼ੀਨ ਹੁੰਦੀ ਤਾਂ ਚੰਗੀ ਹੈ, ਪਰ ਇਸ ਦਾ ਉਲਟਾ ਅਸਰ ਅਜੇ ਨਹੀਂ ਦਿੱਸਦਾ, ਕੁਝ ਸਮਾਂ ਬਾਅਦ ਜਦੋਂ ਦਿੱਸਿਆ ਤਾਂ ਉਸ ਤੋਂ ਬਚਣ ਦਾ ਰਾਹ ਨਹੀਂ ਲੱਭਣਾ। ਪੁੱਛਣ ਉੱਤੇ ਉਹ ਕਹਿੰਦੇ ਹੁੰਦੇ ਸਨ ਕਿ ਇੱਕ ਤਾਂ ਇਨ੍ਹਾਂ ਮਸ਼ੀਨਾਂ ਨੇ ਲੋਕਾਂ ਦੀ ਹੱਥੀਂ ਮਿਹਨਤ ਕਰਨ ਦੀ ਆਦਤ ਖੋਹ ਲੈਣੀ ਹੈ ਤੇ ਜਦੋਂ ਫਿਰ ਕਦੀ ਉਨ੍ਹਾਂ ਨੂੰ ਮਜਬੂਰੀ ਵਿਚ ਵੀ ਕੰਮ ਕਰਨਾ ਪਿਆ, ਉਨ੍ਹਾਂ ਤੋਂ ਕੀਤਾ ਨਹੀਂ ਜਾ ਸਕਣਾ। ਇਹ ਗੱਲ ਪਿੱਛੋਂ ਸਮੇਂ ਨੇ ਸਾਡੇ ਵੇਂਹਦਿਆਂ ਸੱਚ ਸਾਬਤ ਕੀਤੀ ਹੋਈ ਹੈ। ਦੂਸਰਾ ਉਹ ਇਹ ਕਹਿੰਦੇ ਹੁੰਦੇ ਸਨ ਕਿ ਇਸ ਅਚਾਨਕ ਆਈ ਤਰੱਕੀ ਨੇ ਲੋਕਾਂ ਨੂੰ ਏਦਾਂ ਦੀਆਂ ਅਚਾਨਕ ਆਉਣ ਵਾਲੀਆਂ ਹੋਰ ਤਰੱਕੀਆਂ ਦੀ ਝਾਕ ਲਾ ਦੇਣੀ ਹੈ ਤੇ ਜਦੋਂ ਇਹੋ ਜਿਹੇ ਹੋਰ ਛੜੱਪੇ ਨਾ ਵੱਜੇ, ਲੋਕਾਂ ਨੇ ਮਾਯੂਸ ਹੋਣਾ ਸ਼ੁਰੂ ਕਰ ਦੇਣਾ ਹੈ। ਉਹ ਉਦੋਂ ਵੀ ਕਹਿੰਦੇ ਹੁੰਦੇ ਸਨ ਕਿ ਰਾਜਸੀ ਆਗੂ ਜਿਹੜੀਆਂ ਛੋਟਾਂ ਅੱਜ ਦੇਈ ਜਾਂਦੇ ਹਨ, ਸਮਾਂ ਪਾ ਕੇ ਇਹ ਵੀ ਨਹੀਂ ਮਿਲਿਆ ਕਰਨੀਆਂ ਤੇ ਲੋਕ ਖੁਦਕੁਸ਼ੀਆਂ ਕਰਨਗੇ।

ਉਦੋਂ ਅਸੀਂ ਲੋਕ ਏਨੀ ਸੋਚ ਉਡਾਰੀ ਨੂੰ ਉਨ੍ਹਾਂ ਦੇ ਮਨਾਂ ਦਾ ਵਹਿਮ ਕਿਹਾ ਕਰਦੇ ਸਾਂ। ਅੱਜ ਉਹ ਗੱਲਾਂ ਸਾਡੇ ਅੱਖਾਂ ਮੂਹਰੇ ਸੱਚ ਸਾਬਤ ਹੋਣ ਲੱਗ ਪਈਆਂ ਹਨ। ਸਰਕਾਰੀ ਛੋਟਾਂ ਦੇ ਛੱਟੇ ਅਤੇ ਬੇਈਮਾਨ ਅਧਿਕਾਰੀਆਂ ਵੱਲੋਂ ਪੈਸੇ ਲੈ ਕੇ ਹਰ ਕਿਸਮ ਦਾ ਸਰਟੀਫਿਕੇਟ ਬਣਾ ਦੇਣ ਦੀ ਆਦਤ ਨੇ ਪੰਜਾਬੀ ਲੋਕ, ਖਾਸ ਤੌਰ ਉੱਤੇ ਸਾਡੇ ਕਿਸਾਨ, ਏਨੇ ਕਰਜ਼ੇ ਹੇਠਾਂ ਦੱਬ ਦਿੱਤੇ ਹਨ ਕਿ ਉਹ ਉੱਠਣੇ ਮੁਸ਼ਕਿਲ ਹਨ। ਇੱਕ ਜ਼ਿੰਮੇਵਾਰ ਅਧਿਕਾਰੀ ਨੇ ਸਾਨੂੰ ਦੱਸਿਆ ਕਿ ਪੰਜਾਬ ਵਿਚ ਕਈ ਕਿਸਾਨ ਇੱਕੋ ਖੇਤ ਦਾ ਤਿੰਨ-ਤਿੰਨ ਵਾਰ ਨਵਾਂ ਸਰਟੀਫਿਕੇਟ ਬਣਵਾ ਕੇ ਕਰਜ਼ਾ ਲੈ ਚੁੱਕੇ ਹਨ ਤੇ ਜਿੰਨੀ ਜ਼ਮੀਨ ਪੰਜਾਬ ਦੇ ਬੈਂਕਾਂ ਨੂੰ ਗਹਿਣੇ ਕਰ ਕੇ ਇਸ ਵਕਤ ਕਰਜ਼ੇ ਲਏ ਜਾ ਚੁੱਕੇ ਹਨ, ਅਸਲ ਵਿਚ ਪੰਜਾਬ ਦੀ ਖੇਤੀ ਹੇਠਲੀ ਜ਼ਮੀਨ ਉਸ ਦਾ ਤੀਜਾ ਹਿੱਸਾ ਵੀ ਨਹੀਂ। ਬੈਂਕਾਂ ਦੇ ਫੀਲਡ ਅਫਸਰ ਇਹ ਜਾਣਦੇ ਹੋਏ ਵੀ ਆਪਣੇ ਕੋਟੇ ਪੂਰੇ ਕਰਨ ਅਤੇ ਜੇਬਾਂ ਭਰਨ ਲਈ ਏਦਾਂ ਦਾ ਕੰਮ ਕਰੀ ਜਾਂਦੇ ਰਹੇ ਤੇ ਅੱਗੋਂ ਜਦੋਂ ਹੋਰ ਕਿਤੋਂ ਕਰਜ਼ਾ ਮਿਲ ਹੀ ਨਹੀਂ ਸਕਣਾ ਤਾਂ ਲੋਕ ਫਸ ਗਏ ਹਨ।

ਇਹ ਇੱਕ ਵੱਡਾ ਪੱਖ ਹੈ, ਪਰ ਇੱਕੋ-ਇੱਕੋ ਨਹੀਂ। ਦੂਸਰਾ ਪੱਖ ਇਹ ਹੈ ਕਿ ਪਹਿਲਾਂ ਹਰ ਰਾਜਸੀ ਲੀਡਰ ਆਪਣੇ ਹਲਕੇ ਵਿਚ ਸਕੂਲ ਵੀ ਖੋਲ੍ਹੀ ਜਾਂਦਾ ਸੀ, ਹਸਪਤਾਲ ਵੀ ਅਤੇ ਹੋਰ ਹਰ ਕੰਮ ਵੋਟਾਂ ਉੱਤੇ ਅੱਖ ਰੱਖ ਕੇ ਕਰਨ ਲੱਗਾ ਪਿਆ ਸੀ। ਅੱਜ ਕੱਲ੍ਹ ਉਹ ਸਕੂਲ ਵੀ ਬੰਦ ਹੋਈ ਜਾਂਦੇ ਹਨ, ਹਸਪਤਾਲ ਵੀ ਤੇ ਹੋਰ ਅਦਾਰੇ ਵੀ। ਸਕੂਲਾਂ ਵਿਚ ਬੱਚੇ ਕੋਈ ਨਹੀਂ ਆ ਰਹੇ, ਕਿਉਂਕਿ ਜਿਨ੍ਹਾਂ ਕੋਲ ਪੈਸੇ ਹਨ, ਬੱਚੇ ਵਿਦੇਸ਼ ਭੇਜਣ ਨੂੰ ਪਹਿਲ ਦਿੰਦੇ ਹਨ ਤੇ ਜਿਨ੍ਹਾਂ ਕੋਲ ਪੈਸੇ ਨਹੀਂ, ਸਰਕਾਰੀ ਸਕੂਲ ਵੱਲ ਵੀ ਬੱਚਾ ਭੇਜਣ ਦੀ ਥਾਂ ਆਪਣੇ ਨਾਲ ਘਰ ਦੇ ਕੰਮ ਲਾ ਕੇ ਗੁਜ਼ਾਰਾ ਕਰਨ ਦੀ ਸੋਚਦੇ ਹਨ। ਲੀਡਰਾਂ ਤੋਂ ਕਦੇ-ਕਦਾਈਂ ਪੀਲੇ ਜਾਂ ਨੀਲੇ ਕਾਰਡ ਨਾਲ ਮਿਲਦੀ ਸਸਤੇ ਰਾਸ਼ਨ ਵਰਗੀ ਸਰਕਾਰੀ ਖੈਰਾਤ ਤੋਂ ਵੱਧ ਆਸ ਕੋਈ ਨਹੀਂ ਰਹਿ ਗਈ। ਤੇਜ਼ੀ ਨਾਲ ਨਵੀਆਂ ਫਸਲਾਂ ਵਿਕਸਿਤ ਹੋਣ ਅਤੇ ਨਵੀਆਂ ਮਸ਼ੀਨਾਂ ਆਉਣ ਦੇ ਵੀ ਕੋਈ ਹਾਲਾਤ ਨਹੀਂ ਰਹੇ ਅਤੇ ਜਿੰਦਾਂ ਦੀ ਖੜੋਤ ਆਈ ਹੈ, ਉਸ ਵਿਚ ਲੁੱਟਾਂ-ਖੋਹਾਂ ਵਧਣ ਲੱਗ ਪਈਆਂ ਹਨ। ਇਸ ਵਕਤ ਹੁੰਦੇ ਜੁਰਮਾਂ ਦੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਉਹ ਨੌਜਵਾਨ ਵੀ ਲੁੱਟਾਂ-ਖੋਹਾਂ ਕਰਦੇ ਫੜੇ ਜਾਣ ਲੱਗੇ ਹਨ, ਜਿਨ੍ਹਾਂ ਦੇ ਵਡੇਰੇ ਪਿੰਡਾਂ ਦੀਆਂ ਸੱਥਾਂ ਵਿਚ ਬੈਠ ਕੇ ਲੋਕਾਂ ਨੂੰ ਕਿਰਤ ਕਰਨ ਦਾ ਉਪਦੇਸ਼ ਦਿਆ ਕਰਦੇ ਸਨ। ਸਮਾਜ ਦੀ ਇਸ ਗਿਰਾਵਟ ਵਿਚ ਰਾਜਨੀਤੀ ਦਾ ਹਿੱਸਾ ਵੀ ਤਕੜਾ ਹੈ, ਕਿਉਂਕਿ ਗੱਡੀਆਂ ਉੱਤੇ ਆਉਂਦੇ ਅਤੇ ਕਿਸੇ ਥਾਂ ਗੱਡੀ ਖੜ੍ਹੀ ਕਰਨ ਪਿੱਛੋਂ ਛੋਟੀ-ਮੋਟੀ ਵਾਰਦਾਤ ਕਰ ਕੇ ਭੱਜਦੇ ਫੜੇ ਜਾਂਦੇ ਇਨ੍ਹਾਂ ਵੱਡੇ ਘਰਾਂ ਦੇ ਕਾਕਿਆਂ ਨੂੰ ਛੁਡਾਉਣ ਲਈ ਕਿਸੇ ਨਾ ਕਿਸੇ ਆਗੂ ਦਾ ਫੋਨ ਝੱਟ ਆ ਜਾਂਦਾ ਹੈ ਕਿ ਇਹ ਸਾਡੇ ਯੂਥ ਵਿੰਗ ਦਾ ਅਹੁਦੇਦਾਰ ਹੈ, ਇਸ ਨੂੰ ਕੁਝ ਨਹੀਂ ਕਹਿਣਾ। ਲੀਡਰਾਂ ਨੂੰ ਇਹ ਗੱਲ ਹੱਦੋਂ ਵੱਧ ਫਿੱਟ ਬੈਠਦੀ ਹੈ ਕਿ ਇਹੋ ਜਿਹੇ ਨੌਜਵਾਨ ਇਹ ਕੰਮ ਕਰਦੇ ਹੋਏ ਆਪਣੇ ਘਰ ਚਲਾਈ ਜਾਣ ਤੇ ਉਨ੍ਹਾਂ ਦੀ ਚਾਕਰੀ ਕਰੀ ਜਾਣ।

ਪਿਛਲੇ ਤੀਹ ਤੋਂ ਵੱਧ ਸਾਲਾਂ ਦੀ ਪੱਤਰਕਾਰੀ ਦੌਰਾਨ ਮੈਂ ਇਹੋ ਜਿਹੇ ਕਈ ਛੋਟੇ ਅਪਰਾਧੀਆਂ ਨੂੰ ਪੌੜੀਆਂ ਚੜ੍ਹ ਕੇ ਵੱਡੇ ਅਪਰਾਧੀ ਤੇ ਫਿਰ ਸਿਆਸੀ ਆਗੂ ਬਣਨ ਪਿੱਛੋਂ ਚੇਅਰਮੈਨ, ਵਿਧਾਇਕ ਅਤੇ ਮੰਤਰੀ ਬਣਦੇ ਦੇਖਿਆ ਹੋਇਆ ਹੈ। ਇਸ ਵਕਤ ਦੇ ਪੰਜਾਬ ਦੇ ਮੰਤਰੀਆਂ ਤੇ ਸਾਬਕਾ ਮੰਤਰੀਆਂ ਵਿਚ ਵੀ ਅਤੇ ਭਾਰਤ ਸਰਕਾਰ ਦੇ ਕੇਂਦਰੀ ਮੰਤਰੀਆਂ ਅਤੇ ਸਾਬਕਾ ਵਜ਼ੀਰਾਂ ਵਿਚ ਵੀ ਕਈ ਏਦਾਂ ਦੇ ਲੋਕ ਹਨ, ਜਿਹੜੇ ਟੁੱਚਲ ਜਿਹੇ ਬਦਮਾਸ਼ ਹੁੰਦੇ ਸਨ, ਅਚਾਨਕ ਉਹ ਕਿਸੇ ਵੱਡੇ ਆਗੂ ਦੀ ਸਰਪ੍ਰਸਤੀ ਨਾਲ ਤਰੱਕੀਆਂ ਕਰਦੇ ਹੋਏ ਝੰਡੀ ਵਾਲੀਆਂ ਕਾਰਾਂ ਵਿਚ ਚੜ੍ਹ ਗਏ ਤੇ ਜਿਹੜੇ ਪੁਲਿਸ ਵਾਲੇ ਉਨ੍ਹਾਂ ਦੇ ਵਾਰੰਟ ਲਈ ਫਿਰਦੇ ਸਨ, ਉਹ ਹੀ ਉਨ੍ਹਾਂ ਨੂੰ ਸਲੂਟ ਮਾਰਨ ਲਈ ਮਜਬੂਰ ਹੋ ਗਏ ਸਨ। ਪੰਜਾਬ ਦੇ ਅਜੋਕੇ ਨੌਜਵਾਨਾਂ ਨੂੰ ਜਦੋਂ ਪਿੰਡਾਂ ਵਿਚੋਂ ਏਦਾਂ ਦੇ ਬਦਮਾਸ਼ੀ ਤੋਂ ਤੁਰ ਕੇ ਮੰਤਰੀ ਦੀ ਪਦਵੀ ਤੱਕ ਪਹੁੰਚੇ ਲੋਕਾਂ ਦਾ ਪਤਾ ਲੱਗਦਾ ਹੈ ਤਾਂ ਉਹ ਹੋਰ ਨੌਜਵਾਨਾਂ ਨੂੰ ਵੀ ਇਸ ਲੀਹੇ ਪੈਣ ਲਈ ਪ੍ਰੇਰਦੇ ਜਾਪਦੇ ਹਨ। ਜਿੰਨਾ ਵੱਧ ਕੋਈ ਆਗੂ ਚਿੱਟਾ ਝੂਠ ਬੋਲਦਾ ਹੈ, ਓਨੀ ਉਸ ਦੀ ਮਹਿਮਾ ਹੁੰਦੀ ਅਤੇ ਉਸ ਪਿੱਛੇ ਲੋਕਾਂ ਦੀ ਭੀੜ ਵਧਦੀ ਹੈ। ਜਿਹੜਾ ਆਗੂ ਆਪ ਕਿਸੇ ਗੁਰੂ-ਪੀਰ ਜਾਂ ਧਰਮ ਅਸਥਾਨ ਦੀ ਟਕੇ ਦੀ ਇੱਜ਼ਤ ਨਾ ਕਰੇ, ਧਰਮ ਨੂੰ ਸਿਰਫ ਕੁਰਸੀ ਤੱਕ ਪਹੁੰਚਣ ਦਾ ਵਸੀਲਾ ਹੀ ਸਮਝਦਾ ਹੋਵੇ ਤੇ ਧਰਮ ਦਾ ਝੰਡਾ ਚੁੱਕਣ ਵਾਲਿਆਂ ਨੂੰ ਵੇਲੇ-ਕੁਵੇਲੇ ਚਾਰ ਗਾਲ੍ਹਾਂ ਕੱਢਣ ਪਿੱਛੋਂ ਲੋਕਾਂ ਸਾਹਮਣੇ ਉਨ੍ਹਾਂ ਅੱਗੇ ਹੀ ਮੱਥਾ ਟੇਕ ਸਕਦਾ ਹੋਵੇ, ਉਹ ਕਾਮਯਾਬੀ ਦੀਆਂ ਮੰਜ਼ਿਲਾਂ ਚੜ੍ਹਦਾ ਜਾਂਦਾ ਹੈ ਤੇ ਜਿਹੜਾ ਧਰਮ ਜਾਂ ਸਿਧਾਂਤ ਪ੍ਰਤੀ ਵਫਾਦਾਰੀ ਲਈ ਵਚਨਬੱਧ ਬਣਨ ਲਈ ਚਿੰਤਾ ਕਰਦਾ ਰਹੇ, ਉਹ ਇਸੇ ਚਿੰਤਾ ਵਿਚ ਫਸਿਆ ਰਹਿੰਦਾ ਹੈ ਤੇ ਦੂਸਰੇ ਲੋਕ ਉਸ ਨੂੰ ਬੇਵਕੂਫ ਸਮਝਣਗੇ। ਪੰਜਾਬ ਦੀ ਰਾਜਨੀਤੀ ਦੇ ਇਹ ਤਾਜ਼ਾ ਰੁਝਾਨ ਪੰਜਾਬ ਦੀ ਅਗਲੀ ਪੀੜ੍ਹੀ ਦਾ ਸੱਤਿਆਨਾਸ ਕਰੀ ਜਾ ਰਹੇ ਹਨ।

ਨਤੀਜੇ ਵਜੋਂ ਪੰਜਾਬ ਇਸ ਵਕਤ ਉਸ ਸੜਕ ਉੱਤੇ ਚੱਲ ਪਿਆ ਜਾਪਦਾ ਹੈ, ਜਿੱਥੋਂ ਇਸ ਦੇ ਮੋੜਾ ਕੱਟਣ ਦੇ ਲਈ ਨੇੜੇ-ਤੇੜੇ ਕੋਈ ਕੱਟ ਨਹੀਂ ਜਾਪਦਾ, ਇਸ ਨੂੰ ਮੁੜਨ ਤੱਕ ਕਈ ਕਿਲੋਮੀਟਰ ਪੈਂਡਾ ਮਾਰਨਾ ਪੈ ਸਕਦਾ ਹੈ ਤੇ ਉਸ ਪੈਂਡੇ ਵਿਚ ਇਸ ਦਾ ਏਨਾ ਵੱਡਾ ਨੁਕਸਾਨ ਹੋ ਜਾਵੇਗਾ, ਜਿਸ ਦੀ ਭਰਪਾਈ ਨਹੀਂ ਹੋ ਸਕਣੀ। ਪੰਜਾਬ ਦੀ ਰਾਜਨੀਤੀ ਵਿਚ ਜਿੰਦਾਂ ਦੇ ਧੁਰੰਤਰਾਂ ਦਾ ਬੋਲਬਾਲਾ ਹੈ, ਉਹ ਇਸ ਸਥਿਤੀ ਬਾਰੇ ਜਾਣਦੇ ਹਨ, ਪਰ ਇਸ ਦੀ ਚਿੰਤਾ ਨਹੀਂ ਕਰਦੇ। ਉਨ੍ਹਾਂ ਦੇ ਲਈ ਕੁਰਸੀ ਮੁੱਖ ਹੈ ਅਤੇ ਕੁਰਸੀ ਵੱਲ ਦੌੜਨ ਵੇਲੇ ਉਹ ਆਪਣੇ-ਪਰਾਏ ਕਿਸੇ ਦੀ ਬਲੀ ਦੇਣ ਤੋਂ ਝਿਜਕਣ ਦੇ ਆਦੀ ਨਹੀਂ। ਜਦੋਂ ਉਹ ਆਪਣਿਆਂ ਦੀ ਬਲੀ ਦੇਣ ਤੱਕ ਚਲੇ ਜਾਂਦੇ ਹਨ, ਬੇਗਾਨਿਆਂ ਦੀ ਚਿੰਤਾ ਵੀ ਨਹੀਂ ਕਰਨਗੇ। ਇਸ ਲਈ ਪੰਜਾਬ ਦੇ ਜਾਇਆਂ ਦੀ, ਇਨ੍ਹਾਂ ਦੀ ਅਗਲੀ ਪੀੜ੍ਹੀ ਦੀ ਚਿੰਤਾ ਜਿਨ੍ਹਾਂ ਨੂੰ ਹੈ, ਉਨ੍ਹਾਂ ਨੂੰ ਇਸ ਬਾਰੇ ਸਮਾਜ ਦੇ ਲਈ ਇੱਕ ਲਹਿਰ ਚਲਾਉਣੀ ਪਵੇਗੀ। ਉਹ ਲਹਿਰ ਕਿੱਦਾਂ ਦੀ ਹੋਵੇਗੀ, ਇਸ ਦਾ ਨਕਸ਼ਾ ਵੀ ਉਨ੍ਹਾਂ ਨੂੰ ਖੁਦ ਉਲੀਕਣਾ ਪਵੇਗਾ।

# ਬਿਨਾ ਸੋਚੇ ਵੋਟਾਂ ਪਾਉਂਦੇ ਹਾਂ, ਲਾਟਰੀਆਂ ਵਰਗੇ ਨਤੀਜੇ ਨਿਕਲਦੇ ਹਨ

ਦਲੀਪ ਸਿੰਘ ਵਾਸਨ, ਐਡਵੋਕੇਟ
ਫੋਨ: +0175-5191856

ਸਾਡੇ ਮੁਲਕ ਵਿਚ ਇਹ ਜਿਹੜਾ ਪਰਜਾਤੰਤਰ ਆਇਆ ਹੈ, ਇਸ ਵਿਚ ਹਰ ਪੰਜਾਂ ਸਾਲਾਂ ਬਾਅਦ ਚੋਣਾਂ ਕਰਵਾਈਆਂ ਜਾਂਦੀਆਂ ਹਨ ਅਤੇ ਇਹੀ ਪਰਜਾਤੰਤਰ ਹੈ। ਕੌਣ ਉਮੀਦਵਾਰ ਹੈ, ਕਿਸ ਨੇ ਇਸ ਦੀ ਨਾਮਜ਼ਦਗੀ ਕੀਤੀ ਹੈ, ਕਾਹਦੇ ਲਈ ਕੀਤੀ ਹੈ, ਇਸ ਦੀਆਂ ਯੋਗਤਾਵਾਂ ਕੀ ਹਨ, ਇਹ ਸਾਡੇ ਇਲਾਕੇ ਲਈ ਕੀ ਕੁਝ ਕਰਨ ਦੀ ਖਾਹਿਸ਼ ਰੱਖਦਾ ਹੈ, ਇਸ ਆਦਮੀ ਦਾ ਅਤੀਤ ਕੀ ਹੈ ਅਤੇ ਕੀ ਕਦੀ ਇਸ ਆਦਮੀ ਨੇ ਆਪਣੇ ਇਲਾਕੇ ਲਈ ਕੋਈ ਲੋਕ-ਭਲਾਈ ਦਾ ਕੰਮ ਅੱਜ ਤਕ ਕੀਤਾ ਹੈ ਜਾਂ ਐਵੇਂ ਹੀ ਕੋਈ ਵੱਡੀ ਰਕਮ ਪਾਰਟੀ ਫੰਡ ਲਈ ਦੇ ਕੇ ਇਹ ਆਦਮੀ ਕਿਸੇ ਪਾਰਟੀ ਜਾਂ ਕਿਸੇ ਵਿਅਕਤੀ ਵਿਸ਼ੇਸ਼ ਦਾ ਸੁਪੋਰਟਰ ਬਣਨ ਲਈ ਆ ਖਲੋਤਾ ਹੈ? ਇਹ ਗੱਲਾਂ ਅੱਜ ਤਕ ਕਿਸੇ ਪੁੱਛੀਆਂ ਨਹੀਂ ਹਨ ਅਤੇ ਨਾ ਹੀ ਕਿਸੇ ਉਮੀਦਵਾਰ ਨੇ ਆ ਕੇ ਆਪ ਹੀ ਸਾਨੂੰ ਦੱਸੀਆਂ ਹਨ। ਅੱਜ ਤਕ ਜਿੰਨੇ ਵੀ ਆਦਮੀ ਅਸਾਂ ਚੁਣੇ ਹਨ ਅਤੇ ਸਦਨਾਂ ਵਿਚ ਪੰਜ ਪੰਜ ਸਾਲ ਲਾ ਕੇ ਆ ਵੀ ਗਏ ਹਨ, ਉਨ੍ਹਾਂ ਵਿਚੋਂ ਵੀ ਅੱਜ ਤਕ ਕਿਸੇ ਨੇ ਆ ਕੇ ਆਪਣੇ ਇਲਾਕੇ ਦੇ ਲੋਕਾਂ ਨੂੰ ਨਹੀਂ ਦੱਸਿਆ ਕਿ ਉਹ ਸਦਨ ਵਿਚ ਗਿਆ ਸੀ ਤੇ ਇਹ ਵਾਲੇ ਕੰਮ ਉਸ ਨੇ ਕਰਵਾਏ ਹਨ ਅਤੇ ਜੇ ਫਿਰ ਮੌਕਾ ਦਿਉ ਤਾਂ ਇਹ ਸਕੀਮਾਂ ਉਸ ਪਾਸ ਹਨ, ਇਹ ਵੀ ਕਰਵਾ ਕੇ ਦਿਖਾਵੇਗਾ। ਅਸੀਂ ਅੱਜ ਕੱਲ੍ਹ ਸਦਨਾਂ ਦੀਆਂ ਕਾਰਵਾਈਆਂ ਦੂਰਦਰਸ਼ਨ ਉਤੇ ਵੀ ਦੇਖੀਆਂ ਹਨ ਅਤੇ ਦੇਖਿਆ ਹੈ ਕਿ ਬਹੁਤ ਸਾਰੇ ਵਿਧਾਇਕ ਬਸ ਮੁਸਕਰਾ ਰਹੇ ਹੁੰਦੇ ਹਨ ਜਾਂ ਸੌਂ ਹੀ ਗਏ ਹੁੰਦੇ ਹਨ। ਇਹ ਵੀ ਸਪਸ਼ਟ ਜਿਹਾ ਹੋ ਗਿਆ ਲੱਗਦਾ ਹੈ ਕਿ ਇਹ ਵਿਧਾਇਕਾਂ ਦੀ ਚੋਣ ਬਸ ਗਿਣਤੀ ਪੂਰੀ ਕਰਨ ਲਈ ਹੀ ਕੀਤੀ ਜਾਂਦੀ ਹੈ ਅਤੇ ਅਸਲ ਕੰਮ ਬਸ ਸਰਦਾਰ ਹੀ ਕਰਦਾ ਹੈ।

ਜੇ ਅੱਜ ਤਕ ਹੋਈਆਂ ਚੋਣਾਂ, ਸਦਨਾਂ ਦੇ ਰੱਖ-ਰਖਾਓ, ਭੱਤੇ ਅਤੇ ਹਰ ਮੈਂਬਰ ਨੂੰ ਜਿਹੜੀਆਂ ਅੱਜ ਤਕ ਅਸੀਂ ਪੈਨਸ਼ਨਾਂ ਦੇ ਬੈਠੇ ਹਾਂ, ਇਹ ਰਕਮਾਂ ਜੇ ਗਰੀਬਾਂ ਤਕ ਪੁਚਾ ਦਿੱਤੀਆਂ ਜਾਂਦੀਆਂ ਤਾਂ ਹੋ ਸਕਦਾ ਸੀ ਮੁਲਕ ਵਿਚ ਇਹ ਜੋ ਗੁਰਬਤ ਆ ਗਈ ਹੈ, ਇਹ ਮੁੱਕ ਜਾਂਦੀ। ਅੱਜ ਤਕ ਅਸੀਂ ਕਿਸੇ ਵੀ ਵਿਧਾਇਕ ਉਤੇ ਇਹ ਸਵਾਲ ਨਹੀਂ ਕਰ ਸਕੇ ਕਿ ਭਾਈ ਤੂੰ ਲੋਕ ਸੇਵਕ ਬਣ ਕੇ ਗਿਆ ਸੀ ਤੇ ਲੋਕਾਂ ਦੀ ਕਿਹੜੀ ਸੇਵਾ ਕੀਤੀ ਹੈ?

ਇੱਕ ਪਿੱਛੋਂ ਇੱਕ ਵੋਟਾਂ ਪਈ ਹੀ ਜਾਂਦੀਆਂ ਹਨ ਅਤੇ ਲੋਕਾਂ ਦਾ ਇੰਨਾ ਵੱਡਾ ਖਰਚਾ ਹੋ ਜਾਂਦਾ ਹੈ, ਜਿਸ ਦਾ ਹਿਸਾਬ ਪੁੱਛਣ ਵਾਲਾ ਕੋਈ ਨਹੀਂ ਹੈ। ਅਸੀਂ ਹੁਣ ਤਕ ਹਜ਼ਾਰਾਂ ਵਿਧਾਇਕਾਂ ਦੀ ਚੋਣ ਕਰ ਬੈਠੇ ਹਾਂ ਅਤੇ ਹਜ਼ਾਰਾਂ ਵਿਧਾਇਕ ਪੈਨਸ਼ਨਾਂ ਵੀ ਲੈ ਰਹੇ ਹਨ, ਪਰ ਕੁਝ ਪ੍ਰਧਾਨ ਮੰਤਰੀਆਂ ਦੇ ਨਾਮ ਹੀ ਸਾਹਮਣੇ ਆ ਰਹੇ ਹਨ ਕਿ ਉਹ ਕੀ ਚੰਗਾ ਕਰ ਗਏ ਹਨ ਜਾਂ ਕੀ ਮੰਦਾ ਕਰ ਗਏ ਹਨ! ਇੰਨੀ ਕੁ ਜਾਣਕਾਰੀ ਵੀ ਬੱਚੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਹੀ ਯਾਦ ਕਰਦੇ ਹਨ, ਬਾਕੀ ਜਨਤਾ ਨੂੰ ਉਨ੍ਹਾਂ ਦੀਆਂ ਕੀਤੀਆਂ ਯਾਦ ਨਹੀਂ ਹਨ, ਬਸ ਨਾਮ ਹੀ ਯਾਦ ਹਨ। ਬਾਕੀ ਦੇ ਮੰਤਰੀ ਹਜ਼ਾਰਾਂ ਦੀ ਗਿਣਤੀ 'ਚ ਆਏ ਤੇ ਚਲੇ ਗਏ, ਕਿਸੇ ਨੂੰ ਨਾ ਤਾਂ ਯਾਦ ਹਨ ਤੇ ਨਾ ਹੀ ਇਹ ਲੋਕੀਂ ਆਪਣਾ ਨਾਂ ਯਾਦ ਰੱਖਣ ਵਾਲਾ ਕੋਈ ਕੰਮ ਹੀ ਕਰਕੇ ਗਏ ਹਨ।

ਸੋ, ਇਹ ਹਨ ਚੋਣਾਂ ਅਤੇ ਇਹ ਹੈ ਸਾਡੀਆਂ ਸਦਨਾਂ ਵਿਚ ਹੁੰਦੀ ਕਾਰਵਾਈ। ਕੁਲ ਮਿਲਾ ਕੇ ਇਹ ਆਖਿਆ ਜਾ ਸਕਦਾ ਹੈ ਕਿ ਇਹ ਸਦਨਾਂ ਵਿਚ ਲੋਕਾਂ ਦੀ ਭਲਾਈ ਲਈ ਅੱਜ ਤਕ ਕੁਝ ਵੀ ਨਹੀਂ ਕੀਤਾ ਗਿਆ। ਅਸੀਂ ਆਪਣੇ ਲੋਕਾਂ ਤੱਕ ਤਾਲੀਮ, ਸਿਖਲਾਈ, ਰੁਜ਼ਗਾਰ ਅਤੇ ਵਾਜਬ ਆਮਦਨ ਵਾਲੀਆਂ ਗੱਲਾਂ ਪੁਚਾ ਨਹੀਂ ਸਕੇ ਅਤੇ ਅੱਜ ਸਾਡੇ ਮੁਲਕ ਦੀ ਤਿੰਨ ਚੌਥਾਈ ਵਸੋਂ ਗਰੀਬ ਹੋ ਕੇ ਰਹਿ ਗਈ ਹੈ। ਉਹ ਹਸਤੀਆਂ, ਜਿਨ੍ਹਾਂ ਨੇ ਪ੍ਰਧਾਨ ਮੰਤਰੀ ਬਣਨਾ ਹੈ, ਉਹ ਸਾਡੇ ਸਾਹਮਣੇ ਹਨ ਅਤੇ ਬਾਕੀ ਦੇ ਵਿਧਾਇਕ ਇਨ੍ਹਾਂ ਨੇ ਆਪ ਹੀ ਚੁਣਨੇ ਹਨ ਤੇ ਜੇ ਲੋਕਾਂ ਦੀਆਂ ਮੋਹਰਾਂ ਨਾ ਵੀ ਲਵਾਈਆਂ ਜਾਣ ਤਾਂ ਵੀ ਕੰਮ ਚਲ ਸਕਦਾ ਹੈ। ਜੇ ਅਸੀਂ ਪੰਜ ਸਾਲਾਂ ਦੀ ਥਾਂ ਚੋਣਾਂ ਦਾ ਵਕਤ ਦਸ ਸਾਲ ਵੀ ਕਰ ਦਈਏ ਤਾਂ ਵੀ ਕੋਈ ਫਰਕ ਨਹੀਂ ਪੈਣ ਲੱਗਾ। ਜੇ ਅਸੀਂ ਇਹ ਵਿਅਕਤੀ ਵਿਸ਼ੇਸ਼ਾਂ ਨੂੰ ਵਾਰੋ ਵਾਰੀ ਪ੍ਰਧਾਨ ਮੰਤਰੀ ਬਣਾ ਦਿਆ ਕਰੀਏ ਤੇ ਇਹ ਆਪਣੇ ਆਦਮੀ ਆਪ ਹੀ ਚੁਣ ਕੇ ਰੱਖ ਲਿਆ ਕਰਨ ਤਾਂ ਵੀ ਕੋਈ ਫਰਕ ਨਹੀਂ ਪੈਣ ਲੱਗਾ।

ਅਫਸੋਸ ਦੀ ਗੱਲ ਹੈ ਕਿ ਇਸ ਵੱਡੇ ਨੁਕਤੇ ਉਤੇ ਕਦੀ ਵਿਚਾਰ ਹੀ ਨਹੀਂ ਕੀਤੀ ਗਈ ਹੈ। ਸਾਢੇ ਸੱਤ ਦਹਾਕਿਆਂ ਦਾ ਸਮਾਂ ਲੰਘ ਗਿਆ ਹੈ ਅਤੇ ਅਰਬਾਂ-ਖਰਬਾਂ ਰੁਪਿਆ ਮੁਲਕ ਦਾ ਚੋਣਾਂ ਉਤੇ ਖਰਚ ਕੀਤਾ ਜਾ ਰਿਹਾ ਹੈ। ਹਾਲੇ ਤਕ ਲੋਕੀਂ ਆਪਣੇ ਪ੍ਰਤੀਨਿਧ ਵੀ ਨਹੀਂ ਚੁਣ ਸਕੇ ਹਨ। ਕੋਈ ਵੀ ਇਹ ਨਹੀਂ ਦੱਸ ਸਕਦਾ ਕਿ ਜਿੱਤੇਗਾ ਕੌਣ ਤੇ ਇਸ ਲਈ ਧਾਰਮਿਕ ਅਸਥਾਨਾਂ ਅਤੇ ਜੋਤਿਸ਼ੀਆਂ ਪਾਸ ਭੀੜ ਲੱਗ ਜਾਂਦੀ ਹੈ ਅਤੇ ਨਤੀਜਾ ਇਉਂ ਆਉਂਦਾ ਹੈ, ਜਿਵੇਂ ਅੱਜ ਲਾਟਰੀ ਦਾ ਨਤੀਜਾ ਹੈ।

# *ਇਹ ਜਾਸੂਸੀ ਮਾਮੂਲੀ ਨਹੀਂ ਹੈ...*

*(ਪਿਛਲੇ ਸਫੇ ਦੀ ਬਾਕੀ)*

ਪੈਗਾਸਸ ਵਰਗਾ ਸਪਾਈਵੇਅਰ ਨਾ ਸਿਰਫ ਸਪਾਈਵੇਅਰ ਦਾ ਨਿਸ਼ਾਨਾ ਬਣੇ ਹਰ ਫੋਨ ਦੇ ਵਰਤੋਂਕਾਰ ਨੂੰ, ਸਗੋਂ ਉਸ ਦੇ ਦੋਸਤਾਂ, ਪਰਿਵਾਰ ਵਾਲਿਆਂ, ਸਹਿ-ਕਰਮੀਆਂ ਦੇ ਪੂਰੇ ਦਾਇਰੇ ਨੂੰ ਸਿਆਸੀ, ਸਮਾਜੀ ਅਤੇ ਆਰਥਕ ਜੋਖਮ 'ਚ ਪਾਉਂਦਾ ਹੈ।

ਜਨਤਾ ਦੀ ਵਿਆਪਕ ਨਿਗਰਾਨੀ ਬਾਰੇ ਸਭ ਤੋਂ ਜ਼ਿਆਦਾ ਅਤੇ ਸਭ ਤੋਂ ਵੱਧ ਡੂੰਘਾਈ 'ਚ ਸ਼ਾਇਦ ਐਡਵਰਡ ਸਨੋਡਨ ਨੇ ਸੋਚਿਆ ਹੈ ਜੋ ਅਮਰੀਕਾ ਦੀ ਕੌਮੀ ਸੁਰੱਖਿਆ ਏਜੰਸੀ ਦੇ ਸਾਬਕਾ ਵਿਸ਼ਲੇਸ਼ਣਕਾਰ ਅਤੇ ਆਲੋਚਕ ਹਨ। 'ਦਿ ਗਾਰਡੀਅਨ' ਨਾਲ ਹਾਲੀਆ ਇੰਟਰਵਿਊ 'ਚ ਉਨ੍ਹਾਂ ਨੇ ਚਿਤਾਵਨੀ ਦਿੱਤੀ: "ਜੇ ਤੁਸੀਂ ਇਸ ਤਕਨੀਕ ਦੀ ਵਿਕਰੀ ਨੂੰ ਰੋਕਣ ਲਈ ਕੁਝ ਨਹੀਂ ਕਰਦੇ ਤਾਂ ਇਹ ਸਿਰਫ 50000 ਟਾਰਗੈਟਾਂ ਤੱਕ ਸੀਮਤ ਨਹੀਂ ਰਹੇਗੀ, ਇਹ 5 ਕਰੋੜ ਹੋ ਜਾਵੇਗੀ ਅਤੇ ਇਹ ਸਾਡੇ ਖਦਸ਼ਿਆਂ ਤੋਂ ਕਿਤੇ ਵਧੇਰੇ ਛੇਤੀ ਹੋਣ ਵਾਲਾ ਹੈ।" ਸਾਨੂੰ ਉਸ ਦੀ ਚਿਤਾਵਨੀ ਸੁਣਨੀ ਚਾਹੀਦੀ ਹੈ। ਉਹ ਇਸ ਦੇ ਅੰਦਰ ਰਹੇ ਹਨ ਅਤੇ ਉਨ੍ਹਾਂ ਨੇ ਇਸ ਨੂੰ ਆਉਂਦੇ ਦੇਖਿਆ ਹੈ।

ਸਨੋਡਨ ਨੂੰ ਮੈਂ ਤਕਰੀਬਨ ਸੱਤ ਸਾਲ ਪਹਿਲਾਂ ਦਸੰਬਰ 2014 ਵਿਚ ਮਾਸਕੋ 'ਚ ਮਿਲੀ ਸੀ। ਉਦੋਂ ਉਸ ਨੂੰ ਬਾਗੀ ਹੋਇਆਂ ਤਕਰੀਬਨ ਡੇਢ ਸਾਲ ਹੋ ਚੁੱਕਾ ਸੀ ਅਤੇ ਉਸ ਨੂੰ ਆਪਣੀ ਸਰਕਾਰ ਵੱਲੋਂ ਆਪਣੇ ਹੀ ਨਾਗਰਿਕਾਂ ਦੀ ਅੰਧਾਧੁੰਦ ਵਿਆਪਕ ਨਿਗਰਾਨੀ ਨਾਲ ਨਫਰਤ ਸੀ। ਮਈ 2013 ਵਿਚ ਉਹ ਮਸਾਂ ਬਚ ਕੇ ਨਿਕਲੇ ਸਨ, ਤੇ ਮਫਰੂਰ ਸ਼ਖਸ ਦੀ ਜ਼ਿੰਦਗੀ ਜਿਉਣ ਦੇ ਸਹਿਜੇ-ਸਹਿਜੇ ਆਦੀ ਹੋਣੇ ਸ਼ੁਰੂ ਹੋ ਗਏ ਸਨ। ਡੈਨੀਅਲ ਐਲਸਬਰਗ (ਪੈਂਟਾਗਨ ਪੇਪਰਜ਼ ਵਾਲੇ), ਜੌਹਨ ਕਿਊਜ਼ੈਕ (ਜੌਹਨ ਕਿਊਜ਼ੈਕ ਵਾਲੇ) ਅਤੇ ਮੈਂ ਉਨ੍ਹਾਂ ਨੂੰ ਮਿਲਣ ਲਈ ਮਾਸਕੋ ਗਏ ਸੀ। ਤਿੰਨ ਦਿਨਾਂ ਤੱਕ ਅਸੀਂ ਖਿੜਕੀਆਂ ਉਪਰ ਖੌਰੂ ਪਾਉਂਦੀ ਰੂਸ ਦੀ ਬਰਫੀਲੀ ਸਰਦੀ ਦਰਮਿਆਨ ਆਪਣੇ ਹੋਟਲ ਦੇ ਕਮਰੇ 'ਚ ਬੰਦ ਰਹੇ ਸੀ ਅਤੇ ਨਿਗਰਾਨੀ ਤੇ ਜਾਸੂਸੀ ਉਪਰ ਗੱਲਬਾਤ ਕਰਦੇ ਰਹੇ ਸੀ। ਇਹ ਕਿਸ ਹੱਦ ਤੱਕ ਜਾਵੇਗਾ? ਇਹ ਸਾਨੂੰ ਕਿੱਥੇ ਲੈ ਜਾਵੇਗਾ? ਅਸੀਂ ਕੀ ਬਣ ਜਾਵਾਂਗੇ?

ਜਦੋਂ ਪੈਗਾਸਸ ਪ੍ਰੋਜੈਕਟ ਦੀਆਂ ਖਬਰਾਂ ਆਉਣ ਲੱਗੀਆਂ ਤਾਂ ਮੈਂ ਮੁੜ ਆਪਣੀ ਰਿਕਾਰਡ ਕੀਤੀ ਗੱਲਬਾਤ ਦਾ ਉਤਾਰਾ ਪੜ੍ਹਨਾ ਸ਼ੁਰੂ ਕੀਤਾ। ਇਹ ਕੁਝ ਸੌ ਪੰਨਿਆਂ ਦਾ ਹੈ। ਅੰਤ 'ਚ ਮੇਰੇ ਰੌਂਗਟੇ ਖੜ੍ਹੇ ਹੋ ਗਏ। ਸਨੋਡਨ ਜੋ ਉਦੋਂ ਮਸਾਂ ਤੀਹਵਿਆਂ ਦੀ ਉਮਰ ਦੇ ਸਨ, ਕਿਸੇ ਪਹੁੰਚੇ ਹੋਏ ਪੈਗੰਬਰ ਵਾਂਗ ਬੋਲ ਰਹੇ ਸਨ: "ਤਕਨਾਲੋਜੀ ਵਾਪਸ ਨਹੀਂ ਲਈ ਜਾ ਸਕਦੀ, ਤਕਨਾਲੋਜੀ ਕਿਤੇ ਨਹੀਂ ਜਾਵੇਗੀ... ਇਹ ਸਸਤੀ ਹੋਣ ਵਾਲੀ ਹੈ, ਇਹ ਵਧੇਰੇ ਕਾਰਗਰ ਹੋਣ ਵਾਲੀ ਹੈ, ਇਹ ਹੋਰ ਵਧੇਰੇ ਹਾਸਲ ਹੋਣ ਵਾਲੀ ਹੈ। ਜੇ ਅਸੀਂ ਕੁਝ ਨਹੀਂ ਕਰਦੇ ਤਾਂ ਇਕ ਤਰ੍ਹਾਂ ਨਾਲ ਅਸੀਂ ਸੁੱਤੇ ਪਏ ਹੀ ਮੁਕੰਮਲ ਨਿਗਰਾਨੀ ਰਾਜ ਵਿਚ ਪਹੁੰਚ ਜਾਵਾਂਗੇ ਜਿੱਥੇ ਇਕ ਸੁਪਰ ਸਟੇਟ ਹੋਵੇਗਾ ਜਿਸ ਕੋਲ ਤਾਕਤ ਦੀ ਵਰਤੋਂ ਕਰਨ ਦੀ ਅਥਾਹ ਸਮਰੱਥਾ ਹੋਵੇਗੀ ਅਤੇ ਜਾਣਨ ਅਤੇ (ਇਸ ਲਈ) (ਉਸ) ਤਾਕਤ ਨੂੰ ਨਿਸ਼ਾਨਾ ਫੁੰਡਣ ਵਾਸਤੇ ਵਰਤਣ ਦੀ ਅਥਾਹ ਸਮਰੱਥਾ ਹੋਵੇਗੀ - ਤੇ ਇਹ ਬਹੁਤ ਖਤਰਨਾਕ ਮਿਸ਼ਰਨ ਹੈ... ਭਵਿੱਖ ਦੀ ਦਿਸ਼ਾ ਇਹ ਹੈ।"

ਦੂਜੇ ਸ਼ਬਦਾਂ 'ਚ, ਅਸੀਂ ਐਸੀ ਦਿਸ਼ਾ 'ਚ ਜਾ ਰਹੇ ਹਾਂ ਜਿੱਥੇ ਸਾਡੇ ਉਪਰ ਐਸੇ ਰਾਜਾਂ ਦਾ ਸ਼ਾਸਨ ਹੋਵੇਗਾ ਜੋ ਹਰ ਉਹ ਗੱਲ ਜਾਣਦੇ ਹਨ ਜੋ ਲੋਕਾਂ ਬਾਰੇ ਜਾਣੀ ਜਾ ਸਕਦੀ ਹੈ, ਲੇਕਿਨ ਉਨ੍ਹਾਂ ਰਾਜਾਂ ਬਾਰੇ ਲੋਕ ਬਹੁਤ ਘੱਟ ਜਾਣਦੇ ਹਨ। ਇਹ ਅਸੰਤੁਲਨ ਸਿਰਫ ਇਕ ਹੀ ਦਿਸ਼ਾ ਵਿਚ ਲਿਜਾ ਸਕਦਾ ਹੈ। ਇਕ ਅਸਾਧ ਜਾਨਲੇਵਾ ਹਕੂਮਤ; ਤੇ ਲੋਕਤੰਤਰ ਦਾ ਅੰਤ।

ਸਨੋਡਨ ਦੀ ਗੱਲ ਸਹੀ ਸੀ। ਤਕਨਾਲੋਜੀ ਨੂੰ ਵਾਪਸ ਨਹੀਂ ਲਿਆ ਜਾ ਸਕਦਾ; ਲੇਕਿਨ ਇਸ ਨੂੰ ਬੇਲਗਾਮ, ਕਾਨੂੰਨੀ ਉਦਯੋਗ ਦੇ ਰੂਪ 'ਚ ਕੰਮ ਕਰਨ ਦੀ ਇਜਾਜ਼ਤ ਦੇਣ ਦੀ ਜ਼ਰੂਰਤ ਨਹੀਂ ਹੈ ਜੋ ਖੁੱਲ੍ਹੀ ਮੰਡੀ ਦੇ ਹਲਚਲ ਭਰੇ, ਮਹਾਦੀਪਾਂ ਵਿਚ ਪਸਰੇ ਹੋਏ ਰਾਜ ਮਾਰਗਾਂ ਉਪਰ ਸਰਪਟ ਦੌੜਦੀ ਹੋਈ ਵਧਦੀ ਫੁੱਲਦੀ ਰਹੇ, ਤੇ ਮੁਨਾਫਾ ਬਟੋਰਦੀ ਰਹੇ। ਇਸ ਉਪਰ ਕਾਨੂੰਨ ਦੀ ਲਗਾਮ ਕੱਸਣ ਦੀ ਜ਼ਰੂਰਤ ਹੈ। ਇਸ ਨੂੰ ਕਾਬੂ ਕਰਨਾ ਪੈਣਾ ਹੈ। ਤਕਨੀਕ ਰਹਿ ਸਕਦੀ ਹੈ ਲੇਕਿਨ ਉਦਯੋਗ ਦੇ ਰਹਿਣ ਦੀ ਜ਼ਰੂਰਤ ਨਹੀਂ ਹੈ।

ਫਿਰ ਅਸੀਂ ਅੱਜ ਕਿੱਥੇ ਹਾਂ? ਮੈਂ ਕਹਾਂਗੀ, ਉਸੇ ਜਾਣੀ-ਪਛਾਣੀ, ਪੁਰਾਣੀ ਸਿਆਸਤ ਦੀ ਦੁਨੀਆ ਵਿਚ। ਇਸ ਖਤਰੇ ਨੂੰ ਸਿਰਫ ਸਿਆਸੀ ਕਾਰਵਾਈ ਹੀ ਰੋਕ ਸਕਦੀ ਹੈ, ਉਸ ਦਾ ਨੁਕਸਾਨ ਘਟਾ ਸਕਦੀ ਹੈ। ਕਿਉਂਕਿ ਇਹ ਤਕਨਾਲੋਜੀ, ਜਦੋਂ ਵੀ ਇਹ ਵਰਤੋਂ 'ਚ ਲਿਆਂਦੀ ਜਾਂਦੀ ਹੈ, (ਚਾਹੇ ਕਾਨੂੰਨੀ ਜਾਂ ਗੈਰਕਾਨੂੰਨੀ ਤਰੀਕੇ ਨਾਲ), ਇਹ ਹਮੇਸ਼ਾ ਜਟਿਲ ਕੁਚੱਕਰ 'ਚ ਬਣੀ ਰਹੇਗੀ ਜੋ ਅੱਜ ਸਾਡੇ ਸਮੇਂ ਦੀ ਪਛਾਣ ਹੈ: ਰਾਸ਼ਟਰਵਾਦ, ਪੂੰਜੀਵਾਦ, ਸਾਮਰਾਜਵਾਦ, ਬਸਤੀਵਾਦ, ਨਸਲਵਾਦ, ਜਾਤੀਵਾਦ, ਸੈਕਸਵਾਦ। ਚਾਹੇ ਇਹ ਤਕਨਾਲੋਜੀ ਕਿਸੇ ਵੀ ਤਰ੍ਹਾਂ ਵਿਕਸਿਤ ਹੁੰਦੀ ਹੈ - ਇਹ ਸਾਡੀ ਲੜਾਈ ਦਾ ਮੈਦਾਨ ਬਣੀ ਰਹੇਗੀ।

ਸਾਨੂੰ ਆਪਣਾ ਬੋਰੀ-ਬਿਸਤਰਾ ਚੁੱਕ ਕੇ ਐਸੀ ਦੁਨੀਆ ਵਿਚ ਵਾਪਸ ਜਾਣਾ ਪਵੇਗਾ ਜਿੱਥੇ ਅਸੀਂ ਆਪਣੇ ਵਜੂਦ ਨਾਲ ਲਗਾਏ ਸਭ ਤੋਂ ਕਰੀਬੀ ਦੁਸ਼ਮਣ ਆਪਣੇ ਮੋਬਾਈਲ ਫੋਨ ਦੇ ਕਬਜ਼ੇ 'ਚ, ਉਸ ਦੇ ਮਾਤਹਿਤ ਨਹੀਂ ਜੀਅ ਰਹੇ ਹੋਵਾਂਗੇ। ਸਾਨੂੰ ਡਿਜੀਟਲ ਨਿਗਰਾਨੀ ਦੀ ਦਮਘੋਟੂ ਹਕੂਮਤ ਤੋਂ ਬਾਹਰ ਆਪਣੀਆਂ ਜ਼ਿੰਦਗੀਆਂ ਦੀ, ਸੰਘਰਸ਼ਾਂ ਦੀ ਅਤੇ ਸਮਾਜੀ ਅੰਦੋਲਨਾਂ ਦੀ ਫਿਰ ਤੋਂ ਰਚਨਾ ਕਰਨੀ ਪਵੇਗੀ। ਸਾਨੂੰ ਉਨ੍ਹਾਂ ਵਿਵਸਥਾਵਾਂ ਨੂੰ ਸੱਤਾ ਤੋਂ ਬੇਦਖਲ ਕਰਨਾ ਪਵੇਗਾ ਜੋ ਸਾਡੇ ਖਿਲਾਫ ਇਸ ਦੀ ਤਾਇਨਾਤੀ ਕਰਦੀਆਂ ਹਨ। ਸੱਤਾ ਦੇ ਹੱਥੇ ਉਪਰ ਉਨ੍ਹਾਂ ਦੀ ਜਕੜ ਨੂੰ ਢਿੱਲੀ ਕਰਨ ਲਈ, ਉਨ੍ਹਾਂ ਨੇ ਜੋ ਕੁਝ ਤੋੜ ਦਿੱਤਾ ਹੈ, ਉਸ ਨੂੰ ਜੋੜਨ ਲਈ, ਤੇ ਉਨ੍ਹਾਂ ਨੇ ਜੋ ਕੁਝ ਚੁਰਾ ਲਿਆ ਹੈ, ਉਸ ਨੂੰ ਵਾਪਸ ਲੈਣ ਲਈ; ਅਸੀਂ ਜੋ ਵੀ ਕਰ ਸਕਦੇ ਹਾਂ, ਉਹ ਸਾਨੂੰ ਕਰਨਾ ਪਵੇਗਾ।

*(ਦਿ ਗਾਰਡੀਅਨ ਦੇ ਧੰਨਵਾਦ ਸਹਿਤ)*

# ਕੁਰਸੀ, ਮੋਰਚਾ ਤੇ ਹਵਾ ’ਚ ਲਟਕਦੇ ਲੋਕ !

**ਕਲਾ ਪਰਿਕਰਮਾ**

ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਸਾਹਿਤਕਾਰ ਮਨੁੱਖੀ ਕੋਣ 'ਤੇ ਖੜ੍ਹ ਕੇ ਇਸ ਦੁਹਰਾਓ ਦੇ ਕਾਰਨ, ਪ੍ਰਾਪਤੀਆਂ, ਗੁੰਝਲਾਂ ਤੇ ਪ੍ਰਭਾਵ ਦਰਜ ਕਰਦਾ ਹੈ। ਰੰਗਮੰਚ ਇਸ ਨੂੰ ਸਜੀਵ ਰੂਪ 'ਚ ਪੇਸ਼ ਕਰਕੇ ਸੁੱਤੀਆਂ ਸੰਵੇਦਨਾਵਾਂ ਜਗਾਉਂਦਾ ਹੈ। ਅੱਜ ਪੰਜਾਬ ਦੀ ਫਿਜ਼ਾ 'ਤੇ ਕੁਰਸੀ ਯੁੱਧ ਛਾਇਆ ਹੋਇਆ ਹੈ। ਸੱਤਾ ਦੇ ਪਹਿਲਵਾਨ ਇਕ ਦੂਜੇ ਦੀ ਪਿੱਠ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਦਿਲਚਸਪ ਗੱਲ ਇਹ ਹੈ ਕਿ ਪਿਛਲੀ ਸਰਕਾਰ ਦੇ ਕਾਰਜਕਾਲ ਦੌਰਾਨ ਲੱਗਾ ਇਕ ਮੋਰਚਾ ਇਸ ਕੁਰਸੀ ਯੁੱਧ ਦੇ ਕੇਂਦਰ 'ਚ ਖੜ੍ਹਾ ਹੈ... ਤੇ ਲੋਕ ਜੋ ਹਵਾ 'ਚ ਲਟਕੇ




**ਡਾ. ਸਾਹਿਬ ਸਿੰਘ**
ਫੋਨ: +91-98880-11096

ਹੋਏ ਹਨ, ਆਪਣੇ ਪੈਰ ਧਰਤੀ 'ਤੇ ਟਿਕਾਉਣ ਲਈ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਹਨ।

ਜਦੋਂ ਕਿਸਾਨ ਅੰਦੋਲਨ ਭਖਿਆ ਹੋਇਆ ਸੀ... ਸਿਖਰਾਂ ਛੋਹ ਰਿਹਾ ਸੀ... ਸਰਕਾਰ ਦੀ ਨੀਂਦ ਹਰਾਮ ਸੀ, ਸਾਰੇ ਪੰਜਾਬੀ ਇਸ ਅੰਦੋਲਨ ਦੀ ਗਰਮੀ ਮਹਿਸੂਸ ਕਰ ਰਹੇ ਸਨ ਤੇ ਜਿੱਤ ਨੇੜੇ ਦਿਖਾਈ ਦੇ ਰਹੀ ਸੀ। ਫਿਰ ਅਚਾਨਕ 'ਅਦਬ ਬੇਅਦਬ' ਹੋ ਗਿਆ। 'ਕਿਸਾਨਾਂ ਦੀ ਵੱਡੀ ਗਿਣਤੀ ਸਿੱਖ ਹੈ, ਸਿੱਖਾਂ ਦੀ ਵੱਡੀ ਗਿਣਤੀ ਕਿਸਾਨ ਹੈ।' ਹਾਕਮ ਇਹ ਸੱਚ ਜਾਣਦਾ ਹੈ। ਅੰਦੋਲਨ ਲੀਹੋਂ ਲਹਿ ਗਿਆ। ਮੋਰਚਾ ਲੱਗ ਗਿਆ। ਹਾਕਮ ਦੇ ਮਹਿਲਾਂ 'ਚ ਧਮੱਚੜ ਪਿਆ ਤੇ ਸਾਧਾਰਨ ਪੰਜਾਬੀ ਹਵਾ 'ਚ ਲਟਕ ਗਿਆ। ਹੁਣ ਕਿਸਾਨ ਅੰਦੋਲਨ ਵਿਸ਼ਾਲ ਰੂਪ 'ਚ ਉਜਾਗਰ ਹੋ ਗਿਆ ਹੈ। ਜਨ ਅੰਦੋਲਨ ਬਣ ਗਿਆ ਹੈ। ਮੀਂਹ, ਹਨੇਰੀ, ਠੰਢ, ਗਰਮੀ ਨੂੰ ਟੱਕਰ ਦਿੰਦਾ ਹੋਇਆ ਹਕੂਮਤ ਤੇ ਸਰਮਾਏਦਾਰਾਂ ਨੂੰ ਸਬਰ, ਸਿਦਕ, ਸਿਆਣਪ ਨਾਲ ਵੰਗਾਰ ਰਿਹਾ ਹੈ। ਪੰਜਾਬੀਆਂ ਦੇ ਦਿਲਾਂ 'ਚ ਖਾਸ ਤੌਰ 'ਤੇ ਇਹ ਅੰਦੋਲਨ ਥਾਂ ਮੱਲੀ ਬੈਠਾ ਹੈ ਪਰ ਰਾਜਨੀਤੀ ਦੇ ਫਿਕਰ ਕੁਝ ਹੋਰ ਹਨ। ਕਿਸ ਵਰਗ ਨੂੰ ਕਿਹੜਾ ਲਾਰਾ ਪਰੋਸਣਾ ਹੈ, ਸਦੀਆਂ ਤੋਂ ਦੱਬੇ ਕੁਚਲੇ ਦਲਿਤ ਦਮਿਤ ਵਰਗ ਨੂੰ ਕੁਰਸੀ ਦਾ ਅੱਧਾ ਪੌਡਾ ਭੇਟ ਕਰਨ ਦਾ ਲਾਲਚ ਦੇਣਾ ਹੈ, ਨਵੀਆਂ ਸਹੂੰਆਂ ਖਾਣੀਆਂ ਹਨ, ਸਾਧਾਰਨ ਮਨੁੱਖ ਨੂੰ ਅਚੰਭਿਤ ਕਰਨਾ ਹੈ, ਸਿਆਸੀ ਦਮਗਜੇ ਮਾਰਨੇ ਹਨ ਤੇ ਨਿੱਤ ਇਕ ਪਾਰਟੀ ਤੋਂ ਦੂਜੀ ਪਾਰਟੀ ਵੱਲ ਟਪੂਸੀਆਂ ਮਾਰਨੀਆਂ ਹਨ। ਇਸ ਸਭ ਕੁਝ ਦਰਮਿਆਨ ਧਰਮ ਦਾ ਪੱਤਾ ਖੇਡਣ ਵਾਲੀਆਂ 'ਮੋਰਚਾ ਪਸੰਦ' ਤਾਕਤਾਂ ਵੀ ਸਰਗਰਮ ਹਨ। ਲੋਕਾਂ ਨੂੰ ਹਵਾ 'ਚ ਟੰਗ ਦੇਣ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ 'ਤੇ ਹਨ। ਰੰਗਮੰਚ ਦੀ ਪਿੱਠ ਭੂਮੀ ਤੋਂ ਆਵਾਜ਼ ਉੱਚੀ ਹੁੰਦੀ ਹੈ... ਪਿਆਰੇ ਦਰਸ਼ਕੋ! ਏਹ ਗੱਲ ਉਨੀ ਸੌ ਤਰਾਸੀ ਦੀ ਹੈ:

'ਇਹ ਨਾਟਕ (ਕੁਰਸੀ, ਮੋਰਚਾ ਤੇ ਹਵਾ 'ਚ ਲਟਕਦੇ ਲੋਕ) ਉਸ ਵੇਲੇ ਦਾ ਹੈ ਜਦੋਂ ਪੰਜਾਂ ਪਾਣੀਆਂ ਦੀ ਧਰਤੀ ਨੂੰ ਜੋ ਹੁਣ ਤਿੰਨਾਂ ਪਾਣੀਆਂ ਦੀ ਧਰਤੀ ਰਹਿ ਗਈ ਹੈ, ਅੱਗ ਲੱਗੀ ਹੋਈ ਸੀ। ਇਸ ਨਾਟਕ ਦੇ ਪਾਤਰ ਹਨ ... ਕੁਰਸੀ ਵਾਲਾ, ਮੰਜੀ ਵਾਲਾ ਅਤੇ ਹਵਾ ਵਿਚ ਲਟਕ ਰਹੇ ਕੁਝ ਮਨੁੱਖ। ਕੁਰਸੀ ਵਾਲਾ ਮੁੱਖ ਪਾਤਰ ਹੈ। ਮੰਜੀ ਵਾਲਾ ਪ੍ਰਮੁੱਖ ਪਾਤਰ ਹੈ। ਕੁਰਸੀ ਅਤੇ ਮੰਜੀ ਦੀ ਲੜਾਈ ਹੈ। ਇਸ ਲਈ ਇਨ੍ਹਾਂ ਦੇ ਮੂੰਹ ਵੀ ਵੱਖ-ਵੱਖ ਪਾਸੇ ਹਨ। ਮੁੱਖ ਤੇ ਪ੍ਰਮੁੱਖ ਭਾਵੇਂ ਆਪਸ ਵਿਚ ਅੱਜ ਕੱਲ੍ਹ ਰੁੱਸੇ ਹੋਏ ਹਨ ਪਰ ਇਨ੍ਹਾਂ ਦੇ ਆਪਸੀ ਰਿਸ਼ਤੇ ਬੜੇ ਡੂੰਘੇ ਹਨ। ਨਾਟਕ ਦਾ ਪਿੜ ਵਿਸ਼ਾਲ ਧਰਤੀ ਹੈ ਪਰ ਇਸ ਪਲ ਇਹ ਸੁੰਗੜ ਕੇ ਸਟੇਜ 'ਤੇ ਪੁੱਜ ਗਿਆ ਹੈ।' ਭਾਅ ਗੁਰਸ਼ਰਨ ਸਿੰਘ ਦੀ ਰੰਗਮੰਚੀ ਵਿਉਂਤਬੰਦੀ ਨੂੰ ਸਮਝਣ ਲਈ ਉਪਰੋਕਤ ਆਖਰੀ ਸਤਰ ਸਹਾਈ ਹੋ ਜਾਂਦੀ ਹੈ। ਇਸ ਇਕ ਵਾਕ ਰਾਹੀਂ ਜਿੱਥੇ ਉਹ ਆਪਣੇ ਵਿਸ਼ੇ ਨੂੰ ਧਰਤੀ ਦੇ ਇਕ ਟੋਟੇ ਤੋਂ ਚੁੱਕ ਕੇ ਵਿਸ਼ਾਲ ਅਰਥ ਦੇ ਦਿੰਦਾ ਹੈ, ਉੱਥੇ ਮੰਚ ਸੱਜਾ ਦੀ ਸਾਦੀ ਡਿਜ਼ਾਈਨਿੰਗ ਨੂੰ ਵੀ ਸਿੱਕੇਬੰਦ ਕਰ ਦਿੰਦਾ ਹੈ। ਹੁਣ ਦਰਸ਼ਕ ਨੇ ਮੰਚ 'ਤੇ ਡਹੀ ਇਕ ਕੁਰਸੀ ਤੇ ਮੰਜੇ ਰਾਹੀਂ ਹੀ ਨਾਟਕ ਦਾ ਭਰਪੂਰ ਸੈੱਟ ਕਲਪਿਤ ਕਰ ਲੈਣਾ ਹੈ, ਉਸ ਦਾ ਸਾਰਾ ਧਿਆਨ ਮੰਚ 'ਤੇ ਹੋ ਰਹੀ ਗਤੀਵਿਧੀ ਤੇ ਵਾਰਤਾਲਾਪ 'ਤੇ ਕੇਂਦਰਤ ਹੋ ਜਾਣਾ ਹੈ।



*ਨਾਟਕ 'ਕੁਰਸੀ, ਮੋਰਚਾ ਤੇ ਹਵਾ 'ਚ ਲਟਕਦੇ ਲੋਕ' ਦੀ ਇਕ ਝਲਕ ਜਿਸ ਵਿਚ ਉਘੇ ਰੰਗਕਰਮੀ ਗੁਰਸ਼ਰਨ ਸਿੰਘ (ਪਿਛੋਕੜ 'ਚ) ਦਿਖਾਈ ਦੇ ਰਹੇ ਹਨ।*

ਕੁਮੈਂਟਰੀ ਦੌਰਾਨ ਮੋਟੇ ਢਿੱਡਾਂ ਵਾਲੇ ਦੋ ਅਦਾਕਾਰ ਆਪੋ ਆਪਣੀ ਜਗ੍ਹਾ ਗ੍ਰਹਿਣ ਕਰਦੇ ਹਨ।

ਸਾਲ 1983 'ਚ ਕੀਤੀ ਪਹਿਲੀ ਪੇਸ਼ਕਾਰੀ ਦੌਰਾਨ ਕੁਰਸੀ ਵਾਲਾ ਕੇਵਲ ਧਾਲੀਵਾਲ ਬਣਿਆ ਸੀ ਅਤੇ ਮੰਜੀ ਵਾਲਾ ਜਸਵੰਤ ਜੱਸ। ਕੁਰਸੀ ਵਾਲੇ ਦੇ ਸਿਰ 'ਤੇ ਚਿੱਟੀ ਪੱਗ ਹੈ, ਮੰਜੀ ਵਾਲੇ ਨੇ ਨੀਲੀ ਪੱਗ ਸਜਾਈ ਹੋਈ ਹੈ। ਦੋਵੇਂ ਸਰੀਰ ਤੋਂ ਭਾਰੇ ਹਨ ਅਤੇ ਬੈਠਦਿਆਂ ਬੋਝਲ ਹਰਕਤਾਂ ਕਰ ਰਹੇ ਹਨ, ਜਿਵੇਂ ਤਾਕਤ ਦੇ ਨਸ਼ੇ 'ਚ ਫਿੱਟੇ ਹੋਏ ਹੋਣ। ਜਿਨ੍ਹਾਂ ਭਾਅ ਗੁਰਸ਼ਰਨ ਸਿੰਘ ਨੂੰ ਖੁਦ ਮੰਜੀ ਵਾਲਾ ਕਿਰਦਾਰ ਨਿਭਾਉਂਦਿਆਂ ਦੇਖਿਆ ਹੈ, ਉਹ ਜਾਣਦੇ ਹਨ ਕਿ ਵਿਸ਼ੇਸ਼ ਅੰਦਾਜ਼ ਵਾਲੀ ਅਦਾਕਾਰੀ 'ਚ ਉਹ ਅਦਾਕਾਰ ਕਿਵੇਂ ਮੰਚ 'ਤੇ ਖੇਡਦਾ ਸੀ। ਨੀਲੀਆਂ ਅੱਖਾਂ ਹੋਰ ਜ਼ਿਆਦਾ ਸ਼ਰਾਰਤੀ ਹੋ ਜਾਂਦੀਆਂ ਸਨ ਤੇ ਭਾਰੀ ਆਵਾਜ਼ ਜਦੋਂ ਆਪਣੀ ਮਿਕਦਾਰ ਬਦਲ-ਬਦਲ ਕੇ ਦਰਸ਼ਕ ਤਕ ਪਹੁੰਚਦੀ ਸੀ ਤਾਂ ਉਸ ਪਾਤਰ ਦੀ ਬੇਸ਼ਰਮੀ ਹੋਰ ਵੱਧ ਉਜਾਗਰ ਹੁੰਦੀ ਸੀ।

ਹੁਣ ਹਵਾ 'ਚ ਲਟਕੇ ਮਨੁੱਖ ਇਕ-ਇਕ ਕਰਕੇ ਆਉਣੇ ਸ਼ੁਰੂ ਕਰਦੇ ਹਨ। ਪਹਿਲਾਂ ਸੋਲਾਂ ਜਮਾਤਾਂ ਪੜ੍ਹਿਆ ਬੇਰੁਜ਼ਗਾਰ ਨੌਜਵਾਨ ਤਲਖ ਸਵਾਲ ਕਰਦਾ ਹੈ ਪਰ ਉਸ ਦੀ ਕੋਈ ਸੁਣਵਾਈ ਨਹੀਂ ਹੁੰਦੀ। ਕੁਰਸੀ ਬੋਲਦੀ ਹੈ, 'ਮੈਂ ਕੁਰਸੀ 'ਤੇ ਬੈਠਾ ਹਾਂ ਪਰ ਇਹਦਾ ਮਤਲਬ ਇਹ ਨਹੀਂ ਕਿ ਹਰ ਜਣੇ-ਖਣੇ ਦਾ ਮੈਂ ਠੇਕਾ ਲਿਆ ਹੈ।' ਮੰਜੀ ਵਾਲੇ ਕੋਲ ਇਕੋ ਬਹਾਨਾ ਹੈ, 'ਮੈਂ ਅਜੇ ਮੋਰਚੇ 'ਤੇ ਬੈਠਾ ਹਾਂ!' 2021 'ਚ ਬੈਠੇ ਦਰਸ਼ਕ ਨੂੰ ਪਾਣੀ ਦੀਆਂ ਟੈਂਕੀਆਂ 'ਤੇ ਚੜ੍ਹੇ ਗੱਭਰੂ ਮੁਟਿਆਰਾਂ ਦਿਸਣ ਲੱਗ ਪੈਂਦੇ ਹਨ, ਚੌਕਾਂ 'ਚ ਕੁੱਟ ਖਾਂਦੇ, ਪਾਣੀ ਦੀਆਂ ਬੁਛਾੜਾਂ ਸਹਿੰਦੇ ਬੇਰੁਜ਼ਗਾਰ ਉਹਦੇ ਮਨ ਮੰਚ 'ਤੇ ਖੌਰੂ ਪਾਉਣ ਲੱਗਦੇ ਹਨ। ਇਸ ਤੋਂ ਬਾਅਦ ਮਜ਼ਦੂਰ ਆਉਂਦਾ ਹੈ। ਮਜ਼ਦੂਰਾਂ ਦੀ ਛਾਂਟੀ ਹੋ ਰਹੀ ਹੈ। ਉਨ੍ਹਾਂ ਨੂੰ ਡੈਮ ਬਣਾਉਣ ਲਈ ਭਰਤੀ ਕੀਤਾ ਗਿਆ ਸੀ ਪਰ ਹੁਣ ਬਹਾਨਾ ਹੈ ਕਿ ਵਰਲਡ ਬੈਂਕ ਤੋਂ ਪੈਸਾ ਨਹੀਂ ਆਇਆ। ਚੁਸਤ ਅਤੇ ਦਿਲਚਸਪ ਗੱਲਬਾਤ ਦਾ ਸੇਕ ਮਹਿਸੂਸ ਕਰੋ:

ਖੱਦਰਧਾਰੀ: ਸਰਕਾਰ ਕੋਲ ਪੈਸਾ ਨਹੀਂ।

ਮਜ਼ਦੂਰ: ਜਿੰਨਾ ਪੈਸਾ ਹੈ, ਵੰਡ ਕੇ ਖਾਈਏ!

ਖੱਦਰਧਾਰੀ: ਇਹ ਹਾਲੇ ਇਸ ਦੇਸ਼ ਦਾ ਦਸਤੂਰ ਨਹੀਂ!

ਮਜ਼ਦੂਰ: ਪਰ ਇਹ ਕਿੱਥੋਂ ਦਾ ਦਸਤੂਰ ਹੈ ਕਿ ਕੁਝ ਭੁੱਖੇ ਰਹਿਣ ਤੇ ਕੁਝ ਅਯਾਸ਼ੀ ਕਰਨ! ਕਿਉਂ ਗਿਆਨੀ ਜੀ?

ਗਿਆਨੀ: ਹਾਂ ਦਸਤੂਰ ਤਾਂ ਚੰਗਾ ਨਹੀਂ ਪਰ ਹਾਲੇ ਅਸੀਂ ਇਸ ਵਿਚ ਕੁਝ ਨਹੀਂ ਕਰ ਸਕਦੇ, ਕਿਉਂਕਿ ਅਸੀਂ ਹਾਲੇ ਮੋਰਚੇ 'ਤੇ ਬੈਠੇ ਹਾਂ।

ਇਸ ਤੋਂ ਬਾਅਦ ਕੋਈ ਗਰੀਬੜਾ ਆਉਂਦਾ ਹੈ ਜਿਸ ਦੀ ਧੀ ਦੀ ਇੱਜ਼ਤ ਵੱਡੇ ਘਰਾਂ ਦੇ ਕਾਕਿਆਂ ਨੇ ਲੁੱਟ ਲਈ ਹੈ ਪਰ ਗਰੀਬਾਂ ਦੀ ਇੱਜ਼ਤ ਬਹਾਲੀ ਦਾ ਕੋਈ ਰਾਹ ਨਾ ਕੁਰਸੀ ਕੋਲ ਹੈ, ਨਾ ਮੋਰਚੇ ਕੋਲ! ਉਹ ਰੋਂਦਾ ਪਿੱਟਦਾ ਚਲਾ ਜਾਂਦਾ ਹੈ। ਫਿਰ ਕਿਸਾਨ ਆਉਂਦਾ ਹੈ। ਉਹ ਚੰਗਾ ਬੀਜ, ਖਾਦ, ਪਾਣੀ, ਬਿਜਲੀ, ਮੰਡੀਆਂ 'ਚ ਹੁੰਦੀ ਖੱਜਲ ਖੁਆਰੀ ਦਾ ਦੁਖੜਾ ਸੁਣਾਉਂਦਾ ਹੈ ਪਰ ਕੁਰਸੀ ਕੋਲ ਸਿਰਫ ਜੁਮਲੇ ਹਨ, ਮੋਰਚੇ ਕੋਲ ਇਕੋ ਜਵਾਬ ਹੈ, 'ਮੋਰਚਾ ਜਿੱਤ ਲਈਏ! ਫਿਰ ਸਾਰੀਆਂ ਮੁਸ਼ਕਿਲਾਂ ਦਾ ਹੱਲ ਆਪਣੇ ਆਪ ਹੋ ਜਾਏਗਾ!' ਇਸ ਤੋਂ ਬਾਅਦ ਇਕ ਪਾਤਰ ਆ ਕੇ ਬੇਦੋਸ਼ੇ ਕਤਲਾਂ ਦਾ ਦਰਦ ਪੇਸ਼ ਕਰਦਾ ਹੈ ਪਰ ਕੁਰਸੀ ਤੇ ਮੋਰਚਾ ਆਪਸ ਵਿਚ ਖਹਿਬੜਨ ਲੱਗਦੇ ਹਨ, ਤੋਹਮਤਬਾਜ਼ੀ 'ਤੇ ਉਤਰ ਆਉਂਦੇ ਹਨ। ਚਿੱਟਾ ਚੋਰ, ਨੀਲਾ ਮੋਰ ਦੇ ਮਿਹਣੇ ਵੱਜਣ ਲੱਗਦੇ ਹਨ। ਵਿਅਕਤੀ ਚਲਾ ਜਾਂਦਾ ਹੈ।

ਹੁਣ ਕੁਰਸੀ ਤੇ ਮੋਰਚਾ ਗੰਭੀਰ ਹਨ। ਇਸ ਅੰਦੋਲਨ ਵਾਂਗ ਭਖਵੇਂ ਮਾਹੌਲ ਤੋਂ ਘਬਰਾਏ ਹੋਏ ਹਨ ਤੇ ਇਕ ਦੂਜੇ ਵੱਲ ਮੂੰਹ ਕਰ ਲੈਂਦੇ ਹਨ:

ਗਿਆਨੀ: ਲੋਕਾਂ ਦਾ ਹੜ੍ਹ ਜਦ ਵੀ ਤੇਰੀ ਕੁਰਸੀ ਵੱਲ ਵੱਧਦਾ, ਮੈਂ ਉਹਦਾ ਮੁਹਾਣ ਬਦਲਦਾ ਰਿਹਾ... ਤੇਰੀ ਕੁਰਸੀ ਬਚਦੀ ਰਹੀ।

ਖੱਦਰਧਾਰੀ: ਤੇਰੀ ਮੰਜੀ ਵੀ ਤਾਂ ਬਚੀ ਰਹੀ!

ਗਿਆਨੀ: ਹੁਣ ਥੋੜ੍ਹੀ ਦੇਰ ਮੈਨੂੰ ਵੀ ਕੁਰਸੀ 'ਤੇ ਬੈਠ ਲੈਣ ਦੇ।

ਖੱਦਰਧਾਰੀ: ਪਰ ਕੁਰਸੀ ਦੀ ਸ਼ਾਨ ਲਈ ਜ਼ਰੂਰੀ ਹੈ ਕਿ ਤੇਰੇ ਸਿਰ 'ਤੇ ਚਿੱਟੀ ਪੱਗ ਹੋਵੇ!

ਦੋਵੇਂ ਪੱਗ ਵਟਾਉਣ ਦਾ ਫੈਸਲਾ ਕਰਦੇ ਹਨ। ਬਦਲੀਆਂ ਹੋਈਆਂ ਪੱਗਾਂ ਦਾ ਪਹਿਲਾ ਲੜ ਹੀ ਬੰਨ੍ਹਣ ਲੱਗਦੇ ਹਨ ਤਾਂ ਹਵਾ 'ਚ ਲਟਕਦੇ ਪਾਤਰ ਆ ਧਮਕਦੇ ਹਨ, ਲਾਹਨਤਾਂ ਪਾਉਂਦੇ ਹਨ, ਧੋਖਾ ਉਜਾਗਰ ਹੁੰਦਾ ਹੈ, ਪੱਗਾਂ ਦੇ ਖੁੱਲ੍ਹੇ ਲੜ ਉਨ੍ਹਾਂ ਦੇ ਗਲੇ 'ਚ ਪਾ ਲੈਂਦੇ ਹਨ... ਤੇ ਦੋਵੇਂ ਪਾਸੇ ਖਿੱਚਦੇ ਹਨ: ਪਿੱਛੋਂ ਆਵਾਜ਼ ਉੱਭਰਦੀ ਹੈ:

ਅਸਾਂ ਬਹੁਤ ਚਿਰ ਛਿੱਲ ਲੁਹਾ ਕੇ ਆਪਣੀ
ਤੁਹਾਡੇ ਦੰਭ ਦਾ ਨਾਟ ਵੇਖਿਆ ਹੈ
ਤੇ ਮੁੱਲ ਇਹਦਾ ਬਹੁਤ ਤਾਰਿਆ ਹੈ
ਹੁਣ ਸਾਡਾ ਹੱਕ ਬਣਦਾ ਹੈ
ਪੱਗ ਤੁਹਾਡੀ ਨੂੰ ਹੱਥ ਪਾਉਣ ਦਾ!

ਅੱਜ ਫਿਰ 'ਦੰਭ ਨਾਟ' ਚੱਲ ਰਿਹਾ ਹੈ। ਰੰਗਮੰਚ ਹਵਾ 'ਚ ਲਟਕਦੇ ਮਨੁੱਖ ਲਈ 'ਸੱਚ ਨਾਟ' ਸਿਰਜ ਰਿਹਾ ਹੈ। 'ਉਹ' ਨਹੀਂ ਟਲਦੇ, ਰੰਗਮੰਚ ਵੀ ਆਪਣਾ ਕਿਰਦਾਰ ਨਿਭਾਉਣੋਂ ਨਹੀਂ ਟਲੇਗਾ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਅਗਸਤ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-494



*ਕਿਰਤੀ ਕਿਰਤ ਕਮਾਂਵਦੇ, ਫਿਰ ਵੀ ਹਾਲੋਂ ਬੇਹਾਲ।*
*ਜੀਵਨ ਪੰਧ ਔਖੇੜਰਾ, ਇਹ ਕੇਹਾ ਮੱਕੜਜਾਲ।*

### ਕੈਪਸ਼ਨ ਮੁਕਾਬਲਾ-492



ਹਾਸੇ ਮੁੱਲ ਨਹੀਂ ਵਿਕਦੇ
ਹਾਸੇ ਆਪੇ ਹੀ ਆਉਂਦੇ ਨੇ।
ਗਰੀਬਾਂ ਨੂੰ ਫਰੀ ਮਿਲਦੇ
ਸ਼ੁਕਰ ਰੱਬ ਦਾ ਮਨਾਉਂਦੇ ਨੇ।
ਅਮੀਰ ਡਾਕਟਰੋਂ ਮੰਗਦੇ
ਗਿਲੇਫੀਂ ਹੱਡ ਰਗੜਾਉਂਦੇ ਨੇ।
ਹਾਸੇ ਫਿਰ ਵੀ ਨਾ ਆਉਂਦੇ
ਉਦਾਸੀ ਪਿੰਡੇ ਹੰਢਾਉਂਦੇ ਨੇ।
*-ਸੇਵਾ ਸਿੰਘ ਨੂਰਪੁਰੀ*

---

ਸਿਰ ਨੰਗੇ ਵਿਚ ਚੁਭਦੀਆਂ ਲੱਕੜਾਂ
ਬੱਚੀ ਭੋਰਾ ਚੀਸ ਨ੍ਹੀਂ ਵੱਟਦੀ।
ਚੁੱਲ੍ਹਾ ਮਘਦਾ ਹੋ ਜਾਊ ਕੁਝ ਦਿਨ
ਸੋਚ ਸੋਚ ਕੇ ਜਾਵੇ ਹੱਸਦੀ।
'ਮੇਰੇ ਭਾਰਤ ਮਹਾਨ' ਦੇ ਅੰਦਰ
ਹੈ ਇਹ ਦੁਨੀਆਂ ਵੀ ਵਸਦੀ।
*-ਜਗਮੀਤ ਸਿੰਘ ਪੰਧੇਰ*

---

ਸੋਹਣੇ ਝੱਗੇ, ਲਹਿੰਗੇ ਦੇ ਚਾਅ 'ਚ
ਉਡਦੀ ਜਾਵੇ ਚੁੱਕ ਕੇ ਸਿਰ 'ਤੇ ਭਾਰ।
ਭੋਲੇ ਭਾਅ ਖਿੜ-ਖਿੜ ਹੱਸੇ,
ਖੇਡ, ਪੜ੍ਹਾਈ ਦੀ ਨਾ ਕੋਈ ਸਾਰ।
*-ਦਵਿੰਦਰ ਕੌਰ*

---

ਮਿਹਨਤਾਂ ਦੀ ਪੰਡ, ਸਿਰ ਬਾਲ-ਬਰੇਸ ਦੇ
ਹੱਸ ਕੇ ਹੰਡਾਈਏ, ਵਿਚ ਲਿਖਿਆ ਜੋ ਲੇਖ ਦੇ।
ਅੱਜ ਹੈ ਹਨੇਰਾ, ਅਸੀਂ ਹੱਸ ਕੇ ਜੋ ਛੰਡਣਾ
ਮਿਹਨਤਾਂ ਨਾਲ, ਉੱਚੇ ਪਰਬਤਾਂ ਨੂੰ ਲੰਘਣਾ।
ਮੰਗਦੀ ਦੁਆਵਾਂ, ਦਈਂ ਹਿੰਮਤਾਂ ਤੂੰ ਬਾਬਲਾ
ਕਲਪਨਾ ਕਰੀਂ, ਬਣਾਗੀਂ ਤੇਰੀ ਚਾਵਲਾ।
ਹਿੰਮਤਾਂ ਦੇ ਵਿਚ ਜੀਹਨੂੰ, ਤੱਕਦਾ ਜਹਾਨ ਹੈ
ਅੱਜ ਦੀ ਨਾਰੀ, ਨੇਤਾ ਕੱਲ੍ਹ ਦੀ ਮਹਾਨ ਹੈ।
*-ਮਾਸਟਰ ਪ੍ਰੀਤਮ ਸਿੰਘ ਲੰਮੇ*

---

ਪੇਟ ਦੀ ਭੁੱਖ ਮਿਟਾਵਣ ਖਾਤਰ
ਚੁੱਲ੍ਹੇ ਦੀ ਅੱਗ ਮਚਾਵਣ ਖਾਤਰ
ਬੱਚੜੀ ਨੂੰ ਅੱਜ ਬਾਲਣ ਮਿਲ ਗਿਆ।
ਤਨ-ਮਨ ਅੰਦਰੋਂ ਬਾਹਰੋਂ ਖਿਲ੍ਹ ਗਿਆ।
*-ਗੁਰਦੇਵ ਸਿੰਘ ਢਪਾਲੀ, ਬਠਿੰਡਾ*

---

ਗਰੀਬੀ ਹਾਸੇ ਕਦੇ ਖੋਹ ਨਹੀਂ ਸਕਦੀ,
ਜ਼ਿੰਦਾ ਦਿਲੀ ਨੂੰ ਸਲਾਮਾਂ,
ਤੰਗਦਿਲੀ ਮਹਿਲਾਂ ਵਿਚ ਵੀ
ਚੈਨ ਦੀ ਨੀਂਦਰ ਨਹੀਂ ਸੌਂ ਸਕਦੀ,
ਦਿਲ ਵਿਚ ਹੋਵੇ ਫਕੀਰੀ ਤਾਂ
ਚਿਹਰੇ 'ਤੇ ਖੁਸ਼ੀਆਂ ਰਹਿੰਦੀਆਂ ਨੇ,
ਝੂਠੀ ਦੌਲਤ ਦੁਨੀਆਂ ਦੀ ਮੋਹ ਨਹੀਂ ਸਕਦੀ।
*-ਸਹਿਤਾਜ ਸਿੰਘ ਵੜੈਚ, ਜੌੜਕੀਆਂ*

---

ਪਤਾ ਨਹੀਂ ਕਿਹੜੀ ਗੱਲ ਨੇ
ਭੋਲੀ ਕੁੜੀ ਦਾ ਪਲਟਤਾ ਪਾਸਾ।
ਕਰਮਾਂ ਵਾਲੀ ਦਾ ਮਸੀਂ ਮਸੀਂ
ਨਿਕਲਿਆ ਕੁਦਰਤੀ ਹਾਸਾ।
ਇੱਕ ਹੱਥ ਸਿਰ 'ਤੇ ਜੰਗਲੀ ਬੂਟੇ
ਕਬੀਲਦਾਰੀ ਦਾ ਭਾਰ ਪੈ ਗਿਆ ਖਾਸਾ।
ਦੂਜੇ ਹੱਥ ਫੜਿਆ ਸਮਾਨ ਵੀ ਖਿਸਕਿਆ
ਬਣ ਗਿਆ ਅਜੀਬ ਤਮਾਸ਼ਾ।
*-ਅਮਰਜੀਤ ਸਿੰਘ ਤੂਰ*

---

ਤਲਖੀਆਂ ਭਰਪੂਰ ਜ਼ਿੰਦਗੀ
ਭਾਵੇਂ ਕੱਖ-ਕਾਨਿਆਂ ਵਰਗੀ ਹੋਵੇ।
ਇਕ ਪਾਸੇ ਜੁਆਨੀ,
ਦੂਜੇ ਪਾਸੇ ਘਰੇਲੂ ਝਮੇਲੇ
ਚੱਕਿਆ ਭਾਰ ਸਿਰ 'ਤੇ
ਉਮੜੀ ਖੁਸ਼ੀ ਦਿਲੋਂ ਯਾਦਾਂ ਦੇ ਝਰੋਖੇ 'ਚੋਂ
ਚਿਹਰੇ 'ਤੇ ਮੁਸਕਾਨ ਆ ਹੀ ਜਾਂਦੀ ਹੈ।
ਕੰਡਿਆਂ 'ਚ ਘਿਰਿਆ ਗੁਲਾਬ ਦਾ ਫੁੱਲ
ਨਹੀਂ ਰਹਿ ਸਕਦਾ ਖੁਸ਼ਬੂ ਵੰਡਣੋਂ।
*-ਦਰਸ਼ਨਪਾਲ ਦੋਸਾਂਝ*

---

ਗਰੀਬੀ ਦਾ ਇਹ ਕੰਮ ਹੈ ਸਾਰਾ
ਨਿੱਕੀ ਉਮਰੇ ਕੰਮ ਕਰਦੀ ਭਾਰਾ।
ਹਾਸੇ ਨਾ ਲੁਕਣ ਭਾਵੇਂ ਹੋਵੇ ਗਰੀਬੀ
ਭਾਵੇਂ ਹਾਲ ਵੀ ਹੋਵੇ ਸਾਡਾ ਮਾੜਾ।
ਕਰਮਾਂ ਦੀਆਂ ਕੌਣ ਜਾਣੇ
ਪਰ ਦਿਲੋਂ ਜਰੂਰ ਹੱਸੀਦਾ।
ਉਸ ਨੀਲੀ ਛਤਰੀ ਵਾਲੇ ਨੂੰ
ਬੱਸ ਇਹੀ ਅਸੀਂ ਦੱਸੀਦਾ।
*-ਗੋਰਾ ਪ੍ਰਜਾਪਤ, ਨਿਊ ਯਾਰਕ*

# ਭਾਰਤ ਦੀ ਬੇਕਾਬੂ ਮਹਿੰਗਾਈ ਅਤੇ ਸਰਕਾਰ

ਰਾਜੀਵ ਖੋਸਲਾ
ਫੋਨ: +91-79860-36776

ਭਾਰਤ ਵਿਚ ਵਿਆਪਕ ਮਹਿੰਗਾਈ ਹਰ ਪਾਸੇ ਚਰਚਾ ਦਾ ਵਿਸ਼ਾ ਹੈ। ਪੈਟਰੋਲ, ਡੀਜ਼ਲ, ਰਸੋਈ ਗੈਸ, ਖੁਰਾਕੀ ਤੇਲ, ਦੁੱਧ, ਦਾਲਾਂ, ਘਿਓ, ਸਾਬਣ ਆਦਿ ਘਰਾਂ ਵਿਚ ਰੋਜ਼ ਵਰਤੀਆਂ ਜਾਣ ਵਾਲੀਆਂ ਵਸਤੂਆਂ ਦੇ ਭਾਅ ਅਸਮਾਨ ਜਾ ਪੁੱਜੇ ਹਨ। ਸਰਕਾਰੀ ਅੰਕੜੇ ਹਨ ਕਿ ਮਈ ਜੂਨ ਵਿਚ ਭਾਰਤ ਵਿਚ ਪ੍ਰਚੂਨ ਮਹਿੰਗਾਈ ਵਧਣ ਦੀ ਦਰ 6.3% ਰਹੀ ਜੋ ਕੇਂਦਰੀ ਬੈਂਕ ਦੇ ਰੱਖੇ 6% ਦੇ ਟੀਚੇ ਨੂੰ ਇਸ ਸਾਲ ਪਹਿਲੀ ਵਾਰ ਪਾਰ ਕਰ ਗਈ। ਮਹਿੰਗਾਈ ਦੇ ਨਿਰਵਿਘਨ ਵਧਣ ਪਿੱਛੇ ਭਾਵੇਂ ਲਗਾਤਾਰ ਵਧ ਰਹੀਆਂ ਖੁਰਾਕ ਤੇ ਬਾਲਣ ਦੀਆਂ ਕੀਮਤਾਂ ਹਨ ਪਰ ਦਿਹਾਤੀ ਖੇਤਰ ਵਿਚ ਤਾਂ ਖੁਰਾਕ ਦੀਆਂ ਕੀਮਤਾਂ ਦਾ ਵਾਧਾ ਸ਼ਹਿਰੀ ਖੇਤਰ ਨਾਲੋਂ ਵੀ ਵਧੇਰੇ ਦਰਜ ਹੋਇਆ ਹੈ। ਵਧ ਰਹੀ ਮਹਿੰਗਾਈ ਨੇ ਅਰਥਸ਼ਾਸਤਰੀਆਂ ਨੂੰ ਸੋਚਣ ਲਈ ਨਵਾਂ ਮੁੱਦਾ ਦਿੱਤਾ ਹੈ ਕਿ ਇਹ ਮਹਿੰਗਾਈ ਸਥਿਰ ਹੈ ਜਾਂ ਅਸਥਾਈ। ਅਰਥਸ਼ਾਸਤਰੀ ਤਾਂ ਮਹਿੰਗਾਈ ਕਾਬੂ ਕਰਨ ਦਾ ਇਲਾਜ ਲੱਭ ਲੈਣਗੇ ਪਰ ਹੁਣ ਇਹ ਜਾਣਨ ਦੀ ਲੋੜ ਹੈ ਕਿ ਇਹ ਮਹਿੰਗਾਈ ਆਈ ਕਿਵੇਂ ਅਤੇ ਇਸ ਲਈ ਜ਼ਿੰਮੇਵਾਰ ਕੌਣ ਹੈ।

ਮਹਿੰਗਾਈ ਜਾਂ ਤਾਂ ਮੰਗ ਵਿਚ ਵਾਧੇ ਤੇ ਜਾਂ ਫਿਰ ਪੂਰਤੀ ਦੀ ਕਮੀ ਕਾਰਨ ਹੁੰਦੀ ਹੈ। ਪਿਛਲੇ 17 ਮਹੀਨਿਆਂ 'ਚ ਕਰੋਨਾ ਕਾਰਨ ਵੱਡੇ ਪੱਧਰ 'ਤੇ ਲੋਕਾਂ ਦੀ ਨੌਕਰੀ ਗਈ, ਕੰਮ-ਕਾਜ ਠੱਪ ਰਹੇ, ਇਸ ਲਈ ਬਗੈਰ ਆਮਦਨ ਦੇ ਵੱਧ ਮੰਗ ਅਤੇ ਮਹਿੰਗਾਈ ਵਾਲਾ ਤਰਕ ਠੀਕ ਨਹੀਂ ਜਾਪਦਾ।

ਜਦੋਂ ਪੂਰਤੀ ਵਾਲੇ ਪੱਖ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਪੈਟਰੋਲ, ਡੀਜ਼ਲ ਤੇ ਰਸੋਈ ਗੈਸ ਦੀਆਂ ਕੀਮਤਾਂ ਦਾ ਵਾਧਾ ਦਿਸਦਾ ਹੈ। 2014 ਤੋਂ 2020 ਤਕ ਛੇ ਸਾਲਾਂ ਦੌਰਾਨ ਕੇਂਦਰ ਸਰਕਾਰ ਨੇ ਪੈਟਰੋਲ ਤੇ ਡੀਜ਼ਲ 'ਤੇ ਆਬਕਰ 300 ਫੀਸਦ ਵਧਾ ਦਿੱਤਾ। ਪੈਟਰੋਲ 'ਤੇ ਆਬਕਾਰੀ ਟੈਕਸ (ਐਕਸਾਈਜ਼ ਡਿਊਟੀ) 2014 'ਚ 9.48 ਰੁਪਏ ਪ੍ਰਤੀ ਲਿਟਰ ਤੋਂ ਵਧਾ ਕੇ 32.90 ਰੁਪਏ ਅਤੇ ਡੀਜ਼ਲ 'ਤੇ ਆਬਕਾਰੀ ਟੈਕਸ 3.56 ਰੁਪਏ ਪ੍ਰਤੀ ਲਿਟਰ ਤੋਂ 31.80 ਰੁਪਏ ਕਰ ਦਿੱਤਾ। ਕੌਮਾਂਤਰੀ ਪੱਧਰ 'ਤੇ ਡਿੱਗੀਆਂ ਕੱਚੇ ਤੇਲ ਦੀਆਂ ਕੀਮਤਾਂ ਦੇ ਬਾਵਜੂਦ ਭਾਰਤ ਵਿਚ ਤੇਲ 'ਤੇ ਵਧਦੀ ਆਬਕਾਰੀ ਦੇਖਦੇ ਹਾਂ ਤਾਂ ਸਾਨੂੰ ਇਸ ਪਿੱਛੇ ਸਰਕਾਰ ਦੁਆਰਾ ਕਾਰਪੋਰੇਟਾਂ ਨੂੰ ਦਿੱਤੀ ਟੈਕਸ ਛੋਟ ਸਾਫ ਦਿਸਦੀ ਹੈ। ਸਤੰਬਰ 2019 ਵਿਚ ਸਰਕਾਰ ਨੇ ਕਾਰਪੋਰੇਟਾਂ 'ਤੇ ਟੈਕਸ ਦੀ ਦਰ 30% ਤੋਂ ਘਟਾ ਕੇ 22% ਕਰ ਦਿੱਤੀ ਜਿਸ ਕਾਰਨ ਕਾਰਪੋਰੇਟ ਟੈਕਸ ਤੋਂ ਮਿਲਣ ਵਾਲਾ ਮਾਲੀਆ 2018-19 ਵਿਚ ਜੀਡੀਪੀ ਦੇ 3.5% ਤੋਂ ਘਟ ਕੇ 2020-21 ਵਿਚ 2.3% ਰਹਿ ਗਿਆ। ਇਸ ਘਾਟੇ ਨੂੰ ਸਰਕਾਰ ਆਮ ਲੋਕਾਂ 'ਤੇ ਵੱਧ ਆਬਕਾਰੀ ਟੈਕਸ ਲਾ ਕੇ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸੰਸਦ ਦੇ ਮੌਜੂਦਾ ਇਜਲਾਸ ਵਿਚ ਸਰਕਾਰ ਨੇ ਲਿਖਤੀ ਮੰਨਿਆ ਕਿ ਪੈਟਰੋਲੀਅਮ ਪਦਾਰਥਾਂ ਦੇ ਸਮੁੱਚੇ ਟੈਕਸਾਂ ਤੋਂ ਵਧ ਆਬਕਾਰੀ ਟੈਕਸ ਕਾਰਨ ਸਰਕਾਰ ਕੋਲ 2020-21 ਦੌਰਾਨ 3.4 ਲੱਖ ਕਰੋੜ ਰੁਪਏ ਆਏ ਹਨ ਜੋ 2019-20 (2.2 ਲੱਖ ਕਰੋੜ ਰੁਪਏ) ਦੇ ਮੁਕਾਬਲੇ 1.20 ਲੱਖ ਕਰੋੜ ਰੁਪਏ ਵਧ ਹਨ।

ਪੈਟਰੋਲ ਅਤੇ ਡੀਜ਼ਲ ਤੋਂ ਇਲਾਵਾ ਸਟੀਲ, ਲੋਹਾ, ਪਲਾਸਟਿਕ, ਮੈਡੀਕਲ ਸਾਜ਼ੋ-ਸਮਾਨ ਆਦਿ ਦੇ ਬਾਰੇ ਗੱਲ ਕਰੀਏ ਜੋ ਸੰਸਾਰ ਦੇ ਦੂਜੇ ਮੁਲਕਾਂ ਤੋਂ ਵੱਡੇ ਪੱਧਰ 'ਤੇ ਦਰਾਮਦ ਕੀਤੇ ਜਾਂਦੇ ਹਨ, ਤਾਂ ਉਨ੍ਹਾਂ ਦੀਆਂ ਕੀਮਤਾਂ ਵਿਚ ਵੀ ਵਾਧਾ ਨਜ਼ਰ ਆਉਂਦਾ ਹੈ। ਅਸਲ ਵਿਚ ਵਧੀਆ ਯੋਜਨਾਬੰਦੀ, ਸਰਕਾਰਾਂ ਦੁਆਰਾ ਦਿੱਤੇ ਸ਼ਾਨਦਾਰ ਪ੍ਰੇਰਕ ਪੈਕੇਜ ਅਤੇ ਤੁਰੰਤ ਟੀਕਾਕਰਨ ਬਹੁਤ ਸਾਰੇ ਮੁਲਕਾਂ ਨੂੰ ਹੁਣ ਮਹਾਮਾਰੀ ਤੋਂ ਬਾਹਰ ਲਿਆਉਣ ਵਿਚ ਫੈਸਲਾਕੁਨ ਭੂਮਿਕਾ ਨਿਭਾ ਰਿਹਾ ਹੈ। ਇਸ ਕਾਰਨ ਇਨ੍ਹਾਂ ਮੁਲਕਾਂ ਵਿਚ ਹੁਣ ਆਰਥਿਕ ਗਤੀਵਿਧੀਆਂ ਜ਼ੋਰ ਫੜ ਰਹੀਆਂ ਹਨ ਅਤੇ ਉਤਪਾਦਨ ਵੇਲੇ ਵਰਤੋਂ ਵਿਚ ਆਉਣ ਵਾਲੇ ਕੱਚੇ ਸਮਾਨ ਦੀ ਮੰਗ ਤੇ ਕੀਮਤਾਂ ਵਿਚ ਇਜ਼ਾਫਾ ਦੇਖਣ ਨੂੰ ਮਿਲ ਰਿਹਾ ਹੈ। ਜਦੋਂ ਅਸੀਂ ਭਾਰਤ ਦੇ ਪ੍ਰਸੰਗ ਵਿਚ ਗੱਲ ਕਰਦੇ ਹਾਂ ਤਾਂ ਭਾਰਤ ਦੀਆਂ ਉਦਯੋਗਿਕ ਇਕਾਈਆਂ ਵਧ ਕੀਮਤ 'ਤੇ ਦਰਾਮਦ ਕੀਤੇ ਕੱਚੇ ਮਾਲ ਨੂੰ ਉਤਪਾਦਤ ਵਸਤੂ ਦੀ ਕੀਮਤ ਵਿਚ ਜੋੜ ਕੇ ਇਸ ਦਾ ਭਾਰ ਖਪਤਕਾਰਾਂ ਉੱਤੇ ਪਾ ਰਹੀਆਂ ਹਨ ਜਿਸ ਨਾਲ ਮਹਿੰਗਾਈ ਵਧ ਰਹੀ ਹੈ। ਜੇ ਸਾਡੀ ਸਰਕਾਰ ਨੇ ਵੀ ਚੰਗੀ ਯੋਜਨਾਬੰਦੀ ਕਰਕੇ ਆਮ ਲੋਕਾਂ ਦੀਆਂ ਜੇਬਾਂ ਵਿਚ ਸਿੱਧੇ ਪੈਸੇ ਤਬਦੀਲ ਕੀਤੇ ਹੁੰਦੇ ਤਾਂ ਵਧ ਰਹੀ ਮਹਿੰਗਾਈ ਨੂੰ ਝੱਲਿਆ ਜਾ ਸਕਦਾ ਸੀ।

ਭਾਰਤ ਸਰਕਾਰ ਨੇ ਵਾਧੂ ਮਾਲੀਆ ਪ੍ਰਾਪਤ ਕਰਨ ਅਤੇ ਆਤਮ-ਨਿਰਭਰ ਭਾਰਤ ਨੂੰ ਹੁੰਗਾਰਾ ਦੇਣ ਲਈ ਬਜਟ-2020 ਵਿਚ ਰੋਜ਼ਾਨਾ ਵਰਤੋਂ



ਵਿਚ ਆਉਣ ਵਾਲੇ ਸਮਾਨ ਜਿਵੇਂ ਜੁੱਤੀਆਂ, ਫਰਨੀਚਰ, ਖਿਡੌਣੇ, ਹੈੱਡਫੋਨ, ਫਰਿੱਜ ਆਦਿ 'ਤੇ ਕਸਟਮ ਡਿਊਟੀ ਵਧਾ ਦਿੱਤੀ ਸੀ। ਜੂਨ 2020 ਦੌਰਾਨ ਅਸੀਂ ਭਾਰਤੀ ਅਤੇ ਚੀਨੀ ਫੌਜੀਆਂ ਵਿਚਾਲੇ ਗਲਵਾਨ ਘਾਟੀ ਵਿਚ ਖੂਨੀ ਝੜਪ ਵੀ ਦੇਖੀ ਜਿਸ ਵਿਚ 20 ਤੋਂ ਵੱਧ ਭਾਰਤੀ ਸੈਨਿਕ ਫੌਤ ਹੋਏ। ਨਤੀਜੇ ਵਜੋਂ ਅਸੀਂ ਭਾਰਤ ਵਿਚ ਚੀਨੀ ਐਪਸ 'ਤੇ ਪਾਬੰਦੀ ਲਾ ਦਿੱਤੀ। ਸਿੱਟਾ ਇਹ ਨਿਕਲਿਆ ਕਿ ਚੀਨ ਨੇ ਵੀ ਭਾਰਤ ਤੋਂ ਦਰਾਮਦ ਕੀਤੀਆਂ ਜਾ ਰਹੀਆਂ ਵਸਤੂਆਂ ਅਤੇ ਸਮੱਗਰੀ ਦੀਆਂ ਕੀਮਤਾਂ ਵਿਚ ਵਾਧਾ ਕਰ ਦਿੱਤਾ। ਇਉਂ ਭਾਰਤ ਵਿਚ ਜ਼ਰੂਰੀ ਵਸਤਾਂ ਦੇ ਮੁੱਲ ਵਧ ਗਏ ਅਤੇ ਆਰਥਿਕ ਪੱਖ ਤੋਂ ਸਾਨੂੰ ਕਾਫੀ ਨੁਕਸਾਨ ਝੱਲਣਾ ਪਿਆ। ਚੀਨ ਨੂੰ ਸਬਕ ਸਿਖਾਉਣ ਲਈ ਭਾਰਤ ਸਰਕਾਰ ਨੇ ਬਜਟ-2021 ਦੌਰਾਨ ਰਤਨ, ਗਹਿਣਿਆਂ, ਪਲਾਸਟਿਕ, ਚਮੜੇ, ਰਸਾਇਣ, ਕੈਮਰਿਆਂ ਦੇ ਪੁਰਜ਼ੇ ਆਦਿ 'ਤੇ ਕਸਟਮ ਡਿਊਟੀ ਵਧਾ ਦਿੱਤੀ। ਇਸ ਪ੍ਰਕਿਰਿਆ ਵਿਚ ਚੀਨ ਤੋਂ ਦਰਮਦਾਂ ਤਾਂ ਨਹੀਂ ਘਟੀਆਂ ਪਰ ਆਮ ਜਨਤਾ 'ਤੇ ਮਹਿੰਗਾਈ ਦਾ ਬੋਝ ਬਹੁਤ ਵਧ ਗਿਆ। ਜ਼ਿਕਰਯੋਗ ਹੈ ਕਿ ਚੀਨ ਤੋਂ ਹਾਲ ਹੀ ਵਿਚ ਜਾਰੀ ਰਿਪੋਰਟ ਮੁਤਾਬਿਕ 2021 ਦੇ ਪਹਿਲੇ ਪੰਜ ਮਹੀਨਿਆਂ ਵਿਚ ਭਾਰਤ ਅਤੇ ਚੀਨ ਦੇ ਵਪਾਰ ਵਿਚ ਪਿਛਲੇ ਸਾਲ ਦੇ ਮੁਕਾਬਲੇ ਲਗਭਗ 70% ਦਾ ਵਾਧਾ ਹੋਇਆ ਹੈ।

ਹਾਕਮਾਂ ਨੇ ਮਹਿੰਗਾਈ 'ਤੇ ਠੱਲ੍ਹ ਪਾਉਣ ਲਈ ਜੀਐੱਸਟੀ 'ਤੇ ਕੋਈ ਛੋਟ ਨਹੀਂ ਦਿੱਤੀ। ਕਰੋਨਾ ਦੀ ਦੂਜੀ ਲਹਿਰ ਦੌਰਾਨ ਵੱਡੇ ਜਾਨੀ ਨੁਕਸਾਨ ਤੋਂ ਬਾਅਦ 14 ਜੂਨ ਨੂੰ ਜੀ.ਐਸ.ਟੀ. ਕੌਂਸਲ ਨੇ ਕਰੋਨਾ ਨਾਲ ਸਬੰਧਤ ਦਵਾਈਆਂ ਅਤੇ ਸਾਜ਼ੋ-ਸਮਾਨ 'ਤੇ ਟੈਕਸ ਦੀ ਦਰਾਂ 'ਚ ਕਟੌਤੀ ਬਾਰੇ ਦੱਸਿਆ ਕਿ ਇਹ ਸਤੰਬਰ ਦੇ ਅੰਤ ਤੱਕ ਲਾਗੂ ਰਹੇਗੀ। ਸਵਾਲ ਹੈ: ਮੈਡੀਕਲ ਕੰਪਨੀਆਂ ਇਹ ਛੋਟ ਲੋਕਾਂ ਨੂੰ ਦੇਣਗੀਆਂ? ਪਿਛਲੇ 3-4 ਸਾਲ ਦਾ ਇਤਿਹਾਸ ਦੇਖੀਏ ਤਾਂ ਜੀਐੱਸਟੀ ਤਹਿਤ ਬਣਾਈ ਨੈਸ਼ਨਲ ਐਂਟੀ ਪ੍ਰੋਫਿਟੀਅਰਿੰਗ ਅਥਾਰਿਟੀ ਦੀਆਂ ਰਿਪੋਰਟਾਂ ਤੋਂ ਜ਼ਾਹਿਰ ਹੈ ਕਿ ਭਾਰਤ ਵਿਚ ਚੋਟੀ ਦੀਆਂ ਕੰਪਨੀਆਂ ਜਿਵੇਂ ਹਿੰਦੁਸਤਾਨ ਯੂਨੀਲੀਵਰ, ਪਤੰਜਲੀ, ਜੁਬਿਲੈਂਟ ਫੂਡ ਵਰਕਸ, ਜੌਹਨਸਨ ਐਂਡ ਜੌਹਨਸਨ, ਫਿਲਿਪਸ, ਸੈਮਸੰਗ, ਵਰਲਪੂਲ, ਸਬਵੇਅ ਆਦਿ ਨੇ ਟੈਕਸ ਦਰਾਂ ਵਿਚ ਕਟੌਤੀ ਦਾ ਲਾਭ ਖਪਤਕਾਰਾਂ ਤੱਕ ਨਹੀਂ ਪਹੁੰਚਾਇਆ। ਜੁਰਮਾਨੇ ਤੋਂ ਬਾਅਦ ਇਨ੍ਹਾਂ ਕੰਪਨੀਆਂ ਨੇ ਦਿੱਲੀ ਹਾਈ ਕੋਰਟ ਵਿਚ ਅਪੀਲ ਦਾਖਲ ਕਰਕੇ ਇਸ ਦੇ ਸੰਵਿਧਾਨਕ ਤੌਰ 'ਤੇ ਜਾਇਜ਼ ਹੋਣ ਨੂੰ ਹੀ ਚੁਣੌਤੀ ਦੇ ਦਿੱਤੀ। ਜਿਹੜੀਆਂ ਕੰਪਨੀਆਂ ਸਰਕਾਰੀ ਸੰਸਥਾ ਨੂੰ ਹੀ ਮੰਨਣ ਤੋਂ ਇਨਕਾਰ ਕਰ ਰਹੀਆਂ ਹਨ, ਉਹ ਆਮ ਵਸਤਾਂ ਦੇ ਭਾਅ ਘਟਾ ਕੇ ਆਮ ਲੋਕਾਂ ਨੂੰ ਰਾਹਤ ਦੇਣ ਬਾਰੇ ਕਿੰਨਾ ਕੁ ਹੀ ਸੋਚਦੀਆਂ ਹੋਣਗੀਆਂ, ਇਸ ਦਾ ਅਨੁਮਾਨ ਲਾਉਣਾ ਔਖਾ ਨਹੀਂ। ਵੈਸੇ ਵੀ ਅੰਕੜੇ ਦਰਸਾਉਂਦੇ ਹਨ ਕਿ ਇਨ੍ਹਾਂ ਵੱਡੀਆਂ ਕੰਪਨੀਆਂ ਨੇ 2020-21 ਦੌਰਾਨ ਜਦੋਂ ਪੂਰਨ ਆਰਥਿਕ ਗਤੀਵਿਧੀਆਂ ਨਹੀਂ ਸਨ, ਤਾਂ ਆਪਣੇ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਕੇ ਜਾਂ ਘਟ ਉਜਰਤ ਦੇ ਕੇ ਅਤੇ ਲੋਕਾਂ ਕੋਲੋਂ ਵਸਤੂਆਂ ਦੇ ਵੱਧ ਪੈਸੇ ਵਸੂਲ ਕੇ ਆਪਣੇ ਮੁਨਾਫ਼ੇ ਸਟਾਕ ਮਾਰਕੀਟ ਵਿਚ ਨਿਵੇਸ਼ ਕੀਤੇ ਹਨ।

ਸਵਾਲ ਹੈ: ਕੀ ਸਰਕਾਰ ਮਹਿੰਗਾਈ ਨਹੀਂ ਘਟਾਉਣਾ ਚਾਹੁੰਦੀ? ਖਪਤਕਾਰਾਂ ਦੀਆਂ ਚਾਰ ਸ੍ਰੇਣੀਆਂ ਹਨ ਜਿਨ੍ਹਾਂ ਵਿਚ ਸ਼ਾਮਲ ਹਨ- ਖਪਤਕਾਰ, ਉਤਪਾਦਕ, ਸਰਕਾਰ ਅਤੇ ਬਰਾਮਦ। ਅਸੀਂ ਕਿਉਂਕਿ ਵੱਡੇ ਪੱਧਰ 'ਤੇ ਬਰਾਮਦ ਨਹੀਂ ਕਰਦੇ, ਇਸ ਲਈ ਅਸੀਂ ਇਸ ਸ਼੍ਰੇਣੀ ਨੂੰ ਚਰਚਾ ਵਿਚ ਸ਼ਾਮਲ ਨਹੀਂ ਕਰਦੇ। ਬਾਕੀ ਤਿੰਨ ਸ਼੍ਰੇਣੀਆਂ ਵਿਚੋਂ ਉਤਪਾਦਕਾਂ ਨੂੰ ਜੀ.ਐਸ.ਟੀ. ਦੀ ਪ੍ਰਕਿਰਿਆ ਹੇਠ ਇਨਪੁੱਟ ਟੈਕਸ ਕ੍ਰੈਡਿਟ ਪ੍ਰਣਾਲੀ ਰਾਹੀਂ ਭਰੀ ਹੋਈ ਵੱਧ ਟੈਕਸ ਦੀ ਸਾਰੀ ਰਕਮ ਮੁੜ ਆਉਂਦੀ ਹੈ। ਸਰਕਾਰ ਨੂੰ ਵੀ ਵੱਧ ਟੈਕਸ ਲਾ ਕੇ ਵੱਧ ਮਾਲੀਆ ਇਕੱਠਾ ਕਰਨ ਦਾ ਮੌਕਾ ਮਿਲ ਜਾਂਦਾ ਹੈ ਪਰ ਇਹ ਮਾਲੀਆ ਸਰਕਾਰ ਕਿੱਥੇ ਅਤੇ ਕਿਹੜੇ ਵਿਕਾਸ ਕਾਰਜਾਂ 'ਤੇ ਖਰਚਦੀ ਹੈ, ਉਹ ਚਰਚਾ ਦਾ ਵਿਸ਼ਾ ਬਣਦਾ ਹੈ। ਬਾਕੀ ਬਚ ਜਾਂਦਾ ਹੈ ਖਪਤਕਾਰ ਜੋ ਇਸ ਲੋਟੂ ਅਰਥਵਿਵਸਥਾ ਵਿਚ ਬਲੀ ਦਾ ਬੱਕਰਾ ਬਣਦਾ ਹੈ। ਜਦੋਂ ਤਕ ਆਮ ਜਨਤਾ ਇਨ੍ਹਾਂ ਸਾਰੀਆਂ ਗੈਰ ਵਾਜਿਬ ਪ੍ਰਣਾਲੀਆਂ ਖਿਲਾਫ ਸਰਕਾਰਾਂ ਤੋਂ ਸਵਾਲ ਨਹੀਂ ਪੁੱਛਦੀ, ਉਦੋਂ ਤਕ ਆਮ ਜਨਤਾ ਉੱਤੇ ਮਹਿੰਗਾਈ ਦੀ ਮਾਰ ਜਾਰੀ ਰਹੇਗੀ।

# ਔਰਤਾਂ ਦੀ ਸੰਸਦ ਅਤੇ ਕਿਸਾਨ ਘੋਲ

ਨਵਸ਼ਰਨ ਕੌਰ

ਜਦੋਂ ਦੇਸ਼ ਵਿਚ ਖੌਫ, ਬੇਵਸੀ ਜਾਂ ਨਿਰਾਸ਼ਾ ਨਾਲ ਸੜਕਾਂ ਸੁੰਨੀਆਂ ਹੋ ਜਾਣ, ਕੋਈ ਆਵਾਜ਼ ਨਾ ਉੱਠੇ ਤੇ ਸਿਰਫ ਚੁੱਪ ਪਸਰ ਜਾਏ, ਬੰਦ ਖਾਨਿਆਂ ਵਿਚੋਂ ਆਵਾਜ਼ ਅੰਦਰ ਹੀ ਪਰਤ ਆਏ, ਉਸ ਵੇਲੇ ਕਿਹਾ ਜਾਂਦਾ ਹੈ ਕਿ ਸੰਸਦ ਬੇਅਸਰ ਹੋ ਜਾਂਦੀ ਹੈ। ਉਹ ਆਪਣੇ ਆਪ ਨੂੰ ਜਵਾਬਦੇਹੀ ਤੋਂ ਮੁਕਤ ਕਰ ਲੈਂਦੀ ਹੈ। ਲੋਕਾਂ ਦੀ ਚੁਣੀ ਹੋਈ ਸਰਕਾਰ ਲੋਕਾਂ ਦੀ ਨਹੀਂ, ਆਪਣੇ ਮਨ ਦੀ ਬਾਤ ਕਰਦੀ ਹੈ। ਉਹ ਹਰ ਆਵਾਜ਼ ਜਿਸ ਨੂੰ ਉਹ ਸੁਣਨਾ ਨਹੀਂ ਚਾਹੁੰਦੀ, ਨੂੰ ਦਬਾ ਕੇ ਅਤੇ ਬਾਹਰ ਪਸਰੀ ਚੁੱਪ ਨੂੰ ਸਹਿਮਤੀ ਦਾ ਨਾਂ ਦੇ ਕੇ ਉਹ (ਸਰਕਾਰ) ਸੰਸਦ ਵਿਚ ਛਾਤੀ ਠੋਕ ਕੇ ਬਿਆਨ ਦਿੰਦੀ ਹੈ। ਉਹ ਨਿਸ਼ੰਗ ਆਖਦੀ ਹੈ ਕਿ ਦੂਜੀ ਕਰੋਨਾ ਲਹਿਰ ਦੌਰਾਨ ਇਕ ਵੀ ਮਰੀਜ਼ ਆਕਸੀਜਨ ਦੀ ਕਮੀ ਕਾਰਨ ਨਹੀਂ ਮਰਿਆ ਅਤੇ ਐਲਾਨ ਕਰਦੀ ਹੈ ਕਿ ਪੈਗਾਸਸ ਜਾਸੂਸੀ ਸਰਕਾਰ ਖਿਲਾਫ ਰਚੀ ਜਾ ਰਹੀ ਸਾਜ਼ਿਸ਼ ਹੈ; ਉਹ ਦਾਅਵਾ ਕਰਦੀ ਹੈ ਕਿ ਸਰਕਾਰ ਦੇਸ਼ ਦੇ ਕਿਸਾਨਾਂ ਦੀ ਹਿਤੈਸ਼ੀ ਹੈ; ਕਿਸਾਨ ਹੀ ਨਹੀਂ ਦੱਸ ਰਹੇ ਕਿ ਖੇਤੀ ਕਾਨੂੰਨਾਂ ਵਿਚ ਗਲਤ ਕੀ ਹੈ ਅਤੇ ਇਸੇ ਹੀ ਤਰ੍ਹਾਂ ਦਾ ਹੋਰ ਬਹੁਤ ਕੁਝ। ਉਹ ਵਿਰੋਧੀ ਧਿਰਾਂ ਦੀ ਗੱਲ ਵੀ ਨਹੀਂ ਗੌਲਦੀ।

ਅੱਠ ਮਹੀਨਿਆਂ ਤੋਂ ਦਿੱਲੀ ਦੀ ਬਰੂਹਾਂ 'ਤੇ ਡਟੀਆਂ ਕਿਸਾਨ ਔਰਤਾਂ ਅਤੇ ਮਰਦਾਂ ਨੇ ਐਲਾਨ ਕੀਤਾ ਕਿ ਜੇ ਦੇਸ਼ ਦੀ ਸੰਸਦ ਵਿਚ ਕਿਸਾਨ ਵਿਰੋਧੀ ਕਾਨੂੰਨ ਹੀ ਬਣਨੇ ਹਨ ਤਾਂ ਇਕ ਸੰਸਦ ਸੜਕ 'ਤੇ ਲੱਗੇਗੀ; ਇਹ ਕਿਸਾਨਾਂ ਦੀ ਸੰਸਦ ਹੋਵੇਗੀ ਤੇ ਜੋ ਬਹਿਸ ਖੇਤੀ ਕਾਨੂੰਨਾਂ 'ਤੇ ਨਹੀਂ ਕਰਨ ਦਿੱਤੀ ਗਈ, ਉਹ ਬਹਿਸ ਕਿਸਾਨ ਸੰਸਦ ਵਿਚ ਹੋਵੇਗੀ। ਇਹ ਕਿਸਾਨਾਂ ਦੇ ਮਜ਼ਬੂਤ ਘੋਲ ਦਾ ਨਤੀਜਾ ਹੈ ਕਿ ਦਿੱਲੀ ਪ੍ਰਸ਼ਾਸਨ ਨੇ ਕੇਂਦਰੀ ਦਿੱਲੀ ਦੇ ਜੰਤਰ ਮੰਤਰ ਵਿਚ ਹਰ ਰੋਜ਼ 200 ਕਿਸਾਨਾਂ ਦੀ ਸੰਸਦ ਚੱਲਣ ਦੀ ਤਜਵੀਜ਼ ਮੰਨੀ। 26 ਜੁਲਾਈ ਕਿਸਾਨੀ ਘੋਲ ਦੇ 8 ਮਹੀਨੇ ਪੂਰੇ ਹੋਣ ਤੇ ਕਿਸਾਨ ਸੰਸਦ ਦੀ ਅਗਵਾਈ ਔਰਤਾਂ ਨੇ ਕੀਤੀ। ਇਹ ਇਤਿਹਾਸਕ ਪਲ ਸੀ। 200 ਦੇ ਕਰੀਬ ਔਰਤਾਂ ਨੇ ਸਿੰਘੂ ਬਾਰਡਰ ਤੋਂ ਜੰਤਰ ਮੰਤਰ ਤਕ ਤਕਰੀਬਨ 40 ਕਿਲੋਮੀਟਰ ਦਾ ਰਸਤਾ ਬੱਸਾਂ ਰਾਹੀਂ ਤੈਅ ਕੀਤਾ। ਔਰਤਾਂ ਗੀਤਾਂ, ਨਾਅਰਿਆਂ, ਰਾਗਣੀਆਂ ਤੇ ਜਾਗੋਆਂ ਨਾਲ ਲੈਸ ਸਨ। ਸਾਰਾ ਰਾਹ ਉਹ ਗਾਉਂਦੀਆਂ ਰਹੀਆਂ- ਨਵੇਂ ਗੀਤ - ਜਿਨ੍ਹਾਂ ਵਿਚ ਸ਼ਾਮਿਲ ਸੀ ਖੇਤੀ ਕਿਸਾਨੀ ਦੇ ਸੰਕਟ, ਸਰਕਾਰ ਦੀ ਜ਼ਿੱਦ ਅਤੇ ਲੋਕਾਂ ਦੇ ਹਿੱਤ, ਔਰਤਾਂ ਦੀ ਮਜ਼ਬੂਤੀ ਤੇ ਘਰਾਂ ਅੰਦਰ ਨਾ ਪਰਤ ਜਾਣ ਦੇ ਪ੍ਰਣ। ਔਰਤਾਂ ਕੋਲ ਬੋਲ ਸਨ; ਦੂਜੇ ਪਾਸੇ ਸਾਰੀ ਹਥਿਆਰਬੰਦ ਸੁਰੱਖਿਆ ਕਰਮੀਆਂ ਦੀਆਂ ਟੁਕੜੀਆਂ ਸਨ। ਔਰਤਾਂ ਬੇਖੌਫ਼ ਹੋ ਕੇ ਇਸ ਦਾ ਵੀ ਜਵਾਬ ਦਿੰਦੀਆਂ ਰਹੀਆਂ- 'ਜਦੋਂ ਸਰਕਾਰ ਡਰਦੀ ਹੈ, ਪੁਲੀਸ ਨੂੰ ਅੱਗੇ ਕਰਦੀ ਹੈ।' ਤਿੰਨ ਸਤਰਾਂ ਵਿਚ ਵੰਡ ਕੇ ਔਰਤਾਂ ਦੀ ਸੰਸਦ ਸਾਰਾ ਦਿਨ ਚੱਲੀ। ਅਤਿ ਦੀ ਗਰਮੀ ਤੇ ਹੁੰਮਸ ਦੇ ਬਾਵਜੂਦ ਖੁੱਲ੍ਹ ਕੇ ਗੱਲਬਾਤ ਹੋਈ। ਸੰਸਦ ਮੈਂਬਰ ਦੀ ਭੂਮਿਕਾ ਨਿਭਾ ਰਹੀਆਂ ਔਰਤਾਂ ਨੇ ਸਦਨ ਦੇ ਸਾਹਮਣੇ 'ਜ਼ਰੂਰੀ ਵਸਤਾਂ ਸੋਧ ਐਕਟ' ਦੇ ਗ਼ਰੀਬ ਤੇ ਔਰਤ ਮਾਰੂ ਪਹਿਲੂਆਂ ਉੱਤੇ ਤਿੱਖੇ ਪ੍ਰਤੀਕਰਮ ਦਿੱਤੇ ਅਤੇ ਸਵਾਲ ਉਠਾਏ। ਦੱਸਿਆ ਗਿਆ ਕਿ ਜ਼ਰੂਰੀ ਵਸਤਾਂ ਸੋਧ ਐਕਟ ਕਿਵੇਂ ਥਾਲੀ ਵਿਚੋਂ ਰੋਟੀ ਖੋਂਹਦਾ ਅਤੇ ਖੁਰਾਕ ਸੁਰੱਖਿਆ 'ਤੇ ਹਮਲਾ ਕਰਦਾ ਹੈ। ਨਾ ਕੇਵਲ ਪੇਂਡੂ ਅਤੇ ਸ਼ਹਿਰੀ ਗ਼ਰੀਬ ਜੋ ਅਨਾਜ ਦੀ ਜਨਤਕ ਖਰੀਦ ਤੇ ਵੰਡ ਪ੍ਰਣਾਲੀ 'ਤੇ ਨਿਰਭਰ ਹਨ, ਨੂੰ ਵੱਡੀ ਅਸੁਰੱਖਿਆ ਵੱਲ ਧੱਕਦਾ ਹੈ; ਹੇਠਲੇ ਮੱਧ ਵਰਗ ਨੂੰ ਵੀ ਸੱਟ ਮਾਰਦਾ ਹੈ। ਉਨ੍ਹਾਂ ਖੁਰਾਕ ਦੀ ਖਰੀਦ ਤੇ ਵੰਡ ਦੇ ਵਿਚਕਾਰ ਸਬੰਧਾਂ ਨੂੰ ਰੇਖਾਂਕਿਤ ਕੀਤਾ ਅਤੇ ਤਿੰਨੇ ਕਾਨੂੰਨਾਂ ਦੇ ਆਪਸੀ ਸਬੰਧ ਨੂੰ ਉਜਾਗਰ ਕੀਤਾ। ਔਰਤਾਂ ਨੇ ਸਵਾਲ ਉਠਾਇਆ ਕਿ ਭਾਰਤ ਵਰਗਾ ਦੇਸ਼ ਜੋ ਸੰਸਾਰ ਭੁੱਖ ਇੰਡੈਕਸ ਵਿਚ 107 ਦੇਸ਼ਾਂ ਵਿਚੋਂ 94 ਵੇਂ ਨੰਬਰ 'ਤੇ ਹੈ, ਜਿੱਥੇ 15 ਫੀਸਦ ਆਬਾਦੀ ਕੁਪੋਸ਼ਣ ਨਾਲ ਪੀੜਤ ਹੈ ਅਤੇ 35 ਫੀਸਦ ਬੱਚਿਆਂ ਦਾ ਕੱਦ ਉਸ ਤੋਂ ਘੱਟ ਜੋ ਉਨ੍ਹਾਂ ਦੀ ਉਮਰ ਅਨੁਸਾਰ ਹੋਣਾ ਚਾਹੀਦਾ ਹੈ, ਜੇ ਦੇਸ਼ ਦੀ ਸਰਕਾਰ ਖੁਰਾਕ ਸੁਰੱਖਿਆ ਨੂੰ ਅੱਖੋਂ-ਪਰੋਖੇ ਕਰਦੀ ਹੈ ਤਾਂ ਸਾਫ ਜ਼ਾਹਿਰ ਹੈ ਕਿ ਸਰਕਾਰ ਲੋਕਾਂ ਦੀ ਨਹੀਂ ਸਗੋਂ ਕਾਰਪੋਰੇਟ ਅਦਾਰਿਆਂ ਦੀ ਹੈ। ਉਨ੍ਹਾਂ ਹੱਥ ਚੁੱਕ ਕੇ ਇਸ ਗਲਤ ਕਾਨੂੰਨ ਨੂੰ ਰੱਦ ਕੀਤਾ। ਔਰਤਾਂ ਦੀ ਸੰਸਦ ਵਿਚ ਵੱਡੀ ਗਿਣਤੀ ਨੌਜਵਾਨ ਔਰਤਾਂ ਦੀ ਸੀ ਜਿਨ੍ਹਾਂ ਆਪਣਾ ਪੱਖ ਮਜ਼ਬੂਤੀ ਨਾਲ ਰੱਖਿਆ।

ਔਰਤਾਂ ਨੇ ਸੰਸਦ ਵਿਚ ਕੁਝ ਅਹਿਮ ਮਤੇ ਪਾਸ ਕੀਤੇ ਜਿਨ੍ਹਾਂ ਵਿਚ ਸੰਸਦ ਵਿਚ 33 ਫੀਸਦੀ ਰਾਖਵੇਂਕਰਨ ਦੀ ਮੰਗ ਜੋ ਪਿਛਲੇ 25 ਵਰ੍ਹਿਆਂ ਤੋਂ ਅਣਸੁਣੀ ਪਈ ਹੈ, ਵੀ ਸ਼ਾਮਿਲ ਸੀ। ਸਾਫ ਜ਼ਾਹਿਰ ਹੈ ਕਿ ਔਰਤਾਂ ਖੇਤੀ ਦੇ ਮਸਲਿਆਂ ਬਾਰੇ ਪੂਰੀ ਸਮਝ ਨਾਲ ਲੜ ਰਹੀਆਂ ਹਨ ਪਰ ਨਾਲ ਹੀ ਔਰਤਾਂ ਦੀਆਂ ਮੰਗਾਂ ਨੂੰ ਵੀ ਘੋਲ ਦੇ ਦਾਇਰੇ ਵਿਚ ਸ਼ਾਮਿਲ ਕਰ ਰਹੀਆਂ ਹਨ। ਉਨ੍ਹਾਂ ਕਿਸਾਨ ਸੰਘਰਸ਼ ਵਿਚ ਔਰਤਾਂ ਦੀ ਭੂਮਿਕਾ ਬਾਰੇ ਵੀ ਗੱਲ ਛੋਹੀ। ਪੁੱਛਿਆ ਕਿ ਕਿੱਥੇ ਖੜ੍ਹੀਆਂ ਹਨ ਕਿਸਾਨ ਔਰਤਾਂ ਜਥੇਬੰਦੀਆਂ ਵਿਚ? ਕਿਉਂ ਗਾਇਬ ਹਨ ਔਰਤਾਂ ਮਹੱਤਵਪੂਰਨ ਕਮੇਟੀਆਂ ਵਿਚੋਂ? ਔਰਤਾਂ ਨੇ ਸ਼ਹੀਦ ਹੋਏ ਕਿਸਾਨਾਂ ਦੀਆਂ ਪਤਨੀਆਂ ਦੀ ਬਾਂਹ ਫੜਨ ਦੀ ਮੰਗ ਵੀ ਚੁੱਕੀ।

ਕਿਸਾਨ ਸੰਸਦ ਵਿਚ ਜ਼ਾਹਿਰਾ ਤੌਰ 'ਤੇ ਮਜ਼ਦੂਰ ਸ਼ਾਮਿਲ ਨਹੀਂ ਹਨ ਤੇ ਇਹ ਗੱਲ ਵੱਖਰੀ ਚਰਚਾ ਮੰਗਦੀ ਹੈ ਕਿ ਇਹ ਸਾਂਝਾ ਲੜਿਆ ਜਾ ਰਿਹਾ ਘੋਲ ਕਿਸ ਤਰ੍ਹਾਂ ਦੀ ਸਾਂਝ ਪੁਗਾ ਰਿਹਾ ਹੈ। ਔਰਤਾਂ ਦੀ ਸੰਸਦ ਵਿਚ ਕੁਝ ਮਜ਼ਦੂਰ ਔਰਤਾਂ ਸ਼ਾਮਿਲ ਹੋਈਆਂ ਜਿਨ੍ਹਾਂ ਨੇ ਵਸੀਲਿਆਂ ਦੀ ਅਣਹੋਂਦ ਵਾਲੇ ਤਬਕੇ ਦੀਆਂ ਔਰਤਾਂ ਦੇ ਪੱਖ ਤੋਂ ਜ਼ਰੂਰੀ ਵਸਤਾਂ ਸੋਧ ਕਾਨੂੰਨ ਦੀ ਸਾਰਥਿਕਤਾ ਨੂੰ ਚੁਣੌਤੀ ਦਿੱਤੀ ਪਰ ਛੇਤੀ ਹੀ ਇਹ ਗੱਲ ਵੀ ਉੱਠੀ ਕਿ ਵੱਡੀ ਗਿਣਤੀ ਵਿਚ ਔਰਤਾਂ ਵਸੀਲਿਆਂ ਦੀ ਮਲਕੀਅਤ ਤੋਂ ਔਰਤਾਂ ਵਾਂਝੀਆਂ ਹਨ ਤੇ ਇਸ ਤਰ੍ਹਾਂ ਇਹ ਅਣਹੋਂਦ ਲਗਭੱਗ ਸਾਰੀਆਂ ਔਰਤਾਂ ਦਾ ਸਾਂਝਾ ਤਜਰਬਾ ਹੈ। ਸਪੱਸ਼ਟ ਤੌਰ 'ਤੇ, ਇਕ ਵਾਰ ਫਿਰ ਔਰਤਾਂ ਦੀ ਸੰਸਦ ਨੇ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਸ਼ੁਰੂ ਹੋਏ ਕਿਸਾਨੀ ਘੋਲ ਨੂੰ ਆਪਣੇ ਤਜਰਬਿਆਂ, ਹੋਂਦ ਅਤੇ ਦ੍ਰਿਸ਼ਟੀਕੋਣ ਤੋਂ ਹੋਰ ਵਿਸਥਾਰਿਆ ਅਤੇ ਸਰਕਾਰ, ਸਮਾਜ ਤੇ ਜਥੇਬੰਦੀਆਂ ਤੋਂ ਜਵਾਬਦੇਹੀ ਦਾ ਘੇਰਾ ਵਧਾਇਆ।

ਕਿਸਾਨੀ ਦਾ ਲਾਮਿਸਾਲ ਸੰਘਰਸ਼, ਔਰਤਾਂ ਦੀ ਵੱਡੀ ਸ਼ਮੂਲੀਅਤ, ਕਿਸਾਨ ਸੰਸਦ ਦਾ ਸੰਕੇਤਕ ਐਕਟ, ਭਾਰਤ ਦੀ ਖੋਖਲੀ ਹੋ ਰਹੀ ਜਮਹੂਰੀਅਤ ਅਤੇ ਨਾਉਮੀਦੀ ਦੀ ਫਿਜ਼ਾ ਵਿਚ ਚਾਨਣ ਬਣ ਕੇ ਉੱਭਰਿਆ।

ਦੂਸਰਾ ਕੰਮ ਵਿਰੋਧੀ ਧਿਰਾਂ ਨੂੰ ਇਹ ਪੁੱਛਣਾ ਹੈ ਕਿ ਉਹ ਕਿਸਾਨੀ ਦੇ ਨਾਲ ਹਨ ਪਰ ਨਾਲ ਹੋਣ ਦੇ ਅਰਥ ਕੀ ਹਨ? ਉਹ ਆਪਣਾ ਸਟੈਂਡ ਸਪਸ਼ਟ ਦੱਸਣ। ਕਿਸਾਨ ਹਰਗਿਜ਼ ਨਹੀਂ ਚਾਹੁੰਦੇ ਕਿ ਪਾਰਟੀਆਂ ਬਿਨਾ ਸੋਚੇ ਵਿਚਾਰੇ ਵਾਅਦੇ ਵੰਡਣ- ਕਾਨੂੰਨ ਵਾਪਸੀ, ਮੁਫ਼ਤ ਬਿਜਲੀ, ਕਰਜ਼ਿਆਂ 'ਤੇ ਲੀਕ, ਜਾਂ ਇਸੇ ਤਰ੍ਹਾਂ ਦਾ ਕੁਝ ਹੋਰ। ਕਿਸਾਨ ਚਾਹੁੰਦੇ ਹਨ ਕਿ ਉਹ ਖੇਤੀ ਸੰਕਟ ਬਾਰੇ ਸੋਚਣ ਤੇ ਆਪਣੀ ਸਮਝ ਜਨਤਕ ਕਰਨ। ਖੇਤੀ ਸੰਕਟ ਤਿੰਨ ਕਾਨੂੰਨਾਂ ਤੋਂ ਪਹਿਲਾਂ ਵੀ ਸੀ ਤੇ ਜੇ ਤਿੰਨ ਕਾਨੂੰਨ ਰੱਦ ਹੋ ਜਾਣ 'ਤੇ ਵੀ ਬਰਕਰਾਰ ਰਹੇਗਾ। ਇਹ ਪਾਰਟੀਆਂ ਕਿਸਾਨੀ ਨੂੰ ਬਚਾਉਣ ਲਈ ਕੀ ਨੀਤੀ ਸੁਝਾਉਂਦੀਆਂ ਹਨ? ਭਾਰਤ ਦੇ ਵਿਕਾਸ ਵਿਚ ਖੇਤੀ ਦੀ ਹੋਂਦ ਦੇ ਸਵਾਲ ਨੂੰ ਕਿਵੇਂ ਸਮਝਦੀਆਂ ਹਨ? ਕੀ ਲੋਕਾਂ ਨੂੰ ਖੇਤੀ ਵਿਚੋ ਕੱਢ ਕੇ ਸ਼ਹਿਰਾਂ ਵੱਲ ਧਕੇਲਣਾ ਲੋਕਾਂ ਦੀ ਬਿਹਤਰੀ ਲਈ ਹੈ? ਕੀ ਸ਼ਹਿਰੀ ਪਰਵਾਸੀ ਮਜ਼ਦੂਰ ਪੇਂਡੂ ਪਰਿਵਾਰ ਦੀ ਖੇਤੀ ਕਮਾਈ ਵਿਚ ਵਾਧਾ ਕਰ ਰਿਹਾ ਹੈ? ਸਪੱਸ਼ਟ ਦੱਸਣ ਕਿ ਮੌਜੂਦਾ ਵਿਕਾਸ ਮਾਡਲ ਵਿਚ ਕੌਣ ਕਿਸ ਨੂੰ ਰਾਹਤ ਦੇ ਰਿਹਾ ਹੈ। ਔਰਤਾਂ ਵਿਕਾਸ ਦੇ ਮਾਡਲ ਵਿਚ ਕਿਵੇਂ ਸ਼ਾਮਿਲ ਹਨ? ਔਰਤਾਂ ਨੂੰ ਰੁਜ਼ਗਾਰ, ਸਰੀਰਕ ਸੁਰੱਖਿਆ ਤੇ ਨਾਗਰਿਕਤਾ ਦੇ ਹੱਕ ਕਿਵੇਂ ਨਿਸ਼ਚਤ ਕੀਤੇ ਜਾਣਗੇ? ਸਾਡਾ ਭਵਿੱਖ ਕੀ ਹੈ? ਚੋਣਾਂ ਤੋਂ ਪਹਿਲਾਂ ਕਈ ਸਮਝੌਤੇ ਹੋ ਰਹੇ ਹਨ। ਇਨ੍ਹਾਂ ਵਿਚੋਂ ਕਈ ਜਾਤਾਂ ਦੀਆਂ ਵੋਟਾਂ ਦੇ ਜੋੜ-ਤੋੜ ਦੇ ਆਧਾਰ 'ਤੇ ਕੀਤੇ ਜਾ ਰਹੇ ਹਨ। ਕਿਸਾਨਾਂ ਦੀ ਇਨ੍ਹਾਂ ਵਿਚ ਦਿਲਚਸਪੀ ਨਹੀਂ। ਕਿਸਾਨਾਂ ਅਤੇ ਔਰਤਾਂ ਦੀ ਦਿਲਚਸਪੀ ਆਪਣੇ ਭਵਿੱਖ ਵਿਚ ਹੈ, ਆਪਣੀਆਂ ਔਰਤਾਂ ਦੇ ਭਵਿੱਖ ਵਿਚ, ਤੇ ਆਪਣੇ ਬੱਚਿਆਂ ਦੇ ਭਵਿੱਖ ਵਿਚ। ਕਿਸਾਨ ਇਹ ਸਾਰੇ ਸਵਾਲ ਵਿਚਾਰ ਚੁੱਕੇ ਹਨ। ਮਹੀਨਿਆਂਬੱਧੀ ਚੱਲ ਰਹੇ ਕਿਸਾਨ ਮੋਰਚੇ ਕਿਸਾਨੀ ਲਈ ਸਕੂਲ ਹੋ ਨਿੱਬੜੇ ਹਨ- ਰੋਜ਼ ਦੀ ਲੱਗਦੀ ਸਟੇਜ 'ਤੇ ਹੁੰਦੇ ਖੁਲਾਸੇ, ਗੀਤ, ਸੰਗੀਤ, ਨਾਟਕ, ਵੱਖ ਵੱਖ ਸੂਬਿਆਂ ਦੇ ਕਿਸਾਨਾਂ ਦੇ ਤਜਰਬੇ- ਇਨ੍ਹਾਂ ਨੇ ਰਲ ਕੇ ਨਵਾਂ ਇਲਮ, ਨਵੀਂ ਸੂਝ ਸਿਰਜੀ ਹੈ। ਦੇਸੀ ਤੇ ਅੰਤਰ-ਦੇਸੀ ਨੀਤੀਆਂ ਦੇ ਸਬੰਧਾਂ ਦੀ ਸਮਝ ਪੈਦਾ ਕੀਤੀ ਹੈ ਅਤੇ ਸੰਸਦ ਵਿਚ ਘੜੀਆਂ ਨੀਤੀਆਂ ਦੀ ਜੋਟੀ ਬੇਨਕਾਬ ਕੀਤੀ ਹੈ। ਕਿਸਾਨੀ ਦਾ ਉਜਾੜਾ ਕਿਸ ਦਾ ਵਾਸਾ ਹੈ, ਕਿਸਾਨ ਸਮਝ ਚੁੱਕਾ ਹੈ। ਸਵਾਲ ਪੁੱਛ ਸਕਦਾ ਹੈ ਕਿ ਸਪੱਸ਼ਟ ਦੱਸੋ ਭੋਜਨ ਸੁਰੱਖਿਆ ਕਿਵੇਂ ਯਕੀਨੀ ਬਣੇਗੀ? ਕਰੋੜਾਂ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਅਤੇ ਰੁਜ਼ਗਾਰ ਕਿਵੇਂ ਸੁਨਿਸ਼ਚਤ ਹੋਣਗੇ? ਸੁਧਾਰਾਂ ਦੇ ਨਾਂ ਥੱਲੇ ਜ਼ਮੀਨ ਵਿਕਰੀ ਬਾਜ਼ਾਰ ਬਣਾਉਣਾ ਕਿਸ ਦਾ ਹਿੱਤ ਪੂਰੇਗਾ? ਮਿਹਨਤਕਸ਼ ਗ਼ਰੀਬ ਦੀ ਅਰਥਚਾਰੇ ਵਿਚ ਖੁਰਦੀ ਹੈਸੀਅਤ ਨੂੰ ਕਿਵੇਂ ਠੱਲ੍ਹ ਪਵੇਗੀ?

ਇਹ ਸਵਾਲ ਖੜ੍ਹੇ ਕਰਨੇ, ਇਨ੍ਹਾਂ ਬਾਰੇ ਸਮਝ ਪੈਦਾ ਕਰਨੀ ਤੇ ਇਨ੍ਹਾਂ ਨੂੰ ਵੱਡੀ ਜਨਤਕ ਬਹਿਸ ਦਾ ਹਿੱਸਾ ਬਣਾਉਣਾ, ਪਾਰਲੀਮਾਨੀ ਜਮਹੂਰੀਅਤ ਦਾ ਮਿਆਰ ਉੱਚਾ ਚੁੱਕੇਗਾ। ਚੋਣਾਂ ਲੜ ਰਹੀਆਂ ਪਾਰਟੀਆਂ ਨੂੰ ਲੋਕਾਂ ਦੀ ਆਵਾਜ਼ ਸੁਣਨ 'ਤੇ ਜਵਾਬ ਦੇਣ ਨੂੰ ਮਜਬੂਰ ਕਰੇਗਾ। ਇਹ ਨਿਖੇੜਾ ਕਰਨ ਵਿਚ ਮਦਦ ਕਰੇਗਾ ਕਿ ਲੋਕਾਂ ਦੀ ਅਣਦੇਖੀ ਕਰਨ ਦਾ ਅਪਰਾਧ ਕਰ ਰਹੀ ਪਾਰਟੀ ਅਤੇ ਸਰਕਾਰ ਕਿਸਾਨੀ ਦੇ ਭਵਿੱਖ ਦੀ ਭਾਈਵਾਲ ਕਿਵੇਂ ਹੋ ਸਕਦੀ ਹੈ। ਕਿਸਾਨ ਮਜ਼ਦੂਰ ਔਰਤਾਂ ਅਤੇ ਮਰਦਾਂ ਨੇ ਅੰਤਾਂ ਦੀਆਂ ਔਕੜਾਂ ਝੱਲ ਕੇ, ਸੜਕਾਂ 'ਤੇ ਉੱਤਰ ਕੇ ਜਮਹੂਰੀ ਰਵਾਇਤਾਂ ਬਚਾਈਆਂ ਹਨ ਤੇ ਦੇਸ਼ ਦੇ ਲੋਕਾਂ ਨੂੰ ਉਮੀਦ ਦਿੱਤੀ ਹੈ। ਸੜਕ ਦੀ ਸੰਸਦ ਤੋਂ ਬਾਅਦ ਕਿਸਾਨੀ ਸੰਘਰਸ਼ ਨਵੀਆਂ ਮੰਜ਼ਿਲਾਂ ਤੈਅ ਕਰੇਗਾ।

# ਸਿਰਦਾਰ ਕਪੂਰ ਸਿੰਘ ਅਤੇ ਉਨ੍ਹਾਂ ਦੇ ਅਜੋਕੇ ਪੈਰੋਕਾਰ

## ਕੀ ਸਿੱਖਾਂ ਨੂੰ 1947 ਵਿਚ ਖਾਲਿਸਤਾਨ ਮਿਲਦਾ ਸੀ?

**ਕੈਨੇਡਾ ਵੱਸਦੇ ਸ. ਹਰਚਰਨ ਸਿੰਘ ਪਰਹਾਰ ਸਿੱਖ ਮਸਲਿਆਂ ਬਾਰੇ ਲਗਾਤਾਰ ਲਿਖ ਰਹੇ ਹਨ। ਇਸ ਲੇਖ ਵਿਚ ਉਨ੍ਹਾਂ ਸਿੱਖੀ ਅਤੇ ਸਿੱਖ ਲੀਡਰਾਂ ਦੀ ਸਿਆਸਤ ਦੀ ਚਰਚਾ ਵਿਸਥਾਰ ਨਾਲ ਕੀਤੀ ਹੈ। ਇਸ ਚਰਚਾ ਨਾਲ ਧਰਮ ਦੇ ਸਿਆਸਤ ਉਤੇ ਕੁੰਡੇ ਅਤੇ ਧਰਮ ਤੇ ਸਿਆਸਤ ਨੂੰ ਆਪਸ ਵਿਚ ਰਲਗੱਡ ਕਰਨ ਵਿਚਲਾ ਫਰਕ ਬਹੁਤ ਸੂਖਮਤਾ ਨਾਲ ਸਮਝਾਇਆ ਗਿਆ ਹੈ। ਉਨ੍ਹਾਂ ਅਜੋਕੇ ਸਿੱਖ ਲੀਡਰਾਂ 'ਤੇ ਅਜਿਹੇ ਸਵਾਲ ਕੀਤੇ ਹਨ ਜਿਨ੍ਹਾਂ ਨਾਲ ਦੋ-ਚਾਰ ਹੋਏ ਬਗੈਰ ਸੰਸਾਰ ਪੱਧਰ 'ਤੇ ਅਗਲਾ ਕਦਮ ਵਧਾਉਣਾ ਮੁਸ਼ਕਿਲ ਹੈ।**

"ਮਾਰਚ 1946 ਦੇ ਸ਼ੁਰੂ ਵਿਚ ਸਰ ਜੋਗਿੰਦਰਾ ਸਿੰਘ ਦਿੱਲੀ ਮਿਲੇ ਜੋ ਉਸ ਵਕਤ ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਦੇ ਸਿੱਖ ਮੈਂਬਰ ਸਨ। ਉਹ ਬੜੇ ਉਚ ਬੁੱਧੀ, ਧੀਰਜ ਸੁਭਾਅ ਤੇ ਸ਼ਰਧਾਵਾਨ ਸਿੱਖ ਸਨ ਅਤੇ ਵਿਦਿਆ, ਗਿਆਨ ਦੇ ਪਾਰਖੂ ਕਦਰਦਾਨ ਸਨ। ਕੈਬਿਨਟ ਮਿਸ਼ਨ ਬਾਰੇ ਗੱਲ ਚੱਲੀ ਤਾਂ ਕਹਿਣ ਲੱਗੇ ਕਿ ਬਰਤਾਨੀਆ ਦੀ ਇਹ ਵਜ਼ੀਰ ਮੰਡਲੀ ਤਨੋ-ਮਨੋ ਚਾਹਵਾਨ ਹੈ ਕਿ ਅੰਗਰੇਜ਼ਾਂ ਦੇ ਹਿੰਦੁਸਤਾਨ ਛੱਡ ਜਾਣ ਤੋਂ ਪਹਿਲਾਂ, ਕੋਈ ਅਜਿਹਾ ਪੱਕਾ ਬਾਨ੍ਹਣੂ ਬੰਨ੍ਹਿਆ ਜਾ ਸਕੇ ਜਿਸ ਨਾਲ ਸਿੱਖ ਸੁਤੰਤਰ ਹਿੰਦੁਸਤਾਨ ਵਿਚ ਆਪਣੇ ਪੈਰਾਂ 'ਤੇ ਪੱਕੇ ਤੌਰ 'ਤੇ ਖੜ੍ਹੋ ਸਕਣ? ਮੈਂ ਪੁੱਛਿਆ, 'ਤੁਸੀਂ ਸਿੱਖਾਂ ਲਈ ਕੀ ਕਰ ਸਕਦੇ ਹੋ?' ਸਰ ਜੋਗਿੰਦਰਾ ਸਿੰਘ ਕਹਿਣ ਲੱਗੇ ਕਿ ਪਾਕਿਸਤਾਨ ਦੀ ਤਰਜ਼ 'ਤੇ ਖਾਲਿਸਤਾਨ? ਕੇਵਲ ਇਹੋ ਰਾਹ ਸਿੱਖਾਂ ਲਈ ਸੁਰੱਖਿਅਤ ਨਹੀਂ ਤੇ ਨਾ ਹੀ ਇਹ ਗੁਰੂ ਦੀ ਇੱਛਾ ਭਾਸਦੀ ਹੈ? ਸਿੱਖ ਸਾਰੇ ਹਿੰਦੁਸਤਾਨ ਅਤੇ ਹਿੰਦੂਆਂ ਦੇ ਪੁੱਜ ਕੇ ਖੈਰ-



**ਹਰਚਰਨ ਸਿੰਘ ਪਰਹਾਰ**
**ਮੁੱਖ ਸੰਪਾਦਕ 'ਸਿੱਖ ਵਿਰਸਾ'**
**ਫੋਨ: 403-681-8689**
hparharwriter@gmail.com

ਖਵਾਹ ਹਨ ਕਿਉਂਕਿ ਹਿੰਦੂਆਂ ਨਾਲ ਸਾਡੇ ਬੜੇ ਡੂੰਘੇ ਤੇ ਸੁਖਾਵੇਂ ਸਬੰਧ ਹਨ ਪਰ ਮੌਜੂਦਾ ਹਾਲਾਤ ਵਿਚ ਸਤਿਗੁਰੂ ਨੇ ਸਿੱਖਾਂ ਦਾ ਜੀਵਨ-ਮਰਨ ਹਿੰਦੁਸਤਾਨ ਦੇ ਮੁਸਲਮਾਨਾਂ ਤੇ ਇਸਲਾਮ ਨਾਲ ਨੱਥੀ ਕੀਤਾ ਹੋਇਆ ਹੈ? ਇਸ ਵਿਚ ਵੀ ਕੋਈ ਰੱਬੀ ਭੇਤ ਹੈ? ਮੁਸਲਮਾਨਾਂ ਦੀ ਨਿਰੀ ਮੁਖਾਲਫਤ ਕਰਕੇ ਨਾ ਅਸੀਂ ਹਿੰਦੂਆਂ ਦਾ ਕੁਝ ਸਵਾਰ ਸਕਦੇ ਹਾਂ ਤੇ ਨਾ ਹਿੰਦੁਸਤਾਨ ਦੀ ਸੇਵਾ ਕਰ ਸਕਦੇ ਹਾਂ ਸਗੋਂ ਮੁਸਲਮਾਨਾਂ ਦਾ ਸਹਿਯੋਗ ਕਰਕੇ ਅਖੰਡ ਭਾਰਤ ਲਈ ਹਿੰਦੂਆਂ-ਮੁਸਲਮਾਨਾਂ ਵਿਚ ਭਰਾਤਰੀ, ਭਾਵ ਲਈ ਵਿਚੋਲਗੀ ਕਰ ਸਕਦੇ ਹਾਂ। ਇਹੋ ਸਿੱਖਾਂ ਤੇ ਸਿੱਖੀ ਦਾ ਮਿਸ਼ਨ ਹੈ ਜੋ ਗੁਰੂਆਂ ਨੇ ਸਾਨੂੰ ਸੌਂਪਿਆ ਹੈ?' ਮੈਂ (ਸਿਰਦਾਰ ਕਪੂਰ ਸਿੰਘ) ਉਨ੍ਹਾਂ ਨੂੰ ਕਿਹਾ: 'ਤੁਸੀਂ ਜੋ ਕਹਿ ਰਹੇ ਹੋ, ਇਸ ਬਾਰੇ ਮੇਰੇ ਅੰਦਰ ਧੁੰਦਲੇ ਜਿਹੇ ਰੂਪ ਵਿਚ ਵਿਚਾਰ ਬਣੇ ਹੋਏ ਹਨ, ਮੇਰਾ ਮਨ ਵੀ ਇਸੇ ਪਾਸੇ 1932 ਤੋਂ ਕਦੇ-ਕਦੇ ਜਾਂਦਾ ਰਿਹਾ ਹੈ। ਮੈਂ ਇਸ ਬਾਰੇ ਤੁਹਾਨੂੰ ਆਪਣੀਆਂ ਕੈਂਬਰਿਜ ਦੀਆਂ ਯਾਦਾਂ ਵਿਸਥਾਰ ਵਿਚ ਦੱਸ ਚੁੱਕਾ ਹਾਂ।' ਅਗਲੇ ਦਿਨ ਸਰ ਜੋਗਿੰਦਰਾ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੀ ਇੱਕ ਤਾਰ ਮੈਨੂੰ ਦਿਖਾਈ ਜਿਸ ਵਿਚ ਲਿਖਿਆ ਸੀ: 'ਤੁਹਾਨੂੰ ਕੈਬੇਨਿਟ ਮਿਸ਼ਨ ਨਾਲ ਸਿੱਖਾਂ ਬਾਰੇ 'ਕੋਈ' ਗੱਲਬਾਤ ਕਰਨ ਦਾ ਪੰਥ ਵਲੋਂ 'ਕੋਈ' ਅਧਿਕਾਰ ਨਹੀਂ ਹੈ। ਕਰੋਗੇ ਤਾਂ ਅਕਾਲੀ ਦਲ ਤੁਹਾਡੀ ਜਹੀ ਤਹੀ ਫੇਰੇਗਾ।' (ਵਲੋਂ-ਗਿਆਨੀ ਕਰਤਾਰ ਸਿੰਘ, ਸ਼੍ਰੋਮਣੀ ਅਕਾਲੀ ਦਲ)। ਉਹ ਕਹਿਣ ਲੱਗੇ ਕਿ ਮੇਰੇ ਹੱਥੋਂ ਐਸ ਵੇਲੇ ਪੰਥ ਦੀ ਕੁਝ ਸੇਵਾ ਹੋ ਸਕਦੀ ਤਾਂ ਮੈਂ ਗੁਰਪੁਰੀ ਵਿਚ ਸੁਰਖ਼ਰੂ ਹੋ ਕੇ ਜਾਂਦਾ। ਮੈਂ ਕੁਝ ਨਾ ਬੋਲਿਆ ਤੇ ਚੁੱਪ ਕਰਕੇ ਟੁਰ ਆਇਆ (ਕਿਤਾਬ 'ਸਾਚੀ ਸਾਖੀ' ਵਿਚੋਂ ਸਿਰਦਾਰ ਕਪੂਰ ਸਿੰਘ ਤੇ ਸਰ ਜੋਗਿੰਦਰਾ ਸਿੰਘ ਦੀ ਗੱਲਬਾਤ ਦੇ ਪੰਨਾ 101-104 ਤੇ ਦਰਜ ਕੁਝ ਅੰਸ਼)।

ਅਕਤੂਬਰ-ਨਵੰਬਰ 1946 ਵਿਚ ਮਾਸਟਰ ਤਾਰਾ ਸਿੰਘ ਨੇ ਬਿਆਨ ਦਿੱਤਾ: 'ਸਿੱਖ ਸੌ ਫੀਸਦੀ ਹਿੰਦੂਆਂ ਦੇ ਨਾਲ ਹਨ ਪਰ ਕਾਂਗਰਸ ਨਾਲ ਸਿੱਖਾਂ ਦਾ ਮਤਭੇਦ ਹੈ। ਸਿੱਖਾਂ ਨੂੰ ਡਰ ਹੈ ਕਿ ਕਾਂਗਰਸ ਕਿਤੇ ਪਾਕਿਸਤਾਨ ਦੇਣਾ ਨਾ ਮੰਨ ਜਾਵੇ, ਪਾਕਿਸਤਾਨ ਸਿੱਖਾਂ ਦੀਆਂ ਲਾਸ਼ਾਂ 'ਤੇ ਬਣੇਗਾ?' (ਸਾਚੀ ਸਾਖੀ: ਪੰਨਾ-125)

'ਸਾਚੀ ਸਾਖੀ' ਵਿਚ ਇਸ ਕਿਸਮ ਦੇ ਅਨੇਕਾਂ ਵੇਰਵੇ ਦਰਜ ਹਨ 'ਜਿਨ੍ਹਾਂ ਤੋਂ ਉਸ ਦੌਰ ਵਿਚ ਸਿੱਖ ਪੇਨ (ਸਿੱਖੀ ਦਰਦ) ਜਾਂ ਦੁਬਿਧਾ ਦੀ ਦੱਸ ਤਾਂ ਪੈਂਦੀ ਹੈ ਪਰ ਉਨ੍ਹਾਂ ਨੂੰ ਕਰਨਾ ਕੀ ਚਾਹੀਦਾ ਸੀ ਤੇ ਕਰ ਕੀ ਰਹੇ ਸਨ, ਇਸ ਦਾ ਸਪਸ਼ਟ ਰੂਪ ਵਿਚ ਕੁਝ ਵੀ ਪਤਾ ਨਹੀਂ ਲਗਦਾ। ਲਗਦਾ ਇੰਝ ਹੈ ਕਿ ਸਿੱਖ ਲੀਡਰਸ਼ਿਪ 1947 ਤੱਕ ਤਾਂ ਇਸ ਪੱਖ ਤੋਂ ਲੜ ਰਹੀ ਸੀ ਕਿ ਅਸੀਂ ਭਾਰਤ ਅਤੇ ਹਿੰਦੂਆਂ ਨਾਲ ਹਾਂ, ਇਹ ਸਾਡੇ ਭਾਈ ਹਨ, ਸਾਡਾ ਨਹੁੰ-ਮਾਸ ਦਾ ਰਿਸ਼ਤਾ ਹੈ ਤੇ ਅਸੀਂ ਅਖੰਡ ਭਾਰਤ ਵਿਚ ਹੀ ਰਹਿਣਾ ਹੈ। ਉਹ ਮੁਸਲਮਾਨਾਂ ਨਾਲ ਕਿਸੇ ਵੀ ਸਮਝੌਤੇ ਤੋਂ ਇਨਕਾਰੀ ਸਨ ਤੇ ਪਾਕਿਸਤਾਨ ਬਣਾਉਣ ਦਾ ਹਰ ਤਰ੍ਹਾਂ ਵਿਰੋਧ ਕਰਦੇ ਸਨ। ਫਿਰ ਭਾਰਤ ਆਜ਼ਾਦ ਹੋਣ ਤੋਂ ਜਲਦ ਬਾਅਦ ਹੀ ਆਜ਼ਾਦੀ ਦੀ ਲੜਾਈ ਵਿਚ ਮੂਹਰੇ ਹੋ ਕੇ ਲੜਨ ਵਾਲੇ ਬਾਬਾ ਖੜਕ ਸਿੰਘ, ਊਧਮ ਸਿੰਘ ਨਾਗੋਕੇ, ਮੋਹਨ ਸਿੰਘ ਨਾਗੋਕੇ, ਸਰਦੂਲ ਸਿੰਘ ਕਵੀਸ਼ਰ, ਈਸ਼ਰ ਸਿੰਘ ਮਝੈਲ, ਦਰਸ਼ਨ ਸਿੰਘ ਫੇਰੂਮਾਨ, ਗਿਆਨੀ ਕਰਤਾਰ ਸਿੰਘ, ਪ੍ਰਤਾਪ ਸਿੰਘ ਕੈਰੋਂ ਆਦਿ ਲਗਭਗ ਸਾਰੇ ਹੀ ਚੋਟੀ ਦੇ ਸਿੱਖ ਸਿਆਸਤਦਾਨਾਂ ਤੋਂ ਪਾਸੇ ਹੋ ਕੇ ਮਾਸਟਰ ਤਾਰਾ ਸਿੰਘ ਨੇ 'ਪੰਥ ਨੂੰ ਖਤਰਾ' ਅਤੇ 'ਸਿੱਖਾਂ ਨਾਲ ਵਿਤਕਰੇ' ਦਾ ਨਾਅਰਾ ਚੁੱਕ ਲਿਆ। ਬਾਅਦ ਵਿਚ ਡਾ. ਅੰਬੇਡਕਰ ਅਤੇ ਕੁਝ ਹੋਰ ਮੁਦੱਬਰ ਵਿਦਵਾਨਾਂ ਦੇ ਸਮਝਾਉਣ 'ਤੇ ਉਹ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਸਹੀ ਮੰਗ 'ਤੇ ਤਾਂ ਆ ਗਏ ਪਰ ਆਪਣੀ ਰਾਜਸੀ ਸੂਝ-ਬੂਝ ਦੀਆਂ ਕਮਜ਼ੋਰੀਆਂ ਕਾਰਨ ਪੰਜਾਬੀ ਬੋਲਣ ਵਾਲੇ ਹਿੰਦੂਆਂ, ਦਲਿਤਾਂ ਤੇ ਅਨੇਕਾਂ ਹੋਰ ਭਾਈਚਾਰਿਆਂ ਦਾ ਵਿਸ਼ਵਾਸ ਕਦੇ ਵੀ ਨਾ ਜਿੱਤ ਸਕੇ। ਪਹਿਲਾਂ ਭੀਮ ਸੇਨ ਸੱਚਰ ਅਤੇ ਫਿਰ ਪ੍ਰਤਾਪ ਸਿੰਘ ਕੈਰੋਂ ਵਰਗੇ ਲਾਇਕ ਪੰਜਾਬ ਹਿਤੈਸ਼ੀ ਮੁੱਖ ਮੰਤਰੀਆਂ ਨਾਲ ਲੜਦਿਆਂ-ਭਿੜਦਿਆਂ, ਉਨ੍ਹਾਂ ਸਿੱਖ ਸਿਆਸਤ ਨੂੰ ਅਜਿਹੀ ਮੰਝਧਾਰ ਵਿਚ ਫਸਾਈ ਰੱਖਿਆ ਜਿਸ ਵਿਚੋਂ ਸਿੱਖ ਲੀਡਰਸ਼ਿਪ ਤੇ ਵਿਦਵਾਨ ਮੰਡਲੀ ਅੱਜ ਤੱਕ ਵੀ ਨਿਕਲ ਨਹੀਂ ਸਕੀ। ਇਸ ਦੌਰ ਵਿਚ ਪੰਜਾਬ ਦੇ ਭਾਈਚਾਰਕ ਮਾਹੌਲ ਦੀਆਂ ਜੜ੍ਹਾਂ ਵਿਚ ਤੇਲ ਦੇਣ ਲਈ ਹਿੰਦੀ ਨੂੰ ਖਤਰੇ ਦੀ ਬੇਬੁਨਿਆਦ ਤੇ ਫਿਰਕੂ ਦੁਹਾਈ ਚੁੱਕ ਕੇ ਪੰਜਾਬ ਦੀ ਮਹਾਸ਼ਾ ਪ੍ਰੈਸ ਨੇ ਫਿਰਕੂ ਤੰਗਨਜ਼ਰੀ ਦਾ ਮੁਜ਼ਾਹਰਾ ਕਰਦਿਆਂ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ। ਇਸ ਨੇ ਪੰਜਾਬ ਦੀ ਹਿੰਦੂ ਜਨਤਾ ਦੀ ਵੱਡੀ ਗਿਣਤੀ ਨੂੰ ਪੰਜਾਬੀ ਨੂੰ ਮਾਤ ਭਾਸ਼ਾ ਮੰਨਣ ਤੋਂ ਇਨਕਾਰੀ ਕਰਾ ਦਿੱਤਾ। ਜਦੋਂ 1966 ਵਿਚ ਪੰਜਾਬੀ ਸੂਬਾ ਐਨ ਬਣਨ ਕਿਨਾਰੇ ਸੀ ਤਾਂ ਪੰਜਾਬ ਦਾ ਪੱਖ ਹੱਦਬੰਦੀ ਕਮਿਸ਼ਨ ਸਾਹਮਣੇ ਠੋਸ ਰੂਪ ਵਿਚ ਰੱਖਣ ਦੀ ਥਾਂ ਮਾਸਟਰ ਜੀ ਭਾਰਤ ਅੰਦਰ ਅਜਿਹੇ 'ਸਿੱਖ ਹੋਮਲੈਂਡ' ਦਾ ਮਤਾ ਪਾਸ ਕਰਨ ਦੇ ਰਾਹ ਤੁਰ ਪਏ ਜਿਸ ਵਿਚ ਸਿੱਖਾਂ ਦੀ ਤਸੱਲੀ ਨਾ ਹੋਣ 'ਤੇ ਉਨ੍ਹਾਂ ਨੂੰ ਭਾਰਤੀ ਸੰਘ ਤੋਂ ਵੱਖ ਹੋਣ ਦਾ ਅਧਿਕਾਰ ਹੋਵੇ। ਇਸ ਪ੍ਰਥਾਏ ਸਿਰਦਾਰ ਕਪੂਰ ਸਿੰਘ ਜੋ ਖੁਦ ਸਿੱਖ ਹੋਮਲੈਂਡ ਦੇ ਹਮਾਇਤੀ ਸਨ, 'ਸਾਚੀ ਸਾਖੀ' ਵਿਚ ਮਾਸਟਰ ਤਾਰਾ ਸਿੰਘ ਬਾਰੇ ਇਉਂ ਲਿਖਦੇ ਹਨ: 'ਉਦੋਂ ਵੀ ਮਾਸਟਰ ਤਾਰਾ ਸਿੰਘ ਨੇ ਬੁੱਧ-ਹੀਣ, ਬਿਬੇਕ-ਹੀਣ, ਰਾਜ-ਹਠ ਦੀ ਪ੍ਰਦਰਸ਼ਨੀ ਕੀਤੀ ਸੀ ਕਿ ਮਤੇ ਵਿਚ ਇਹ ਲਿਖੋ ਕਿ 'ਸਿੱਖ ਹੋਮਲੈਂਡ' ਭਾਰਤ ਅੰਦਰ ਬਣੇ ਪਰ ਇਸ ਨੂੰ ਜਦ ਚਾਹੇ ਭਾਰਤ ਤੋਂ ਵੱਖ ਹੋਣ ਦਾ ਅਧਿਕਾਰ ਦਿੱਤਾ ਜਾਵੇ?' ਮੈਂ ਉਸ ਸਮੇਂ ਅਕਾਲੀ ਦਲ ਵਲੋਂ ਐਮ. ਪੀ. ਸੀ ਅਤੇ ਇਸ ਦੇ ਵਿਰੁੱਧ ਡਟ ਗਿਆ ਕਿ ਹੁਣ ਭਾਰਤ ਦੇ ਸੰਵਿਧਾਨ ਅਨੁਸਾਰ ਭਾਰਤ ਤੋਂ ਵੱਖ ਹੋਣ ਦੀ ਮੰਗ ਕਰਨ 'ਤੇ 10 ਸਾਲ ਦੀ ਜੇਲ੍ਹ ਹੋ ਸਕਦੀ ਹੈ, ਇਸ ਲਈ ਜਿਸ ਨੂੰ 10 ਸਾਲ ਜੇਲ੍ਹ ਜਾਣ ਦਾ ਚਾਅ ਹੈ, ਉਹ ਹੀ ਇਸ ਮਤੇ 'ਤੇ ਸਾਈਨ ਕਰੇ। ਦੂਜਾ, ਕੀ ਅਕਾਲੀ ਲੀਡਰ, ਕਾਂਗਰਸੀ ਹਿੰਦੂਆਂ ਨੂੰ ਇਤਨੇ ਗਧੇ ਜਾਂ ਰਾਜਨੀਤੀ ਤੋਂ ਕੋਰੇ ਸਮਝਦੇ ਹਨ ਕਿ ਉਹ ਸਿੱਖਾਂ ਹੱਥ ਭਾਰਤ ਨੂੰ ਤੋੜਨ ਦਾ ਕੁਹਾੜਾ ਫੜਾ ਦੇਣ? (ਸਾਚੀ ਸਾਖੀ: ਪੰਨਾ-126-12)

ਸਮਕਾਲੀ ਖਾਲਿਸਤਾਨੀ ਲੀਡਰਸ਼ਿਪ ਸਿਰਦਾਰ ਕਪੂਰ ਸਿੰਘ ਦੀ 'ਸਾਚੀ ਸਾਖੀ' ਨੂੰ ਧਰਮ ਆਧਾਰਿਤ ਵੱਖਰੇ ਸਿੱਖ ਰਾਜ 'ਖਾਲਿਸਤਾਨ' ਦਾ ਅਹਿਮ ਦਸਤਾਵੇਜ਼ ਮੰਨਦੀ ਹੈ। 'ਸਾਚੀ ਸਾਖੀ' ਵਿਚਲੀ ਉਪਰਲੀ ਵਾਰਤਾਲਾਪ ਤੋਂ ਕੁਝ ਗੱਲਾਂ ਬਿਲਕੁਲ ਸਪਸ਼ਟ ਹਨ ਕਿ 1947 ਤੱਕ ਜਾਂ ਬਾਅਦ ਵਿਚ ਵੀ ਸਿੱਖਾਂ ਦੀ ਕਿਸੇ ਵੀ ਧਿਰ ਦੀ ਵੱਖਰਾ ਸਿੱਖ ਰਾਜ 'ਖਾਲਿਸਤਾਨ' ਕਦੇ ਵੀ ਮੰਗ ਨਹੀਂ ਸੀ, ਸਿੱਖਾਂ ਦੀਆਂ ਸਾਰੀਆਂ ਧਿਰਾਂ ਨਾ ਸਿਰਫ ਅਖੰਡ ਭਾਰਤ ਵਿਚ ਹੀ ਰਹਿਣਾ ਚਾਹੁੰਦੀਆਂ ਸਨ ਸਗੋਂ ਸਾਰੇ ਮੁਸਲਿਮ ਲੀਗ ਦੀ ਧਰਮ ਆਧਾਰਿਤ ਮੁਸਲਿਮ ਸਟੇਟ 'ਪਾਕਿਸਤਾਨ' ਦੀ ਮੰਗ ਦੇ ਕੱਟੜ ਵਿਰੋਧੀ ਸਨ। ਸਿੱਖਾਂ ਦੀਆਂ ਸਾਰੀਆਂ ਧਿਰਾਂ ਕਿਸੇ ਵੀ ਹਾਲਤ ਵਿਚ ਭਾਰਤ ਦੀ ਵੰਡ ਦੀਆਂ ਵਿਰੋਧੀ ਸਨ। ਜੇ ਕਦੇ ਕੋਈ ਸਿੱਖ ਲੀਡਰ, ਸਿੱਖ ਸਟੇਟ ਜਾਂ ਵੱਖਰੇ ਸਿੱਖ ਰਾਜ ਦੀ ਗੱਲ ਕਰਦਾ ਵੀ ਸੀ ਤਾਂ ਉਹ ਪਾਕਿਸਤਾਨ ਦੇ ਵਿਰੋਧ ਲਈ ਕਰਦਾ ਸੀ, ਨਾ ਕਿ ਸਿੱਖਾਂ ਦੀ ਮੰਗ ਦੇ ਤੌਰ 'ਤੇ। ਫਿਰ ਕਿਸ ਆਧਾਰ 'ਤੇ ਮੌਜੂਦਾ



**ਖੱਬਿਓਂ: ਸ. ਬਲਦੇਵ ਸਿੰਘ, ਸਰ ਸਟੈਫਰਡ ਕ੍ਰਿਪਸ, ਮਾਸਟਰ ਤਾਰਾ ਸਿੰਘ, ਸਰ ਜੋਗਿੰਦਰਾ ਸਿੰਘ ਤੇ ਸ. ਉੱਜਲ ਸਿੰਘ ਐਮ.ਐਲ.ਏ.**

ਖਾਲਿਸਤਾਨੀ ਧਿਰਾਂ ਇਹ ਦਾਅਵਾ ਕਰਦੀਆਂ ਹਨ ਕਿ ਅੰਗਰੇਜ਼ ਸਿੱਖਾਂ ਨੂੰ 'ਖਾਲਿਸਤਾਨ' ਦਿੰਦੇ ਸਨ ਪਰ 'ਮੂਰਖ' ਸਿੱਖ ਲੀਡਰਾਂ ਨੇ ਲਿਆ ਨਹੀਂ? ਕੀ ਕਦੇ ਉਹ ਇਸ ਸਵਾਲ ਦਾ ਕਿਸੇ ਇਤਿਹਾਸਕ ਹਵਾਲੇ ਨਾਲ ਜਵਾਬ ਦੇਣਗੇ? ਜਦ ਸਿੱਖਾਂ ਦੀ 1947 ਤੱਕ ਅਜਿਹੀ ਕੋਈ ਮੰਗ ਹੀ ਨਹੀਂ ਸੀ ਤਾਂ ਦੇਣ ਦਾ ਸਵਾਲ ਕਿੱਥੋਂ ਪੈਦਾ ਹੋਣਾ ਸੀ? ਮਿ. ਜਿਨਾਹ ਦੀ ਜੀਵਨੀ ਪੜ੍ਹ ਕੇ ਦੇਖੋ, ਕਿਵੇਂ ਉਸ ਨੇ ਹਰ ਪਾਸਿਉਂ ਭਾਰੀ ਵਿਰੋਧ ਦੇ ਬਾਵਜੂਦ ਧਰਮ ਆਧਾਰਿਤ ਮੁਸਲਿਮ ਬਹੁ-ਗਿਣਤੀ ਵਾਲੇ ਇਲਾਕਿਆਂ ਨੂੰ ਪਾਕਿਸਤਾਨ ਬਣਾਉਣ ਦੀ ਆਪਣੀ ਜ਼ਿੱਦ ਨਹੀਂ ਛੱਡੀ, ਬੇਸ਼ਕ ਇਸ ਕਰਕੇ ਲੱਖਾਂ ਬੇਗੁਨਾਹਾਂ ਨੂੰ ਜਾਨਾਂ ਦੇਣੀਆਂ ਪਈਆਂ ਅਤੇ ਲੱਖਾਂ ਲੋਕ ਜ਼ਮੀਨਾਂ, ਜਾਇਦਾਦਾਂ, ਘਰ ਛੱਡ ਕੇ ਸ਼ਰਨਾਰਥੀ ਕੈਂਪਾਂ ਵਿਚ ਰੁਲਦੇ ਰਹੇ।

ਇਸ ਸਬੰਧੀ ਖਾਲਿਸਤਾਨੀ ਸੰਕਲਪ ਦੇ ਮੌਜੂਦਾ ਸਿਧਾਂਤਕ ਵਿਆਖਿਆਕਾਰ ਅਤੇ ਸਿੱਖ ਚਿੰਤਕ ਸ. ਅਜਮੇਰ ਸਿੰਘ ਆਪਣੀ ਕਿਤਾਬ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ - ਇੱਕ ਗੁਲਾਮੀ ਤੋਂ ਦੂਜੀ ਗੁਲਾਮੀ ਤੱਕ' ਵਿਚ ਪੰਨਾ 79 ਤੇ ਲਿਖਦੇ ਹਨ: "ਸਿੱਖ ਆਗੂ ਖੁਦ ਇਸ ਮੰਗ (ਵੱਖਰੇ ਸਿੱਖ ਰਾਜ, ਖਾਲਿਸਤਾਨ) ਪ੍ਰਤੀ ਗੰਭੀਰ ਨਹੀਂ ਸਨ ਅਤੇ ਉਹ ਇਸ ਨੂੰ ਪਾਕਿਸਤਾਨ ਦੀ ਮੰਗ ਦਾ ਵਿਰੋਧ ਕਰਨ ਲਈ ਹਥਿਆਰ ਦੇ ਤੌਰ 'ਤੇ ਵਰਤ ਰਹੇ ਸਨ।" ਇਸ ਸਬੰਧੀ, ਉਹ ਇਸੇ ਕਿਤਾਬ ਦੇ ਪੰਨਾ 80 ਤੇ ਲਿਖਦੇ ਹਨ: "ਜਿਥੇ ਸਿੱਖ ਪੰਥ ਅੰਦਰ ਕੌਮ ਵਾਲੀਆਂ ਸਾਰੀਆਂ ਵਿਸ਼ੇਸ਼ਤਾਈਆਂ ਵਿਦਮਾਨ ਸਨ, ਉਥੇ ਇਸ ਦੀ ਆਜ਼ਾਦ ਸਟੇਟ ਦੀ ਸਥਾਪਨਾ ਦੇ ਰਾਹ ਵਿਚ ਬਹੁਤ ਵੱਡੀ ਅਮਲੀ ਮੁਸ਼ਕਿਲ ਆ ਖੜ੍ਹੀ ਸੀ। ਇਤਿਹਾਸ ਦਾ ਵਿਹਾਰ ਕੁਝ ਇਸ ਤਰ੍ਹਾਂ ਚੱਲਿਆ ਕਿ ਸਿੱਖ ਵਸੋਂ ਕਿਸੇ ਇੱਕ ਬੱਝਵੇਂ ਖਿੱਤੇ ਅੰਦਰ ਇਕੱਤਰ ਹੋਣ ਦੀ ਥਾਂ ਦੂਰ ਤੱਕ ਖਿਲਰ ਗਈ ਸੀ। ਸਿੱਟੇ ਵਜੋਂ ਉਹ ਕਿਸੇ ਬੱਝਵੇਂ ਖਿੱਤੇ ਅੰਦਰ ਬਹੁ-ਗਿਣਤੀ ਦਾ ਰੁਤਬਾ ਹਾਸਿਲ ਨਹੀਂ ਕਰ ਸਕੀ।" ਸ. ਅਜਮੇਰ ਸਿੰਘ ਸਿੱਖ ਪੰਥ ਬਾਰੇ ਮੰਨਦੇ ਹਨ ਕਿ 'ਸਿੱਖ ਵੱਖਰੀ ਕੌਮ ਹੈ' ਪਰ ਅਜਮੇਰ ਸਿੰਘ ਵਲੋਂ ਸਿੱਖੀ ਦੇ ਇੱਕ ਹੋਰ ਸਿਧਾਂਤਕਾਰ ਡਾ. ਗੁਰਭਗਤ ਸਿੰਘ ਦੇ ਲੇਖਾਂ ਨੂੰ ਸੰਪਾਦਿਤ ਕਰਕੇ ਲਿਖੀ ਕਿਤਾਬ 'ਸਿੱਖ ਦ੍ਰਿਸ਼ਟੀ ਦਾ ਗੌਰਵ' ਵਿਚ ਪੰਨਾ 48 'ਤੇ ਡਾ. ਗੁਰਭਗਤ ਸਿੰਘ ਆਪਣੇ ਲੇਖ 'ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ' ਵਿਚ ਲਿਖਦੇ ਹਨ: "ਸਟਾਲਿਨ ਦੇ 1913 ਵਿਚ 'ਕੌਮਵਾਦ' ਬਾਰੇ ਪ੍ਰਕਾਸ਼ਿਤ ਪੈਂਫਲਿਟ ਤੋਂ ਪਿੱਛੋਂ ਵਿਸ਼ਵ ਪੱਧਰ 'ਤੇ ਕੌਮ, ਕੌਮੀਅਤ ਅਤੇ ਕੌਮਵਾਦ ਬਾਰੇ ਚਰਚਾ ਕਾਫੀ ਗਰਮ ਰਹੀ ਹੈ। ਹੁਣ ਕਿਸੇ ਖੇਤਰ ਦੇ ਲੋਕਾਂ ਨੂੰ 'ਕੌਮ' ਦੇ ਤੌਰ 'ਤੇ ਸਵੀਕਾਰ ਹੋਣ ਲਈ ਸਿਧਾਂਤਕ ਅਤੇ ਵਿਹਾਰਕ ਪੱਧਰ ਉਤੇ ਪੰਜ ਅੰਸ਼ਾਂ ਦੀ ਪ੍ਰਾਪਤੀ ਜ਼ਰੂਰੀ ਹੈ। ਉਹ ਪੰਜ ਅੰਸ਼ ਹਨ: ਸਾਂਝੀ ਭਾਸ਼ਾ, ਵਿਲੱਖਣ ਖੇਤਰ, ਆਰਥਿਕ ਇਕਸਾਰਤਾ, ਸਮੂਹਿਕ ਚਰਿਤਰ ਅਤੇ ਕੌਮੀ ਮਾਰਕੀਟ। ਜੇ ਵਿਲੱਖਣ ਖੇਤਰ ਜਾਂ ਪ੍ਰਭੂ ਸੰਪਨ ਇਲਾਕਾ ਨਾ ਹੋਵੇ ਤਾਂ ਉਹ ਲੋਕ ਕੌਮੀਅਤ ਹਨ ਪਰ ਕੌਮ ਨਹੀਂ।" ਇਥੇ ਸਭ ਤੋਂ ਵੱਧ ਗੰਭੀਰਤਾ ਨਾਲ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਡਾ. ਗੁਰਭਗਤ ਸਿੰਘ ਨੇ ਲੋਕਾਂ ਦੇ ਕਿਸੇ ਸਮੂਹ ਨੂੰ ਕੌਮ ਬਣਨ ਲਈ ਜਿਹੜੇ ਪੰਜ ਅੰਸ਼ ਜਰੂਰੀ ਦੱਸੇ ਹਨ, ਉਨ੍ਹਾਂ ਵਿਚ ਧਰਮ ਨੂੰ ਕੋਈ ਮਾਨਤਾ ਨਹੀਂ, ਜਦਕਿ ਕਪੂਰ ਸਿੰਘ, ਅਜਮੇਰ ਸਿੰਘ, ਗੁਰਤੇਜ ਸਿੰਘ ਤੇ ਹੋਰ ਸਿੱਖ ਵਿਦਵਾਨਾਂ ਦਾ 'ਵੱਖਰੀ ਕੌਮ' ਦੇ ਆਧਾਰ 'ਤੇ ਆਪਣੀ ਵੱਖਰੀ ਸਿੱਖ ਸਟੇਟ ਦਾ ਆਧਾਰ ਹੀ ਮੁੱਖ ਰੂਪ ਵਿਚ ਧਰਮ ਹੈ? 'ਕੌਮਾਂ' ਦੀ ਵਿਸ਼ਵ ਪ੍ਰਮਾਣਿਤ ਪਰਿਭਾਸ਼ਾ ਅਨੁਸਾਰ 'ਪੰਜਾਬੀ ਕੌਮ' ਤਾਂ ਬਣਦੀ ਹੈ ਜਿਸ ਵਿਚ ਡਾ. ਗੁਰਭਗਤ ਸਿੰਘ ਅਨੁਸਾਰ ਸਾਰੇ ਪੰਜ ਅੰਸ਼ ਮੌਜੂਦ ਹਨ ਪਰ 'ਸਿੱਖ ਕੌਮ' ਨਹੀਂ ਬਣਦੀ ਪਰ ਸਾਡੇ ਵਿਦਵਾਨ ਇਸ ਤੱਥ ਤੋਂ ਇਨਕਾਰੀ ਹੋ ਕੇ ਹਮੇਸ਼ਾ 'ਧਰਮ ਆਧਾਰਿਤ ਕੌਮ' ਦੇ ਸੰਕਲਪ ਦੀ ਦੁਬਿਧਾ ਦਾ ਸ਼ਿਕਾਰ ਹਨ।

ਸਾਡੇ ਉਚ ਕੋਟੀ ਦੇ ਵਿਦਵਾਨ ਕਿਸ ਤਰ੍ਹਾਂ ਦੁਬਿਧਾ ਦਾ ਸ਼ਿਕਾਰ ਹੋ ਕੇ ਆਪਾ-ਵਿਰੋਧੀ ਗੱਲਾਂ ਕਰਦੇ ਹਨ, ਉਸ ਦਾ ਪ੍ਰਮਾਣ ਇਸੇ ਕਿਤਾਬ ਦੇ ਅਗਲੇ ਦੋ ਪਹਿਰਿਆਂ ਤੋਂ ਮਿਲਦਾ ਹੈ। ਡਾ. ਗੁਰਭਗਤ ਸਿੰਘ ਇਸ ਬਾਰੇ ਲਿਖਦੇ ਹਨ: 'ਪੰਜਾਬ ਨੇ ਇਹ ਪੰਜ ਅੰਸ਼ ਕੇਵਲ ਮਹਾਰਾਜਾ ਰਣਜੀਤ ਸਿੰਘ ਦੇ 'ਖਾਲਸਾ ਰਾਜ' ਵਿਚ ਪ੍ਰਾਪਤ ਕੀਤੇ। ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ, ਪ੍ਰਭੂ-ਸੱਤਾ ਸੰਪਨ ਰਾਜ ਸੀ। ਉਹ ਉਸ ਸਮੇਂ ਦੇ ਭਾਰਤੀ ਰਾਜ-ਪ੍ਰਬੰਧ ਤੋਂ ਸੁਤੰਤਰ ਸੀ। ਉਦੋਂ ਪੰਜਾਬ ਵਿਚ ਤਿੱਬਤ ਅਤੇ ਅਫਗਾਨਿਸਤਾਨ ਦੇ ਕੁਝ ਹਿੱਸੇ ਵੀ ਸ਼ਾਮਿਲ ਸਨ। ਕਵੀ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਇਸ ਗੱਲ ਦੀ ਸਾਖੀ ਭਰੀ ਹੈ ਕਿ ਰਣਜੀਤ ਸਿੰਘ ਦੇ ਰਾਜ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੀ 'ਵੱਡੀ ਸਾਂਝ' ਸੀ। ਸ਼ਾਹ ਮੁਹੰਮਦ ਜਦੋਂ ਰਣਜੀਤ ਸਿੰਘ ਨੂੰ 'ਸਰਕਾਰ' ਆਖਦਾ ਹੈ ਤਾਂ ਉਹ ਸਾਂਝੇ ਪੰਜਾਬ ਦਾ ਪ੍ਰਤੀਕ ਹੈ। 'ਖਾਲਸਾ' ਫੌਜ ਸ਼ਾਹ ਮੁਹੰਮਦ ਲਈ ਸਾਂਝੇ ਪੰਜਾਬ ਦੀ ਫੌਜ ਹੈ, ਪੰਜਾਬ ਦੀ ਸੁਤੰਤਰ ਹੋਂਦ ਲਈ ਲੜਨ ਵਾਲੀ ਫੌਜ ਹੈ। 'ਖਾਲਸਾ' ਸ਼ਬਦ ਵੀ ਸ਼ਾਹ ਮੁਹੰਮਦ ਲਈ ਧਰਮ ਜਾਂ ਫਿਰਕੇ ਦਾ ਸੂਚਕ ਨਹੀਂ ਸਗੋਂ ਸੰਕਲਪ, ਚੇਤਨਾ, ਕੌਮ ਦਾ ਸੂਚਕ ਚਿੰਨ੍ਹ ਹੈ।' ਇੱਕ ਪਾਸੇ ਸਾਡੇ ਵਿਦਵਾਨ ਮਹਾਰਾਜਾ ਰਣਜੀਤ ਸਿੰਘ ਦੇ 'ਖਾਲਸਾ ਰਾਜ' ਨੂੰ ਸਰਬ-ਸਾਂਝਾ ਰਾਜ ਦੱਸਦੇ ਹਨ, ਜਿਥੇ ਸਿੱਖਾਂ ਦੀ ਆਬਾਦੀ 12-13% ਸੀ ਪਰ ਸਾਰੀ ਹਿੰਦੂ-ਮੁਸਲਮਾਨ ਵਸੋਂ ਬੜੇ ਮਾਣ ਨਾਲ ਰਹਿੰਦੀ ਸੀ। ਦੂਜੇ ਪਾਸੇ, ਇਨ੍ਹਾਂ ਹੀ ਵਿਦਵਾਨਾਂ ਵਲੋਂ ਸੰਕਲਪੇ ਜਾ ਰਹੇ ਸਿੱਖ ਰਾਜ 'ਖਾਲਿਸਤਾਨ' ਵਿਚ ਹਿੰਦੂਆਂ, ਦਲਿਤਾਂ, ਹੋਰ ਭਾਈਚਾਰਿਆਂ ਦੀ ਤਾਂ ਗੱਲ ਹੀ ਛੱਡੋ, ਸਿੱਖਾਂ ਦੀ ਮੁੱਖਧਾਰਾ ਵਿਚਾਰਧਾਰਾ ਤੋਂ ਵੱਖ ਹੋ ਕੇ ਚੱਲ ਰਹੇ ਫਿਰਕਿਆਂ-ਰਾਧਾ ਸਵਾਮੀਆਂ, ਨਿਰੰਕਾਰੀਆਂ, ਨਾਮਧਾਰੀਆਂ ਆਦਿ ਲਈ ਵੀ ਕੋਈ ਥਾਂ ਨਹੀਂ ਅਤੇ ਨਾ ਹੀ ਵੱਖਰੀ ਸਿਆਸੀ ਵਿਚਾਰਧਾਰਾ ਰੱਖਣ ਵਾਲੇ ਕਾਮਰੇਡਾਂ ਲਈ ਕੋਈ ਥਾਂ ਹੈ। ਇੱਕ ਪਾਸੇ ਇਹ ਮਹਾਰਾਜਾ ਰਣਜੀਤ ਸਿੰਘ ਦੇ 'ਖਾਲਸਾ ਰਾਜ' ਨੂੰ 'ਪੰਜਾਬੀ ਕੌਮ' ਦੇ ਸਾਂਝੇ ਰਾਜ ਦੇ ਤੌਰ 'ਤੇ ਉਭਾਰਦੇ ਹਨ; ਦੂਜੇ ਪਾਸੇ, ਹੁਣ ਸਿਰਫ 'ਸਿੱਖ ਕੌਮ' ਲਈ ਵੱਖਰੇ ਰਾਜ ਦੀ ਗੱਲ ਕਰਦੇ ਹਨ ਜਿਥੇ 'ਹਿੰਦੂ' ਸਭ ਤੋਂ ਵੱਡੀ ਦੁਸ਼ਮਣ ਧਿਰ ਹੈ। ਸਮਝ ਨਹੀਂ ਆਉਂਦੀ ਕਿ ਸਾਡੇ ਵਿਦਵਾਨ ਅਸਲ ਵਿਚ ਕਰਨਾ ਕੀ ਚਾਹੁੰਦੇ ਹਨ। ਕੀ ਸਾਡੇ ਇਹ ਵਿਦਵਾਨ ਦੱਸ ਸਕਦੇ ਹਨ ਕਿ ਪੰਜਾਬ ਵਿਚ ਹਿੰਦੂਆਂ, ਦਲਿਤਾਂ ਤੇ ਹੋਰ ਫਿਰਕਿਆਂ ਦੇ ਸਹਿਯੋਗ ਤੋਂ ਬਿਨਾ ਅਤੇ ਹਰ ਇੱਕ ਨੂੰ ਦੁਸ਼ਮਣ ਗਰਦਾਨ ਕੇ ਕੋਈ ਸੰਘਰਸ਼ ਜਿੱਤ ਸਕਦੇ ਹਨ? ਪੰਜਾਬ ਜਾਂ ਸਿੱਖਾਂ ਦਾ ਕੋਈ ਭਲਾ ਕਰ ਸਕਦੇ ਹਨ?

ਸਾਡਾ ਸਵਾਲ ਇਹ ਹੈ ਕਿ ਸਿੱਖੀ ਜਾਂ ਖਾਲਿਸਤਾਨ ਦੇ ਸਿਧਾਂਤਕ ਵਿਆਖਿਆਕਾਰ ਇਹ ਮਹਾਨ ਵਿਦਵਾਨ 'ਸਿੱਖ ਸਟੇਟ' ਦੀ ਮੰਗ ਰੱਖਣ ਤੋਂ ਪਹਿਲਾਂ ਇਹ ਫੈਸਲਾ ਤਾਂ ਕਰ ਲੈਣ ਕਿ 'ਸਿੱਖ ਵੱਖਰੀ ਕੌਮ ਹੈ' ਜਾਂ 'ਵੱਖਰਾ ਧਾਰਮਿਕ ਫਿਰਕਾ'? ਕੀ 'ਧਰਮ' ਨੂੰ ਆਧਾਰ ਬਣਾ ਕੇ ਕਿਸੇ ਜਨ ਸਮੂਹ ਨੂੰ ਕੌਮ ਬਣਾਇਆ ਜਾ ਸਕਦਾ ਹੈ? ਇੱਕ ਗੱਲ ਹੋਰ ਸਮਝਣ ਵਾਲੀ ਹੈ ਕਿ ਜੇ ਕਿਸੇ ਕੌਮ ਦਾ ਆਧਾਰ ਧਰਮ ਹੀ ਮੁੱਖ ਹੋਵੇ ਤਾਂ ਧਰਮ ਆਧਾਰਿਤ ਬਣਿਆ ਪਾਕਿਸਤਾਨ ਦੋ ਦਹਾਕੇ ਵੀ ਕਿਉਂ ਨਾ ਚੱਲ ਸਕਿਆ ਕਿ ਅਖੀਰ ਵੱਖਰਾ 'ਬੰਗਲਾਦੇਸ਼' ਬਣਾਉਣਾ ਪਿਆ ਅਤੇ ਹੁਣ ਪਾਕਿਸਤਾਨ ਵਿਚ ਵੱਖਰੇ 'ਬਲੋਚਿਸਤਾਨ' ਦੀ ਲੜਾਈ ਲੰਮੇ ਸਮੇਂ ਤੋਂ ਚੱਲ ਰਹੀ ਹੈ। ਅਰਬ ਦੇ ਕੁਰਦ ਮੁਸਲਮਾਨ 4 ਮੁੱਖ ਮੁਸਲਿਮ ਦੇਸ਼ਾਂ-ਇਰਾਕ, ਇਰਾਨ, ਸੀਰੀਆ ਤੇ ਤੁਰਕੀ ਵਿਚ ਵਸਦੇ ਹਨ ਪਰ ਲੰਮੇ ਸਮੇਂ ਤੋਂ ਆਪਣੇ ਮੁਸਲਮਾਨ ਭਰਾਵਾਂ ਨਾਲ ਹੀ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ। ਜੇ ਧਰਮ ਹੀ ਕਿਸੇ ਕੌਮ ਲਈ ਮੁੱਖ ਧੁਰਾ ਹੁੰਦਾ ਤਾਂ 'ਕੁਰਦਾਂ' ਨੂੰ ਮੁਸਲਮਾਨ ਹੋਣ ਦੇ ਬਾਵਜੂਦ ਮੁਸਲਿਮ ਦੇਸ਼ਾਂ ਵਿਚ ਹੀ ਬੇਅੰਤ ਦੁਸ਼ਵਾਰੀਆਂ ਦਾ ਸਾਹਮਣਾ ਨਾ ਕਰਨਾ ਪੈਂਦਾ। ਜੇ ਧਰਮ ਹੀ ਲੋਕਾਂ ਨੂੰ ਬੰਨ੍ਹਣ ਵਾਲੀ ਇੱਕੋ-ਇੱਕ ਤਾਕਤ ਹੁੰਦੀ ਤਾਂ ਕਿਸੇ ਸਮੇਂ ਸਾਰਾ ਯੂਰਪ ਇਸਾਈਅਤ ਦੇ ਪ੍ਰਭਾਵ ਥੱਲੇ ਸੀ ਪਰ ਇੰਗਲੈਂਡ, ਸਪੇਨ, ਜਰਮਨੀ ਆਦਿ ਵੱਡੇ ਦੇਸ਼ 1000 ਸਾਲ ਇਸਾਈ ਹੋਣ ਦੇ ਬਾਵਜੂਦ ਇੱਕ ਦੂਜੇ ਦੇ ਖਿਲਾਫ ਲੜਦੇ ਰਹੇ ਹਨ।

ਉਪਰਲੀ ਚਰਚਾ ਤੋਂ ਇੱਕ ਅਹਿਮ ਸਵਾਲ ਇਹ ਵੀ ਖੜ੍ਹਾ ਹੁੰਦਾ ਹੈ ਕਿ ਮੰਨ ਲਉ, 1947 ਦੇ ਦੌਰ ਵਿਚ ਖਾਲਿਸਤਾਨ ਮਿਲਦਾ ਸੀ ਪਰ ਸਿੱਖਾਂ ਦੀ ਕਿਸੇ ਖਿੱਤੇ ਵਿਚ ਬਹੁ-ਗਿਣਤੀ ਨਾ ਹੋਣ ਕਾਰਨ ਸਿੱਖਾਂ ਕੋਲੋਂ ਉਹ ਮੌਕਾ ਖੁੱਸ ਗਿਆ; ਕੀ ਸਾਡੇ ਖਾਲਿਸਤਾਨੀ ਵਿਦਵਾਨ ਤੇ ਲੀਡਰ ਦੁਨੀਆ ਨੂੰ ਦੱਸ ਸਕਦੇ ਹਨ ਕਿ ਦੁਨੀਆ ਦਾ ਹੁਣ ਕਿਹੜਾ ਅਜਿਹਾ ਖਿੱਤਾ ਹੈ ਜਿਥੇ ਸਿੱਖਾਂ ਦੀ ਬਹੁ-ਗਿਣਤੀ ਹੈ? ਮੌਜੂਦਾ ਪੰਜਾਬ ਵਿਚ ਵੀ ਹਿੰਦੂਆਂ ਤੇ ਦਲਿਤਾਂ ਨੂੰ ਬਾਹਰ ਕੱਢ ਕੇ ਸਿੱਖਾਂ ਦੀ ਵਸੋਂ 35% ਤੋਂ ਜ਼ਿਆਦਾ ਨਹੀਂ ਹੈ? ਸਿੱਖਾਂ ਵਿਚੋਂ ਰਾਧਾ ਸਵਾਮੀ,

**(ਬਾਕੀ ਅਗਲੇ ਸਫੇ 'ਤੇ)**

# ਸਿਰਦਾਰ ਕਪੂਰ ਸਿੰਘ ਅਤੇ ਉਨ੍ਹਾਂ ਦੇ ਅਜੋਕੇ ਪੈਰੋਕਾਰ

(ਪਿਛਲੇ ਸਫੇ ਦੀ ਬਾਕੀ)

ਨਿਰੰਕਾਰੀ, ਨਾਮਧਾਰੀ ਆਦਿ ਕਿਤਨੇ ਛੋਟੇ ਫਿਰਕੇ ਹਨ ਜਿਨ੍ਹਾਂ ਪ੍ਰਤੀ ਪੰਥਕ ਧਿਰਾਂ ਤ੍ਰਿਸਕਾਰ ਦੀ ਭਾਵਨਾ ਰੱਖਦੀਆਂ ਹਨ। ਕੀ ਕਦੇ ਪੰਥਕ ਧਿਰਾਂ ਨੇ ਦਲਿਤ ਅਤੇ ਹੋਰ ਜਾਤਾਂ ਦੇ ਲੋਕਾਂ ਬਾਰੇ ਸੋਚਿਆ ਹੈ ਕਿ ਉਨ੍ਹਾਂ ਵਿਚੋਂ ਵੀ ਕਿਤਨੇ ਕੁ ਸਿੱਖ ਖਾਲਿਸਤਾਨ ਦੇ ਹਾਮੀ ਹਨ? ਮੰਨ ਲਉ, ਸਾਰੇ ਸਿੱਖ ਵੀ ਖਾਲਿਸਤਾਨ ਦੇ ਹਾਮੀ ਹੋਣ, ਤਾਂ ਵੀ ਕੀ 65% ਦੀ ਮਰਜ਼ੀ ਤੋਂ ਬਿਨਾ ਮੌਜੂਦਾ ਪੰਜਾਬ ਤੇ ਮੌਜੂਦਾ ਹਾਲਾਤ ਵਿਚ 'ਖਾਲਿਸਤਾਨ' ਸੰਭਵ ਹੈ? ਜੇ ਇਹ ਧਿਰਾਂ ਆਪਣੀ 35% ਵਸੋਂ ਨਾਲ ਹੀ ਵੱਖਰਾ ਰਾਜ ਬਣਾਉਣਾ ਚਾਹੁੰਦੀਆਂ ਹਨ ਤਾਂ ਕੀ ਕਦੇ ਉਨ੍ਹਾਂ ਸਰਵੇਖਣ ਕੀਤਾ ਹੈ ਕਿ ਮੌਜੂਦਾ ਪੰਜਾਬ ਦੇ ਕਿਹੜੇ ਜ਼ਿਲ੍ਹਿਆਂ ਵਿਚ ਸਿੱਖਾਂ ਦੀ ਵੱਧ ਗਿਣਤੀ ਹੈ, ਜਿਥੇ ਬਾਕੀ ਸਾਰਿਆਂ ਨੂੰ ਪਰਵਾਸ ਕਰਾ ਕੇ ਇਜ਼ਰਾਈਲ ਵਾਂਗ ਸਿੱਖਾਂ ਨੂੰ ਵਸਾ ਕੇ ਸਿੱਖ ਹੋਮਲੈਂਡ ਬਣਾ ਦਿੱਤਾ ਜਾਵੇ?

ਜੇ ਸਿਰਦਾਰ ਕਪੂਰ ਸਿੰਘ ਦੀ 'ਸਾਚੀ ਸਾਖੀ' ਅਤੇ ਅਜਮੇਰ ਸਿੰਘ ਦੀ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਨੂੰ ਖਾਲਿਸਤਾਨ ਦੇ ਸੰਕਲਪਾਂ ਦੀ ਵਿਆਖਿਆ ਦੇ ਗ੍ਰੰਥ ਮੰਨੀਏ ਤਾਂ ਸਪਸ਼ਟ ਹੈ ਕਿ ਜਿਸ ਤਰ੍ਹਾਂ ਸਿੱਖ ਲੀਡਰਸ਼ਿਪ 47 ਤੋਂ ਪਹਿਲਾਂ 'ਸਿੱਖ ਵੱਖਰੀ ਕੌਮ' ਜਾਂ 'ਸਿੱਖ ਸਟੇਟ' ਪ੍ਰਤੀ ਅਨੇਕਾਂ ਦੁਬਿਧਾਵਾਂ ਤੇ ਭੰਬਲਭੂਸਿਆਂ ਦੀ ਸ਼ਿਕਾਰ ਸੀ, ਉਸੇ ਤਰ੍ਹਾਂ ਅੱਜ ਹੈ। ਇਥੋਂ ਤੱਕ ਕਿ ਸਿੱਖ ਵਿਦਵਾਨ ਵੀ ਇਸ ਦੁਬਿਧਾ ਦਾ ਸ਼ਿਕਾਰ ਹਨ। ਅਜਮੇਰ ਸਿੰਘ ਦੀ ਸੰਪਾਦਿਤ ਡਾ. ਗੁਰਭਗਤ ਸਿੰਘ ਦੇ ਲੇਖਾਂ ਦੀ ਕਿਤਾਬ 'ਸਿੱਖ ਦ੍ਰਿਸ਼ਟੀ ਦਾ ਗੌਰਵ' ਦੇ ਪੰਨਾ 56 'ਤੇ ਡਾ. ਗੁਰਭਗਤ ਸਿੰਘ 'ਸਿਰਦਾਰ ਕਪੂਰ ਸਿੰਘ ਸਿੱਖ ਚਿੰਤਨ ਦੀ ਵਿਲੱਖਣਤਾ ਦਾ ਵਿਆਖਿਆਕਾਰ' ਲੇਖ ਵਿਚ ਸਿਰਦਾਰ ਕਪੂਰ ਸਿੰਘ ਨੂੰ ਭਾਈ ਗੁਰਦਾਸ ਜੀ ਬਰਾਬਰ ਸਿੱਖੀ ਦੇ ਸਿਧਾਂਤਕ ਵਿਆਖਿਆਕਾਰ ਕਹਿ ਕੇ ਇਵੇਂ ਸਿਜਦਾ ਕਰਦੇ ਹਨ: "ਭਾਈ ਗੁਰਦਾਸ ਤੋਂ ਪਿਛੋਂ ਸਾਡੇ ਇਸ ਇੱਕੋ-ਇੱਕ ਪ੍ਰਮਾਣਿਕ ਵਿਆਖਿਆਕਾਰ ਨੂੰ ਪ੍ਰਣਾਮ ਕਰਕੇ ਮੈਂ ਕੁਝ ਰਿਣ ਅਦਾ ਕਰ ਰਿਹਾ ਹਾਂ।" ਪਰ ਭਾਈ ਗੁਰਦਾਸ ਜੀ ਵਰਗੀ ਪ੍ਰਤਿਭਾ ਦੇ ਮਾਲਕ ਸਿਰਦਾਰ ਕਪੂਰ ਸਿੰਘ ਨੇ ਆਪਣੀ ਸ਼ਾਹਕਾਰ ਰਚਨਾ 'ਸਾਚੀ ਸਾਖੀ' ਵਿਚ ਕਿਤੇ ਵੀ ਸਪਸ਼ਟ ਤੌਰ 'ਤੇ ਨਹੀਂ ਕਿਹਾ ਕਿ ਉਹ ਕਦੇ ਭਾਰਤ ਤੋਂ ਵੱਖਰੇ ਦੇਸ਼ ਖਾਲਿਸਤਾਨ ਦੇ ਹਾਮੀ ਸਨ ਸਗੋਂ ਉਨ੍ਹਾਂ 'ਸਿੱਖ ਹੋਮਲੈਂਡ' ਦਾ ਮਤਾ ਲਿਆਉਂਦਿਆਂ ਭਾਰਤੀ ਸੰਘ ਤੋਂ ਵੱਖ ਹੋਣ ਦੀ ਲਾਈਨ 'ਤੇ ਇਤਰਾਜ਼ ਉਠਾਉਂਦਿਆਂ ਮਾਸਟਰ ਜੀ ਦੀ ਖੁੰਭ ਕਿਵੇਂ ਠੱਪੀ ਸੀ, ਦਾ ਪਹਿਲਾਂ ਜ਼ਿਕਰ ਕਰ ਚੁੱਕੇ ਹਾਂ; ਪਰ ਅਫਸੋਸ ਇਸ ਗੱਲ ਦਾ ਹੈ ਕਿ ਕਪੂਰ ਸਿੰਘ ਜੀ ਭਾਰਤ ਅੰਦਰ ਸਿੱਖ ਹੋਮਲੈਂਡ ਦੀ ਗੱਲ ਵੀ ਕਰਦੇ ਸਨ ਪਰ ਸਪਸ਼ਟ ਕਿਤੇ ਵੀ ਨਹੀਂ ਸਨ ਕਿ ਸਟੇਟ ਅੰਦਰ ਸਟੇਟ ਕਿਵੇਂ ਬਣੇ? ਉਹ ਭਾਰਤ ਦੇ ਹਿੰਦੂ ਸਨਾਤਨੀ ਵਿਰਸੇ ਦੇ ਵੀ ਬਹੁਤ ਕਾਇਲ ਸਨ, ਇਸੇ ਕਰਕੇ ਭਾਰਤ ਤੋਂ ਵੱਖ ਹੋ ਕੇ ਵੱਖਰੀ ਸਿੱਖ ਸਟੇਟ ਦੇ ਵੀ ਹੱਕ ਵਿਚ ਨਹੀਂ ਸਨ। ਜਿਸ ਤਰ੍ਹਾਂ ਸਿਰਦਾਰ ਸਾਹਿਬ ਸਪਸ਼ਟ ਨਹੀਂ ਸਨ, ਉਸੇ ਤਰ੍ਹਾਂ ਉਨ੍ਹਾਂ ਦੇ ਅਜੋਕੇ ਵਾਰਿਸ ਗੁਰਤੇਜ ਸਿੰਘ, ਅਜਮੇਰ ਸਿੰਘ ਵਰਗੇ ਵਿਦਵਾਨ ਵੀ ਨਹੀਂ ਹਨ।

ਸ. ਅਜਮੇਰ ਸਿੰਘ ਆਪਣੀ ਇਸੇ ਕਿਤਾਬ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਦੇ ਪੰਨਾ 80 'ਤੇ ਲਿਖਦੇ ਹਨ ਕਿ ਜਿਸ ਤਰ੍ਹਾਂ 1948 ਵਿਚ ਕੁਝ ਵੱਡੀਆਂ ਤਾਕਤਾਂ ਨੇ ਯਹੂਦੀਆਂ ਲਈ ਵੱਖਰੀ ਸਟੇਟ ਇਜ਼ਰਾਈਲ ਬਣਾਈ ਸੀ, ਭਾਵੇਂ ਉਸ ਖਿੱਤੇ ਵਿਚ ਯਹੂਦੀਆਂ ਦੀ ਆਬਾਦੀ ਮਹਿਜ 6% ਸੀ। ਸਿੱਖ ਲੀਡਰਾਂ ਨੂੰ ਵੀ ਉਸੇ ਤਰਜ਼ 'ਤੇ ਪੰਜਾਬ ਵਿਚ ਸਿੱਖਾਂ ਦੀ ਘੱਟ-ਗਿਣਤੀ ਹੋਣ ਦੇ ਬਾਵਜੂਦ ਆਪਣੀ 'ਸਿੱਖ ਸਟੇਟ' ਦੀ ਮੰਗ ਰੱਖਣੀ ਚਾਹੀਦੀ ਸੀ। ਪਰ ਕੀ ਅਜਮੇਰ ਸਿੰਘ ਜੀ ਨੂੰ ਪਤਾ ਨਹੀਂ ਕਿ ਇਜ਼ਰਾਈਲ ਦੇਸ਼ ਕਿਨ੍ਹਾਂ ਹਾਲਾਤ ਵਿਚ ਤੇ ਕਿਹੜੇ ਮੰਤਵਾਂ ਲਈ ਵੱਡੀਆਂ ਪੱਛਮੀ ਤਾਕਤਾਂ ਨੇ ਬਣਾਇਆ ਸੀ? ਅੱਜ ਸਾਰੀ ਦੁਨੀਆ ਜਾਣਦੀ ਹੈ ਕਿ ਪੱਛਮੀ ਤਾਕਤਾਂ ਨੇ ਅਰਬ ਦੇਸ਼ਾਂ ਵਿਚ ਯਹੂਦੀ ਦੇਸ਼ ਬਣਾ ਕੇ ਸੇਹ ਦਾ ਅਜਿਹਾ ਤੱਕਲਾ ਗੱਡਿਆ ਸੀ ਜੋ ਸਦੀਆਂ ਤੱਕ ਸਾਰੀ ਦੁਨੀਆ ਦੇ ਚੁੱਭਦਾ ਰਹੇਗਾ। ਮੁਸਲਿਮ ਦੇਸ਼ਾਂ ਨੇ ਇਸ ਨੂੰ ਕਦੇ ਮਾਨਤਾ ਨਹੀਂ ਦੇਣੀ ਤੇ ਕਿਸੇ ਸਮੇਂ ਇਸ ਖਿੱਤੇ ਦਾ ਵਿਵਾਦ ਦੁਨੀਆ ਦੇ ਵਿਨਾਸ਼ ਦਾ ਕਾਰਨ ਬਣ ਸਕਦਾ ਹੈ। ਇਹ ਵੀ ਵਰਨਣਯੋਗ ਹੈ ਕਿ ਇਸਾਈ (ਸੇਂਟ ਪਾਲ ਮੌਕੇ) ਆਪਣੇ ਜਨਮ ਤੋਂ ਹੀ ਪਿਛਲੇ 2 ਹਜ਼ਾਰ ਸਾਲਾਂ ਤੋਂ ਲਗਾਤਾਰ ਯਹੂਦੀਆਂ 'ਤੇ ਜ਼ੁਲਮ ਕਰਦੇ ਰਹੇ ਸਨ, ਇਹ ਜ਼ੁਲਮ ਦੂਜੀ ਸੰਸਾਰ ਜੰਗ ਤੋਂ ਬਾਅਦ ਜਾ ਕੇ ਰੁਕੇ ਸਨ। 14-15ਵੀਂ ਸਦੀ ਵਿਚ ਯੂਰਪ ਦੀ ਅੱਧੀ ਵਸੋਂ ਮਹਾਂਮਾਰੀ ਨਾਲ ਮਾਰੀ ਗਈ ਸੀ, ਇਸਾਈਆਂ ਨੇ 'ਯਹੂਦੀ ਪਲੇਗ ਦੇ ਪਿਸੂ ਹਨ' ਕਹਿ ਕੇ ਪਲੇਗ ਦਾ ਸਾਰਾ ਭਾਂਡਾ ਯਹੂਦੀਆਂ ਸਿਰ ਭੰਨਿਆ ਕਿ ਇਨ੍ਹਾਂ ਕਰਕੇ ਮਹਾਂਮਾਰੀ ਫੈਲੀ ਹੈ, ਲੱਖਾਂ ਯਹੂਦੀ ਸਾਰੇ ਯੂਰਪ ਵਿਚੋਂ ਲੱਭ-ਲੱਭ ਕੇ ਮਾਰੇ ਗਏ ਸਨ। ਪਿਛਲੀ ਸਦੀ ਵਿਚ ਕਿਵੇਂ ਹਿਟਲਰਸ਼ਾਹੀ ਨੇ 60 ਲੱਖ ਯਹੂਦੀ ਬਿਨਾ ਕਿਸੇ ਭੜਕਾਹਟ ਮਾਰੇ ਸਨ, ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਇਸ ਦੇ ਮੁਕਾਬਲੇ ਜਿਸ ਤਰ੍ਹਾਂ ਅੱਜ ਦੇ ਵਿਦਵਾਨ ਹਿੰਦੂਆਂ-ਸਿੱਖਾਂ ਦੀ ਦੁਸ਼ਮਣੀ ਪੇਸ਼ ਕਰਦੇ ਹਨ, ਕਦੇ ਇਤਿਹਾਸ ਵਿਚ ਹਿੰਦੂਆਂ ਨੇ ਸਿੱਖਾਂ ਨਾਲ ਅਜਿਹੀ ਦੁਸ਼ਮਣੀ ਕੀਤੀ ਹੀ ਨਹੀਂ ਸਗੋਂ ਇਤਿਹਾਸ ਅਨੁਸਾਰ 18ਵੀਂ ਸਦੀ ਵਿਚ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ ਤਾਂ ਹਿੰਦੂਆਂ ਦੇ ਮੁੰਡੇ ਸਿੰਘ ਸਜ ਕੇ ਸਿੱਖੀ ਲਹਿਰ ਦਾ ਹਿੱਸਾ ਬਣ ਜਾਂਦੇ ਸਨ। ਸਵਾਮੀ ਦਇਆ ਨੰਦ ਅਤੇ ਹੋਰ ਸਿਰਫਿਰੇ ਵਿਦਵਾਨਾਂ ਦੀਆਂ ਸਿੱਖ ਧਰਮ ਬਾਰੇ ਕੁਝ ਟਿੱਪਣੀਆਂ ਤੋਂ ਬਿਨਾ ਤੋਂ ਕਿਸੇ ਵੀ ਵੱਡੇ ਹਿੰਦੂ ਵਿਦਵਾਨ ਨੇ ਸਿੱਖ ਧਰਮ ਬਾਰੇ ਸ਼ਾਇਦ ਹੀ ਕੁਝ ਗਲਤ ਲਿਖਿਆ ਹੋਵੇ। ਜੇ ਸਵਾਮੀ ਦਇਆ ਨੰਦ ਦੇ 'ਸਤਿਆਰਥ ਪ੍ਰਕਾਸ਼' ਗ੍ਰੰਥ ਨੂੰ ਪੜ੍ਹੋ ਤਾਂ ਉਸ ਵਿਚ ਅੱਧਾ ਗ੍ਰੰਥ ਤਾਂ ਇਸ ਤੋਂ ਵੀ ਵੱਧ ਤਿੱਖੀਆਂ ਟਿੱਪਣੀਆਂ ਹਨ ਜੋ ਸਨਾਤਨ ਹਿੰਦੂ ਧਰਮ, ਇਸਾਈਅਤ ਤੇ ਇਸਲਾਮ ਬਾਰੇ ਹਨ। ਇਸ ਦੇ ਉਲਟ ਇਸਾਈ ਧਰਮਾਂ ਵਿਚ ਸੇਂਟ ਪਾਲ, ਮਾਰਟਿਨ ਲੂਥਰ ਤੋਂ ਲੈ ਕੇ ਕੋਈ ਵੀ ਵੱਡਾ ਚਿੰਤਕ ਅਜਿਹਾ ਨਹੀਂ ਹੋਇਆ ਜਿਸ ਨੇ ਯਹੂਦੀਆਂ ਬਾਰੇ ਬੇਸਿਰ-ਪੈਰ, ਉਟ-ਪਟਾਂਗ ਨਾ ਲਿਖਿਆ ਹੋਵੇ। 'ਵੱਖਰੇ ਸਿੱਖ ਹੋਮਲੈਂਡ' ਦੇ ਵਾਰਿਸਾਂ ਨੂੰ ਸਾਡਾ ਸਵਾਲ ਹੈ ਕਿ ਜੇ ਖਾਲਿਸਤਾਨ ਇਜ਼ਰਾਈਲ ਦੀ ਤਰਜ਼ 'ਤੇ ਵੱਡੀਆਂ ਤਾਕਤਾਂ ਰਾਹੀਂ ਬਣ ਵੀ ਜਾਵੇ ਤਾਂ ਇਸ ਨਾਲ ਸਿੱਖਾਂ ਜਾਂ ਸਰਬੱਤ ਦਾ ਭਲਾ ਕਿੰਨਾ ਕੁ ਹੋ ਸਕਦਾ ਹੈ? ਇਨ੍ਹਾਂ ਵਿਦਵਾਨਾਂ ਦੀਆਂ ਆਪਣੀਆਂ ਲਿਖਤਾਂ ਅਨੁਸਾਰ ਹੀ ਹਿੰਦੂ ਤੇ ਮੁਸਲਿਮ ਲੀਡਰ ਆਪੋ-ਆਪਣੇ ਹਿੱਤਾਂ ਅਨੁਸਾਰ ਵੱਡੇ-ਵੱਡੇ ਵਾਅਦੇ ਕਰਕੇ ਸਿੱਖਾਂ ਨੂੰ ਆਪਣੇ ਨਾਲ ਰੱਖਣਾ ਚਾਹੁੰਦੇ ਸਨ, ਜ਼ੁਲਮ ਕਰਨੇ ਤਾਂ ਬਹੁਤ ਦੂਰ ਦੀ ਗੱਲ ਹੈ? ਸਾਡੇ ਸਤਿਕਾਰਯੋਗ ਵਿਦਵਾਨ ਦੋ ਧਰਮ ਆਧਾਰਿਤ ਬਣੀਆਂ ਸਟੇਟਾਂ ਵਿਚ ਇੱਕ ਹੋਰ ਧਰਮ ਆਧਾਰਿਤ ਸਟੇਟ ਬਣਾ ਕੇ ਕੀ ਹਾਸਿਲ ਕਰਨਾ ਚਾਹੁੰਦੇ ਹਨ?

ਇੱਕ ਹੋਰ ਆਮ ਪ੍ਰਚਲਤ ਧਾਰਨਾ ਹੈ ਕਿ ਅੰਗਰੇਜ਼ ਸਿੱਖਾਂ ਨੂੰ 'ਵੱਖਰਾ ਰਾਜ' ਦੇਣਾ ਚਾਹੁੰਦੇ ਸਨ ਪਰ ਸਿੱਖ ਨੁਮਾਇੰਦੇ ਸ. ਬਲਦੇਵ ਸਿੰਘ ਨੇ ਨਹਿਰੂ ਨੂੰ ਦੱਸ ਦਿੱਤਾ ਜਿਸ ਕਾਰਨ ਇਹ ਸਕੀਮ ਸਿਰੇ ਨਾ ਚੜ੍ਹੀ। ਇਸ ਸਬੰਧੀ ਸਿਰਦਾਰ ਕਪੂਰ ਸਿੰਘ ਆਪਣੀ ਕਿਤਾਬ 'ਸਾਚੀ ਸਾਖੀ' ਦੇ ਪੰਨਾ 113-114 ਅਤੇ 1960 ਵਿਚ ਸ. ਬਲਦੇਵ ਸਿੰਘ ਨਾਲ ਹੋਈ ਪ੍ਰਾਈਵੇਟ ਗੱਲਬਾਤ ਦੇ ਆਧਾਰ 'ਤੇ ਲਿਖਦੇ ਹਨ ਕਿ 2 ਦਸੰਬਰ 1946 ਨੂੰ ਮੁਹੰਮਦ ਅਲੀ ਜਿਨਾਹ, ਲਿਆਕਤ ਅਲੀ ਖਾਨ, ਪੰਡਤ ਜਵਾਹਰ ਲਾਲ ਨਹਿਰੂ, ਸ. ਬਲਦੇਵ ਸਿੰਘ ਤੇ ਵਾਇਸਰਾਏ ਆਫ ਇੰਡੀਆ ਲੰਡਨ ਗਏ ਜਿਥੇ ਚਾਰ ਦਿਨ ਗੱਲਬਾਤ ਚੱਲਦੀ ਰਹੀ। ਇਸ ਦਾ ਮੁੱਖ ਮੁੱਦਾ ਇਹ ਸੀ ਕਿ ਹਿੰਦੂ-ਮੁਸਲਿਮ ਲੀਡਰਸ਼ਿਪ ਦੇਸ਼ ਦਾ ਬਟਵਾਰਾ ਨਾ ਕਰੇ ਅਤੇ ਕਿਸੇ ਸਮਝੌਤੇ 'ਤੇ ਪਹੁੰਚ ਜਾਣ। ਹੁਣ ਤੱਕ ਦੇਸ਼ ਬਟਵਾਰੇ ਬਾਰੇ ਛਪੀਆਂ ਸੈਂਕੜੇ ਕਿਤਾਬਾਂ ਅਤੇ ਬ੍ਰਿਟਿਸ਼ ਸਰਕਾਰ ਵਲੋਂ ਜਾਰੀ ਸਰਕਾਰੀ ਦਸਤਾਵੇਜ਼ਾਂ ਅਨੁਸਾਰ ਅੰਗਰੇਜ਼ ਕਿਸੇ ਵੀ ਹਾਲਤ ਵਿਚ ਬਟਵਾਰਾ ਨਹੀਂ ਕਰਨਾ ਚਾਹੁੰਦੇ ਸਨ ਪਰ ਕਾਂਗਰਸ ਅਤੇ ਮੁਸਲਿਮ ਲੀਗ ਵਿਚ ਮੱਤਭੇਦ ਇਤਨੇ ਵਧ ਚੁੱਕੇ ਸਨ ਕਿ ਬਟਵਾਰਾ ਰੁਕ ਨਹੀਂ ਸਕਦਾ ਸੀ; ਬੇਸ਼ਕ ਬਾਅਦ ਵਿਚ ਪੰਜਾਬ ਤੇ ਬੰਗਾਲ ਵਿਚ ਜੋ ਕਤਲੇਆਮ ਹੋਇਆ, ਉਸ ਬਾਰੇ ਕਿਸੇ ਨੇ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ? ਸਿਰਦਾਰ ਕਪੂਰ ਸਿੰਘ ਲਿਖਦੇ ਹਨ ਕਿ 6 ਦਸੰਬਰ 1946 ਦੀ ਸ਼ਾਮ ਨੂੰ ਬ੍ਰਿਟਿਸ਼ ਸਰਕਾਰ ਦੇ ਬਹੁਤ ਵੱਡੇ ਤੇ ਬਾਰਸੂਖ ਮੁਦੱਬਰ ਲੀਡਰ ਵਿੰਸਟਨ ਚਰਚਿਲ ਦਾ ਬਲਦੇਵ ਸਿੰਘ ਨੂੰ ਸੁਨੇਹਾ ਆਇਆ ਸੀ ਕਿ ਨਹਿਰੂ ਨੂੰ ਵਾਪਿਸ ਹਿੰਦੁਸਤਾਨ ਚਲੇ ਜਾਣ ਦਿਉ, ਤੇ ਸਿੱਖਾਂ ਦਾ ਨੁਮਾਇੰਦਾ ਦੋ ਦਿਨ ਹੋਰ ਲੰਡਨ ਅਟਕ ਜਾਵੇ ਤਾਂ ਮੁਸਲਿਮ ਲੀਗ ਤੇ ਅੰਗਰੇਜ਼ਾਂ ਦੇ ਮਸ਼ਵਰੇ ਨਾਲ ਕੋਈ ਅਜਿਹਾ ਰਾਜਸੀ ਬਾਨ੍ਹਣੂ ਬੰਨ੍ਹਿਆ ਜਾ ਸਕੇ ਜਿਸ ਨਾਲ ਸਿੱਖ ਹਿੰਦੁਸਤਾਨ ਦੇ ਰਾਜਸੀ ਖੇਤਰ ਵਿਚ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਵਿਸ਼ਵ ਇਤਿਹਾਸ ਵਿਚ ਆਪਣਾ ਕਿਰਦਾਰ ਨਿਭਾਅ ਸਕਣ। ਬਲਦੇਵ ਸਿੰਘ ਨੇ ਇਹ ਖੁਫੀਆ ਤੇ ਜ਼ਾਤੀ ਸੁਨੇਹਾ ਝੱਟ ਨਹਿਰੂ ਦੇ ਕੰਨੀਂ ਪਾ ਦਿੱਤਾ ਜਿਸ ਕਰਕੇ ਉਨ੍ਹਾਂ ਇਹ ਅਖਬਾਰੀ ਬਿਆਨ ਤਿਆਰ ਕਰਵਾ ਕੇ ਬਲਦੇਵ ਸਿੰਘ ਵਲੋਂ ਦਿਵਾਇਆ: 'ਸਿੱਖਾਂ ਦੀ ਕੋਈ ਮੰਗ ਨਹੀਂ, ਜੋ ਉਹ ਅੰਗਰੇਜ਼ਾਂ ਤੋਂ ਲੈਣੀ ਚਾਹੁੰਦੇ ਹਨ। ਉਹ ਆਪਣਾ ਫੈਸਲਾ ਸਿੱਧਾ ਕਾਂਗਰਸ ਨਾਲ ਆਪ ਕਰ ਲੈਣਗੇ। ਸਿੱਖਾਂ ਦੀ ਇਕੋ-ਇੱਕ ਮੰਗ ਹੈ ਕਿ ਅੰਗਰੇਜ਼ ਹਿੰਦੁਸਤਾਨ ਖਾਲੀ ਕਰ ਜਾਣ।' ਵੈਸੇ ਤਾਂ ਇਸ ਸਾਰੀ ਨਿੱਜੀ ਗੱਲਬਾਤ ਦਾ ਕਪੂਰ ਸਿੰਘ ਕੋਈ ਠੋਸ ਪ੍ਰਮਾਣ ਪੇਸ਼ ਨਹੀਂ ਕੀਤਾ ਅਤੇ ਬਲਦੇਵ ਸਿੰਘ ਵੀ 1961 ਤੱਕ ਜ਼ਿੰਦਾ ਰਹੇ, ਨਾ ਹੀ ਉਨ੍ਹਾਂ ਕਿਤੇ ਇਸ ਬਾਰੇ ਕੋਈ ਜ਼ਿਕਰ ਕੀਤਾ ਹੈ ਪਰ ਜੇ ਇਸ ਨੂੰ ਸੱਚ ਵੀ ਮੰਨ ਲਿਆ ਜਾਵੇ ਤਾਂ ਕੁਝ ਗੱਲਾਂ ਸਪਸ਼ਟ ਹਨ ਕਿ ਇਹ ਮੀਟਿੰਗ ਦੇਸ਼ ਦਾ ਬਟਵਾਰਾ ਕਰਕੇ ਭਾਰਤ ਅਤੇ ਪਾਕਿਸਤਾਨ ਬਣਾਉਣ ਲਈ ਨਹੀਂ ਸੀ ਜਿਥੇ ਸਿੱਖਾਂ ਨੂੰ ਵੱਖਰੇ ਦੇਸ਼ ਦੀ ਪੇਸ਼ਕਸ਼ ਹੋਣੀ ਸੀ ਸਗੋਂ ਕੈਬਿਨਟ ਮਿਸ਼ਨ ਦੀਆਂ ਤਜਵੀਜ਼ਾਂ ਨੂੰ ਸਿਰੇ ਚਾੜ੍ਹਨ ਦੀ ਆਖਰੀ ਕੋਸ਼ਿਸ਼ ਸੀ ਤਾਂ ਕਿ ਕਿਸੇ ਢੰਗ ਨਾਲ ਭਾਰਤ ਦਾ ਬਟਵਾਰਾ ਰੁਕ ਸਕੇ। ਇਸ ਕਰਕੇ ਇਥੇ ਕਿਸੇ ਵੱਖਰੇ ਖਾਲਿਸਤਾਨ ਦੀ ਗੱਲ ਬਾਰੇ ਸੋਚਣਾ ਹੀ ਮੂਰਖਤਾ ਤੋਂ ਵੱਧ ਕੁਝ ਨਹੀਂ। ਬਲਦੇਵ ਸਿੰਘ ਕਾਂਗਰਸ ਵਲੋਂ ਸਿੱਖ ਨੁਮਾਇੰਦੇ ਦੇ ਤੌਰ 'ਤੇ ਲਿਜਾਏ ਗਏ ਸਨ, ਨਾ ਕਿ ਸਿੱਖਾਂ ਨੂੰ ਵੱਖਰੀ ਕੌਮ ਮੰਨ ਕੇ ਨਹਿਰੂ ਨਾਲ ਲੈ ਕੇ ਗਿਆ ਸੀ। ਇਹ ਵੀ ਵਰਨਣਯੋਗ ਹੈ ਕਿ ਕੰਜ਼ਰਵੇਟਿਵ ਲੀਡਰ ਵਿੰਸਟਨ ਚਰਚਿਲ 1940 ਤੋਂ 1945 ਤੱਕ ਦੂਜੇ ਸੰਸਾਰ ਜੰਗ ਦੌਰਾਨ ਬਰਤਾਨੀਆ ਦਾ ਪ੍ਰਧਾਨ ਮੰਤਰੀ ਸੀ ਪਰ 1945 ਦੀਆਂ ਚੋਣਾਂ ਵਿਚ ਉਸ ਦੀ ਪਾਰਟੀ ਬੁਰੀ ਤਰ੍ਹਾਂ ਹਾਰ ਗਈ ਸੀ ਤੇ ਜਿਸ ਵਕਤ ਦੀ ਗੱਲ ਸਿਰਦਾਰ ਕਪੂਰ ਸਿੰਘ ਕਰ ਰਹੇ ਸਨ, ਉਸ ਵਕਤ ਇੰਗਲੈਂਡ ਵਿਚ ਚਰਚਿਲ ਦੀ ਕੋਈ ਵੁੱਕਤ ਨਹੀਂ ਸੀ। ਇਹ ਕਹਿਣਾ ਕਿ ਉਸ ਨੇ ਬਲਦੇਵ ਸਿੰਘ ਨੂੰ 'ਖਾਲਿਸਤਾਨ' ਦੇ ਕਿਸੇ ਅਖੌਤੀ ਪ੍ਰਸਤਾਵ ਲਈ ਦੋ ਦਿਨ ਰੁਕਣ ਵਾਸਤੇ ਕਿਹਾ ਸੀ, ਦਾ ਕੋਈ ਮਤਲਬ ਨਹੀਂ ਬਣਦਾ। ਜੇ ਉਨ੍ਹਾਂ ਹਾਲਾਤ ਵਿਚ ਸਿੱਖਾਂ ਦਾ ਪੱਖ ਜਾਣਨਾ ਹੋਵੇ ਤਾਂ ਡਾ. ਸੰਗਤ ਸਿੰਘ ਦੀ ਕਿਤਾਬ 'ਇਤਿਹਾਸ 'ਚ ਸਿੱਖ' ਵਿਚੋਂ ਬਹੁਤ ਵਿਸਥਾਰ ਮਿਲਦਾ ਹੈ। ਇਸ ਵਿਚੋਂ ਕਿਤੇ ਵੀ ਅਜਿਹਾ ਕੋਈ ਵਾਕਿਆ ਨਹੀਂ ਮਿਲਦਾ ਜਿਥੇ ਕਿਤੇ ਸਿੱਖਾਂ ਨੇ ਭਾਰਤ ਤੋਂ ਵੱਖ ਹੋਣ ਬਾਰੇ ਕੋਈ ਪੱਖ ਰੱਖਿਆ ਹੋਵੇ। ਇਸ ਸਬੰਧੀ ਇੱਕ ਹੋਰ ਮਹੱਤਵਪੂਰਨ ਜਾਣਕਾਰੀ ਡਾ. ਸੰਗਤ ਸਿੰਘ ਆਪਣੀ ਇਸੇ ਕਿਤਾਬ 'ਇਤਿਹਾਸ 'ਚ ਸਿੱਖ' ਦੇ ਪੰਨਾ 271 'ਤੇ ਦਿੰਦੇ ਹਨ ਕਿ 20 ਦਸੰਬਰ 1947 ਨੂੰ ਪੰਜਾਬ ਉਸਾਰੀ ਕਮੇਟੀ ਦੇ ਡੈਲੀਗੇਸ਼ਨ ਨੇ ਨਹਿਰੂ ਨੂੰ ਸੁਝਾਅ ਦਿੱਤਾ ਕਿ ਸਿੱਖਾਂ ਨੂੰ ਸਪਸ਼ਟ ਪੁੱਛਿਆ ਜਾਵੇ ਕਿ ਜੇ ਉਹ ਕੋਈ ਸਿੱਖ ਬਹੁ-ਗਿਣਤੀ ਵਾਲਾ ਸੂਬਾ ਚਾਹੁੰਦੇ ਹਨ ਤਾਂ ਪਾਕਿਸਤਾਨ ਤੋਂ ਸ਼ਰਨਾਰਥੀ ਬਣ ਕੇ ਆ ਰਹੇ ਸਿੱਖਾਂ ਨੂੰ ਇਸ ਢੰਗ ਨਾਲ ਵਸਾਇਆ ਜਾਵੇ ਕਿ ਸਿੱਖ ਇੱਕ ਜਗ੍ਹਾ ਬਹੁ-ਗਿਣਤੀ ਹੋ ਜਾਣ। ਜਵਾਬ ਵਿਚ ਨਹਿਰੂ ਨੇ ਦੱਸਿਆ ਕਿ ਇਸ ਸਬੰਧੀ ਉਸ ਨੇ ਮਾਸਟਰ ਤਾਰਾ ਸਿੰਘ ਨਾਲ ਗੱਲ ਕੀਤੀ ਸੀ ਕਿ ਤੁਹਾਡੇ ਲੋਕ (ਸਿੱਖ) 'ਵੱਖਰਾ ਸਿੱਖ ਹੋਮਲੈਂਡ' (ਖਾਲਿਸਤਾਨ) ਚਾਹੁੰਦੇ ਹਨ? ਇਸ 'ਤੇ ਮਾਸਟਰ ਤਾਰਾ ਸਿੰਘ ਨੇ ਕਿਹਾ ਸੀ ਕਿ ਸਿੱਖ 'ਖਾਲਿਸਤਾਨ' ਦੇ ਕਿਸੇ ਵੀ ਵਿਚਾਰ ਦੇ ਖਿਲਾਫ ਹਨ। ਸਿੱਖ ਦੇਸ਼ ਦਾ ਛੋਟਾ ਜਿਹਾ ਭਾਈਚਾਰਾ ਹੋਣ ਕਰਕੇ ਉਨ੍ਹਾਂ (ਹਿੰਦੂਆਂ) ਨਾਲ ਕੋਈ ਝਗੜਾ ਮੁੱਲ ਨਹੀਂ ਲੈਣਾ ਚਾਹੁੰਦੇ, ਉਹ ਭਾਰਤ ਦੇ ਸ਼ਹਿਰੀ ਬਣ ਕੇ ਰਹਿਣਾ ਚਾਹੁੰਦੇ ਹਨ ਅਤੇ ਪੂਰਨ ਬਰਾਬਰੀ ਦੇ ਤੌਰ 'ਤੇ ਹਿੰਦੂਆਂ ਨਾਲ ਭਰਾਵਾਂ ਵਾਂਗ ਰਹਿਣਾ ਚਾਹੁੰਦੇ ਹਨ। ਅਸਲ ਵਿਚ ਨਹਿਰੂ ਸਮੇਤ ਭਾਰਤੀ ਨੇਤਾਵਾਂ ਨੇ ਅਨੇਕਾਂ ਗਲਤੀਆਂ ਕੀਤੀਆਂ ਹਨ, ਕੀ ਅਜਿਹੀਆਂ ਗਲਤੀਆਂ ਹੋਰ ਦੇਸ਼ਾਂ ਪਾਕਿਸਤਾਨ, ਸ੍ਰੀਲੰਕਾ, ਬਰਮਾ (ਮਿਆਂਮਾਰ) ਨੇ ਨਹੀਂ ਕੀਤੀਆਂ? ਬਰਮਾ ਅਤੇ ਸ੍ਰੀਲੰਕਾ ਵਿਚ ਕਤਲੇਆਮ ਕਿਉਂ ਹੋ ਰਹੇ ਹਨ? ਸਮਝਣ ਵਾਲੀ ਗੱਲ ਹੈ, ਭਾਰਤੀ ਆਗੂਆਂ ਲਈ ਬਟਵਾਰੇ ਦਾ ਮੰਜ਼ਰ ਖੂੰਖਾਰ ਸੀ, ਉਨ੍ਹਾਂ ਨੂੰ ਕ੍ਰਿਪਸ ਮਿਸ਼ਨ ਦੀ 1942 ਵਿਚ ਆਮਦ ਤੋਂ ਲੈ ਕੇ 1946 ਵਿਚ ਕੈਬਿਨਟ ਮਿਸ਼ਨ ਦੇ ਆਉਣ ਤੱਕ ਪੰਜ ਸਾਲਾਂ ਵਿਚ ਮੁਸਲਿਮ ਲੀਗ ਅਤੇ ਮੁਹੰਮਦ ਅਲੀ ਜਿਨਾਹ ਦੀ ਧਰਮ ਆਧਾਰਿਤ ਸਿਆਸਤ ਨੇ ਇਤਨਾ ਅਕਾ ਤੇ ਥਕਾ ਦਿੱਤਾ ਸੀ ਕਿ ਉਹ ਬੋਲੀ ਜਾਂ ਖਿੱਤੇ ਜਾਂ ਧਰਮ ਦੇ ਆਧਾਰ 'ਤੇ ਕਿਸੇ ਵੀ ਮੰਗ ਤੋਂ ਇਨਕਾਰੀ ਹੋ ਗਏ ਸਨ ਅਤੇ ਆਪਣੇ ਪਹਿਲਾਂ ਕੀਤੇ ਵਾਅਦਿਆਂ ਤੋਂ ਭੱਜ ਰਹੇ ਸਨ। ਉਧਰ ਪੰਜਾਬ ਦੇ ਹਿੰਦੂਆਂ ਨੂੰ ਵੀ ਇੱਕ ਹੋਰ ਬਟਵਾਰੇ ਦਾ ਡਰ ਸਤਾ ਰਿਹਾ ਸੀ, ਭਾਸ਼ਾ ਆਧਾਰ 'ਤੇ ਪੰਜਾਬੀ ਸੂਬੇ ਵਿਚੋਂ ਵੀ ਉਨ੍ਹਾਂ ਨੂੰ 'ਸਿੱਖ ਸੂਬੇ' ਦੀ ਹੀ ਗੰਧ ਆ ਰਹੀ ਸੀ, ਸ਼ਾਇਦ ਇਸੇ ਕਰਕੇ ਉਨ੍ਹਾਂ ਪੰਜਾਬੀ ਮਾਂ ਭਾਸ਼ਾ ਤੋਂ ਇਨਕਾਰ ਕੀਤਾ ਹੋਵੇ? ਪਰ ਅਸੀਂ ਹਰ ਗੱਲ ਨੂੰ ਸਾਜ਼ਿਸ਼ ਬਣਾ ਕੇ ਮਿਥਾਂ ਸਿਰਜ ਦਿੰਦੇ ਹਾਂ ਤੇ ਫਿਰ ਕਿਸੇ ਨੂੰ ਕੁਝ ਕਹਿਣ ਦੀ ਇਜਾਜ਼ਤ ਨਹੀਂ ਦਿੰਦੇ ਤੇ ਗੱਦਾਰੀ ਦੀ ਸਟੈਂਪ ਜੇਬ ਵਿਚ ਹੀ ਰੱਖਦੇ ਹਾਂ।



ਸਿਰਦਾਰ ਕਪੂਰ ਸਿੰਘ



ਮਾਸਟਰ ਤਾਰਾ ਸਿੰਘ

ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਹਾਸ਼ਾ ਪ੍ਰੈਸ ਨੇ ਵੀ ਉਨ੍ਹਾਂ ਸਮਿਆਂ ਵਿਚ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਸੀ। 1947 ਦੇ ਜ਼ਖਮ ਸਭ ਲਈ ਉਸ ਸਮੇਂ ਬੜੇ ਅੱਲੇ ਸਨ, ਕੋਈ ਵੀ ਹੋਰ ਖੂਨ-ਖਰਾਬਾ ਜਾਂ ਬਟਵਾਰਾ ਨਹੀਂ ਚਾਹੁੰਦਾ ਸੀ, ਫਿਰ ਵੀ ਜੇ ਪੰਜਾਬੀ ਸੂਬਾ ਬਿਨਾ ਕਿਸੇ ਦੇਰੀ ਦੇ ਬਣਾ ਦਿੱਤਾ ਜਾਂਦਾ ਤਾਂ ਪਿਛਲੀ ਸਦੀ ਦੇ ਆਖਰੀ ਦੋ ਦਹਾਕਿਆਂ ਵਿਚ ਪੰਜਾਬ ਦੀ ਜੋ ਤਬਾਹੀ ਹੋਈ, ਸ਼ਾਇਦ ਬਚ ਜਾਂਦੀ।

ਜਦੋਂ ਸਿੱਖਾਂ ਦੀ ਬਹੁ-ਸੰਮਤੀ 1947 ਵਿਚ ਭਾਰਤ ਨਾਲ ਰਹਿਣ ਲੱਗ ਪਈ ਸੀ ਤਾਂ ਕਾਂਗਰਸ ਦੀ ਲੀਡਰਸ਼ਿਪ ਵਲੋਂ 20ਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਐਲਾਨੇ ਪ੍ਰੋਗਰਾਮ ਅਨੁਸਾਰ ਸੂਬਿਆਂ ਦੀ ਭਾਸ਼ਾ ਦੇ ਆਧਾਰ 'ਤੇ ਵੰਡ ਕਰਨੀ ਸੀ ਤਾਂ ਸਿੱਖਾਂ ਦੀ ਮੰਗ ਅਨੁਸਾਰ ਪੰਜਾਬ ਨੂੰ ਵੀ ਭਾਸ਼ਾ ਦੇ ਆਧਾਰ 'ਤੇ ਸ਼ੁਰੂ ਵਿਚ ਹੀ ਵੰਡ ਦਿੱਤਾ ਜਾਣਾ ਚਾਹੀਦਾ ਸੀ; ਇਸ ਲਈ ਦੇਰੀ ਨੇ ਵੀ ਸਿੱਖਾਂ ਵਿਚ ਭਾਰਤੀ ਸਟੇਟ ਪ੍ਰਤੀ ਬੇਗਾਨਗੀ ਦਾ ਅਹਿਸਾਸ ਪੈਦਾ ਕੀਤਾ ਪਰ ਇਸ ਨੂੰ ਜਿਸ ਤਰ੍ਹਾਂ ਉਸ ਵਕਤ ਜਾਂ ਅੱਜ ਵੀ ਅਜਿਹਾ ਪ੍ਰਚਾਰਿਆ ਜਾਂਦਾ ਹੈ ਕਿ ਸਾਰੇ ਭਾਰਤ ਵਿਚ ਸੂਬਿਆਂ ਦੀ ਵੰਡ ਭਾਸ਼ਾ ਦੇ ਆਧਾਰ 'ਤੇ ਕਰ ਦਿੱਤੀ ਗਈ, ਸਿਰਫ ਪੰਜਾਬ ਨਾਲ ਹੀ 'ਸਿੱਖਾਂ' ਕਰਕੇ ਵਿਤਕਰਾ ਹੋਇਆ, ਇਸ ਵਿਚਾਰ ਵਿਚ ਕੁਝ ਕੁ ਸਚਾਈ ਹੋ ਸਕਦੀ ਹੈ ਪਰ ਜਦੋਂ ਅਸੀਂ ਬਾਕੀ ਸੂਬਿਆਂ ਵੱਲ ਵੀ ਦੇਖਦੇ ਹਾਂ ਤਾਂ ਇੱਕ-ਦੋ ਨੂੰ ਛੱਡ ਕੇ ਕਿਸੇ ਨੂੰ ਪਲੇਟ 'ਚ ਰੱਖ ਕੇ ਭਾਸ਼ਾਈ ਸੂਬੇ ਨਹੀਂ ਮਿਲੇ। ਇਸ ਦੀ ਮੁੱਖ ਉਦਾਹਰਨ ਮਹਾਰਾਸ਼ਟਰ ਤੇ ਗੁਜਰਾਤ ਦੀ ਹੈ ਜਿਸ ਦੀ ਕਾਇਮੀ ਮਈ 1960 ਵਿਚ ਲੰਮੇ ਸੰਘਰਸ਼ ਤੋਂ ਬਾਅਦ ਹੋਈ। ਉਥੇ ਵੀ ਕੇਂਦਰ ਸਰਕਾਰ ਰਾਜਧਾਨੀ ਦੇ ਝਗੜੇ ਨੂੰ ਮੁੱਖ ਰੱਖ ਕੇ ਬੰਬਈ (ਮੁੰਬਈ) ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣਾ ਚਾਹੁੰਦੀ ਸੀ ਅਤੇ ਬਹੁਤ ਲੋਕ ਸੰਯੁਕਤ ਮਹਾਰਾਸ਼ਟਰ ਦੇ ਹੱਕ ਵਿਚ ਸਨ। ਉਦੋਂ ਮਹਾਰਾਸ਼ਟਰ ਤੇ ਗੁਜਰਾਤ ਨੂੰ ਇਕੱਠਾ ਰੱਖਣ ਦੇ ਅੰਦੋਲਨ ਵਿਚ 106 ਲੋਕ ਪੁਲਿਸ ਦੀ ਗੋਲੀ ਨਾਲ ਮਾਰੇ ਗਏ ਸਨ। ਕਰਨਾਟਕ 1956 ਵਿਚ ਭਾਸ਼ਾ ਆਧਾਰਿਤ ਸੂਬਾ ਬਣਿਆ। ਤੇਲੰਗਾਨਾ ਨੂੰ ਆਂਧਰਾ ਤੋਂ ਵੱਖ ਕਰਨ ਦੀ ਮੰਗ 1950 ਤੋਂ ਚੱਲ ਰਹੀ ਸੀ ਜੋ 2014 ਵਿਚ ਪੂਰੀ ਕੀਤੀ ਗਈ। ਝਾਰਖੰਡ ਤੇ ਉਤਰਾਖੰਡ ਵਾਲੇ 1955 ਤੋਂ ਬਿਹਾਰ, ਮੱਧ ਪ੍ਰਦੇਸ਼, ਉੜੀਸਾ, ਯੂ. ਪੀ. ਤੋਂ ਵੱਖ ਹੋ ਕੇ ਵੱਖਰਾ ਝਾਰਖੰਡ ਤੇ ਉਤਰਾਖੰਡ ਬਣਾਉਣ ਲਈ ਲੜ ਰਹੇ ਸਨ ਜਿਨ੍ਹਾਂ ਦੀ ਮੰਗ 2000 ਵਿਚ ਪੂਰੀ ਹੋਈ। ਇਸ ਤਰ੍ਹਾਂ ਦੀਆਂ ਹੋਰ ਕਈ ਉਦਾਹਰਨਾਂ ਹਨ ਪਰ ਇਹ ਕਹਿਣਾ ਕਿ ਅਜਿਹਾ ਸਿਰਫ ਸਿੱਖਾਂ ਨਾਲ ਹਿੰਦੂ ਸਟੇਟ ਨੇ ਕੀਤਾ, ਕੋਈ ਤੁਕ ਨਹੀਂ ਬਣਦੀ।

ਉਂਜ, ਜੇ 1966 ਵਿਚ ਭਾਸ਼ਾ ਆਧਾਰਿਤ ਸੂਬਾ ਬਣ ਗਿਆ ਤਾਂ ਕੀ ਸਿੱਖ ਖੁਸ਼ ਹੋ ਗਏ? ਕੀ ਇਸ ਨਾਲ ਉਨ੍ਹਾਂ ਦੀ ਤਸੱਲੀ ਹੋ ਗਈ? ਅਸਲ ਵਿਚ ਸਿੱਖ ਲੀਡਰਸ਼ਿਪ ਹਮੇਸ਼ਾ ਦੁਬਿਧਾ ਦਾ ਸ਼ਿਕਾਰ ਰਹੀ ਹੈ, ਕਦੇ ਵੀ ਸਪਸ਼ਟਤਾ ਨਾਲ ਆਪਣਾ ਨਿਸ਼ਾਨਾ ਨਹੀਂ ਦੱਸ ਸਕੀ? ਉਹ ਪੰਜਾਬੀ ਸੂਬੇ ਦੇ ਪਰਦੇ ਹੇਠ 'ਸਿੱਖ ਸੂਬੇ' ਦਾ ਸੁਪਨਾ ਦੇਖ ਰਹੇ ਸਨ ਜੋ ਪੂਰਾ ਨਹੀਂ ਹੋਇਆ ਪਰ ਕਦੇ ਕਹਿ ਨਹੀਂ ਸਕੇ ਕਿ ਅਸੀਂ 'ਸਿੱਖ ਸੂਬਾ' ਚਾਹੁੰਦੇ ਹਾਂ। 'ਧਰਮ ਯੁੱਧ' ਮੋਰਚੇ ਦੌਰਾਨ ਵੀ ਇਹੀ ਕੁਝ ਹੁੰਦਾ ਸੀ, ਜਦੋਂ ਸੰਤ ਭਿੰਡਰਾਂਵਾਲੇ ਖਾਲਿਸਤਾਨ ਸਬੰਧੀ ਸਵਾਲਾਂ ਦੇ ਜਵਾਬ ਵਿਚ ਕਹਿੰਦੇ ਸਨ ਕਿ ਅਸੀਂ ਮੰਗਦੇ ਨਹੀਂ, ਜੇ ਦੇ ਦੇਵੋਗੇ ਤਾਂ ਨਾਂਹ ਨਹੀਂ ਕਰਾਂਗੇ। ਫਿਰ ਕਹਿਣ ਲੱਗ ਪਏ ਕਿ ਸੰਤਾਂ ਨੇ ਕਿਹਾ ਸੀ, ਜਦੋਂ ਦਰਬਾਰ ਸਾਹਿਬ 'ਤੇ ਹਮਲਾ ਹੋਇਆ, ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ ਪਰ 26 ਜਨਵਰੀ 1986 ਦੇ ਸਰਬੱਤ ਖਾਲਸੇ ਵਿਚ ਖਾਲਿਸਤਾਨ ਦਾ ਐਲਾਨ ਕਰਨ ਲਈ ਖਾੜਕੂ ਆਪਸ ਵਿਚ ਲੜ ਰਹੇ ਸਨ। ਇਸੇ ਆਧਾਰ 'ਤੇ ਦੋ ਪੰਥਕ ਕਮੇਟੀਆਂ ਬਣੀਆਂ; ਇੱਕ ਨੇ 29 ਅਪਰੈਲ 1986 ਨੂੰ ਖਾਲਿਸਤਾਨ ਦਾ ਐਲਾਨ ਕੀਤਾ ਤੇ ਦੂਜੀ ਨੇ 7 ਅਕਤੂਬਰ 1987 ਨੂੰ ਕੀਤਾ। ਪਿਛਲੇ ਕੁਝ ਸਾਲਾਂ ਤੋਂ 'ਸਿੱਖਸ ਫਾਰ ਜਸਟਿਸ' ਵਾਲੇ 2020 ਵਿਚ ਖਾਲਿਸਤਾਨ ਬਾਰੇ ਰੈਫਰੈਂਡਮ ਕਰਾਉਣ ਦਾ ਪ੍ਰਚਾਰ ਕਰ ਰਹੇ ਸਨ ਕਿ ਕੀ ਸਿੱਖ ਖਾਲਿਸਤਾਨ ਚਾਹੁੰਦੇ ਹਨ? ਜੇ ਸਿੱਖ ਖਾਲਿਸਤਾਨ ਨਹੀਂ ਚਾਹੁੰਦੇ ਸਨ ਤਾਂ 1984-1994 ਸੰਘਰਸ਼ ਕਿਸ ਵਾਸਤੇ ਸੀ? ਇਹ ਸਵਾਲ ਤਾਂ ਪੰਥਕ ਕਮੇਟੀਆਂ ਨੂੰ ਐਲਾਨ ਕਰਨ ਤੋਂ ਪਹਿਲਾਂ ਪੁੱਛਣਾ ਬਣਦਾ ਸੀ। ਕਹਿਣ ਤੋਂ ਭਾਵ ਪਿਛਲੇ 50 ਕੁ ਸਾਲਾਂ ਵਿਚ ਕਈ ਨਾਅਰੇ ਬਦਲ ਚੁੱਕੇ ਹਨ; ਜਿਵੇਂ 'ਪੰਜਾਬੀ ਸੂਬਾ', 'ਸਿੱਖ ਸੂਬਾ', 'ਸਿੱਖ ਹੋਮਲੈਂਡ', 'ਸਿੱਖ ਰਾਜ', 'ਆਨੰਦਪੁਰ ਦਾ ਮਤਾ', 'ਰਾਜਾਂ ਨੂੰ ਵੱਧ ਅਧਿਕਾਰ ਵਾਲਾ ਫੈਡਰਲ ਢਾਂਚਾ', 'ਪੂਰਨ ਆਜ਼ਾਦੀ', 'ਅੰਮ੍ਰਿਤਸਰ ਐਲਾਨਾਮਾ' ਆਦਿ ਪਰ ਇਨ੍ਹਾਂ ਧਿਰਾਂ ਵਿਚੋਂ ਕੋਈ ਵੀ ਕਦੇ ਸਪਸ਼ਟ ਤੌਰ 'ਤੇ ਦੱਸ ਨਹੀਂ ਸਕਿਆ ਕਿ 'ਖਾਲਿਸਤਾਨ' ਜਾਂ 'ਸਿੱਖ ਹੋਮਲੈਂਡ' ਪੰਜਾਬ ਦੇ ਕਿਹੜੇ ਹਿੱਸਿਆਂ ਵਿਚ ਹੋਵੇਗਾ, ਕਿਹੋ ਜਿਹਾ ਹੋਵੇਗਾ, ਮੌਜੂਦਾ ਪੰਜਾਬ ਵਿਚ ਵਸਦੇ 65% ਹੋਰ ਲੋਕਾਂ ਦਾ ਕੀ ਬਣੇਗਾ? ਕੀ ਉਨ੍ਹਾਂ ਦੀ ਰਾਏ ਨਹੀਂ ਲਈ ਜਾਣੀ ਚਾਹੀਦੀ? ਫਿਰ 35% ਸਿੱਖਾਂ ਵਿਚੋਂ ਵੀ ਕਿੰਨੇ ਕੁ ਹਨ ਜੋ ਖਾਲਿਸਤਾਨ ਦੀ ਹਮਾਇਤ ਕਰਦੇ ਹਨ? ਦਰਿਆਈ ਪਾਣੀਆਂ ਦੇ ਮਾਹਰ ਵਿਦਵਾਨ ਪ੍ਰੋ. ਪ੍ਰੀਤਮ ਸਿੰਘ ਕੁਮੇਦਾਨ ਆਪਣੀ ਇੱਕ ਇੰਟਰਵਿਊ ਵਿਚ ਇਨ੍ਹਾਂ ਧਿਰਾਂ ਨੂੰ ਸਵਾਲ ਕਰਦੇ ਹਨ ਕਿ ਜੇ ਪੰਜਾਬ ਦੇ ਹਿੰਦੂ ਬਹੁ-ਸੰਮਤੀ ਵਾਲੇ ਜ਼ਿਲ੍ਹਿਆਂ ਨੂੰ 'ਖਾਲਿਸਤਾਨ' ਵਿਚੋਂ ਕੱਢ ਦਿੱਤਾ ਜਾਵੇ ਤਾਂ ਮੌਜੂਦਾ ਪੰਜਾਬ ਦਾ ਦਰਿਆਈ ਪਾਣੀ ਵੀ ਸਾਡੇ ਕੋਲੋਂ ਖੁੱਸ ਜਾਵੇਗਾ?

(ਬਾਕੀ ਅਗਲੇ ਸਫੇ 'ਤੇ)

**ਸਾਡਾ ਸਵਾਲ ਇਹ ਹੈ ਕਿ ਸਿੱਖੀ ਜਾਂ ਖਾਲਿਸਤਾਨ ਦੇ ਸਿਧਾਂਤਕ ਵਿਆਖਿਆਕਾਰ ਇਹ ਮਹਾਨ ਵਿਦਵਾਨ 'ਸਿੱਖ ਸਟੇਟ' ਦੀ ਮੰਗ ਰੱਖਣ ਤੋਂ ਪਹਿਲਾਂ ਇਹ ਫੈਸਲਾ ਤਾਂ ਕਰ ਲੈਣ ਕਿ 'ਸਿੱਖ ਵੱਖਰੀ ਕੌਮ ਹੈ' ਜਾਂ 'ਵੱਖਰਾ ਧਾਰਮਿਕ ਫਿਰਕਾ'? ਕੀ 'ਧਰਮ' ਨੂੰ ਆਧਾਰ ਬਣਾ ਕੇ ਕਿਸੇ ਜਨ ਸਮੂਹ ਨੂੰ ਕੌਮ ਬਣਾਇਆ ਜਾ ਸਕਦਾ ਹੈ? ਇੱਕ ਗੱਲ ਹੋਰ ਸਮਝਣ ਵਾਲੀ ਹੈ ਕਿ ਜੇ ਕਿਸੇ ਕੌਮ ਦਾ ਆਧਾਰ ਧਰਮ ਹੀ ਮੁੱਖ ਹੋਵੇ ਤਾਂ ਧਰਮ ਆਧਾਰਿਤ ਬਣਿਆ ਪਾਕਿਸਤਾਨ ਦੋ ਦਹਾਕੇ ਵੀ ਕਿਉਂ ਨਾ ਚੱਲ ਸਕਿਆ ਕਿ ਅਖੀਰ ਵੱਖਰਾ 'ਬੰਗਲਾਦੇਸ਼' ਬਣਾਉਣਾ ਪਿਆ ਅਤੇ ਹੁਣ ਪਾਕਿਸਤਾਨ ਵਿਚ ਵੱਖਰੇ 'ਬਲੋਚਿਸਤਾਨ' ਦੀ ਲੜਾਈ ਲੰਮੇ ਸਮੇਂ ਤੋਂ ਚੱਲ ਰਹੀ ਹੈ।**

# ਸਿਰਦਾਰ ਕਪੂਰ ਸਿੰਘ ਅਤੇ ਉਨ੍ਹਾਂ ਦੇ ਅਜੋਕੇ ਪੈਰੋਕਾਰ

**(ਪਿਛਲੇ ਸਫੇ ਦੀ ਬਾਕੀ)**



ਖਾਲਿਸਤਾਨ ਦਾ ਸੰਕਲਪ ਸਿਆਸੀ ਵਿਚਾਰਧਾਰਾ ਹੈ। ਜਿਹੜੇ ਲੋਕ ਖਾਲਿਸਤਾਨ ਲਈ ਲੜਨਾ ਚਾਹੁੰਦੇ ਹਨ, ਇਹ ਉਨ੍ਹਾਂ ਦਾ ਹੱਕ ਹੈ, ਇਸ ਤੋਂ ਕੋਈ ਇਨਕਾਰੀ ਨਹੀਂ ਪਰ ਕੀ ਦੂਜੇ ਲੋਕਾਂ ਨੂੰ ਇਸ ਵਿਚਾਰਧਾਰਾ ਦਾ ਵਿਰੋਧ ਕਰਨ ਦਾ ਹੱਕ ਨਹੀਂ? ਇਸ ਰਾਜਸੀ ਵਿਚਾਰਧਾਰਾ ਦਾ ਵਿਰੋਧ ਕਰਨ ਵਾਲੇ ਸਿੱਖ ਕੌਮ ਦੇ ਗਦਾਰ ਕਿਸ ਆਧਾਰ 'ਤੇ ਹੋ ਸਕਦੇ ਹਨ? ਗੁਰਦੁਆਰੇ, ਖਾਸਕਰ ਗੁਰੂਆਂ ਨਾਲ ਸਬੰਧਤ ਇਤਿਹਾਸਕ ਸਥਾਨ ਸਭ ਦੇ ਸਾਂਝੇ ਹਨ। ਇਨ੍ਹਾਂ ਵਿਚ ਸਿੱਖਾਂ ਤੋਂ ਇਲਾਵਾ ਹੋਰ ਫਿਰਕਿਆਂ ਦੇ ਲੋਕ ਵੀ ਬੜੀ ਸ਼ਰਧਾ ਨਾਲ ਜਾਂਦੇ ਹਨ, ਕੀ ਉਨ੍ਹਾਂ ਸਥਾਨਾਂ ਦੀ ਕਿਸੇ ਰਾਜਸੀ ਵਿਚਾਰਧਾਰਾ ਦੀ ਹਮਾਇਤ ਲਈ ਵਰਤੋਂ ਜਾਇਜ਼ ਹੈ? ਜਦੋਂ ਦਰਬਾਰ ਸਾਹਿਬ ਅੰਦਰ ਜੂਨ 84 ਵਿਚ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਬਾਰੇ ਗੱਲ ਚੱਲਦੀ ਹੈ ਤਾਂ ਖਾਲਿਸਤਾਨੀ ਧਿਰਾਂ ਦਰਬਾਰ ਸਾਹਿਬ ਨੂੰ ਜੰਗ ਦਾ ਮੈਦਾਨ ਬਣਾਉਣ ਨੂੰ ਜਾਇਜ਼ ਠਹਿਰਾਉਣ ਲਈ ਕਈ ਦਲੀਲਾਂ ਘੜਦੀਆਂ ਹਨ ਪਰ ਅਜਮੇਰ ਸਿੰਘ ਆਪਣੀ ਕਿਤਾਬ '1984: ਅਣਚਿਤਵਿਆ ਕਹਿਰ' ਦੇ ਚੈਪਟਰ 'ਸ੍ਰੀ ਦਰਬਾਰ ਸਾਹਿਬ ਦਾ ਨਿਆਰਾ ਮਹੱਤਵ' ਦੇ ਪੰਨਾ 32 'ਤੇ ਪ੍ਰੋ. ਪੂਰਨ ਸਿੰਘ ਦੇ ਹਵਾਲੇ ਨਾਲ ਦਰਬਾਰ ਸਾਹਿਬ ਬਾਰੇ ਇਉਂ ਲਿਖਦੇ ਹਨ, "ਇਹ ਸੱਚਖੰਡ ਦਾ ਟੁਕੜਾ ਕਲਗੀਆਂ ਵਾਲੇ ਨੇ ਆਪਣੇ ਜਾਗਦੇ ਬੱਚਿਆਂ ਲਈ ਘੱਲਿਆ ਹੈ ... ਇਹ ਸਾਡਾ ਅਟੱਲ, ਅਮਰ ਸੱਚ ਘਰ ਹੈ, ਸੱਚ ਵਤਨ ਹੈ..., ਇਹ ਗੁਰੂ ਰਾਮਦਾਸ ਜੀ ਦੀ ਦੇਹ ਹੈ। ਇਹ ਹਰਮਿੰਦਰ ਸਾਡਾ ਜੀਵਨ, ਪ੍ਰਾਣ, ਧਰਤ, ਅਕਾਸ਼, ਹੱਡੀ, ਮਾਸ, ਰੁਧਰ ਹੈ। ਇਹ ਸਾਡਾ ਦਿਲ ਹੈ, ਇਹ ਸਾਡੇ ਲੋਕ ਪ੍ਰਲੋਕ ਦੀ ਫਤਹਿ ਹੈ..., ਇਹ ਸਾਡੇ ਰੱਬ ਦਾ ਘਰ ਹੈ..., ਸਾਰੀ ਕੁਦਰਤ ਦੇ ਮੁੱਲ ਵਿਚ ਅਸੀਂ ਇਸ ਦੀ ਇੱਕ ਸ਼ਿਲਾ ਨਹੀਂ ਦੇ ਸਕਦੇ ... ਕਿਉਂਕਿ ਇੱਕ ਇੱਕ ਸ਼ਿਲਾ ਵਿਚ ਇਲਾਹੀ ਜਿੰਦ ਧੜਕ ਰਹੀ ਹੈ। ਇਹ ਸ਼ਿਲਾਵਾਂ ਨਹੀਂ, ਈਸ਼ਵਰੀ ਦਰਬਾਰ ਦੇ ਅੱਡ-ਅੱਡ ਸਿੰਘਾਸਨ ਹਨ, ਆਦਿ ਆਦਿ। ਇਥੇ ਅਜਮੇਰ ਸਿੰਘ ਪ੍ਰੋ. ਪੂਰਨ ਸਿੰਘ ਦੀ ਪੂਰੀ ਲਿਖਤ ਦੀਆਂ ਇਹ ਸਤਰਾਂ ਲਿਖਣ ਵਿਚ ਕੰਜੂਸੀ ਕਰ ਗਏ, ਜਿਥੇ ਉਨ੍ਹਾਂ ਕਿਹਾ ਸੀ ਕਿ ਦਰਬਾਰ ਸਾਹਿਬ ਨੂੰ ਜੰਗ ਦਾ ਅਖਾੜਾ ਨਹੀਂ ਬਣਾਇਆ ਜਾ ਸਕਦਾ। ਪ੍ਰੋ. ਪੂਰਨ ਸਿੰਘ ਆਪਣੇ ਲੇਖ 'ਸ੍ਰੀ ਦਰਬਾਰ ਸਾਹਿਬ' ਵਿਚ ਲਿਖਦੇ ਹਨ: 'ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦਾ ਸਿਧਾਂਤ ਬਖਸ਼ਿਆ ਪਰ ਸ੍ਰੀ ਅੰਮ੍ਰਿਤਸਰ, ਦਰਬਾਰ ਸਾਹਿਬ, ਅਕਾਲ ਤਖਤ ਸਾਹਿਬ ਨੂੰ ਕਦੇ ਸਿਆਸਤ ਦਾ ਕੇਂਦਰ ਨਹੀਂ ਬਣਾਇਆ? ਉਨ੍ਹਾਂ ਨੇ ਧਰਮ ਨੂੰ ਸਿਆਸਤ ਤੋਂ ਹਮੇਸ਼ਾ ਉਚਾ ਰੱਖਿਆ? ਗੁਰੂ ਸਾਹਿਬ ਚਾਹੁੰਦੇ ਸਨ ਕਿ ਦਰਬਾਰ ਸਾਹਿਬ ਕਦੇ ਜੰਗ ਦਾ ਅਖਾੜਾ ਨਾ ਬਣੇ, ਪੁਲੀਟੀਕਲ ਕੰਮ ਇਥੋਂ ਦੂਰ ਹੋ ਕੇ ਕੀਤੇ ਜਾਣ? ਜਦੋਂ ਦੁਬਾਰਾ ਅੰਮ੍ਰਿਤਸਰ ਵਿਚ ਜੰਗ ਦਾ ਮਾਹੌਲ ਬਣਨ ਲੱਗਾ ਤਾਂ ਗੁਰੂ ਸਾਹਿਬ ਮਾਝੇ ਨੂੰ ਛੱਡ ਦੂਰ ਪਹਾੜਾਂ ਵਿਚ ਕੀਰਤਪੁਰ ਜਾ ਵਸੇ ਤਾਂ ਕਿ ਇਹ ਸਰਬ ਸਾਂਝਾ ਥਾਂ ਕਦੇ ਜੰਗਾਂ-ਯੁੱਧਾਂ ਦਾ ਅਖਾੜਾ ਨਾ ਬਣੇ? ਪ੍ਰੋ. ਪੂਰਨ ਸਿੰਘ ਅੱਗੇ ਲਿਖਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਨੇ ਵੀ ਗੁਰੂਆਂ ਦੀ ਇਸੇ ਸੋਚ ਅਨੁਸਾਰ, 'ਖਾਲਸਾ ਰਾਜ' ਦੀ ਰਾਜਧਾਨੀ ਅੰਮ੍ਰਿਤਸਰ ਦੀ ਥਾਂ ਲਾਹੌਰ ਬਣਾਉਣਾ ਬਿਹਤਰ ਸਮਝਿਆ ਤਾਂ ਕਿ ਦਰਬਾਰ ਸਾਹਿਬ ਨੂੰ ਸਿਆਸਤ ਅਤੇ ਯੁੱਧਾਂ ਤੋਂ ਦੂਰ ਰੱਖਿਆ ਜਾਵੇ।'

ਚਲੋ ਜੇ ਜੂਨ ਚੁਰਾਸੀ ਦੀਆਂ ਘਟਨਾਵਾਂ ਸਬੰਧੀ ਇਨ੍ਹਾਂ ਦੇ ਸਾਰੇ ਤਰਕ ਜਾਇਜ਼ ਵੀ ਮੰਨ ਲਈਏ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਅਜਿਹੀ ਪਾਕ-ਪਵਿੱਤਰ ਥਾਂ 'ਤੇ 1987-1988 ਵਿਚ ਵੱਖ-ਵੱਖ ਖਾੜਕੂ ਗਰੁਪਾਂ ਵਲੋਂ ਜੋ 'ਮਹਾਨ ਕਾਰਨਾਮੇ' ਕੀਤੇ ਗਏ ਸਨ, ਉਨ੍ਹਾਂ ਬਾਰੇ ਦੋਸ਼ ਕਿਸ ਨੂੰ ਦਿਉਗੇ? ਕੀ ਫੈਡਰੇਸ਼ਨਾਂ ਸਮੇਤ ਵੱਖ-ਵੱਖ ਜਥੇਬੰਦੀਆਂ ਦੇ ਸਾਰੇ ਖਾੜਕੂ ਸਰਕਾਰੀ ਏਜੰਸੀਆਂ ਦੇ ਬੰਦੇ ਸਨ? ਕੀ ਸੁਰਜੀਤ ਸਿੰਘ ਪੈਂਟਾ, ਕਾਰਜ ਸਿੰਘ ਥਾਂਦੇ, ਨਿਰਵੈਰ ਸਿੰਘ, ਜਗੀਰ ਸਿੰਘ, ਮਲਕੀਅਤ ਸਿੰਘ ਅਜਨਾਲਾ ਆਦਿ ਸਭ ਕੈਟ ਸਨ ਜਿਨ੍ਹਾਂ ਦੇ ਅਹਿਦ ਵਿਚ ਦਰਜਨਾਂ ਮਰਦ-ਔਰਤਾਂ ਮਾਰ ਕੇ ਦਰਬਾਰ ਸਾਹਿਬ ਅੰਦਰ ਹੀ ਅਕਾਲ ਤਖਤ ਦੇ ਮਲਬੇ ਵਿਚ ਦੱਬ ਦਿੱਤੇ ਸਨ, ਕਿੰਨੀਆਂ ਲਾਸ਼ਾਂ ਗਟਰਾਂ ਵਿਚ ਸੁੱਟ ਦਿੱਤੀਆਂ ਜਿਨ੍ਹਾਂ ਬਾਰੇ ਕੋਈ ਪਤਾ ਹੀ ਨਹੀਂ? ਜਿਨ੍ਹਾਂ ਨੇ ਮਈ 1988 ਵਿਚ ਭਾਰਤੀ ਫੋਰਸਾਂ ਵਲੋਂ ਕੀਤੇ 'ਉਪਰੇਸ਼ਨ ਬਲੈਕ ਥੰਡਰ' ਦੌਰਾਨ ਘਿਰ ਜਾਣ ਤੋਂ ਬਾਅਦ ਦਰਬਾਰ ਸਾਹਿਬ ਦੇ ਅੰਦਰ ਸ਼ਰਨ ਲੈ ਲਈ ਸੀ, ਜਿਥੇ ਸਾਰਾ ਦਿਨ ਇਲਾਹੀ ਕੀਰਤਨ ਹੁੰਦਾ ਹੈ ਤੇ ਉਥੇ ਸਰੋਵਰ ਵਿਚ ਹੀ ਨਹੀਂ, ਕੜਾਹ ਪ੍ਰਸ਼ਾਦ ਦੇ ਬਾਟਿਆਂ ਵਿਚ ਮਲ-ਮੂਤਰ ਕਰਦੇ ਰਹੇ। ਉਹ ਸਥਾਨ ਜਿਥੇ ਸਜਦਾ ਕਰਨ ਦੀ ਵਾਰੀ ਆਉਣ ਲਈ ਲਾਈਨਾਂ ਵਿਚ ਛੇ-ਛੇ ਘੰਟੇ ਦਾ ਸਮਾਂ ਲੱਗ ਜਾਂਦਾ ਸੀ, ਉਨ੍ਹਾਂ ਸਮਿਆਂ ਵਿਚ ਲੋਕ ਦਰਬਾਰ ਸਾਹਿਬ ਮੱਥਾ ਟੇਕਣ ਜਾਣ ਤੋਂ ਵੀ ਡਰਦੇ ਸਨ, ਉਥੇ ਸੁੰਨ ਪਸਰ ਗਈ ਸੀ ਤੇ ਚਿੜੀਆਂ ਕਾਂ ਵੀ ਜਾਣ ਤੋਂ ਤ੍ਰਬਕਣ ਲੱਗ ਪਏ ਸਨ ਪਰ ਕਦੇ ਕਿਸੇ ਸਿੱਖ ਬੁੱਧੀਜੀਵੀ ਜਾਂ ਆਗੂ ਨੇ ਇਸ ਬਾਰੇ ਆਵਾਜ਼ ਕਿਉਂ ਨਾ ਉਠਾਈ? ਉਨ੍ਹਾਂ ਸਮਿਆਂ ਦੇ ਇਸ ਖੌਫਨਾਕ ਵਰਤਾਰੇ ਨੂੰ ਖਾੜਕੂ ਧਿਰਾਂ ਦੇ



ਪ੍ਰੋ. ਪੂਰਨ ਸਿੰਘ



ਸ. ਅਜਮੇਰ ਸਿੰਘ

ਵਾਰਿਸ ਲੋਕਾਂ ਦੇ ਚੇਤਿਆਂ ਵਿਚੋਂ ਵਿਸਾਰਨ ਦੀ ਚਤੁਰਾਈ ਕਰਦੇ ਹਨ ਤੇ ਕਿਤੇ ਜ਼ਿਕਰ ਤੱਕ ਨਹੀਂ ਕਰਦੇ? ਇਹ ਵਿਦਵਾਨ ਉਨ੍ਹਾਂ ਖਾੜਕੂਆਂ ਵਲੋਂ ਦਰਬਾਰ ਸਾਹਿਬ ਦੀ ਕੀਤੀ ਬੇਹੁਰਮਤੀ ਦੀ ਜ਼ਿੰਮੇਵਾਰੀ ਕਿਉਂ ਨਹੀਂ ਲੈਂਦੇ? ਇਥੇ ਉਨ੍ਹਾਂ ਦਿਨਾਂ ਦੀ ਇੱਕ ਘਟਨਾ ਦਾ ਜ਼ਿਕਰ ਕਰਨਾ ਮੁਨਾਸਿਬ ਰਹੇਗਾ। ਸੰਤ ਭਿੰਡਰਾਂਵਾਲਿਆਂ ਦੇ ਨਜਦੀਕੀ ਰਹੇ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਆਪਣੀ ਕਿਤਾਬ 'ਸੰਤ ਭਿੰਡਰਾਂਵਾਲੇ ਦੇ ਰੂ-ਬ-ਰੂ, ਜੂਨ 84 ਦੀ ਪੱਤਰਕਾਰੀ' ਵਿਚ ਪੰਨਾ 399-401 'ਤੇ ਲੇਖ 'ਬਾਬਾ ਸਿੰਧੀ ਦਾ ਸਿੱਖ ਖਾੜਕੂਆਂ ਹੱਥੋਂ ਹੀ ਕਤਲ' ਵਿਚ ਲਿਖਦੇ ਹਨ ਕਿ ਦਰਬਾਰ ਸਾਹਿਬ ਦੀ ਪਰਿਕਰਮਾ ਦੇ ਕਮਰਿਆਂ 'ਤੇ ਕਬਜ਼ਾ ਕਰੀ ਬੈਠੇ ਖਾੜਕੂਆਂ ਵਿਚੋਂ ਮੁਖੀ ਜਗੀਰ ਸਿੰਘ ਤੇ ਨਿਰਵੈਰ ਸਿੰਘ ਨੇ 75 ਸਾਲਾ ਬਾਬਾ ਗੁਰਦਿਆਲ ਸਿੰਘ ਸਿੰਧੀ ਨੂੰ ਪਰਿਕਰਮਾ ਦੇ ਕਮਰਾ ਨੰਬਰ 13 ਵਿਚ ਸ਼ੱਕ ਦੇ ਆਧਾਰ 'ਤੇ ਬੁਰ੍ਹੀ ਤਰ੍ਹਾਂ ਟਾਰਚਰ ਕਰਕੇ ਮਾਰ ਦਿੱਤਾ ਸੀ। ਯਾਦ ਰਹੇ, ਬਾਬਾ ਸਿੰਧੀ ਬਹੁਤ ਹੀ ਦਰਵੇਸ਼ ਕਿਸਮ ਦਾ ਵਿਅਕਤੀ ਸੀ ਪਰ ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਨੇੜੇ ਰਹਿੰਦਾ ਹੋਣ ਕਰਕੇ ਇੰਦਰਾ ਸਰਕਾਰ ਵਲੋਂ ਬਲੂ ਸਟਾਰ ਵਰਗੀ ਕਰੂਰ ਮੂਰਖਤਾ ਕਰਕੇ ਜਜ਼ਬਾਤੀ ਹੋ ਕੇ ਖਾੜਕੂਆਂ ਦੇ ਸੰਪਰਕ ਵਿਚ ਆ ਗਿਆ ਸੀ। ਸੰਤਾਂ ਦੇ ਬਹੁਤ ਨਜ਼ਦੀਕੀ ਰਹੇ ਸੀਨੀਅਰ ਪੱਤਰਕਾਰ ਦਲਬੀਰ ਸਿੰਘ ਦਾ ਤਾਂ ਉਸ ਦੇ ਘਰ ਹੈਡ ਕੁਆਰਟਰ ਸੀ। ਉਸ ਦੀ ਕੋਠੀ ਖਾੜਕੂਆਂ ਲਈ ਪੱਕੀ ਠਾਹਰ ਸੀ। ਇਥੇ ਇਹ ਵੀ ਵਰਨਣਯੋਗ ਹੈ ਕਿ ਦਰਬਾਰ ਸਾਹਿਬ ਅੰਦਰ ਸ਼ਰਨ ਲਈ ਬੈਠੇ ਖਾੜਕੂ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਇੱਕ ਧੜੇ ਦੇ ਪ੍ਰਧਾਨ ਡਾ. ਜਗਦੀਸ਼ ਸਿੰਘ ਉਰਫ ਡਾ. ਗੁਰਨਾਮ ਸਿੰਘ ਬੁੱਟਰ ਨੂੰ ਬਾਬਾ ਸਿੰਧੀ ਨੇ ਆਪਣਾ ਪੁੱਤਰ ਬਣਾਇਆ ਹੋਇਆ ਸੀ, ਕਿਉਂਕਿ ਉਸ ਦੇ ਦੋ ਲੜਕੀਆਂ ਹੀ ਸਨ। ਡਾ. ਬੁੱਟਰ ਵੀ ਉਸ ਸਮੇਂ ਅੰਦਰ ਹੀ ਸੀ, ਜਦੋਂ ਤੱਕ ਉਸ ਨੂੰ ਪਤਾ ਲੱਗਾ ਕਿ ਉਸ ਦੇ ਸਾਥੀ ਖਾੜਕੂਆਂ ਨੇ ਉਸ ਦੇ ਪਿਉ ਨੂੰ ਹੀ ਤਸੀਹੇ ਦੇ ਕੇ ਮਾਰ ਦਿੱਤਾ ਹੈ ਤਾਂ ਇਸ ਕਿਤਾਬ ਮੁਤਬਿਕ ਉਹ ਕੁਝ ਚਿਰ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਅਸਾਲਟ ਚੁੱਕੀ ਖਾੜਕੂਆਂ ਜਗੀਰ ਸਿੰਘ ਤੇ ਨਿਰਵੈਰ ਸਿੰਘ ਨੂੰ ਮਾਰਨ ਨੂੰ ਫਿਰਦਾ ਰਿਹਾ ਪਰ ਕੁਝ ਖਾੜਕੂਆਂ ਨੇ ਵਿਚ ਪੈ ਕੇ ਗੱਲ ਠੰਢੀ ਕੀਤੀ ਕਿ ਜੇ ਸ਼ਰੇਆਮ ਗੋਲੀਆਂ ਚਲਾਉਗੇ ਤਾਂ ਪੁਲਿਸ ਅੰਦਰ ਆਵੇਗੀ। ਇਥੇ ਇਹ ਵੀ ਵਰਨਣਯੋਗ ਹੈ ਕਿ ਬਾਬਾ ਸਿੰਧੀ ਅਣਵੰਡੇ ਭਾਰਤ ਦੇ ਕਰਾਚੀ ਸ਼ਹਿਰ ਵਿਚ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਮੁਹੰਮਦ ਖਾਨ ਜੁਨੇਜੋ ਦਾ ਜਮਾਤੀ ਸੀ ਤੇ ਉਨ੍ਹਾਂ ਦੇ ਬਾਅਦ ਵਿਚ ਵੀ ਗੂੜ੍ਹੇ ਸਬੰਧ ਸਨ। ਜਦੋਂ ਇੱਕ ਵਕਤ ਪਾਕਿਸਤਾਨ ਨੇ ਖਾੜਕੂਆਂ ਨੂੰ ਅਸਾਲਟਾਂ ਦੀ ਸਪਲਾਈ ਬੰਦ ਕਰ ਦਿੱਤੀ ਸੀ ਤਾਂ ਬਾਬਾ ਸਿੰਧੀ ਨੇ 'ਪੰਥਕ ਕਮੇਟੀ' ਦੀ ਹਦਾਇਤ 'ਤੇ ਪ੍ਰਧਾਨ ਮੰਤਰੀ ਜੁਨੇਜੋ ਰਾਹੀਂ ਹਥਿਆਰਾਂ ਦੀ ਸਪਲਾਈ ਦੁਬਾਰਾ ਸ਼ੁਰੂ ਕਰਾਈ ਸੀ। ਇਸੇ ਘਟਨਾ ਬਾਰੇ ਜਸਪਾਲ ਸਿੰਘ ਦੇ ਮਿੱਤਰ ਅਤੇ 'ਅਕਾਲੀ ਪੱਤਰਕਾ' ਅਖਬਾਰ ਦੇ ਸੀਨੀਅਰ ਪੱਤਰਕਾਰ ਮਹਿੰਦਰ ਸਿੰਘ ਨੇ ਆਪਣੀ ਕਿਤਾਬ 'ਨੀਂਹ ਰੱਖੀ ਗਈ' ਦੇ ਚੈਪਟਰ 'ਬਾਬਾ ਗੁਰਦਿਆਲ ਸਿੰਘ ਸਿੰਧੀ ਦੀ ਭੂਮਿਕਾ' ਵਿਚ ਪੰਨਾ 238-240 'ਤੇ ਵਿਸਥਾਰ ਨਾਲ ਵਰਨਣ ਕੀਤਾ ਹੈ। ਹੈਰਾਨੀ ਦੀ ਗੱਲ ਹੈ ਕਿ ਖਾੜਕੂਆਂ ਦੇ ਅਜਿਹੇ ਮਿੱਤਰ ਨੂੰ ਅਗਰ ਦਰਬਾਰ ਸਾਹਿਬ ਪਰਿਕਰਮਾ ਦੇ ਕਮਰੇ ਵਿਚ ਤਸੀਹੇ ਦੇ ਕੇ ਮਾਰਿਆ ਜਾ ਸਕਦਾ ਹੈ ਤਾਂ ਜਿਨ੍ਹਾਂ ਨੂੰ ਕੈਟ, ਗਦਾਰ, ਏਜੰਸੀਆਂ ਦੇ ਬੰਦੇ ਕਹਿ ਕੇ ਚੁੱਕਿਆ ਹੋਵੇਗਾ, ਉਨ੍ਹਾਂ ਨਾਲ ਕੀ ਬੀਤੀ ਹੋਵੇਗੀ? ਅਜੋਕੇ ਸਿੱਖ ਚਿੰਤਕ ਅਜਮੇਰ ਸਿੰਘ ਜਦੋਂ ਦਰਬਾਰ ਸਾਹਿਬ ਵਿਚ ਮੋਰਚਾਬੰਦੀ ਲਈ ਮੇਜਰ ਜਨਰਲ ਸ਼ਬੇਗ ਸਿੰਘ ਦੀਆਂ ਸਿਫਤਾਂ ਦੇ ਪੁਲ ਬੰਨ੍ਹਦੇ ਹਨ ਤਾਂ ਪ੍ਰੋ. ਪੂਰਨ ਸਿੰਘ ਉਨ੍ਹਾਂ ਨੂੰ ਸੁਣਨ ਤਾਂ ਕੀ ਆਖਣਗੇ?

ਖਾਲਿਸਤਾਨੀ ਧਿਰਾਂ ਵਲੋਂ ਇੱਕ ਤਰਕ ਇਹ ਦਿੱਤਾ ਜਾਂਦਾ ਹੈ ਕਿ ਸਿੱਖਾਂ ਦਾ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਆਪਣਾ ਵੱਖਰਾ ਆਜ਼ਾਦ ਖਾਲਸਾ ਰਾਜ ਸੀ। ਇਸ ਲਈ ਸਾਡਾ ਇਹ ਹੱਕ ਬਣਦਾ ਹੈ ਕਿ ਸਾਨੂੰ ਵੱਖਰਾ ਸਿੱਖ ਰਾਜ ਦਿੱਤਾ ਜਾਵੇ ਪਰ ਉਹ ਇਹ ਨਹੀਂ ਸਮਝਦੇ ਕਿ 19ਵੀਂ ਸਦੀ ਤੱਕ ਜਿਹੜੇ ਰਾਜਿਆਂ ਦੇ ਭਾਰਤ ਵਿਚ ਰਾਜ ਸਨ, ਉਹ ਲੋਕਾਂ ਦੀ ਮਰਜ਼ੀ ਨਾਲ ਨਹੀਂ, ਮੱਧ ਯੁਗ ਦੇ ਤਕਾਜ਼ਿਆਂ ਅਨੁਸਾਰ ਤਲਵਾਰ ਦੇ ਜ਼ੋਰ ਨਾਲ ਬਣਾਏ ਹੋਏ ਸਨ। ਮੱਧ ਯੁਗ ਵਿਚ ਤਾਂ 10 ਲੱਖ ਦੀ ਆਬਾਦੀ ਵਾ.ਲੇ ਮੰਗੋਲੀਆਂ ਨੇ ਚੰਗੇਜ਼ ਖਾਨ ਦੀ ਅਗਵਾਈ ਹੇਠ ਸਿਕੰਦਰ ਤੋਂ ਵੀ ਵੱਡੀ ਸਲਤਨਤ ਕਾਇਮ ਕਰ ਲਈ ਸੀ। ਈਸਟ ਇੰਡੀਆ ਕੰਪਨੀ ਰਾਹੀਂ ਭਾਰਤ ਵਿਚ ਆਏ ਕੁਝ ਗਿਣਤੀ ਦੇ ਗੋਰਿਆਂ ਨੇ ਸਾਰੇ ਭਾਰਤ 'ਤੇ ਕਬਜ਼ਾ ਕਰ ਲਿਆ ਸੀ। ਵੀਹਵੀਂ ਸਦੀ ਦੇ ਅੱਧ ਤੱਕ ਜਦੋਂ 1947 ਵਿਚ ਭਾਰਤ ਆਜ਼ਾਦ ਹੋਇਆ, ਉਦੋਂ ਤੱਕ ਦੁਨੀਆ ਭਰ ਵਿਚ ਲੋਕਤੰਤਰ ਦਾ ਜ਼ਮਾਨਾ ਆ ਚੁੱਕਾ ਸੀ, ਜਿਥੇ ਵੋਟਾਂ ਦੇ ਆਧਾਰ 'ਤੇ ਹੀ ਰਾਜ ਚੱਲਣੇ ਸਨ। ਇਸ ਸੂਰਤ ਵਿਚ ਜਦੋਂ ਸਿੱਖਾਂ ਸਮੇਤ ਸਾਰੀਆਂ ਧਿਰਾਂ ਸਾਰਾ ਭਾਰਤ ਇਕੱਠਾ ਰੱਖਣ ਦੇ ਹੱਕ ਵਿਚ ਸਨ, ਭਾਵੇਂ ਉਨ੍ਹਾਂ ਦੀਆਂ ਕੋਸ਼ਿਸ਼ਾਂ ਸਫਲ ਨਹੀਂ ਹੋਈਆਂ ਤੇ ਦੇਸ਼ ਧਰਮ ਦੇ ਆਧਾਰ 'ਤੇ ਤਿੰਨ ਦੇਸ਼ਾਂ ਵਿਚ ਵੰਡਿਆ ਗਿਆ ਪਰ ਉਸ ਦਾ ਆਧਾਰ ਵੀ ਜਿਥੇ ਮੁਸਲਮਾਨਾਂ ਦੀ ਬਹੁ-ਗਿਣਤੀ ਸੀ, ਉਥੇ ਇਸਲਾਮ ਦਾ ਰਾਜ ਹੋ ਗਿਆ ਤੇ ਜਿਥੇ ਹਿੰਦੂਆਂ ਦੀ ਬਹੁ-ਗਿਣਤੀ ਸੀ, ਸਾਂਝਾ ਲੋਕਤੰਤਰ ਬਣ ਗਿਆ। ਹੁਣ ਜੇ ਸਿੱਖਾਂ ਦੇ ਇਸ ਤਰਕ ਨੂੰ ਦੇਖੀਏ ਕਿ ਸਾਡਾ ਰਾਜ ਸੀ ਤਾਂ ਮਰਹੱਟਿਆਂ ਦਾ ਤਾਂ ਭਾਰਤ ਵਿਚ ਲੰਮਾ ਸਮਾਂ ਰਾਜ ਰਿਹਾ ਤੇ ਉਸ ਦਾ ਖੇਤਰ ਵੀ ਸਿੱਖ ਰਾਜ ਤੋਂ 5-6 ਗੁਣਾ ਵੱਡਾ ਸੀ। ਮਰਹੱਟਿਆਂ ਨੇ ਤਾਂ 18ਵੀਂ ਸਦੀ ਵਿਚ ਇੱਕ ਵਾਰ ਪੂਰੇ ਭਾਰਤ ਵਿਚ ਆਪਣੀ ਜਿੱਤ ਦਾ ਝੰਡਾ ਝੁਲਾ ਦਿੱਤਾ ਸੀ; ਫਿਰ ਤਾਂ ਮਰਹੱਟਿਆਂ ਨੂੰ ਸਭ ਤੋਂ ਪਹਿਲਾਂ ਮਰਹੱਟਾ ਸਟੇਟ ਮਿਲਣੀ ਚਾਹੀਦੀ ਸੀ ਪਰ 1947 ਤੋਂ ਬਾਅਦ ਵੀਰ ਸਾਵਰਕਰ ਵਰਗੇ ਚਿੱਟ ਪਵਨ ਬ੍ਰਾਹਮਣਾਂ ਦੇ ਹੁੰਦਿਆਂ ਵੀ ਮਰਹੱਟਿਆਂ ਨੂੰ 13 ਸਾਲ ਲੇਲੜੀਆਂ ਕਢਾ ਕੇ ਨਹਿਰੂ ਹੋਰਾਂ ਭਾਸ਼ਾ ਆਧਾਰਿਤ ਮਹਾਰਾਸ਼ਟਰ ਸੂਬਾ ਦਿੱਤਾ ਸੀ। ਫਿਰ ਬੰਬਈ ਨੂੰ ਤਾਂ ਪੰਡਤ ਨਹਿਰੂ ਕਿਸੇ ਹਾਲਤ ਵਿਚ ਵੀ ਮਹਾਰਾਸ਼ਟਰ ਦੇ ਹਵਾਲੇ ਕਰਨ ਤਿਆਰ ਨਹੀਂ ਸਨ। ਕੀ ਇਸ ਨੂੰ ਮਰਾਠੇ ਹਿੰਦੂਆਂ ਨਾਲ ਵਿਤਕਰਾ ਕਿਹਾ ਜਾਵੇਗਾ?

ਜੋ ਹਾਲਾਤ 1947 ਵਿਚ ਸਨ, ਸਿੱਖਾਂ ਦੇ ਅੱਜ ਵੀ ਉਹੀ ਹਾਲਾਤ ਹਨ, ਸਿੱਖ ਕਿਸੇ ਜਗ੍ਹਾ ਵੀ ਬਹੁ-ਗਿਣਤੀ ਵਿਚ ਨਹੀਂ ਹਨ। ਇਹ ਗੱਲ ਵੱਖਰੀ ਹੈ ਕਿ 47 ਦੇ ਕਤਲੇਆਮ ਕਰਕੇ ਲੋਕ ਪਾਕਿਸਤਾਨ ਤੋਂ ਭਾਰਤ ਵੱਲ ਆ ਗਏ, ਨਹੀਂ ਤਾਂ ਜੇ ਕਤਲੇਆਮ ਤੋਂ ਬਿਨਾ ਸ਼ਾਂਤੀ ਨਾਲ ਦੇਸ਼ ਬਣਦੇ ਤਾਂ ਬਹੁਤੇ ਲੋਕਾਂ ਨੇ ਆਪਣੇ ਘਰ-ਬਾਰ ਤੇ ਜ਼ਮੀਨਾਂ ਛੱਡ ਕੇ ਭਾਰਤ ਨਹੀਂ ਆਉਣਾ ਸੀ। ਜ਼ਰਾ ਸੋਚੋ, ਜੇ ਅੱਜ ਪੰਜਾਬ ਵਿਚ ਖਾਲਿਸਤਾਨ ਬਣ ਜਾਵੇ ਤਾਂ ਵਿਦੇਸ਼ਾਂ ਵਿਚ ਵਸਦੇ ਮਿਲੀਅਨਜ਼ ਸਿੱਖਾਂ ਵਿਚੋਂ ਕਿੰਨੇ ਕੁ ਵਾਪਿਸ ਜਾਣਗੇ? ਕੀ ਵਿਦੇਸ਼ੀਂ ਬੈਠੇ ਖਾਲਿਸਤਾਨੀ ਲੀਡਰ ਆਪਣੇ ਪਰਿਵਾਰਾਂ ਤੋਂ ਪੁੱਛ ਕੇ ਦੱਸ ਸਕਦੇ ਹਨ ਕਿ ਉਨ੍ਹਾਂ ਦੇ ਪਰਿਵਾਰ ਖਾਲਿਸਤਾਨ ਵਿਚ ਜਾਣ ਲਈ ਤਿਆਰ ਹਨ? ਦੁਨੀਆ ਬਦਲ ਚੁੱਕੀ ਹੈ, ਦੁਨੀਆ ਦੀ ਹਕੀਕਤ ਬਦਲ ਚੁੱਕੀ ਹੈ। ਅੱਜ ਦੁਨੀਆਂ ਗਲੋਬਲ ਪਿੰਡ ਬਣ ਰਹੀ ਹੈ। ਯੂਰਪੀ ਦੇਸ਼ਾਂ ਨੇ ਇਕੱਠੇ ਹੋ ਕੇ ਯੂਰਪੀ ਯੂਨੀਅਨ ਬਣਾ ਲਈ ਹੈ ਤੇ ਬਾਰਡਰ ਖੋਲ੍ਹ ਦਿੱਤੇ ਹਨ। ਹੋਰ ਕਈ ਦੇਸ਼ ਅਜਿਹਾ ਸੋਚ ਰਹੇ ਹਨ। ਉਤਰੀ ਅਮਰੀਕਾ ਵਿਚ ਇਹ ਗੱਲ ਚੱਲਦੀ ਰਹਿੰਦੀ ਹੈ ਕਿ ਸਾਰਾ ਉਤਰੀ ਅਮਰੀਕਾ ਓਪਨ ਕਰਕੇ ਮਹਾਂ-ਉਤਰੀ ਅਮਰੀਕਾ ਬਣਾ ਦੇਣਾ ਚਾਹੀਦਾ ਹੈ। ਅੱਜ ਸਾਡੀਆਂ ਸਮੱਸਿਆਵਾਂ ਇਲਾਕਿਆਂ ਜਾਂ ਦੇਸ਼ਾਂ ਦੀ ਥਾਂ ਕੌਮਾਂਤਰੀ ਪੱਧਰ ਦੀਆਂ ਬਣ ਚੁੱਕੀਆਂ ਹਨ। ਕੋਵਿਡ-19 ਮਹਾਮਾਰੀ ਨੇ ਦੱਸ ਦਿੱਤਾ ਹੈ ਕਿ ਵੱਡੀਆਂ ਸਮੱਸਿਆਵਾਂ ਨੂੰ ਅਸੀਂ ਇਕੱਲੇ-ਇਕੱਲੇ ਨਹੀਂ, ਸਾਂਝੇ ਯਤਨਾਂ ਨਾਲ ਹੀ ਹੱਲ ਕਰ ਸਕਦੇ ਹਾਂ। ਦੁਨੀਆ ਭਰ ਦੇ ਸਾਇੰਸਦਾਨਾਂ ਦੇ ਸਾਂਝੇ ਯਤਨਾਂ ਨਾਲ ਕੋਵਿਡ-19 ਵੈਕਸੀਨ ਸੰਭਵ ਹੋ ਸਕੀ ਹੈ। ਆਲਮੀ ਤਪਸ਼, ਪਰਮਾਣੂ ਹਥਿਆਰਾਂ ਦੀ ਦੌੜ, ਵਾਤਾਵਰਨ ਦਾ ਪ੍ਰਦੂਸ਼ਣ, ਪਾਣੀ ਦੀ ਘਾਟ, ਪੁਰਾਣੇ ਊਰਜਾ ਸਰੋਤਾਂ ਦੀ ਥਾਂ ਨਵੇਂ ਸਰੋਤਾਂ ਦੀ ਖੋਜ, ਨਵੀਂ ਰੋਬੋਟ ਟੈਕਨੋਲੋਜੀ ਤੇ ਮਸਨੂਈ ਬੌਧਿਕਤਾ ਨੇ ਮਨੁੱਖਤਾ ਅੱਗੇ ਨਵੀਆਂ, ਵੱਡੀਆਂ ਚੁਣੌਤੀਆਂ ਖੜੀਆਂ ਕਰ ਦਿੱਤੀਆਂ ਹਨ। ਇਹ ਸਭ ਕਾਰਜ ਸਾਂਝੇ ਯਤਨਾਂ ਨਾਲ ਹੀ ਸੰਭਵ ਹੋ ਸਕਦੇ ਹਨ।

ਸਾਨੂੰ ਸਭ ਨੂੰ 47 ਦੇ ਸੰਤਾਪ, ਉਸ ਦੇ ਦਰਦ ਤੇ ਸਿਆਸਤ ਨੂੰ ਸਮਝਣ ਲਈ ਹੇਠ ਦਿੱਤੀਆਂ ਕੁਝ ਕਿਤਾਬਾਂ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ ਤਾਂ ਕਿ ਸਾਨੂੰ ਪਤਾ ਲੱਗ ਸਕੇ ਕਿ ਜੋ ਲੋਕ ਧਰਮ ਆਧਾਰਿਤ ਸਟੇਟ ਦਾ ਉਦੋਂ ਵਿਰੋਧ ਕਰਦੇ ਸਨ, ਜਾਂ ਹੁਣ ਕਰਦੇ ਹਨ, ਉਸ ਦੇ ਕੀ ਕਾਰਨ ਹਨ। ਹਰ ਇੱਕ 'ਤੇ ਗਦਾਰੀ ਦੇ ਠੱਪੇ ਲਗਾ ਦੇਣੇ ਕੋਈ ਸਿਆਣਪ ਨਹੀਂ। ਆਪਣੇ ਵਿਰੋਧੀ ਵਿਚਾਰ ਨੂੰ ਜਾਨਣਾ ਬੜਾ ਜ਼ਰੂਰੀ ਹੈ। ਜੇ ਅਸੀਂ ਗੁਰੂਆਂ ਦੀ ਵਿਚਾਰਧਾਰਾ ਅਨੁਸਾਰ 'ਸਭੇ ਸਾਂਝੀਵਾਲ ਸਦਾਇਨ' ਦੇ ਆਸ਼ੇ ਦੇ ਧਾਰਨੀ ਹਾਂ ਤਾਂ ਸਾਨੂੰ ਖੁੱਲ੍ਹਦਿਲੀ ਨਾਲ ਮਸਲੇ ਵਿਚਾਰਨ ਦੀ ਲੋੜ ਹੈ। ਅੱਜ ਸਿੱਖ ਸਾਰੀ ਦੁਨੀਆ ਵਿਚ ਫੈਲ ਚੁੱਕੇ ਹਨ, ਸਾਡੇ ਮਸਲੇ ਵੀ ਹੁਣ ਪੰਜਾਬ ਤੋਂ ਜ਼ਿਆਦਾ ਗਲੋਬਲ ਬਣ ਚੁੱਕੇ ਹਨ। ਸਾਨੂੰ ਹੁਣ ਵਰਲਡ ਪੱਧਰ 'ਤੇ ਸੋਚਣ, ਵਿਚਾਰਨ ਅਤੇ ਕੰਮ ਕਰਨ ਦੀ ਲੋੜ ਹੈ। ਸਿੱਖ ਲੀਡਰਾਂ ਤੇ ਵਿਦਵਾਨਾਂ ਨੂੰ ਆਦਮ-ਬੋ-ਆਦਮ ਕਰਨ ਦੀ ਉਲਾਰ, ਜਜ਼ਬਾਤੀ ਤੇ ਭੜਕਾਊ ਸਿਆਸਤ ਛੱਡ ਕੇ ਸਿੱਖ ਨੌਜਵਾਨਾਂ ਨੂੰ ਸਹੀ ਸੇਧ ਦੇਣ ਦੀ ਲੋੜ ਹੈ। ਇਹ ਕਿਤਾਬਾਂ ਪੰਜਾਬੀ ਵਿਚ ਵੀ ਅਨੁਵਾਦ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਸਾਡੀ ਨੌਜਵਾਨ ਪੀੜ੍ਹੀ ਨੂੰ ਉਨ੍ਹਾਂ ਹਾਲਾਤ ਦਾ ਪਤਾ ਲੱਗ ਸਕੇ; ਖਾਸਕਰ ਜੈਸਮਿਨ ਖਾਨ ਤੇ ਇਸ਼ਤਿਆਕ ਅਹਿਮਦ ਦੀਆਂ ਕਿਤਾਬਾਂ ਤਾਂ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ। ਇਸ ਪ੍ਰਥਾਏ ਕੁਝ ਪੜ੍ਹਨਯੋਗ ਕਿਤਾਬਾਂ ਇਸ ਤਰ੍ਹਾਂ ਹਨ:

Larry Collins - Freedom at Midnight

Prof Yasmin Khan - The Great Partition: The Making of India and Pakistan

Jaswant Singh - Jinnah: India, Partition, Independence

Gyanendra Pandey - Remembering Partition: Violence, Nationalism and History in India,

Prof. Ishtiaq Ahmed-Jinnah: His Successes, Failures and Role in History

**(ਸਮਾਪਤ)**

> ***ਖਾਲਿਸਤਾਨੀ ਧਿਰਾਂ ਵਲੋਂ ਇੱਕ ਤਰਕ ਇਹ ਦਿੱਤਾ ਜਾਂਦਾ ਹੈ ਕਿ ਸਿੱਖਾਂ ਦਾ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਆਪਣਾ ਵੱਖਰਾ ਆਜ਼ਾਦ ਖਾਲਸਾ ਰਾਜ ਸੀ। ਇਸ ਲਈ ਸਾਡਾ ਇਹ ਹੱਕ ਬਣਦਾ ਹੈ ਕਿ ਸਾਨੂੰ ਵੱਖਰਾ ਸਿੱਖ ਰਾਜ ਦਿੱਤਾ ਜਾਵੇ ਪਰ ਉਹ ਇਹ ਨਹੀਂ ਸਮਝਦੇ ਕਿ 19ਵੀਂ ਸਦੀ ਤੱਕ ਜਿਹੜੇ ਰਾਜਿਆਂ ਦੇ ਭਾਰਤ ਵਿਚ ਰਾਜ ਸਨ, ਉਹ ਲੋਕਾਂ ਦੀ ਮਰਜ਼ੀ ਨਾਲ ਨਹੀਂ, ਮੱਧ ਯੁਗ ਦੇ ਤਕਾਜ਼ਿਆਂ ਅਨੁਸਾਰ ਤਲਵਾਰ ਦੇ ਜ਼ੋਰ ਨਾਲ ਬਣਾਏ ਹੋਏ ਸਨ। ਮੱਧ ਯੁਗ ਵਿਚ ਤਾਂ 10 ਲੱਖ ਦੀ ਆਬਾਦੀ ਵਾ.ਲੇ ਮੰਗੋਲੀਆਂ ਨੇ ਚੰਗੇਜ਼ ਖਾਨ ਦੀ ਅਗਵਾਈ ਹੇਠ ਸਿਕੰਦਰ ਤੋਂ ਵੀ ਵੱਡੀ ਸਲਤਨਤ ਕਾਇਮ ਕਰ ਲਈ ਸੀ। ਈਸਟ ਇੰਡੀਆ ਕੰਪਨੀ ਰਾਹੀਂ ਭਾਰਤ ਵਿਚ ਆਏ ਕੁਝ ਗਿਣਤੀ ਦੇ ਗੋਰਿਆਂ ਨੇ ਸਾਰੇ ਭਾਰਤ 'ਤੇ ਕਬਜ਼ਾ ਕਰ ਲਿਆ ਸੀ।***

# ਓਲੰਪਿਕ ਖੇਡਾਂ ਦਾ ਸੰਵਿਧਾਨ: ਓਲੰਪਿਕ ਚਾਰਟਰ

ਪ੍ਰਿੰ. ਸਰਵਣ ਸਿੰਘ

ਓਲੰਪਿਕ ਚਾਰਟਰ ਐਸਾ ਦਸਤਾਵੇਜ਼ ਹੈ, ਜਿਸ ਦੀ ਜਾਣਕਾਰੀ ਖੇਡਾਂ ਨਾਲ ਜੁੜੇ ਹਰ ਵਿਅਕਤੀ ਨੂੰ ਹੋਣੀ ਚਾਹੀਦੀ ਹੈ। ਮਾਡਰਨ ਓਲੰਪਿਕ ਖੇਡਾਂ ਦੇ ਪਿਤਾਮਾ ਪੀਅਰੇ ਦਿ ਕੂਬਰਤਿਨ ਨੇ 23 ਜੂਨ 1894 ਨੂੰ ਪੈਰਿਸ ਦੀ ਓਲੰਪਿਕ ਕਾਂਗਰਸ ਵਿਚ ਇਸ ਦਾ ਖਰੜਾ ਪੇਸ਼ ਕੀਤਾ ਸੀ, ਜੋ ਸਰਬ ਸੰਮਤੀ ਨਾਲ ਪਾਸ ਹੋ ਗਿਆ। ਸਮੇਂ-ਸਮੇਂ ਇਸ ਵਿਚ ਸੋਧਾਂ ਹੁੰਦੀਆਂ ਰਹੀਆਂ। ਇਸ ਵੇਲੇ ਜੋ ਓਲੰਪਿਕ ਚਾਰਟਰ ਅਮਲ ਵਿਚ ਹੈ, ਉਹ 103 ਪੰਨਿਆਂ ਦਾ ਦਸਤਾਵੇਜ਼ ਹੈ। ਇਹ 2011 ਵਿਚ ਛਾਪਿਆ ਗਿਆ ਸੀ ਤੇ 8 ਜੁਲਾਈ 2011 ਤੋਂ ਲਾਗੂ ਹੈ। ਇਸ ਦੇ 6 ਚੈਪਟਰ ਹਨ। ਅਰੰਭ ਵਿਚ ਬਹੁ-ਸ਼ਬਦੇ ਗੁੱਟਾਂ ਦੇ ਸੰਖੇਪ ਰੂਪ ਜਿਵੇਂ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਲਈ ਆਈ. ਓ. ਸੀ., ਓਲੰਪਿਕ ਕੌਂਸਲ ਆਫ ਏਸ਼ੀਆ ਲਈ ਓ. ਸੀ. ਏ. ਤੇ ਓਲੰਪਿਕ ਚਾਰਟਰ ਲਈ ਓ. ਸੀ. ਆਦਿ ਦਿੱਤੇ ਹਨ ਅਤੇ ਓਲੰਪਸਿਜ਼ਮ ਦੇ ਬੁਨਿਆਦੀ ਉਦੇਸ਼ਾਂ ਦਾ ਵੇਰਵਾ ਹੈ। ਮਸਲਨ ਓਲੰਪਿਕ ਖੇਡਾਂ, ਮੁਲਕ, ਨਸਲ, ਰੰਗ, ਧਰਮ, ਕੌਮ ਜਾਂ ਖਿੱਤੇ ਦੇ ਭਿੰਨ-ਭੇਦ ਬਿਨਾ ਧਰਤੀ ਦੇ ਹਰ ਵਾਸੀ ਲਈ ਖੁੱਲ੍ਹੀਆਂ ਹਨ ਤੇ ਹੋਣਗੀਆਂ। ਕੋਈ ਇਨ੍ਹਾਂ ਦੀ ਰਾਜਸੀ ਜਾਂ ਵਪਾਰਕ ਹਿਤਾਂ ਲਈ ਦੁਰਵਰਤੋਂ ਨਹੀਂ ਕਰ ਸਕੇਗਾ। ਓਲੰਪਿਕ ਖੇਡਾਂ ਵਿਸ਼ਵ ਸ਼ਾਂਤੀ, ਸਦਭਾਵਨਾ, ਵਿਕਾਸ ਤੇ ਮਨੁੱਖ ਨੂੰ ਚੰਗਾ ਇਨਸਾਨ ਬਣਾਉਣ ਲਈ ਹੋਣਗੀਆਂ।

ਪਹਿਲਾ ਚੈਪਟਰ ਓਲੰਪਿਕ ਲਹਿਰ, ਸੰਗਠਨ, ਉਦੇਸ਼, ਰੋਲ, ਓਲੰਪਿਕ ਕਾਂਗਰਸ, ਫਰਜ਼, ਅਧਿਕਾਰ, ਪ੍ਰਾਪਰਟੀ, ਓਲੰਪਿਕ ਚਿੰਨ੍ਹ, ਝੰਡਾ, ਮਾਟੋ, ਨਿਸ਼ਾਨ, ਓਲੰਪਿਕ ਲਾਟ, ਮਸ਼ਾਲ ਤੇ ਓਲੰਪਿਕ ਪਦਾਂ ਦੀ ਜਾਣਕਾਰੀ ਦੇਣ ਵਾਲਾ ਹੈ। ਦੂਜਾ ਕਾਂਡ ਆਈ. ਓ. ਸੀ. ਦਾ ਕਾਨੂੰਨੀ ਰੁਤਬਾ, ਮੈਂਬਰ, ਇਹਦੀ ਬਣਤਰ, ਸੈਸ਼ਨ, ਆਈ. ਓ. ਸੀ. ਦਾ ਕਾਰਜਕਾਰੀ ਬੋਰਡ, ਪ੍ਰਧਾਨ, ਕਮਿਸ਼ਨ, ਭਾਸ਼ਾਵਾਂ ਤੇ ਆਮਦਨ ਦੇ ਸੋਮਿਆਂ ਬਾਰੇ ਹੈ। ਦਸਤਾਵੇਜ਼ ਫਰਾਂਸੀਸੀ ਤੇ ਅੰਗਰੇਜ਼ੀ ਵਿਚ ਹੈ। ਮੀਟਿੰਗਾਂ ਦੀ ਕਾਰਵਾਈ ਵਿਚ ਇਨ੍ਹਾਂ ਦਾ ਤਰਜਮਾ ਜਰਮਨ, ਸਪੈਨਿਸ਼, ਰੂਸੀ ਤੇ ਅਰਬੀ ਵਿਚ ਵੀ ਮੁਹੱਈਆ ਕੀਤਾ ਜਾਂਦਾ ਹੈ। ਕਿਸੇ ਮੱਦ 'ਤੇ ਮੱਤਭੇਦ ਹੋਵੇ ਤਾਂ ਫਰਾਂਸੀਸੀ ਵਿਚ ਲਿਖੇ ਨੂੰ ਪਹਿਲ ਮਿਲਦੀ ਹੈ।

ਤੀਜਾ ਚੈਪਟਰ ਅੰਤਰਰਾਸ਼ਟਰੀ ਖੇਡ ਫੈਡਰੇਸ਼ਨਾਂ ਬਾਰੇ ਹੈ। ਉਨ੍ਹਾਂ ਨੂੰ ਮਾਨਤਾ ਕਿਵੇਂ ਮਿਲਦੀ ਹੈ ਤੇ ਉਨ੍ਹਾਂ ਦਾ ਓਲੰਪਿਕ ਖੇਡਾਂ ਵਿਚ ਕੀ ਰੋਲ ਹੈ? ਹੁਣ ਕਿਸੇ ਨਵੀਂ ਸਪੋਰਟ ਨੂੰ ਓਲੰਪਿਕ ਖੇਡਾਂ ਵਿਚ ਸ਼ਾਮਲ ਕਰਾਉਣਾ ਪਹਿਲਾਂ ਨਾਲੋਂ ਔਖਾ ਹੋ ਗਿਆ ਹੈ। ਉਹੀ ਸਪੋਰਟ (ਖੇਡ) ਓਲੰਪਿਕ ਖੇਡਾਂ ਲਈ ਵਿਚਾਰੀ ਜਾ ਸਕਦੀ ਹੈ, ਜੋ ਚਾਰ ਮਹਾਂਦੀਪਾਂ ਦੇ ਘੱਟੋਘੱਟ 75 ਮੁਲਕਾਂ 'ਚ ਖੇਡੀ ਜਾਂਦੀ ਹੋਵੇ। ਉਹਦੀਆਂ ਨੈਸ਼ਨਲ, ਮਹਾਂਦੀਪੀ ਤੇ ਵਿਸ਼ਵ ਚੈਂਪੀਅਨਸ਼ਿਪਾਂ ਹੁੰਦੀਆਂ ਹੋਣ ਤੇ ਵਾਡਾ ਦੇ ਟੈੱਸਟਾਂ ਰਾਹੀਂ ਡੋਪ ਮੁਕਤ ਹੋਵੇ।

ਚੌਥਾ ਕਾਂਡ ਨੈਸ਼ਨਲ ਓਲੰਪਿਕ ਐਸੋਸੀਏਸ਼ਨਾਂ ਨਾਲ ਸਬੰਧਿਤ ਹੈ। ਉਨ੍ਹਾਂ ਦੇ ਨਾਂ, ਝੰਡੇ ਤੇ ਉਨ੍ਹਾਂ ਨਾਲ ਨੈਸ਼ਨਲ ਖੇਡ ਫੈਡਰੇਸ਼ਨਾਂ ਦੇ ਜੁੜਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਪੰਜਵਾਂ ਚੈਪਟਰ ਓਲੰਪਿਕ ਖੇਡਾਂ ਨਾਲ ਸਬੰਧਿਤ ਹੈ। ਚਾਰ ਸਾਲਾਂ ਪਿਛੋਂ ਓਲੰਪਿਕ ਖੇਡਾਂ ਦਾ ਜਸ਼ਨ, ਮੇਜ਼ਬਾਨ ਸ਼ਹਿਰ ਦੀ ਚੋਣ, ਸਥਾਨ, ਵੀਨੂੰ, ਪ੍ਰਬੰਧਕ ਕਮੇਟੀ, ਜ਼ਿੰਮੇਵਾਰੀ, ਓਲੰਪਿਕ ਖੇਡਾਂ ਦੀ ਕੋਆਰਡੀਨੇਸ਼ਨ, ਲਾਇਜ਼ਨ, ਖੇਡਾਂ ਦਾ ਵਾਧਾ ਘਾਟਾ, ਨੈਸ਼ਨਲ ਓਲੰਪਿਕ ਐਸੋਸੀਏਸ਼ਨਾਂ ਤੇ ਪ੍ਰਬੰਧਕੀ ਕਮੇਟੀ ਵਿਚਕਾਰ ਤਾਲਮੇਲ, ਓਲੰਪਿਕ ਪਿੰਡ, ਕਲਚਰਲ ਪ੍ਰੋਗਰਾਮ, ਖਿਡਾਰੀਆਂ ਦੀ ਯੋਗਤਾ ਤੇ ਖੇਡਾਂ 'ਚ ਭਾਗ ਲੈਣ, ਸੱਦਾ ਪੱਤਰ ਤੇ ਐਂਟਰੀਆਂ, ਸਪੋਰਟਸ ਪ੍ਰੋਗਰਾਮ, ਟੈਕਨੀਕਲ ਜ਼ਿੰਮੇਵਾਰੀਆਂ, ਅੰਤਰਰਾਸ਼ਟਰੀ ਖੇਡ ਫੈਡਰੇਸ਼ਨਾਂ ਦਾ ਰੋਲ, ਯੂਥ ਕੈਂਪ, ਮੀਡੀਆ ਕਵਰੇਜ, ਪ੍ਰਕਾਸ਼ਨਾਂ, ਇਸ਼ਤਿਹਾਰਬਾਜ਼ੀ, ਓਲੰਪਿਕ ਜੋਤ, ਮਸ਼ਾਲ, ਐਕਰੀਡੇਸ਼ਨ ਤੇ ਸ਼ਨਾਖਤੀ ਕਾਰਡ, ਮੈਡਲ, ਰੋਲ ਆਫ ਆਨਰ ਅਤੇ ਉਦਘਾਟਨ ਤੇ ਸਮਾਪਤੀ ਰਸਮਾਂ ਸਬੰਧੀ ਜਾਣਕਾਰੀ ਦਿੱਤੀ ਹੈ। ਛੇਵੇਂ ਕਾਂਡ ਵਿਚ ਬੇਨਿਯਮੀ ਕਰਨ ਵਾਲੇ ਖਿਡਾਰੀਆਂ, ਅਧਿਕਾਰੀਆਂ, ਖੇਡ ਜਥੇਬੰਦੀਆਂ ਨੂੰ ਸਜ਼ਾਵਾਂ ਅਤੇ ਮੱਤਭੇਦਾਂ ਤੇ ਝਗੜਿਆਂ-ਝੇੜਿਆਂ ਨੂੰ ਨਜਿੱਠਣ ਦੇ ਨਿਯਮ ਹਨ।

ਆਈ. ਓ. ਸੀ. ਓਲੰਪਿਕ ਲਹਿਰ ਦਾ ਸਰਬਉੱਚ ਸੰਗਠਨ ਹੈ। ਇਸ ਦੇ ਵੱਧ ਤੋਂ ਵੱਧ 115 ਮੈਂਬਰ ਹੋ ਸਕਦੇ ਹਨ। ਇਨ੍ਹਾਂ ਵਿਚ 70 ਮੈਂਬਰ ਕੁਲ ਦੁਨੀਆਂ 'ਚੋਂ ਚੁਣੇ ਜਾਂਦੇ ਹਨ, ਪਰ ਇਕ ਮੁਲਕ 'ਚੋਂ ਇਕ ਮੈਂਬਰ ਹੀ ਚੁਣਿਆ ਜਾ ਸਕਦੈ। 15 ਮੈਂਬਰ ਓਲੰਪਿਕ ਖੇਡਾਂ ਦੇ ਸਰਗਰਮ ਖਿਡਾਰੀਆਂ ਵਿਚੋਂ, 15 ਅੰਤਰਰਾਸ਼ਟਰੀ ਖੇਡ ਫੈਡਰੇਸ਼ਨਾਂ ਦੇ ਅਹੁਦੇਦਾਰਾਂ 'ਚੋਂ ਅਤੇ 15 ਮੈਂਬਰ ਨੈਸ਼ਨਲ ਓਲੰਪਿਕ ਐਸੋਸੀਏਸ਼ਨਾਂ ਵਿਚੋਂ ਚੁਣੇ ਜਾਂਦੇ ਹਨ। ਸ਼ਰਤ ਇਹੋ ਹੈ ਕਿ ਕਿਸੇ ਇਕ ਵਰਗ ਵਿਚ ਕਿਸੇ ਦੇਸ਼ ਦੇ ਇਕ ਤੋਂ ਵੱਧ ਮੈਂਬਰ ਨਹੀਂ ਹੋ ਸਕਦੇ। ਜੁਲਾਈ 2013 ਵਿਚ 4 ਮੈਂਬਰ ਹੋਰ ਸ਼ਾਮਲ ਕਰ ਕੇ ਹੁਣ ਇਸ ਦੇ ਮੈਂਬਰਾਂ ਦੀ ਗਿਣਤੀ 104 ਹੈ। ਮੈਂਬਰੀ ਦੀ ਮਿਆਦ 8 ਸਾਲ ਹੁੰਦੀ ਹੈ। ਜਦੋਂ ਮੈਂਬਰ 70 ਸਾਲ ਦਾ ਹੋ ਜਾਵੇ ਤਾਂ ਉਹਦੀ ਮੈਂਬਰੀ ਖਤਮ ਹੋ ਜਾਂਦੀ ਹੈ। ਆਈ. ਓ. ਸੀ. ਦੇ



ਸੈਸ਼ਨ ਵਿਚ ਮੈਂਬਰਾਂ ਦੀ ਬਹੁਗਿਣਤੀ ਨਾਲ ਪ੍ਰਧਾਨ ਚੁਣਿਆ ਜਾਂਦਾ ਹੈ। ਸੈਸ਼ਨ ਦਾ ਕੋਰਮ ਕੁਲ ਮੈਂਬਰਾਂ ਦੇ ਅੱਧ ਤੋਂ ਇਕ ਜਣਾ ਵੱਧ ਹੈ। ਪ੍ਰਧਾਨ ਦੀ ਪਹਿਲੀ ਮਿਆਦ 8 ਸਾਲ ਹੈ, ਜੇ ਦੂਜੀ ਵਾਰ ਚੁਣਿਆ ਜਾਵੇ ਤਾਂ ਮਿਆਦ 4 ਸਾਲ ਹੈ। 12 ਸਾਲ ਦੀ ਪ੍ਰਧਾਨਗੀ ਕਰਨ ਪਿੱਛੋਂ ਉਹ ਪ੍ਰਧਾਨ ਦੀ ਚੋਣ ਨਹੀਂ ਲੜ ਸਕਦਾ।

ਆਈ. ਓ. ਸੀ. ਦੇ ਹਰੇਕ ਮੈਂਬਰ ਨੂੰ ਸਹੁੰ ਚੁੱਕਣੀ ਪੈਂਦੀ ਹੈ ਕਿ ਉਹ ਓਲੰਪਿਕ ਲਹਿਰ ਦੇ ਅਸੂਲਾਂ ਉਤੇ ਪਹਿਰਾ ਦੇਵੇਗਾ। ਉਹ ਵੋਟ ਦੇਣ ਜਾਂ ਜ਼ਿੰਮੇ ਲੱਗੇ ਕਾਰਜ ਨੂੰ ਨਿਭਾਉਂਦਿਆਂ ਸਰਕਾਰ ਜਾਂ ਕਮਰਸ਼ੀਅਲ ਅਦਾਰਿਆਂ ਦੇ ਪ੍ਰਭਾਵ ਹੇਠ ਨਹੀਂ ਆਵੇਗਾ। ਉਹ ਖੁਦਮੁਖਤਿਆਰ ਸੰਗਠਨ ਦੀ ਖੁਦਮੁਖਤਿਆਰੀ ਹਰ ਹਾਲਤ ਵਿਚ ਕਾਇਮ ਰੱਖੇਗਾ। ਉਸ ਦਾ ਓਲੰਪਿਕ ਉਦੇਸ਼ ਅਮਨ, ਅਹਿੰਸਾ ਤੇ ਮਨੁੱਖ ਦੀ ਬਿਹਤਰੀ ਵਾਲਾ ਸੰਸਾਰ ਸਿਰਜਣਾ ਹੋਵੇਗਾ। ਆਈ. ਓ. ਸੀ. ਦੇ ਕਾਰਜਾਂ ਵਿਚ ਇੰਟਰਨੈਸ਼ਨਲ ਖੇਡ ਫੈਡਰੇਸ਼ਨਾਂ, ਨੈਸ਼ਨਲ ਓਲੰਪਿਕ ਐਸੋਸੀਏਸ਼ਨਾਂ ਤੇ ਓਲੰਪਿਕ ਖੇਡਾਂ ਦੀਆਂ ਸੰਚਾਲਨ ਕਮੇਟੀਆਂ ਵਿਚਾਲੇ ਤਾਲਮੇਲ ਕਰਨਾ, ਖਿਡਾਰੀਆਂ, ਕਲੱਬਾਂ ਤੇ ਉਨ੍ਹਾਂ ਦੀਆਂ ਐਸੋਸੀਏਸ਼ਨਾਂ ਦੀ ਬਿਹਤਰੀ ਅਤੇ ਕੋਚਾਂ, ਰੈਫਰੀਆਂ, ਅੰਪਾਇਰਾਂ, ਜੱਜਾਂ ਤੇ ਟੈਕਨੀਸ਼ਨਾਂ ਉਤੇ ਨਿਗਰਾਨੀ ਰੱਖਣਾ ਹੈ। ਜੁਆਨਾਂ ਨੂੰ ਖੇਡਾਂ ਰਾਹੀਂ ਚੰਗੇ ਇਨਸਾਨ ਬਣਾਉਣਾ, ਹਿੰਸਾ ਤੋਂ ਮੁਕਤ ਕਰਨਾ ਤੇ ਹਰ ਚਾਰ ਸਾਲ ਬਾਅਦ ਓਲੰਪਿਕ ਖੇਡਾਂ ਕਰਾਉਣਾ ਹੈ। ਖੇਡਾਂ ਵਿਚ ਹਰ ਤਰ੍ਹਾਂ ਦੇ ਵਿਤਕਰੇ ਖਿਲਾਫ ਖੜ੍ਹਨਾ ਅਤੇ ਔਰਤਾਂ ਤੇ ਮਰਦਾਂ ਨੂੰ ਖੇਡਾਂ ਵਿਚ ਬਰਾਬਰ ਦੀ ਥਾਂ ਦੇਣਾ ਹੈ। ਇੰਟਰਨੈਸ਼ਨਲ ਖੇਡ ਫੈਡਰੇਸ਼ਨਾਂ ਨੂੰ ਆਰਜ਼ੀ ਜਾਂ ਪੂਰੀ ਮਾਨਤਾ ਵੀ ਆਈ. ਓ. ਸੀ. ਨੇ ਹੀ ਦੇਣੀ ਹੁੰਦੀ ਹੈ।

ਆਈ. ਓ. ਸੀ. ਕਾਰਜਕਾਰੀ ਬੋਰਡ ਦੇ 15 ਮੈਂਬਰ ਹੁੰਦੇ ਹਨ। ਇਕ ਪ੍ਰਧਾਨ, 4 ਮੀਤ ਪ੍ਰਧਾਨ ਤੇ 10 ਮੈਂਬਰ। ਇਸ ਦਾ ਕੋਰਮ 8 ਹੈ। ਮੀਤ ਪ੍ਰਧਾਨਾਂ ਤੇ ਮੈਂਬਰਾਂ ਦੀ ਮਿਆਦ 4 ਸਾਲਾਂ ਦੀ ਹੈ। ਉਹ 4 ਸਾਲਾਂ ਲਈ ਦੁਬਾਰਾ ਵੀ ਚੁਣੇ ਜਾ ਸਕਦੇ ਹਨ, ਪਰ ਤੀਜੀ ਵਾਰ ਚੁਣੇ ਜਾਣ ਲਈ ਦੋ ਸਾਲ ਦਾ ਖੱਪਾ ਚਾਹੀਦਾ ਹੈ। ਇਸ ਕੋਲ ਆਈ. ਓ. ਸੀ. ਦੀਆਂ ਸ਼ਕਤੀਆਂ ਹੁੰਦੀਆਂ ਹਨ। ਇਹ ਪ੍ਰਧਾਨ ਦੀ ਮਨਜ਼ੂਰੀ ਨਾਲ ਡਾਇਰੈਕਟਰ ਜਨਰਲ ਨਿਯੁਕਤ ਕਰਦਾ ਹੈ। ਇਹੋ ਅਥਲੈਟਿਕ ਕਮਿਸ਼ਨ, ਐਥਿਕਸ ਕਮਿਸ਼ਨ, ਨਾਮਜ਼ਦਗੀ ਕਮਿਸ਼ਨ, ਸੌਲਡੈਰਿਟੀ ਕਮਿਸ਼ਨ, ਮੁਲੰਕਨ ਕਮਿਸ਼ਨ, ਕੋਆਰਡੀਨੇਸ਼ਨ ਕਮਿਸ਼ਨ ਤੇ ਮੈਡੀਕਲ ਕਮਿਸ਼ਨ ਆਦਿ ਦੇ ਮੈਂਬਰ ਨਾਮਜ਼ਦ ਕਰਦਾ ਹੈ। ਨਿਯਮ ਤੇ ਬਾਈਲਾਅਜ਼ ਬਣਾਉਂਦਾ, ਫਾਈਨੈਂਸ਼ੀਅਲ ਮੈਨੇਜਮੈਂਟ ਕਰਦਾ, ਕੋਡ, ਨਾਰਮਜ਼ ਤੇ ਗਾਈਡ ਲਾਈਨਜ਼ ਬਣਾ ਕੇ ਆਈ. ਓ. ਸੀ. ਦੇ ਸੈਸ਼ਨ ਲਈ ਏਜੰਡਾ ਤਿਆਰ ਕਰਦਾ ਹੈ।

ਓਲੰਪਿਕ ਚਾਰਟਰ ਵਿਚ ਕੋਈ ਸੋਧ ਆਈ. ਓ. ਸੀ. ਦੇ ਸੈਸ਼ਨ ਵਿਚ ਦੋ ਤਿਹਾਈ ਬਹੁਗਿਣਤੀ ਨਾਲ ਹੋ ਸਕਦੀ ਹੈ, ਜਦ ਕਿ ਆਮ ਫੈਸਲੇ ਬਹੁਗਿਣਤੀ ਨਾਲ ਹੁੰਦੇ ਹਨ। ਓਲੰਪਿਕ ਝੰਡੇ ਦਾ ਰੰਗ ਸਫੈਦ ਹੈ, ਜਿਸ ਉਤੇ ਨੀਲੇ, ਪੀਲੇ, ਕਾਲੇ, ਹਰੇ ਤੇ ਲਾਲ ਰੰਗ ਦੇ ਕੁੰਡਲ ਆਪਸ ਵਿਚ ਪਰੋਏ ਹਨ। ਇਹ ਪੰਜਾਂ ਮਹਾਂਦੀਪਾਂ ਤੇ ਸਾਰੇ ਮੁਲਕਾਂ ਦੇ ਝੰਡਿਆਂ ਦੇ ਰੰਗਾਂ ਦੀ ਨੁਮਾਇੰਦਗੀ ਕਰਦੇ ਹਨ। ਓਲੰਪਿਕ ਲਾਟ ਯੂਨਾਨੀ ਦੇਵੀਆਂ ਓਲਿੰਪੀਆ ਦੇ ਖੰਡਰਾਂ 'ਚੋਂ ਆਤਿਸ਼ੀ ਸ਼ੀਸੇ ਨਾਲ ਜਗਾਉਂਦੀਆਂ



ਹਨ। ਉਹ ਲਾਟ ਮਸ਼ਾਲ ਰਾਹੀਂ ਓਲੰਪਿਕ ਖੇਡਾਂ ਦੇ ਸਟੇਡੀਅਮ ਵਿਚ ਲਿਆਂਦੀ ਜਾਂਦੀ ਹੈ, ਜਿਥੇ ਕਿਸੇ ਨਾਮਵਰ ਖਿਡਾਰੀ ਹੱਥੋਂ ਓਲੰਪਿਕ ਜੋਤ ਜਗਾਈ ਜਾਂਦੀ ਹੈ। ਓਲੰਪਿਕ ਖੇਡਾਂ ਦਾ ਮਾਟੋ ਸਿਟੀਅਸ, ਐਲਟੀਅਸ, ਫੋਰਟੀਅਸ ਹੈ, ਜਿਨ੍ਹਾਂ ਦੇ ਅਰਥ ਹਨ: ਹੋਰ ਤੇਜ਼, ਹੋਰ ਉੱਚਾ, ਹੋਰ ਅੱਗੇ।

ਆਈ. ਓ. ਸੀ. ਵਿਸ਼ਵ ਖੇਡ ਪ੍ਰਬੰਧ ਦੀ ਯੂ. ਐੱਨ. ਓ. ਵਾਂਗ ਹੈ। ਉਸ ਨਾਲ ਮੁਲਕਾਂ ਦੀਆਂ ਨੈਸ਼ਨਲ ਓਲੰਪਿਕ ਐਸੋਸੀਏਸ਼ਨਾਂ ਸਬੰਧਿਤ ਹੁੰਦੀਆਂ ਹਨ, ਜਿਨ੍ਹਾਂ ਦੀ ਗਿਣਤੀ ਇਸ ਵੇਲੇ ਦੋ ਸੌ ਤੋਂ ਉਪਰ ਹੈ। ਐਨ. ਓ. ਸੀ. ਨਾਲ ਦੇਸ਼ਾਂ ਦੀਆਂ ਖੇਡ ਫੈਡਰੇਸ਼ਨਾਂ ਜੁੜੀਆਂ ਹੁੰਦੀਆਂ ਹਨ, ਜਿਨ੍ਹਾਂ ਨਾਲ ਸੂਬਾਈ ਖੇਡ ਐਸੋਸੀਏਸ਼ਨਾਂ ਦਾ ਨਾਤਾ ਹੁੰਦਾ ਹੈ। ਨੈਸ਼ਨਲ ਖੇਡ ਫੈਡਰੇਸ਼ਨਾਂ ਅੱਗੇ ਇੰਟਰਨੈਸ਼ਨਲ ਖੇਡ ਫੈਡਰੇਸ਼ਨਾਂ ਨਾਲ ਐਫਿਲੀਏਟ ਹੁੰਦੀਆਂ ਹਨ। ਓਲੰਪਿਕ ਲਹਿਰ ਵਿਚ ਉਹੀ ਅੰਤਰਰਾਸ਼ਟਰੀ ਖੇਡ ਫੈਡਰੇਸ਼ਨ ਅਸਲੀ ਸਮਝੀ ਜਾਂਦੀ ਹੈ, ਜਿਸ ਨੂੰ ਆਈ. ਓ. ਸੀ. ਦੀ ਮਾਨਤਾ ਮਿਲੀ ਹੋਵੇ। ਅਜੇ ਤਕ ਵਿਸ਼ਵ ਵਿਚ 68 ਸਪੋਰਟਸ ਦੀਆਂ ਅੰਤਰਰਾਸ਼ਟਰੀ ਖੇਡ ਫੈਡਰੇਸ਼ਨਾਂ ਨੂੰ ਪੱਕੀ ਮਾਨਤਾ ਮਿਲੀ ਹੈ। ਉਨ੍ਹਾਂ ਵਿਚੋਂ 35 ਸਪੋਰਟਸ ਨੂੰ ਆਫੀਸ਼ੀਅਲ ਯਾਨਿ ਕੋਰ ਸਪੋਰਟਸ ਦਾ ਦਰਜਾ ਹਾਸਲ ਹੈ। ਕੋਰ ਸਪੋਰਟਸ ਵਿਚੋਂ ਘੱਟੋ-ਘੱਟ 25 ਸਪੋਰਟਸ ਸਮਰ ਓਲੰਪਿਕ ਖੇਡਾਂ 'ਚ ਸ਼ਾਮਲ ਕਰਨੀਆਂ ਲਾਜ਼ਮੀ ਹਨ। ਵੱਧ ਤੋਂ ਵੱਧ 3 ਸਪੋਰਟਸ, ਐਡੀਸ਼ਨਲ ਮਾਨਤਾ ਪ੍ਰਾਪਤ ਸਪੋਰਟਸ ਵਿਚੋਂ ਲਈਆਂ ਜਾ ਸਕਦੀਆਂ ਹਨ, ਜਿਨ੍ਹਾਂ ਦੀ ਕੁਲ ਗਿਣਤੀ 33 ਹੈ।

ਕੋਰ ਸਪੋਰਟਸ ਦੀ ਸੂਚੀ ਵਿਚ ਤੈਰਾਕੀ, ਤੀਰ-ਅੰਦਾਜ਼ੀ, ਅਥਲੈਟਿਕਸ, ਬੈਡਮਿੰਟਨ, ਬਾਸਕਟਬਾਲ, ਬੈਥਲੋਨ, ਬਾਬਸਲੈਗ, ਬਾਕਸਿੰਗ, ਕਨੋ/ਕਿਯਾਕ, ਕਰਲਿੰਗ, ਸਾਈਕਲਿੰਗ, ਘੋੜ-ਸਵਾਰੀ, ਫੈਂਸਿੰਗ, ਫੁੱਟਬਾਲ, ਫੀਲਡ ਹਾਕੀ, ਆਈਸ ਹਾਕੀ, ਹੈਂਡਬਾਲ, ਗੌਲਫ, ਜਿਮਨਾਸਟਿਕਸ, ਜੂਡੋ, ਲੂਗ, ਮਾਡਰਨ ਪੈਂਟੈਥਲਨ, ਰੋਇੰਗ, ਰਗਬੀ, ਸੇਲਿੰਗ, ਸੂਟਿੰਗ, ਸਕੇਟਿੰਗ, ਸਕੀਂਗ, ਟੇਬਲ ਟੈਨਿਸ, ਟੀਕਵੋਂਡੋ, ਟੈਨਿਸ, ਟ੍ਰੈਥਲਨ, ਵਾਲੀਬਾਲ, ਵੇਟਲਿਫਟਿੰਗ ਤੇ ਰੈਸਲਿੰਗ ਸ਼ਾਮਲ ਹਨ। ਐਡੀਸ਼ਨਲ ਮਾਨਤਾ ਪ੍ਰਾਪਤ ਖੇਡਾਂ ਵਿਚ ਏਅਰ ਸਪੋਰਟਸ, ਆਟੋਮੋਬਾਈਲ, ਬੇਸਬਾਲ/ਸਾਫਟਬਾਲ, ਬੈਂਡੀ, ਬਿਲੀਆਰਡ ਸਪੋਰਟਸ, ਬਾਊਲਜ਼, ਬਾਊਲਿੰਗ, ਬ੍ਰਿਜ, ਚੈੱਸ, ਕ੍ਰਿਕਟ, ਡਾਂਸ ਸਪੋਰਟ, ਫਲੋਰਬਾਲ, ਫਲਾਈਂਗ ਡਿਸਕ, ਕਰਾਟੇ, ਕੋਰਫਬਾਲ, ਲਾਈਫ ਸੇਵਿੰਗ, ਮੋਟਰਸਾਈਕਲ ਰੇਸਿੰਗ, ਮਾਊਂਟਨੀਅਰਿੰਗ ਐਂਡ ਕਲਾਈਮਿੰਗ, ਨੈੱਟਬਾਲ, ਓਰੀਐਂਟੀਅਰਿੰਗ, ਪੇਲੋਟਾ ਵਾਸਕਾ, ਪੋਲੋ, ਪਾਵਰ ਬੋਟਿੰਗ, ਰੈਕਟਬਾਲ, ਰੋਲਰ ਸਪੋਰਟਸ, ਸਪੋਰਟਸ ਕਲਾਈਮਿੰਗ, ਸੁਕੈਸ਼, ਸੂਮੋ, ਸਰਫਿੰਗ, ਰੱਸਾਕਸ਼ੀ, ਅੰਡਰਵਾਟਰ ਸਪੋਰਟਸ, ਵਾਟਰ ਸਕੀ ਤੇ ਵੁਸ਼ੂ ਸ਼ਾਮਲ ਹਨ।

ਅੰਤਰਰਾਸ਼ਟਰੀ ਖੇਡ ਫੈਡਰੇਸ਼ਨਾਂ ਦੀਆਂ ਵੀ ਅੱਗੋਂ ਐਸੋਸੀਏਸ਼ਨਾਂ ਬਣੀਆਂ ਹੋਈਆਂ ਹਨ। ਮਸਲਨ ਸਮਰ ਓਲੰਪਿਕ ਖੇਡਾਂ ਦੀਆਂ ਕੋਰ ਸਪੋਰਟਸ ਫੈਡਰੇਸ਼ਨਾਂ ਦੀ ਐਸੋਸੀਏਸ਼ਨ, ਵਿੰਟਰ ਓਲੰਪਿਕ ਖੇਡਾਂ ਦੀਆਂ ਸਪੋਰਟਸ ਦੀ ਐਸੋਸੀਏਸ਼ਨ, ਮਾਨਤਾ ਪ੍ਰਾਪਤ ਸਪੋਰਟਸ ਦੀ ਐਸੋਸੀਏਸ਼ਨ, ਗੈਰ-ਮਾਨਤਾ ਪ੍ਰਾਪਤ ਸਪੋਟਰਸ ਫੈਡਰੇਸ਼ਨਾਂ ਦੀ ਐਸੋਸੀਏਸ਼ਨ ਆਦਿ।

ਨੈਸ਼ਨਲ ਓਲੰਪਿਕ ਐਸੋਸੀਏਸ਼ਨਾਂ, ਆਈ. ਓ. ਸੀ. ਵਾਂਗ ਖੁਦਮੁਖਤਿਆਰ ਸੰਗਠਨ ਹੁੰਦੀਆਂ ਹਨ। ਪਿੱਛੇ ਜਿਹੇ ਭਾਰਤ ਸਰਕਾਰ ਨੇ ਖੇਡ ਐਸੋਸੀਏਸ਼ਨਾਂ ਤੇ ਖੇਡ ਫੈਡਰੇਸ਼ਨਾਂ ਦੇ ਅਹੁਦੇਦਾਰਾਂ ਲਈ ਕੁਝ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ। ਮਸਲਨ 70 ਸਾਲ ਦੀ ਉਮਰ ਜਾਂ ਇਕ ਖਾਸ ਮਿਆਦ ਤਕ ਹੀ ਅਹੁਦੇ 'ਤੇ ਰਿਹਾ ਜਾ ਸਕਦਾ ਹੈ। ਲੰਮੇ ਸਮੇਂ ਤੋਂ ਅਹੁਦੇਦਾਰੀਆਂ ਮਾਣਦੇ ਤੇ ਰਾਜਨੀਤੀ ਕਰ ਰਹੇ ਬਜ਼ੁਰਗਾਂ ਨੇ ਰੌਲਾ ਪਾ ਦਿੱਤਾ ਕਿ ਸਰਕਾਰ ਖੁਦਮੁਖਤਿਆਰ ਖੇਡ ਸੰਗਠਨਾਂ ਵਿਚ ਦਖਲ ਦੇ ਰਹੀ ਹੈ। ਖੇਡ ਸੰਗਠਨਾਂ ਦੇ ਅਹੁਦੇ ਦੱਬੀ ਰੱਖਣ ਦੇ ਮਾਮਲੇ ਵਿਚ ਵਿਰੋਧੀ ਪਾਰਟੀਆਂ ਦੇ ਨੇਤਾ ਵੀ ਇਕਸੁਰ ਹੋ ਗਏ। ਭਾਰਤੀ ਖੇਡ ਸੰਗਠਨਾਂ ਦੇ ਬਹੁਤੇ ਅਹੁਦੇ ਰਾਜਨੀਤਕਾਂ ਜਾਂ ਅਫਸਰਸ਼ਾਹਾਂ ਕੋਲ ਹਨ। ਖੇਡਾਂ ਦਾ ਵਿਕਾਸ ਹੋਵੇ, ਨਾ ਹੋਵੇ, ਉਹ ਮਰਦੇ ਦਮ ਤਕ ਅਹੁਦੇ ਨਹੀਂ ਛੱਡਣਾ ਚਾਹੁੰਦੇ।

ਓਲੰਪਿਕ ਚਾਰਟਰ ਵਿਚ ਸਭ ਤੋਂ ਵੱਡਾ ਚੈਪਟਰ ਓਲੰਪਿਕ ਖੇਡਾਂ ਬਾਰੇ ਹੈ। ਓਲੰਪਿਕ ਖੇਡਾਂ ਲੀਪ ਦੇ ਸਾਲ ਗਰਮ ਰੁੱਤ ਵਿਚ ਹੁੰਦੀਆਂ ਹਨ। ਵਿੰਟਰ ਓਲੰਪਿਕਸ, ਪੈਰਾ ਓਲੰਪਿਕਸ ਤੇ ਯੂਥ ਓਲੰਪਿਕਸ ਦੀਆਂ ਖੇਡਾਂ ਵੱਖਰੀਆਂ ਕਰਾਈਆਂ ਜਾਂਦੀਆਂ ਹਨ। ਖੇਡਾਂ ਕਿਸੇ ਦੇਸ਼ ਨੂੰ ਨਹੀਂ, ਸ਼ਹਿਰ ਨੂੰ ਸੌਂਪੀਆਂ ਜਾਂਦੀਆਂ ਹਨ। ਸ਼ਹਿਰ ਦਾ ਮੇਅਰ ਮੁੱਖ ਮੇਜ਼ਬਾਨ ਹੁੰਦੈ। ਖੇਡਾਂ ਤੋਂ 9 ਸਾਲ ਪਹਿਲਾਂ ਵਿਸ਼ਵ ਦੇ ਸ਼ਹਿਰ ਖੇਡਾਂ ਲਈ ਅਰਜ਼ੀਆਂ ਦਿੰਦੇ ਹਨ। ਆਈ. ਓ. ਸੀ. ਦਾ ਕਾਰਜਕਾਰੀ ਬੋਰਡ ਮੁਲੰਕਣ ਕਮਿਸ਼ਨ ਰਾਹੀਂ ਮੁੱਢਲੀ ਪੜਤਾਲ ਕਰਾ ਕੇ ਅਰਜ਼ੀਆਂ ਛਾਂਟਦੈ। ਮਸਲਨ 2020 ਦੀਆਂ ਓਲੰਪਿਕ ਖੇਡਾਂ ਲਈ 5 ਸ਼ਹਿਰਾਂ ਨੇ ਅਰਜ਼ੀਆਂ ਦਿੱਤੀਆਂ ਸਨ। ਦੋਹਾ ਤੇ ਬਾਕੂ ਨੂੰ ਛੰਡਨ ਪਿੱਛੋਂ ਆਈ. ਓ. ਸੀ. ਦੇ ਸੈਸ਼ਨ ਵਿਚ ਚੋਣ ਕਰਨ ਲਈ ਤਿੰਨ ਸ਼ਹਿਰ-ਇਸਤੰਬੋਲ, ਟੋਕੀਓ ਤੇ ਮੈਡਰਿਡ ਰਹਿ ਗਏ ਸਨ। ਇਨ੍ਹਾਂ ਵਿਚੋਂ ਟੋਕੀਓ ਦੀ ਚੋਣ ਕਰ ਲਈ ਗਈ। ਓਲੰਪਿਕ ਖੇਡਾਂ ਤੋਂ 7 ਸਾਲ ਪਹਿਲਾਂ ਓਲੰਪਿਕ ਖੇਡਾਂ 'ਚ ਕਰਾਈਆਂ ਜਾਣ ਵਾਲੀਆਂ ਸਪੋਰਟਸ ਦੀ ਚੋਣ ਹੁੰਦੀ ਹੈ।

ਜਦੋਂ ਤਕ ਕਿਸੇ ਸ਼ਹਿਰ ਜਾਂ ਸਪੋਰਟ ਨੂੰ ਕੁਲ ਪਈਆਂ ਵੋਟਾਂ 'ਚੋਂ ਅੱਧੋਂ ਵੱਧ ਵੋਟਾਂ ਨਾ ਮਿਲਣ, ਉਦੋਂ ਤਕ ਉਹਦੀ ਚੋਣ ਨਹੀਂ ਹੋ ਸਕਦੀ। ਪਹਿਲੇ ਗੇੜ ਵਿਚ ਅਜਿਹਾ ਨਾ ਹੋ ਸਕੇ ਤਾਂ ਸਭ ਤੋਂ ਘੱਟ ਵੋਟਾਂ ਵਾਲੇ ਨੂੰ ਬਾਹਰ ਕਰ ਕੇ ਦੂਜਾ ਗੇੜ ਚਲਾਇਆ ਜਾਂਦਾ ਹੈ। ਫਿਰ ਵੀ ਅੱਧੋਂ ਵੱਧ ਵੋਟਾਂ ਨਾ ਮਿਲਣ ਤਾਂ ਤੀਜੇ ਗੇੜ ਦੀਆਂ ਵੋਟਾਂ ਪੁਆਈਆਂ ਜਾਂਦੀਆਂ ਹਨ। ਕਈ ਵਾਰ ਫੈਸਲਾ ਚੌਥੇ ਗੇੜ ਵਿਚ ਜਾ ਕੇ ਹੁੰਦਾ ਵੇਖਿਆ ਹੈ।

ਓਲੰਪਿਕ ਖੇਡਾਂ ਕਰਾਉਣ ਵਾਲੇ ਸੰਗਠਨ ਦਾ ਨਾਂ ਆਰਗੇਨਾਈਜੇਸ਼ਨ ਆਫ ਓਲੰਪਿਕ ਗੇਮਜ਼ ਹੁੰਦੈ। ਇਸ ਨੇ ਆਪਣੇ ਦੇਸ਼ ਦੀ ਸਰਕਾਰ, ਐੱਨ. ਓ. ਸੀਜ਼. ਅਤੇ ਆਈ. ਓ. ਸੀ. ਦੇ ਸਹਿਯੋਗ ਨਾਲ ਖੇਡਾਂ ਤੋੜ ਚੜ੍ਹਾਉਣੀਆਂ ਹੁੰਦੀਆਂ। ਖੇਡਾਂ ਲਈ ਢੁਕਵਾਂ ਸਥਾਨ ਚੁਣਿਆ ਜਾਂਦੈ, ਵੀਨੂੰ ਨਿਸ਼ਚਿਤ ਕੀਤੇ ਜਾਂਦੇ ਨੇ ਅਤੇ ਖੇਡ ਮੈਦਾਨ, ਖੇਡ ਭਵਨ ਤੇ ਸਟੇਡੀਅਮ ਨਵਿਆਏ ਜਾਂ ਨਵੇਂ ਬਣਾਏ ਜਾਂਦੇ ਨੇ। ਓਲੰਪਿਕ ਪਿੰਡ ਉਸਾਰਿਆ ਜਾਂਦੈ, ਜਿਥੇ ਖਿਡਾਰੀ ਤੇ ਖੇਡ ਅਧਿਕਾਰੀ ਰਹਿੰਦੇ ਨੇ। ਖੇਡਾਂ 16 ਦਿਨ ਚਲਦੀਆਂ ਨੇ। ਅਜੋਕੀਆਂ ਓਲੰਪਿਕ ਖੇਡਾਂ ਵਿਚ ਓਲੰਪਿਕ ਪਿੰਡ 'ਚ ਵੀਹ ਕੁ ਹਜ਼ਾਰ ਵਿਅਕਤੀਆਂ ਨੇ ਠਹਿਰਨਾ ਹੁੰਦੈ। ਉਥੇ ਕਲਚਰਲ ਪ੍ਰੋਗਰਾਮ ਵੀ ਹੁੰਦੇ ਨੇ। ਹਰੇਕ ਓਲੰਪਿਕਸ ਦਾ ਖਾਸ ਨਿਸ਼ਾਨ ਤੇ ਮਸਕਟ ਹੁੰਦੈ। ਓਲੰਪਿਕ ਖੇਡਾਂ ਦੀਆਂ ਰੀਤਾਂ ਰਸਮਾਂ ਹੁੰਦੀਆਂ। ਓਲਿੰਪੀਆ ਦੇ ਖੰਡਰਾਂ 'ਚੋਂ ਅਗਨੀ ਪੈਦਾ ਕਰ ਕੇ ਓਲੰਪਿਕ ਮਿਸ਼ਾਲ ਹੱਥੋ-ਹੱਥੀ ਓਲੰਪਿਕ ਸਟੇਡੀਅਮ ਵਿਚ ਲਿਆਂਦੀ ਜਾਂਦੀ ਹੈ, ਜਿਸ ਨਾਲ ਖੇਡਾਂ ਦੀ ਜੋਤ ਜਗਾਈ ਜਾਂਦੀ ਹੈ, ਜੋ ਖੇਡਾਂ ਦੌਰਾਨ ਦਿਨ ਰਾਤ ਜਗਦੀ ਰਹਿੰਦੀ ਹੈ। ਸਮੂਹ ਖਿਡਾਰੀਆਂ ਦਾ ਮਾਰਚ ਪਾਸਟ ਹੁੰਦੈ, ਸਹੁੰ ਚੁੱਕੀ ਜਾਂਦੀ, ਓਲੰਪਿਕ ਝੰਡਾ ਝੁਲਾਇਆ ਜਾਂਦੈ, ਓਲੰਪਿਕ ਗਾਣ ਗਾਇਆ ਜਾਂਦਾ ਅਤੇ ਦੇਸ਼ ਦੇ ਰਾਜ ਪ੍ਰਮੁੱਖ ਵੱਲੋਂ ਖੇਡਾਂ ਸ਼ੁਰੂ ਕਰਨ ਦਾ ਐਲਾਨ ਕੀਤਾ ਜਾਂਦਾ ਹੈ।

ਵੱਖ-ਵੱਖ ਖੇਡਾਂ 'ਚ ਭਾਗ ਲੈਣ ਲਈ ਸਪੋਰਟਸ ਦੀਆਂ ਅੰਤਰਰਾਸ਼ਟਰੀ ਖੇਡ ਫੈਡਰੇਸ਼ਨਾਂ ਆਪੋ ਆਪਣੀ ਖੇਡ ਦੇ ਓਲੰਪਿਕ ਸਟੈਂਡਰਡ ਨਿਸ਼ਚਿਤ ਕਰਦੀਆਂ ਹਨ ਤਾਂ ਜੋ ਮੁਕਾਬਲਿਆਂ ਲਈ ਖਿਡਾਰੀਆਂ ਦੀ ਗਿਣਤੀ ਸੀਮਤ ਰਹੇ। ਓਲੰਪਿਕ ਚਾਰਟਰ ਵਿਚ ਦਰਜ ਹੈ ਕਿ ਖਿਡਾਰੀਆਂ ਦੀ ਗਿਣਤੀ ਐਨੀ ਤੇ ਖੇਡ ਅਧਿਕਾਰੀਆਂ ਦੀ ਐਨੀ ਤੋਂ ਵੱਧ ਨਾ ਹੋਵੇ। ਕਿਸੇ ਕਾਰਨ ਕਿਸੇ ਖੇਡ ਨੂੰ ਪਹਿਲਾਂ ਉਲੀਕੇ ਹੋਏ ਸਪੋਰਟਸ ਪ੍ਰੋਗਰਾਮ ਵਿਚੋਂ ਹਟਾਉਣਾ ਹੋਵੇ ਤਾਂ ਇਹਦਾ ਅਧਿਕਾਰ ਆਈ. ਓ. ਸੀ. ਦੇ ਸੈਸ਼ਨ ਨੂੰ ਹੈ, ਜਦ ਕਿ ਸਪੋਰਟ ਦੇ ਡਿਸਿਪਲਿਨ ਜਾਂ ਈਵੈਂਟ ਨੂੰ ਕਾਰਜਕਾਰੀ ਬੋਰਡ 'ਕੱਲਾ ਹਟਾ ਸਕਦਾ ਹੈ।

ਓਲੰਪਿਕ ਖੇਡਾਂ ਵਿਚ ਹਿੱਸਾ ਲੈਣ ਵਾਲੇ ਖਿਡਾਰੀਆਂ ਦੀ ਉਮਰ ਤੇ ਯੋਗਤਾ ਬਾਰੇ ਹਦਾਇਤਾਂ ਪਹਿਲਾਂ ਹੀ ਜਾਰੀ ਕਰ ਦਿੱਤੀਆਂ ਜਾਂਦੀਆਂ ਹਨ। ਹਰ ਖਿਡਾਰੀ ਉਤੇ ਡੋਪ ਕੋਡ ਲਾਗੂ ਹੁੰਦੈ। ਆਈ. ਓ. ਸੀ. ਦਾ ਮੈਡੀਕਲ ਕਮਿਸ਼ਨ ਖਿਡਾਰੀਆਂ ਦੀ ਸਿਹਤ ਦਾ ਖਿਆਲ ਰੱਖਦਿਆਂ ਸਮੇਂ-ਸਮੇਂ ਉਨ੍ਹਾਂ ਰਸਾਇਣਕ ਤੱਤਾਂ ਦੀ ਸੂਚੀ ਛਾਪਦਾ ਰਹਿੰਦੈ, ਜਿਹੜੇ ਖਿਡਾਰੀਆਂ ਲਈ ਘਾਤਕ ਸਮਝੇ ਜਾਂਦੇ ਹਨ। ਜੇ ਕੋਈ ਖਿਡਾਰੀ ਉਨ੍ਹਾਂ ਤੱਤਾਂ ਦੀ ਡੋਪਿੰਗ ਕਰਦਾ ਹੋਵੇ ਤੇ ਵਾਡਾ ਦੇ ਡੋਪ ਟੈੱਸਟਾਂ ਵਿਚ ਦੋਸ਼ੀ ਪਾਇਆ ਜਾਵੇ ਤਾਂ ਉਸ ਦੇ ਜਿੱਤੇ ਹੋਏ ਮੈਡਲ ਵਾਪਸ ਲੈ ਲਏ ਜਾਂਦੇ ਹਨ। ਅਜਿਹੇ ਖਿਡਾਰੀਆਂ ਉਤੇ ਖੇਡਾਂ ਵਿਚ ਹਿੱਸਾ ਲੈਣ ਦੀ ਪਾਬੰਦੀ ਵੀ ਲੱਗ ਜਾਂਦੀ ਹੈ। ਖਿਡਾਰੀ ਝੂਠ ਬੋਲੇ ਜਾਂ ਗਲਤ ਇਲਜ਼ਾਮ ਲਾਵੇ ਤਾਂ ਜੇਲ੍ਹ ਦੀ ਸਜ਼ਾ ਵੀ ਹੋ ਸਕਦੀ ਹੈ।

ਓਲੰਪਿਕ ਖੇਡਾਂ ਨੂੰ ਟੀ. ਵੀ. ਤੋਂ ਪ੍ਰਸਾਰਿਤ ਕਰਨ, ਇਸ਼ਤਿਹਾਰਬਾਜ਼ੀ, ਟਿਕਟਾਂ, ਓਲੰਪਿਕ ਨਿਸ਼ਾਨੀਆਂ, ਪ੍ਰਕਾਸ਼ਨਾਂ, ਓਲੰਪਿਕ ਮਸ਼ਾਲ ਦਾ ਸਫਰ, ਕਾਰਪੋਰੇਟ ਅਦਾਰਿਆਂ ਦੀ ਸਪਾਂਸਰਸ਼ਿਪ ਤੇ ਹੋਰ ਸਾਧਨਾਂ ਤੋਂ ਵੱਡੀ ਆਮਦਨ ਹੁੰਦੀ ਹੈ। ਕਿਸੇ ਝਗੜੇ-ਝੇੜੇ, ਖਿਡਾਰੀਆਂ ਦਾ ਆਪਸ ਵਿਚ ਰਲ ਕੇ ਖੇਡ ਜਾਣਾ ਜਾਂ ਰੈਫਰੀਆਂ, ਜੱਜਾਂ ਤੇ ਅੰਪਾਇਰਾਂ ਦੇ ਗਲਤ ਨਿਰਣੇ, ਫੈਡਰੇਸ਼ਨਾਂ ਤੇ ਓਲੰਪਿਕ ਐਸੋਸੀਏਸ਼ਨਾਂ ਆਦਿ ਦੇ ਬਿਖੇੜੇ ਨਿਬੇੜਨ ਲਈ ਓਲੰਪਿਕ ਦੀ ਕੋਰਟ ਆਫ ਆਰਬਿਟਰੇਸ਼ਨ ਹੈ।

# ਬਾਬਿਆਂ ਦੀਆਂ ਖੁਰਾਕਾਂ ਤੇ ਪਹਿਲਵਾਨੀ

ਪੰਜਾਬੀ ਖੇਡ ਸਾਹਿਤ

53



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਗਿਆਨੀ ਗੁਰਦਿੱਤ ਸਿੰਘ ਹਰਫਨਮੌਲਾ ਲੇਖਕ ਸੀ। ਉਸ ਨੇ ਪੱਤਰਕਾਰੀ ਵੀ ਕੀਤੀ, ਧਾਰਮਿਕ ਗ੍ਰੰਥਾਂ ਦੀ ਖੋਜਬੀਨ ਵੀ ਅਤੇ ਪੇਂਡੂ ਸਭਿਆਚਾਰ ਬਾਰੇ ਦਿਲਚਸਪ ਪੁਸਤਕ 'ਮੇਰਾ ਪਿੰਡ' ਵੀ ਲਿਖੀ। ਉਸ ਵਿਚ ਪੰਜਾਬ ਦੇ ਪੇਂਡੂ ਜੀਵਨ ਦਾ ਯਥਾਰਥਕ ਚਿਤਰਨ ਹੈ। ਵਿਅੰਗ, ਲੋਕ-ਸਿਆਣਪਾਂ, ਲੋਕ ਗੀਤ, ਬੋਲੀਆਂ, ਲੋਕ ਕਥਾਵਾਂ, ਰੀਤੀ ਰਿਵਾਜ, ਤਿੱਥ ਤਿਉਹਾਰ, ਤੀਆਂ ਤੇ ਤ੍ਰਿੰਜਣ, ਜਨਮ-ਮਰਨ ਸਮੇਂ ਦੀਆਂ ਰਸਮਾਂ, ਮੁੰਡੇ ਦੀ ਛਟੀ ਤੋਂ ਲੈ ਕੇ ਕੁੜਮਾਈ, ਵਿਆਹ, ਮੁਕਲਾਵੇ ਤੇ ਵਿਦਾਈ ਤਕ ਸਭ ਕਾਸੇ ਦਾ ਵਰਣਨ ਹੈ। ਆਂਢ-ਗੁਆਂਢ, ਸਾਕ ਸਬੰਧੀ, ਰਿਸ਼ਤੇ-ਨਾਤੇ, ਧਾਰਮਿਕ ਮਾਨਤਾਵਾਂ, ਖਾਧ-ਖੁਰਾਕਾਂ, ਭਲਵਾਨੀ; ਗੱਲ ਕੀ, ਕੋਈ ਪੱਖ ਛੋਹਣੋਂ ਨਹੀਂ ਛੱਡਿਆ। ਇਸ ਪੁਸਤਕ ਦੀਆਂ ਅਨੇਕਾਂ ਐਡੀਸ਼ਨਾਂ ਛਪੀਆਂ ਤੇ ਇਸ ਨੂੰ ਪੇਂਡੂ ਜੀਵਨ ਦਾ ਵਿਸ਼ਵਕੋਸ਼ ਕਿਹਾ ਗਿਆ। ਇਸ ਦੀ ਪ੍ਰਸ਼ੰਸਾ ਭਾਈ ਜੋਧ ਸਿੰਘ, ਡਾ. ਮਹਿੰਦਰ ਸਿੰਘ ਰੰਧਾਵਾ, ਪ੍ਰੋ. ਪ੍ਰੀਤਮ ਸਿੰਘ ਅਤੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਤੋਂ ਲੈ ਕੇ ਵਾਰਤਕ ਦੇ ਧਨੀ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਵੀ ਕੀਤੀ: ਮੈਂ ਦੁਨੀਆਂ ਦੇ ਅਜੈਬ ਘਰ ਫੋਲੇ ਸਨ, ਪਰ ਪੰਜਾਬ ਦੀ ਰੂਹ ਦੇ ਦਰਸ਼ਨ ਮੈਨੂੰ ਗਿਆਨੀ ਜੀ ਨੇ ਘਰ ਬੈਠਿਆਂ ਹੀ ਕਰਾ ਦਿੱਤੇ ਹਨ। ਕਹਾਣੀ ਭਾਵੇਂ ਉਨ੍ਹਾਂ ਆਪਣੇ ਪਿੰਡ ਦੀ ਹੀ ਲਿਖੀ ਹੈ, ਪਰ ਚਿੱਤਰ ਮੇਰੇ ਪ੍ਰਿਅ ਪੰਜਾਬ ਦਾ ਖਿੱਚ ਧਰਿਆ ਹੈ। ਮੇਰਾ ਛੋਟਾ ਜਿਹਾ ਸ਼ਹਿਰੀ ਦਿਲ ਗਿਆਨੀ ਜੀ ਲਈ ਸ਼ਰਧਾ ਤੇ ਪ੍ਰਸ਼ੰਸਾ ਨਾਲ ਉਮਡ ਆਇਆ ਹੈ। ਜ਼ਿੰਦਗੀ ਦੀਆਂ ਕਿੰਨੀਆਂ ਕੀਮਤੀ ਅਕਲਾਂ ਪਿੰਡਾਂ ਦੇ ਅਖਾਣਾਂ ਵਿਚ ਗੁੰਦੀਆਂ ਹੋਈਆਂ ਹਨ ਤੇ ਕੀਕਰ ਗਿਆਨੀ ਜੀ ਨੇ ਇਨ੍ਹਾਂ ਨੂੰ ਗੁਲਦਸਤੇ ਵਾਂਗ ਜੋੜ ਦਿੱਤਾ ਹੈ। ਖੇਤੀਬਾੜੀ, ਰੀਤੀ-ਰਿਵਾਜਾਂ, ਅੱਖ-ਮਟੱਕਿਆਂ ਤੇ ਇਸ਼ਕ ਪੇਚਿਆਂ, ਮਜ਼ਾਕਾਂ ਤੇ ਮਸ਼ਕਰੀਆਂ, ਵਣਜ ਵਿਹਾਰਾਂ, ਮੇਲ ਮੁਲਾਕਾਤਾਂ, ਰੁੱਤਾਂ ਬਹਾਰਾਂ, ਹਿਰਖਾਂ ਤੇ ਸੋਗਾਂ, ਸਭ ਪੀਚਵੀਆਂ ਗੰਢਾਂ ਦਾ ਖੋਲ ਇਨ੍ਹਾਂ ਦੇ ਬੈਂਤਾਂ, ਛੰਦਾਂ, ਅਖਾਣਾਂ ਤੇ ਬੁਝਾਰਤਾਂ ਵਿਚੋਂ ਮਿਲ ਸਕਦਾ ਹੈ...।

ਗਿਆਨੀ ਗੁਰਦਿੱਤ ਸਿੰਘ ਦਾ ਜਨਮ ਰਿਆਸਤ ਮਲੇਰਕੋਟਲਾ ਦੇ ਪਿੰਡ ਮਿੱਠੇਵਾਲ ਵਿਚ 24 ਫਰਵਰੀ 1923 ਨੂੰ ਹੋਇਆ ਸੀ ਅਤੇ ਅਕਾਲ ਚਲਾਣਾ 17 ਜਨਵਰੀ 2007 ਨੂੰ ਹੋਇਆ। ਉਹ ਲੋਕ ਸਾਹਿਤ ਤੇ ਗੁਰਬਾਣੀ ਦੇ ਸੰਗਮ ਸਨ ਅਤੇ ਕਈ ਧਾਰਮਿਕ ਤੇ ਸਿਆਸੀ ਪਦਵੀਆਂ 'ਤੇ ਬਿਰਾਜਮਾਨ ਰਹੇ। ਉਨ੍ਹਾਂ ਦੀ ਪਤਨੀ ਸਰਦਾਰਨੀ ਇੰਦਰਜੀਤ ਕੌਰ ਪੰਜਾਬੀ ਯੂਨੀਵਰਸਿਟੀ ਦੀ ਵਾਈਸ ਚਾਂਸਲਰ ਅਤੇ ਸਰਵਿਸ ਸਿਲੈਕਸ਼ਨ ਕਮਿਸ਼ਨ ਭਾਰਤ ਸਰਕਾਰ ਦੀ ਚੇਅਰਪਰਸਨ ਰਹੀ। 'ਮੇਰਾ ਪਿੰਡ' ਪੁਸਤਕ ਪਹਿਲੀ ਵਾਰ 1961 ਵਿਚ ਪ੍ਰਕਾਸ਼ਿਤ ਹੋਈ। ਉਸ ਦਾ ਇਕ ਕਾਂਡ ਹੈ 'ਮੇਰੇ ਵੱਡੇ ਵਡੇਰੇ', ਜਿਸ ਵਿਚ ਗਿਆਨੀ ਜੀ ਨੇ ਆਪਣੇ ਬਾਬਿਆਂ ਦੀ ਪੀੜ੍ਹੀ ਦੀਆਂ ਖੁੱਲ੍ਹੀਆਂ ਖੁਰਾਕਾਂ ਤੇ ਉਨ੍ਹਾਂ ਦੇ ਭਲਵਾਨੀ ਕਰਤਬਾਂ ਦੀਆਂ ਗੱਲਾਂ ਕੀਤੀਆਂ ਕਿ ਕਿਵੇਂ ਕੜਾਹ ਦਾ ਕੜਾਹਾ-ਕੜਾਹਾ ਹੀ ਬੰਨੇ ਲਾ ਦਿੰਦੇ ਸਨ!

'ਮੇਰੇ ਵੱਡੇ ਵਡੇਰੇ' ਕਾਂਡ ਵਿਚ ਲਿਖਿਆ: ਮੈਂ ਆਪਣੇ ਦਾਦੇ ਬਾਬੇ ਅੱਖੀਂ ਨਹੀਂ ਦੇਖੇ। ਉਨ੍ਹਾਂ ਦੀਆਂ ਕਹਾਣੀਆਂ ਹੀ ਕੰਨੀਂ ਸੁਣੀਆਂ ਨੇ। ਉਹ ਕਥਾਵਾਂ ਹੁਣ ਵੀ ਮੇਰੇ ਪਿੰਡ ਦੇ ਕਿਸੇ ਪੁਰਾਣੇ ਆਦਮੀ ਤੋਂ ਸੁਣੀਆਂ ਜਾ ਸਕਦੀਆਂ ਹਨ। ਮੈਂ ਜਦੋਂ ਪਿੰਡ ਰਹਿੰਦਾ ਹੁੰਦਾ, ਮੇਰੀਆਂ ਪਾਈਆ ਕੁ ਹੱਡੀਆਂ ਤੇ ਇਕਹਿਰਾ ਕਾਰੰਗੇ ਵਾਲਾ ਪਤਲਾ ਜੁੱਸਾ ਦੇਖ ਕੇ ਪਿੰਡ ਦੇ ਲੋਕ ਕਿਹਾ ਕਰਦੇ, 'ਵੇਖ ਖਾਂ ਕਾਗਜ਼ੀ ਭਲਵਾਨ! ਕਿਵੇਂ ਕੁੱਲ ਨੂੰ ਲੀਕ ਲਾਉਣ ਵਾਲਾ ਇਹ ਜ਼ੋਰਾਵਰ ਬਾਬਿਆਂ ਦੇ ਘਰ ਨਕਵਾਇਆ ਪੁੱਤ ਜੰਮ ਪਿਆ ਏ, ਜੇ ਅੱਜ ਇਸ ਦੇ ਦਾਦੇ ਆ ਕੇ ਦੇਖਣ ਵਈ, ਸਾਡੀ ਆਲ-ਔਲਾਦ ਵਿਚ ਇਹ ਵੀ ਇਕ 'ਚੰਨ-ਚਰਾਗ' ਹੈ ਤਾਂ ਦੁਹੱਥੜੀਂ ਪਏ ਪਿੱਟਣ! ਕਿਥੇ ਉਹ ਦਿਉਆਂ ਜੇਡੇ ਵੱਡੇ ਕੱਦ-ਕਾਠ ਵਾਲੇ ਬੰਦੇ, ਕਿਥੇ ਇਹ ਬਲੂੰਗੜਾ ਜਿਹਾ ਕਾਗਜ਼ੀ ਭਲਵਾਨ!'

ਮੇਰੇ ਵੱਡੇ ਵਡੇਰਿਆਂ ਦੀਆਂ ਕਈ ਮਜ਼ੇਦਾਰ ਕਹਾਣੀਆਂ ਹਨ। ਜਿਨ੍ਹਾਂ ਨੂੰ ਪਿੰਡ ਦੇ ਸਿਆਣੇ ਲੋਕ ਤੇ ਗਾਲੜੀ ਚਟਖਾਰੇ ਲਾ ਲਾ ਕੇ ਸੁਣਾਇਆ ਕਰਦੇ ਸਨ। ਉਦੋਂ ਕੱਛ ਪਾਉਣੀ ਬੜੀ ਵਚਿੱਤਰ ਗੱਲ ਮੰਨੀ ਜਾਂਦੀ ਸੀ। ਮੇਰੇ ਛੋਟੇ ਬਾਬੇ ਦੇ ਕੱਛ ਪਾਈ ਦੇਖ ਕੇ ਲੋਕ ਉਸ ਨੂੰ ਖਿਝਾਉਣ ਲਈ 'ਸਿੱਖ' ਜਾਂ 'ਕੱਛਵਾਲਾ' ਵੀ ਆਖਦੇ ਸਨ। ਮੇਰੇ ਦਾਦੇ ਚਾਰ ਭਰਾ ਸਨ। ਚਾਰੇ ਜੁੱਸੇ ਵੱਲੋਂ ਏਨੇ ਨਰੋਏ ਤੇ ਕੱਦਾਵਰ, ਰੱਜ ਕੇ ਖਾਣ ਤੇ ਦੱਬ ਕੇ ਵਾਹੁਣ ਵਾਲੇ ਇਹੋ ਜਿਹੇ ਜ਼ੋਰਾਵਰ ਬੰਦੇ ਸਨ ਕਿ ਆਸ-ਪਾਸ ਦੇ ਪਿੰਡਾਂ ਲਈ ਹਊਆ ਬਣੇ ਹੋਏ ਸਨ। ਜਿਧਰੋਂ ਦੀ ਉਹ ਲੰਘ ਜਾਣ ਖੇਤ ਵਿਚੋਂ ਦੀ ਡੰਡੀ ਆਪੇ ਪੈ ਜਾਂਦੀ। ਸਾਡੇ ਵੱਡਿਆਂ ਦੇ ਨੇੜੇ ਦੇ ਪਿੰਡ 'ਛਾਪੇ' ਲਹੂ ਦਾ ਰਿਸ਼ਤਾ ਹੋਣ ਕਰਕੇ ਵਰਤ ਵਰਤਾਰਾ ਸੀ। ਉਨ੍ਹਾਂ ਨੇ ਇਕ ਵਿਆਹ ਸਮੇਂ ਮੇਰੇ ਦਾਦਿਆਂ ਨੂੰ ਰੋਟੀ ਉਤੇ ਸੱਦਿਆ। ਉਹ ਉਸ ਦਿਨ ਹਲ ਵਾਹੁੰਦੇ ਸਨ, ਉਥੋਂ ਹੀ ਬਲਦ ਪਿੰਡ ਨੂੰ ਤੋਰ ਕੇ, ਸਿੱਧੇ ਦੁਪਹਿਰੇ ਹੀ ਰੋਟੀ ਵੇਲੇ ਨੂੰ ਪਿੰਡ 'ਛਾਪੇ' ਜਾ ਪੁੱਜੇ। ਅੱਗੋਂ ਵਿਆਹ ਵਾਲਿਆਂ ਨੇ ਮੇਲ-ਗੇਲ ਲਈ ਇਕ ਕੜਾਹਾ ਗੁੜ ਦੇ ਪ੍ਰਸ਼ਾਦ ਦਾ ਕੱਢਿਆ ਹੋਇਆ ਸੀ। ਅਗਲਿਆਂ ਨੇ ਕਿਹਾ ਪਹਿਲਾਂ ਸ਼ਰੀਕੇ ਨੂੰ ਖਵਾ ਲਈਏ; ਪਰ ਸਾਡੇ ਬਾਬੇ ਕੜਾਹ ਖਾਣ ਪਹਿਲਾਂ ਹੀ ਬੈਠ ਗਏ। ਚਾਰੇ ਭਾਈ ਜਿਉਂ ਨੀਵੀਂ ਪਾ ਕੇ ਖਾਣ ਲੱਗੇ, ਪ੍ਰਸ਼ਾਦ ਦਾ ਸਾਰਾ ਕੜਾਹਾ ਸਮੇਟ ਛੱਡਿਆ। ਉਨ੍ਹਾਂ ਦੇ ਵਰਤਾਵਿਆਂ ਨੇ ਬਥੇਰਾ ਏਧਰ ਉਧਰ ਦੇਖਿਆ ਵਈ ਕਿਧਰੇ ਇਹ ਕੜਾਹ ਪ੍ਰਸ਼ਾਦ ਕਿਤੇ ਹੋਰ ਤਾਂ ਨਹੀਂ ਸੁੱਟੀ ਜਾ ਰਹੇ। ਪਰ ਉਨ੍ਹਾਂ ਦੇ ਕੱਦ ਕਾਠ ਤੇ ਖੁਰਾਕ ਈ ਏਨੀ ਸੀ ਕਿ ਇਕ ਕੜਾਹਾ ਹੋਰ ਬਣਿਆ ਹੁੰਦਾ ਤਾਂ ਅੱਧ ਪਚੱਧ ਉਸ ਵਿਚੋਂ ਕਿਹੜਾ ਨਾ 'ਚਰ' ਜਾਂਦੇ!

ਸਾਡੇ ਉਨ੍ਹਾਂ ਸਬੰਧੀਆਂ ਨੇ ਇਨ੍ਹਾਂ ਮਹਾਨ ਪੁਰਖਾਂ ਦੀ ਇਹ ਕਹਾਣੀ 'ਕਰਣੀ ਕਮਾਈ' ਦਾ ਧਿਆਨ ਧਰ ਕੇ ਫੈਸਲਾ ਕਰ ਲਿਆ ਕਿ ਅੱਗੇ ਨੂੰ ਏਨ੍ਹਾਂ ਦੇ ਨਾ ਕਦੇ ਵਿਆਹ-ਸ਼ਾਦੀ 'ਤੇ ਜਾਣਾ ਹੈ ਅਤੇ ਨਾ ਹੀ ਇਨ੍ਹਾਂ ਨੂੰ ਮੁੜ ਸੱਦਣਾ ਹੈ। ਜਦੋਂ ਮੇਰੇ ਜਿਹੇ ਛਟਾਂਕੀਆਂ ਖਾਣ ਵਾਲੇ ਓਸ ਕੁਲ ਵਿਚ 'ਚੰਨ-ਚਰਾਗ' ਪ੍ਰਗਟ ਹੋਏ, ਫਿਰ ਜਾ ਕੇ ਦੋ ਪੀੜ੍ਹੀਆਂ ਦੀ ਟੁੱਟੀ ਗੰਢੀ ਗਈ।

ਖਾਣ-ਪੀਣ ਦੇ ਪੱਖ ਨਾਲੋਂ ਵੱਧ ਪ੍ਰਸਿੱਧੀ, ਉਨ੍ਹਾਂ ਦੇ ਜ਼ੋਰਾਵਰੀ ਦੇ ਸਾਕਿਆਂ ਦੀ ਵੀ ਸੀ। ਲੋਕ ਗੱਲਾਂ ਸੁਣਾਉਂਦੇ ਹਨ: ਪੁਰਾਣੇ ਜ਼ਮਾਨੇ ਵਿਚ ਪਹਿਲਵਾਨ, ਢੋਲ ਵਾਲੇ ਨੂੰ ਨਾਲ ਲੈ ਕੇ ਦਿੱਗਵਿਜੈ ਦਾ ਝੰਡਾ ਫੜ ਕੇ ਚੜ੍ਹਦੇ ਹੁੰਦੇ। ਇਕ ਪਿੰਡ ਫਤਿਹ ਕਰਨਾ, ਦੂਜੇ ਪਿੰਡ ਉਤੇ ਚੜ੍ਹਾਈ ਕਰ ਦੇਣੀ। ਨਾਲ ਮੁੰਡੀਹਰ 'ਤੇ ਉਨ੍ਹਾਂ ਦੇ ਕਈ ਪੱਠੇ ਮੁਫਤ ਦੀਆਂ ਨਿਹਾਰੀਆਂ ਖਾ ਖਾ ਕੇ ਚਾਂਭਲੇ ਫਿਰਦੇ। ਜਿਸ ਪਿੰਡ ਪੁੱਜਦੇ, ਪਿੰਡ ਦੇ ਲੋਕਾਂ ਲਈ ਪਹਿਲਵਾਨਾਂ ਦਾ ਸਵਾਗਤ ਕਰਨਾ ਜ਼ਰੂਰੀ ਹੁੰਦਾ। ਉਹ ਸਵਾਗਤ ਪਿੱਛੋਂ ਸਭਾ ਵਿਚ ਝੰਡਾ ਗੱਡ ਦਿੰਦੇ, ਵਈ ਜੇ ਕੋਈ ਬੰਦਾ ਏਥੇ ਜ਼ੋਰ ਵਾਲਾ ਰਹਿੰਦਾ ਹੈ ਤਾਂ ਸਾਡੇ ਨਾਲ ਘੁਲ ਲਵੇ।

ਇਸ ਤਰ੍ਹਾਂ ਦਾ ਇਕ 'ਜੰਗਲ-ਬਰਨਾਲੇ' ਵੱਲ ਦਾ ਭੂਸਰਿਆ ਹੋਇਆ ਪਹਿਲਵਾਨ ਆਪਣੀ 'ਬਿਜੇਪਤਾਕਾ' ਲਹਿਰਾਉਂਦਾ ਸਾਡੇ ਪਿੰਡ ਵੀ ਆ ਗੱਜਿਆ। ਪਿੰਡ ਦਾ ਚੌਧਰੀ ਚੜ੍ਹਤ ਸਿੰਘ ਉਸ ਦੇ ਸੁਆਗਤ ਲਈ ਗਿਆ। ਇਕ ਸਬਾਤ ਵਿਚ ਉਸ ਦਾ ਉਤਾਰਾ ਕਰਵਾਇਆ ਗਿਆ। ਸਾਡਾ ਛੋਟਾ ਜਿਹਾ ਪਿੰਡ ਦੇਖ ਕੇ ਪਹਿਲਵਾਨ ਹੋਰ ਹੰਕਾਰ ਗਿਆ। ਉਹ ਬਿੰਦੇ ਝੱਟੇ ਆਖੇ 'ਇਥੇ ਦਾ ਤਾਂ ਕਦੇ ਕੋਈ ਪਹਿਲਵਾਨ ਸੁਣਿਆ ਈ ਨਹੀਂ। ਤੁਸੀਂ ਪੱਕੀ ਰਸਤ ਸਾਡੇ ਹਵਾਲੇ ਕਰੋ, ਅਸੀਂ ਅਗਲੇ ਪਿੰਡ ਜਾਈਏ।' ਪਿੰਡ ਦਾ ਚੌਧਰੀ ਸਿਆਣਾ ਸੀ, ਉਸ ਨੇ ਕਿਹਾ, 'ਰਸਤ ਨੂੰ ਕਿਹੜਾ ਜੀ ਅਸੀਂ ਕੋਈ ਨਾਂਹ ਨੁਕਰ ਕਰਨੀ ਏ, ਅਸੀਂ ਕਿਸੇ ਚੀਜ਼ ਤੋਂ ਨਾਬਰ ਨਹੀਂ। ਚੰਗੇ ਭਾਗਾਂ ਨੂੰ ਪਿੰਡ ਵਿਚ ਮਸਾਂ ਮਸਾਂ ਭਲਵਾਨ ਦੇ ਚਰਨ ਪਏ ਨੇ-ਇਕ ਰਾਤ ਤਾਂ ਕੱਟੋ, ਹੁਣੇ ਖਾਣ ਪੀਣ ਜੋਗੀ ਰਸਤ ਬਸਤ ਭੇਜ ਦਿੰਦੇ ਹਾਂ, ਦਿਨ ਚੜ੍ਹਦੇ ਨੂੰ ਰਹਿੰਦੀ ਗੱਲ ਨਜਿੱਠ ਲਵਾਂਗੇ।'

ਉਸ ਜ਼ਮਾਨੇ ਵਿਚ ਪਹਿਲਵਾਨਾਂ ਨੂੰ ਪਿੰਡ ਦੇ ਲੋਕ ਘਰ ਘਰ ਵਿਚੋਂ ਘਿਓ ਇਕੱਠਾ ਕਰ ਕੇ ਦਿੰਦੇ ਹੁੰਦੇ, ਗੁੜ ਤੇ ਕੱਪੜਿਆਂ ਦੇ ਥਾਨਾਂ ਦੀਆਂ ਪੰਡਾਂ ਬੰਨ੍ਹ ਦਿੰਦੇ। ਸਰਦੀ ਪੁਜਦੀ ਨਗਦੀ ਵੀ ਪੀਰਾਂ ਫਕੀਰਾਂ ਵਾਂਗ ਚੜ੍ਹਾਈ ਜਾਂਦੀ ਸੀ। ਇਹ ਪਹਿਲਵਾਨ ਪਿਛਲੇ ਪਿੰਡਾਂ ਤੋਂ ਕਾਫੀ ਸਮੱਗਰੀ, ਘਿਉ ਤੇ ਕਈ ਤਰ੍ਹਾਂ ਦੇ ਮੇਵੇ ਬਦਾਮ ਆਦਿ ਤੇ ਹੋਰ ਗੁੜ-ਗੰਡੂ, ਪੂਰੇ ਗੱਡੇ ਦਾ ਲੱਦ ਇਕੱਠਾ ਕਰੀ, ਨਾਲੋ ਨਾਲ ਚੁੱਕੀ ਫਿਰਦਾ ਸੀ। ਉਪਰੋਂ ਫਸਲਾਂ ਨੂੰ ਔੜ ਲੱਗਣ ਕਾਰਨ ਪਾਣੀ ਖੁਣੋਂ ਅੰਨ ਦਾ ਕਾਲ ਪਿਆ ਹੋਇਆ ਸੀ। ਮੀਂਹ ਨਾ ਵਰ੍ਹਨ ਕਰਕੇ ਕਹਿਤ ਪੈਣ ਕਾਰਨ ਏਧਰ ਖਾਣ ਨੂੰ ਦਲੀਆ ਨਾ ਜੁੜੇ, ਪਹਿਲਵਾਨ ਨੇ ਆ ਕੇ ਪੱਕੀ ਰਸਤ ਦੀ ਨਵੀਂ ਚੱਟੀ ਲਗਾ ਦਿੱਤੀ। ਪੱਕੀ ਰਸਤ, ਘੱਟੋ ਘੱਟ ਧੜੀ ਘਿਓ, ਏਨੀ ਹੀ ਬੂਰਾ ਖੰਡ, ਬਦਾਮ ਤੇ ਹੋਰ ਸੀਧਾ-ਬਾਧਾ, ਤਕੜਾ ਬੰਧੇਜ ਹੁੰਦਾ ਸੀ। ਰਸਤ ਤਾਂ ਦੇਣੀ ਏਨੀ ਔਖੀ ਸ਼ਾਇਦ ਕਿਸੇ ਕਾਲ ਵੇਲੇ ਵੀ ਨਾ ਮੰਨੀ ਜਾਂਦੀ, ਪਰ ਪਿੰਡ ਦੀ ਹੱਤਕ ਬਹੁਤ ਬੁਰੀ ਲੱਗੀ। ਪਹਿਲਵਾਨਾਂ ਦੇ ਜਥੇ ਨੂੰ ਰਾਤ ਨੂੰ ਰਸਤ ਦੇ ਕੇ ਚੌਧਰੀ ਚੜ੍ਹਤ ਸਿੰਘ ਬਾਬੇ 'ਪੂਨੂੰ' ਕੋਲ ਆਇਆ। ਪਿੰਡ ਦੇ ਚੌਧਰੀ ਨੂੰ ਘਰੇ ਆਇਆ ਦੇਖ ਕੇ ਬੈਠਣ ਲਈ ਪੀੜ੍ਹੀ ਦਿੱਤੀ ਤੇ ਪੁੱਛਿਆ, 'ਚੌਧਰੀ ਅੱਜ ਕੁਵੇਲੇ ਕਿਵੇਂ ਆਉਣਾ ਹੋਇਆ?' ਚੌਧਰੀ ਨੇ ਸਾਰੀ ਗੱਲ ਸੁਣਾਈ, ਨਾਲ ਈ ਪਿੰਡ ਦੀ ਇੱਜ਼ਤ ਦਾ ਵਾਸਤਾ ਪਾ ਕੇ ਕਿਹਾ, 'ਬਾਬਾ! ਇਸ ਵੇਲੇ ਤੂੰ ਹੀ ਪਿੰਡ ਦੀ ਲਾਜ ਰੱਖ ਸਕਦਾ ਹੈਂ। ਬੱਸ ਮੈਨੂੰ ਇਕ ਵਾਰੀ ਹਾਂ ਕਰ ਦੇ।' ਚੌਧਰੀ ਨੂੰ ਬਾਬੇ ਦੀ ਤਾਕਤ ਦਾ ਪਤਾ ਸੀ ਵਈ ਉਹ ਕਈ ਪਹਿਲਵਾਨਾਂ ਨਾਲੋਂ ਵੱਧ ਤਾਕਤਵਰ ਹੈ। ਇਸ ਲਈ ਉਸ ਨੇ 'ਹਾਂ' ਦੀ ਹੀ ਮੰਗ ਕੀਤੀ।



ਗਿਆਨੀ ਗੁਰਦਿੱਤ ਸਿੰਘ ਅਤੇ (ਹੇਠਾਂ) ਉਨ੍ਹਾਂ ਦੀ ਪੁਸਤਕ 'ਮੇਰਾ ਪਿੰਡ' ਦਾ ਮੁਖੜਾ




ਸੋਚ ਸੋਚ ਕੇ ਪੂਨੂੰ ਬਾਬੇ ਨੇ ਕਿਹਾ, ਚੌਧਰੀ ਦਾ ਕਹਿਣਾ ਮੋੜਨਾ ਵੀ ਔਖਾ ਹੈ, ਹੰਮਾ ਕਰ ਕੇ ਆਇਆ ਹੈ, ਉਤੋਂ ਲਵੇਰੀਆਂ ਦੇ ਦੁੱਧ ਤਾਂ ਇਕ ਪਾਸੇ, ਰੁੱਖ ਵੀ ਸੁੱਕ ਗਏ ਨੇ, ਖਾਣ ਪੀਣ ਨੂੰ ਚੱਜ ਹਾਲ ਦੀ ਰੋਟੀ ਵੀ ਨਹੀਂ ਜੁੜਦੀ, 'ਦੇਖੀਂ ਚੌਧਰੀ ਕਿਤੇ ਸੁੱਕ ਹੱਡੀਂ ਮਰਵਾ ਦੇਵੇਂ!' ਬਾਬੇ ਨੇ ਨੀਮ ਰਜ਼ਾਮੰਦੀ ਪ੍ਰਗਟ ਕਰਦਿਆਂ ਕਿਹਾ।

ਚੌਧਰੀ ਨੇ ਕਿਹਾ, 'ਬਾਬਾ ਤੂੰ ਫਿਕਰ ਨਾ ਕਰ, ਮੈਂ ਇਕ ਦੋ ਦਿਨ ਤੈਨੂੰ ਤਿਉੜ ਕਰਕੇ ਮੋਠ-ਬਾਜਰੇ ਦੀ ਰੱਜਵੀਂ ਖਿੱਚੜੀ ਭੇਜਦਾ ਰਹੂੰਗਾ, ਤੂੰ ਜ਼ਰਾ ਆਸ ਬਨ੍ਹਾ, ਆਪਾਂ ਤੋਂ ਪਿੰਡ ਦੀ ਹੀਣਤਾ ਨਹੀਂ ਝੱਲੀ ਜਾਂਦੀ।' ਇਹ ਕਹਿ ਕੇ ਚੌਧਰੀ ਨੇ ਬਾਬੇ ਦੀ ਬੀਰਤਾ ਟੁੰਬ ਜਗਾਈ।

ਦੂਜੇ ਦਿਨ ਚੌਧਰੀ ਨੇ ਪਹਿਲਵਾਨ ਨੂੰ ਆਖ ਦਿੱਤਾ, 'ਜੀ! ਅਸੀਂ ਪੱਕੀ ਰਸਤ ਦੇਣ ਦੀ ਥਾਂ ਜਿੱਦਣ ਕਹੋ ਦੋ ਹੱਥ ਈ ਕਰ ਕੇ ਦੇਖਾਂਗੇ। ਪਿੰਡ ਦੀ ਇਸ ਤਰ੍ਹਾਂ ਦੀ ਹਲੱਤਣ ਲੋਕ ਕਹਿੰਦੇ ਨੇ-ਜੀ ਸਾਥੋਂ ਝੱਲੀ ਨਹੀਂ ਜਾਂਦੀ।' ਦਿਨ ਬੰਨ੍ਹਿਆ ਗਿਆ, ਆਸ-ਪਾਸ ਦੇ ਪਿੰਡ ਟੁੱਟ ਕੇ ਤਮਾਸ਼ਾ ਵੇਖਣ ਆ ਗਏ। ਬਹੁਤ ਹੈਰਾਨੀ ਇਹ, ਟਿੱਡੇ ਜਿੱਡਾ ਪਿੰਡ, ਏਥੇ ਨਾਮੀ ਪਹਿਲਵਾਨ ਨਾਲ ਕਿਹੜਾ ਲੋਹਾ ਲੈਣ ਵਾਲਾ ਜੰਮ ਪਿਆ ਹੈ। ਚਲੋ ਦੇਖੀਏ ਤਾਂ ਸਹੀ।

ਢੋਲ ਵੱਜਿਆ, ਛਿੰਝ ਮਘ ਗਈ, ਪਹਿਲਵਾਨ ਦਾ ਨਿਹਾਰੀਆਂ ਖਾ ਖਾ ਗੁਨ੍ਹਿਆ ਸਰੀਰ ਤੇ ਨਿੱਤ ਦਾ ਕਰਤਬੀ ਜੁੱਸਾ ਦੇਖ ਕੇ ਸਾਰੇ ਲੋਕ ਹੈਰਾਨ, ਵਈ ਏਸ ਚੁਸਤ ਜੁਆਨ ਨਾਲ ਕੌਣ ਘੁਲੇਗਾ? ਬਾਬਾ ਪੂਨੂੰ ਅਖਾੜੇ ਦੇ ਇਕ ਪਾਸੇ ਖੇਸ ਦੀ ਬੁੱਕਲ ਮਾਰੀ ਬੈਠਾ ਸੀ। ਪਹਿਲਵਾਨ ਅਖਾੜੇ ਵਿਚ ਗੇੜੇ ਮਾਰ ਮਾਰ ਕੇ ਰੋਹਬ ਪਾਉਂਦਾ ਤੇ ਆਪਣੇ ਸਰੀਰ ਦੇ ਸੋਹਣੇ ਅੰਗ ਚਟਕਾਉਂਦਾ, ਮਟਕਾਉਂਦਾ, ਦਿਖਾਉਂਦਾ ਫਿਰਦਾ ਸੀ। ਜਦੋਂ ਅਖਾੜਾ ਜੰਮ ਗਿਆ, ਚੌਧਰੀ ਚੜ੍ਹਤ ਸਿੰਘ ਬਾਬੇ ਪੂਨੂੰ ਕੋਲ ਆਇਆ। ਮੱਥਾ ਟੇਕ ਕੇ ਕਿਹਾ, 'ਬਾਬਾ, ਰੱਖ ਲੈ ਪਿੰਡ ਦੀ ਪੱਤ, ਰੱਬ ਤੇਰੇ ਵਿਚ ਸਤ ਪਾਵੇ।' ਬਾਬੇ ਨੇ ਖੇਸ ਲਾਹ ਕੇ ਅਖਾੜੇ ਵਿਚ ਛਾਲ ਮਾਰ ਦਿੱਤੀ। ਕਿਥੇ ਨਾਗ ਵਾਂਗ ਲਿਸ਼ਕਦੇ ਜਿਸਮ ਵਾਲਾ ਪਹਿਲਵਾਨ ਦਾ ਜੁੱਸਾ, ਕਿਥੇ ਬਾਬਾ ਪੂਨੂੰ ਦਾ ਖੱਦਰ ਦਾ ਸਾਦਾ ਖੁਰਦਰਾ ਪਿੰਡਾ, ਜਿਸ ਦੇ ਪਿੰਡੇ ਨੂੰ ਤੇਲ ਦੀ ਤਿੱਪ ਵੀ ਨਹੀਂ ਛੋਹੀ ਹੋਈ ਸੀ। ਪਹਿਲਾਂ ਤਾਂ ਬਾਬੇ ਪੂਨੂੰ ਨੂੰ ਦੇਖ ਕੇ ਪਹਿਲਵਾਨ ਖਿੜ ਖਿੜਾ ਕੇ ਹੱਸਿਆ। ਫਿਰ ਰਹਿਮ ਦੇ ਘਰ ਆ ਕੇ ਬੋਲਿਆ, 'ਕਿਉਂ ਵਿਚਾਰੇ ਕਬੀਲਦਾਰ ਬੰਦੇ ਨੂੰ ਮਰਵਾਉਣ ਲੱਗੇ ਓ, ਕਿਸੇ ਪਹਿਲਵਾਨ ਨੂੰ ਕੱਢੋ ਜੇ ਦੋ ਹੱਥ ਕਰਨੇ ਈ ਹਨ।'

ਬਾਬੇ ਪੂਨੂੰ ਨੇ ਧੀਰਜ ਨਾਲ ਕਿਹਾ, 'ਕੋਈ ਨਾ ਭਾਈ, ਪਹਿਲਵਾਨ ਕਦੇ ਫੇਰ ਕੱਢਾਂਗੇ, ਪਹਿਲਾਂ ਤੂੰ ਮੇਰੇ ਜਿਹੇ ਅੱਖੜ ਬੰਦੇ ਨਾਲ ਈ ਦੋ ਹੱਥ ਕਰ ਕੇ ਦੇਖ ਲੈ।' ਇਕ ਦੋ ਅਰੰਭਕ ਹੱਥ ਕਰਨ ਪਿੱਛੋਂ, ਬਾਬੇ ਪੂਨੂੰ ਨੇ ਪਹਿਲਵਾਨ ਦੀ ਠੋਡੀ ਹੇਠਾਂ ਕੂਹਣੀ ਦਾ ਹੋੜਾ ਦੇ ਕੇ, ਮਗਰੋਂ ਗਰਦਨ ਵੱਲੋਂ ਵਲੇਵੇਂ ਨਾਲ ਉਤਾਂਹ ਨੂੰ ਉਗੀਸ ਕੇ ਪਹਿਲਵਾਨ ਨੂੰ ਧਰਤੀ ਤੋਂ ਬਾਹਾਂ ਉਪਰ, ਉੱਤੇ ਵੱਲ ਨੂੰ ਅਜਿਹਾ ਚੁੱਕਿਆ ਕਿ ਉਸ ਦੇ ਪੈਰ ਧਰਤੀ ਨਾਲੋਂ ਉੱਚੇ ਹੋ ਗਏ। ਸਾਰਾ ਭਾਰ ਠੋਡੀ ਤੇ ਗਰਦਨ ਉੱਤੇ ਆ ਪਿਆ। ਥੋੜ੍ਹੇ ਚਿਰ ਪਿੱਛੋਂ ਜਦੋਂ ਉਸ ਦੇ ਅੱਖਾਂ ਦੇ ਆਨੇ ਬਾਹਰ ਆਉਣ ਲੱਗੇ, ਸਿਰ ਚਕਰਾਇਆ ਤਾਂ ਲੱਗਾ ਘੋਰੜੂ ਵੱਜਣ। ਪਹਿਲਵਾਨ ਸਾਹਿਬ ਦੇ ਸੰਗੀ-ਸਾਥੀ ਲੱਗੇ ਡੌਰ ਭੌਰ ਹੋ ਕੇ ਦੇਖਣ। ਮਸਾਂ ਮਸਾਂ ਇਸ਼ਾਰਿਆਂ ਨਾਲ ਜਾਨ ਬਖਸ਼ਾਉਣ ਦੇ ਵਾਸਤੇ ਪਾ ਕੇ ਪਹਿਲਵਾਨ ਨੇ ਖਹਿੜਾ ਛੁਡਾਇਆ। ਬਾਬੇ ਪੂਨੂੰ ਨੇ ਲੋਕਾਂ ਨੂੰ ਕਿਹਾ, 'ਦੇਖੋ ਭਾਈ ਅਸੀਂ ਅਜੇ ਘੁਲੇ ਨਹੀਂ, ਏਸ ਪਹਿਲਵਾਨ ਨੂੰ ਕਹੋ ਜਿੰਨਾ ਚਿਰ ਇਕ ਜਣਾ ਪੁੱਠਾ ਸਿੱਧਾ ਨਹੀਂ ਹੋ ਜਾਂਦਾ, ਉਤਨਾ ਚਿਰ ਕੁਸ਼ਤੀ ਪੂਰੀ ਨਹੀਂ ਹੁੰਦੀ।' ਲੋਕ ਉਸ ਪਹਿਲਵਾਨ ਨੂੰ ਘੇਰ ਕੇ ਅਖਾੜੇ ਵੱਲ ਖਿੱਚਣ ਤੇ ਉਹ ਉਥੋਂ ਭੱਜਣ ਦੇ ਰਾਹ ਲੱਭੇ। ਆਖਰ ਦਿਨ ਛਿਪਦੇ ਤੋਂ ਪਹਿਲਾਂ ਆਪਣਾ ਲੁੰਗ-ਲਾਣਾ ਉਥੇ ਹੀ ਛੱਡ ਕੇ ਪੱਤਰਾ ਵਾਚ ਗਿਆ। 'ਬਾਬੇ ਪੂਨੂੰ ਦੀ ਜੈ' ਦੀ ਧੁਨੀ ਲੋਕਾਂ ਦੇ ਦਿਲਾਂ ਅੰਦਰ ਕਈ ਵਰ੍ਹੇ ਗੂੰਜਦੀ ਰਹੀ।

ਇਕੱਲੇ ਬਾਬਿਆਂ ਦੀਆਂ ਗੱਲਾਂ ਹੀ ਨਹੀਂ, ਉਨ੍ਹਾਂ ਦੀਆਂ ਭੈਣਾਂ ਵੀ ਅਜਿਹੀਆਂ ਸਨ। ਕਹਿੰਦੇ, ਇਕ ਵਾਰ ਅਸਾਡੇ ਘਰ ਦੇ ਸਾਰੇ ਜੀਅ ਜਦੋਂ ਬਾਹਰ ਜੁਆਰ ਦੇ ਸਿੱਟੇ ਡੁੰਗਦੇ ਸੀ, ਉਨ੍ਹਾਂ ਦੀ ਛੋਟੀ ਭੈਣ ਰੋਟੀ ਲੈ ਕੇ ਗਈ, ਆਉਂਦੀ ਹੋਈ ਡੁੰਗੇ ਹੋਏ ਸਾਰੇ ਸਿੱਟਿਆਂ ਦੀ ਪੰਡ ਬੰਨ੍ਹ ਲਿਆਈ। ਜਦੋਂ ਸਿੱਟੇ ਕੁੱਟ ਕੇ ਸਾਰੀ ਜੁਆਰ ਜੋਖੀ ਤਾਂ ਪੰਜ ਮਣ ਕੱਚੀ ਹੋਈ। ਬਾਕੀ ਨਿੱਕ ਸੁੱਕ ਅਣਜੋਖਿਆ ਈ ਪਰ੍ਹੇ ਸੁੱਟ ਦਿੱਤਾ।

ਇਹ ਭੀ ਕਥਾ ਹੈ: ਬਾਬਿਆਂ ਦੀ ਇਕ ਭੈਣ ਚੜ੍ਹਿੱਕ ਵਿਆਹੀ ਹੋਈ ਸੀ। ਪਹਿਲਾਂ ਪਹਿਲ ਸਹੁਰੇ ਗਈ ਤਾਂ ਸ਼ਾਮ ਨੂੰ ਬਾਹਰ ਜਾਣ ਵੇਲੇ ਰਾਹ ਵਿਚ ਇਕ ਪਹਿਲਵਾਨ ਮੁਗਦਰ ਚੁੱਕਦਾ ਵੇਖਿਆ। ਵਾਪਸ ਘਰ ਆਉਣ ਵੇਲੇ ਅਖਾੜਾ ਵਿਛੜ ਚੁੱਕਾ ਸੀ। ਬਾਬਿਆਂ ਦੀ ਭੈਣ ਨੇ ਆਪਣੀ ਸੱਸ ਨੂੰ ਪੁੱਛਿਆ, 'ਅੰਮਾ! ਮੁੰਡੇ ਜਿਹੇ ਏਥੇ ਖੜ੍ਹੇ ਕੀ ਕਰਦੇ ਸਨ?'

'ਧੀਏ ਇਹ ਮੁਗਦਰ ਚੁੱਕਦੇ ਸੀ। ਪਿੰਡ ਦਾ ਇਕ ਪਹਿਲਵਾਨ ਬੜਾ ਨਰੋਆ ਹੈ, ਉਸ ਬਿਨਾ ਹੋਰ ਕੋਈ ਨੇੜੇ ਦੇ ਪਿੰਡ ਵਿਚ ਮੁਗਦਰ ਨਹੀਂ ਚੁੱਕ ਸਕਦਾ, ਬਾਕੀ ਲੋਕ ਦੂਰੋਂ ਨੇੜਿਓਂ ਉਸ ਨੂੰ ਦੇਖਣ ਆਏ ਹੋਏ ਸੀ। ਸਾਹਮਣੇ ਮੁਗਦਰ ਪਿਆ ਸੀ। 'ਅੰਮਾ ਏਸ ਨੂੰ ਮੁਗਦਰ ਆਖਦੇ ਹਨ', ਆਖ ਕੇ ਜਿਉਂ ਚੁੱਕਿਆ, ਨਾਲ ਲੱਗਦੇ ਇਕ ਖੋਲੇ ਵਿਚ ਵਗਾਹ ਸੁੱਟਿਆ।

ਦਿਨ ਚੜ੍ਹਿਆ ਤਾਂ ਲੋਕ ਲੱਗੇ ਮੁਗਦਰ ਦੀ ਭਾਲ ਕਰਨ। ਆਖਰ ਨਾਲ ਦੇ ਖੋਲੇ ਵਿਚੋਂ ਪਿਆ ਮਿਲ ਗਿਆ, ਜਿਵੇਂ ਕਿਸੇ ਨੇ ਰਾਹ ਵਿਚਲਾ ਅੜਿੱਕਾ ਦੂਰ ਕਰਨ ਲਈ ਇਕ ਰੋੜਾ ਪਰੇ ਵਗਾਹ ਸੁੱਟਿਆ ਹੋਵੇ! ਇਸ ਤਰ੍ਹਾਂ ਹੋਰ ਥਾਂਵੇਂ ਮੁਗਦਰ ਪਿਆ ਦੇਖਿਆ ਤਾਂ ਚਾਰ ਪੰਜ ਜਣੇ ਰੇੜ੍ਹ ਕੇ ਮੁੜ ਉਥੇ ਲੈ ਗਏ। ਪਹਿਲਵਾਨ ਨੂੰ ਪਤਾ ਲੱਗਿਆਂ ਤਾਂ ਉਹ ਭਮੱਤਰ ਗਿਆ ਵਈ ਮੇਰੇ ਬਿਨਾ ਏਸ ਮੁਗਦਰ ਨੂੰ ਹਿਲਾਉਣ ਵਾਲਾ ਏਥੇ ਕੌਣ ਆ ਗਿਆ ਹੈ?

ਦੂਜੇ ਦਿਨ ਫੇਰ ਸ਼ਾਮ ਨੂੰ ਜਦ ਤੀਵੀਆਂ ਬਾਹਰ ਗਈਆਂ ਤਾਂ ਮੁਗਦਰ ਉਥੇ ਹੀ ਪਿਆ ਦੇਖ ਕੇ 'ਇਹ ਜਾਏ ਖਾਣਾ ਫੇਰ ਰਾਹ 'ਚ ਪਿਆ ਹੈ' ਆਖਦਿਆਂ ਬਾਬਿਆਂ ਦੀ ਭੈਣ ਨੇ ਏਨੇ ਜ਼ੋਰ ਨਾਲ ਵਗਾਹਿਆ ਕਿ ਅਗਲੇ ਖੋਲੇ ਦੀ ਕੰਧ ਢਹਿ ਗਈ। ਲੋਕਾਂ ਨੂੰ ਪਤਾ ਲੱਗ ਗਿਆ, ਪਹਿਲਵਾਨ ਦੀ ਖਾਨਿਉਂ ਗਈ। ਦੂਜੇ ਦਿਨ ਥਾਲੀ ਵਿਚ 101 ਰੁਪਏ, ਸੁੱਚਾ ਤਿੱਲੇ ਵਾਲਾ ਤਿਓਰ ਲੈ ਕੇ ਪਹਿਲਵਾਨ ਆਇਆ ਤੇ ਬਾਬਿਆਂ ਦੀ ਭੈਣ ਨੂੰ ਨਜ਼ਰਾਨਾ ਪੇਸ਼ ਕਰਕੇ ਕਿਹਾ, 'ਚਾਚੀ ਤੂੰ ਮੇਰੀ ਧਰਮ ਦੀ ਭੈਣ ਹੋਈ, ਧੰਨ ਤੂੰ ਧੰਨ ਤੇਰੇ ਜਣਦੇ, ਮੈਂ ਤਾਂ ਬੱਸ ਦਰਸ਼ਨਾਂ ਲਈ ਆਇਆ ਹਾਂ ਵਈ ਅਜਿਹੀ ਸ਼ਕਤੀ ਵਾਲੀ ਦੇਵੀ ਸ਼ਕਤੀ ਏਥੇ ਕੌਣ ਹੈ? ਮੈਂ ਅੱਜ ਤੋਂ ਪਹਿਲਵਾਨੀ ਛੱਡੀ।' ਕਹਿੰਦੇ ਜੀ ਜਿਤਨਾ ਚਿਰ ਪਹਿਲਵਾਨ ਜਿਊਂਦਾ ਰਿਹਾ, ਹਰ ਇਕ ਤਿੱਥ ਤਿਉਹਾਰ ਉਤੇ ਬਾਬਿਆਂ ਦੀ ਭੈਣ ਨੂੰ ਤਿਓਰ ਤੇ ਕੱਪੜੇ ਲੀੜੇ ਚੜ੍ਹਾਉਂਦਾ ਰਿਹਾ।


ਬਾਬਿਆਂ ਦੀ ਉਸ ਭੈਣ ਨੇ ਦੋ ਪੁੱਤ ਜਨਮੇ। ਕਹਿੰਦੇ ਦੁੱਧ ਰਿੜਕਣ ਵੇਲੇ ਉਹ ਦੋਹਾਂ ਨੂੰ ਕੋਲੇ ਸੱਦ ਲੈਂਦੀ ਤੇ ਜੋ ਮਖਣੀ ਨਿਕਲਦੀ, ਅੱਧੋ-ਅੱਧ ਵੰਡ ਕੇ ਖਵਾਉਂਦੀ। ਫੇਰ ਦੌੜਾਉਂਦੀ, ਨਸਾਉਂਦੀ ਤੇ ਜ਼ੋਰ ਕਰਾਉਂਦੀ। ਉਨ੍ਹਾਂ ਵਿਚੋਂ ਵੱਡਾ, ਮੰਗਲ ਸਿੰਘ ਨਾਮੀ ਪਹਿਲਵਾਨ ਹੋਇਆ। ਉਹ ਆਪਣੇ ਮਾਮਿਆਂ ਨੂੰ ਮਿਲਣ ਲਈ ਮੇਰੇ ਪਿੰਡ ਆਇਆ। ਲੋਕਾਂ ਨੇ ਇਕ ਮਹੀਨੇ ਲਈ ਘੁਲਣ ਵਾਸਤੇ ਰੱਖ ਲਿਆ। ਉਹ ਸਵਾ ਸਵਾ ਮਣ ਦੀਆਂ ਮੂੰਗਲੀਆਂ ਫੇਰਿਆ ਕਰਦਾ ਸੀ। ਮਹੀਨਾ ਭਰ ਮੂੰਗਲੀਆਂ ਫੇਰਦਾ ਰਿਹਾ, ਸਾਰਾ ਪਿੰਡ ਦੇਖਣ ਜਾਂਦਾ, ਬਾਹਰੋਂ ਵੀ ਲੋਕ ਦੇਖਣ ਆਉਂਦੇ, ਪਰ ਮੇਰੇ ਬਾਬੇ ਹੋਰੀਂ ਨਾ ਗਏ। ਇਕ ਦਿਨ ਚੌਧਰੀ ਨੇ ਕਿਹਾ, "ਬਾਬਾ!

(ਬਾਕੀ ਅਗਲੇ ਸਫੇ 'ਤੇ)

# ਇੰਗਲੈਂਡ ਵਿਚ ਮੁਢਲੇ ਦਿਨ...

*ਕਈ ਦਹਾਕਿਆਂ ਤੋਂ ਇੰਗਲੈਂਡ ਵੱਸਦਾ ਗੁਰਨਾਮ ਸਿੰਘ ਢਿੱਲੋਂ ਬੁਨਿਆਦੀ ਰੂਪ ਵਿਚ ਸ਼ਾਇਰ ਹੈ। ਇਸ ਲੇਖ ਵਿਚ ਉਸ ਨੇ ਆਪਣੇ ਇੰਗਲੈਂਡ ਪੁੱਜਣ ਦੇ ਪਹਿਲ-ਪਲੇਠੇ ਦਿਨਾਂ ਦਾ ਜ਼ਿਕਰ ਬਹੁਤ ਬੇਬਾਕੀ ਅਤੇ ਖੁੱਲ੍ਹੇ ਮਨ ਨਾਲ ਕੀਤਾ ਹੈ। ਇਸ ਵਿਚ ਦੇਸੀ ਮਾਲਕਾਂ ਦਾ ਵਿਹਾਰ ਖਾਸ ਤੌਰ 'ਤੇ ਨੋਟ ਕਰਨ ਵਾਲਾ ਹੈ ਜੋ ਨਵੇਂ-ਨਵੇਂ ਇੰਗਲੈਂਡ ਪੁੱਜਣ ਵਾਲੇ ਪੰਜਾਬੀਆਂ ਨਾਲ ਗੋਰਿਆਂ ਵਾਲਾ ਵਿਹਾਰ ਹੀ ਕਰਦੇ ਹਨ। ਇਸ ਪੱਖ ਤੋਂ ਇਹ ਰਚਨਾ ਵੱਖਰੀ ਹੋ ਨਿੱਬੜੀ ਹੈ।*

ਮੇਰੇ ਮਾਮਾ ਜੀ ਦਾ ਲੜਕਾ ਮੋਤਾ ਸਿੰਘ ਆਪਣੇ ਦੋ ਹੋਰ ਦੋਸਤਾਂ ਸਮੇਤ ਮੈਨੂੰ ਹੀਥਰੋ ਹਵਾਈ ਅੱਡੇ ਉਤੇ ਲੈਣ ਆਇਆ। ਸ਼ਾਮ ਨੂੰ ਅਸੀਂ ਰੇਲਵੇ ਗੱਡੀ ਰਾਹੀਂ ਉਸ ਦੇ ਸ਼ਹਿਰ ਲਮਿੰਗਟਨ ਸਪਾ ਪਹੁੰਚ ਗਏ। ਉਸ ਘਰ ਵਿਚ ਸੋਲਾਂ ਬੰਦੇ ਰਹਿੰਦੇ ਸਨ। ਦਿਨ ਵਿਚ ਦੋ ਵੇਲੇ ਉਹ ਬੀਅਰ ਪੀਣ ਜਾਂਦੇ। ਮੈਨੂੰ ਵੀ ਨਾਲ ਜਾਂਦੇ। ਕੋਈ ਵੀ ਪੜ੍ਹਨ ਲਿਖਣ ਦੀ ਗੱਲ ਨਾ ਕਰਦਾ। ਫਲਾਣਾ ਬੰਦਾ ਕਿੰਨੇ ਪੌਂਡ ਚੁੱਕਦਾ। ਢਿਮਕਾ ਬੰਦਾ ਸੈਚਰਡਾ/ਸੰਡਾ ਓਵਰਟੈਮ ਲਾਉਂਦਾ। ਹੋਰ ਕੋਈ ਗੱਲ ਨਾ ਹੁੰਦੀ। ਮਾਇਆ ਦੀ ਤਾਂ ਮੈਨੂੰ ਉਨ੍ਹਾਂ ਨਾਲੋਂ ਵੱਧ ਲੋੜ ਸੀ ਕਿਉਂਕਿ ਮੈਂ ਬੇਰੁਜ਼ਗਾਰ ਸੀ ਅਤੇ ਦੂਜਿਆਂ ਉਤੇ ਭਾਰ ਸੀ।



ਐਪਰ ਹਰ ਵੇਲੇ ਦਾਰੂ ਪੀਣ ਅਤੇ ਪੈਸਿਆਂ ਦੀਆਂ ਗੱਲਾਂ ਸੁਣ-ਸੁਣ ਮੈਂ ਅੱਕ ਗਿਆ। ਮੈਨੂੰ ਇਹ ਲਿਖਣ ਵਿਚ ਕੋਈ ਹਿਚਕਚਾਹਟ ਨਹੀਂ, ਮੋਤੇ ਦਾ ਰਵੱਈਆ ਵੀ

**ਗੁਰਨਾਮ ਸਿੰਘ ਢਿੱਲੋਂ**
ਫੋਨ: +44-7787-059333

ਮੈਨੂੰ, ਮੇਰੇ ਪ੍ਰਤੀ ਸੁਹਿਰਦ ਨਾ ਲੱਗਾ। ਉਹ ਉਮਰ ਵਿਚ ਤਾਂ ਮੇਰੇ ਨਾਲੋਂ ਵੱਡਾ ਸੀ ਐਪਰ ਗੱਲ-ਗੱਲ ਉਤੇ ਮੈਨੂੰ ਟੋਕ ਦਿੰਦਾ ਜਿਸ ਨੂੰ ਮੈਂ ਆਪਣੀ ਹੇਠੀ ਸਮਝਦਾ। ਮੈਨੂੰ ਲਗਦਾ ਜਿਵੇਂ ਮੈਂ ਉਸ ਨਾਲ ਕਿਸੇ ਅਦਿੱਖ ਮੁਕਾਬਲੇਬਾਜ਼ੀ ਵਿਚ ਸ਼ਾਮਲ ਹੋ ਗਿਆ ਹੋਵਾਂ। ਉਸ ਪਾਸੋਂ ਉਸ ਦਾ ਸਪੇਸ ਖੋਹ ਰਿਹਾ ਹੋਵਾਂ। ਰਿਸ਼ਤੇਦਾਰਾਂ ਵਿਚ ਬਣ ਚੁੱਕੀ ਉਸ ਦੀ ਪੈਂਠ ਨੂੰ ਖੋਰਾ ਲਾ ਰਿਹਾ ਹੋਵਾਂ। ਇਕ ਵਾਰ ਤਾਂ ਮੇਰੇ ਮਨ ਵਿਚ ਆਇਆ, ਮੈਂ ਉਸ ਨੂੰ ਪੁੱਛਾਂ ਕਿ ਕੀ ਗੱਲ ਹੈ? ਐਪਰ ਤੰਗ ਹੋ ਕੇ ਮੈਂ ਆਪਣੇ ਮਿੱਤਰ ਵੇਦ ਪ੍ਰਕਾਸ਼ ਨੂੰ ਚਿੱਠੀ ਲਿਖ ਦਿੱਤੀ। ਉਹ ਮੈਨੂੰ ਅਗਲੇ ਹਫਤੇ ਲੈਣ ਆ ਗਿਆ।

ਮੈਂ ਸਾਊਥਾਲ ਆਣ ਡੇਰੇ ਲਾਏ। ਉਹਦੇ ਕਮਰੇ ਵਿਚ ਮੈਂ ਚੌਥਾ ਬੰਦਾ ਸੀ। ਅਗਲੇ ਦਿਨ ਮਾਲਕ ਮਕਾਨ ਹਰਬੰਸ ਸਿੰਘ ਨੇ ਕਰਾਇਆ ਵਧਾ ਦਿੱਤਾ। ਹਫਤੇ ਬਾਅਦ ਵੇਦ ਦਾ ਭੂਆ ਦਾ ਪੁੱਤ ਸੋਹਣ ਲਾਲ ਵੀ ਭਾਰਤ ਤੋਂ ਸਾਡੇ ਪਾਸ ਪਹੁੰਚ ਗਿਆ। ਸੋਹਣ ਲਾਲ ਮੇਰਾ ਵੀ ਬਚਪਨ ਦਾ ਦੋਸਤ ਸੀ। ਹਰਬੰਸ ਸਿੰਘ ਨੇ ਅਸਾਨੂੰ ਕਮਰਾ ਖਾਲੀ ਕਰਨ ਦਾ ਨੋਟਿਸ ਦੇ ਕੇ ਸਾਡੇ ਨਾਲ ਬੋਲਣਾ ਬੰਦ ਕਰ ਦਿੱਤਾ। ਹੁਣ ਤੀਕ ਮੈਨੂੰ ਵੀ ਵੇਦ ਨੇ ਫੈਕਟਰੀ ਵਿਚ ਆਪਣੇ ਨਾਲ ਕੰਮ ਉਤੇ ਲਵਾ ਲਿਆ ਸੀ। ਵੇਦ ਦੇ ਉਸ ਨੂੰ ਕਹਿਣ ਦੇ ਬਾਵਜੂਦ ਕਿ ਅਸੀਂ ਕਮਰਾ ਲੱਭ ਰਹੇ ਹਾਂ, ਉਸ ਨੇ ਘਰ ਵਿਚ ਸਾਡਾ ਜੀਣਾ ਦੁੱਭਰ ਕਰ ਦਿੱਤਾ। ਸਾਡੇ ਖਤ ਵੀ ਅਸਾਨੂੰ ਨਾ ਦਿਆ ਕਰੇ। ਗੁਸਲਖਾਨੇ ਨੂੰ ਤਾਲਾ ਲਾ ਦੇਵੇ। ਰਸੋਈ ਵਿਚ ਜਾਣਾ ਲਗਭਗ ਬੰਦ। ਇਕ ਦਿਨ ਮੇਰੇ ਦਿਲ ਵਿਚ ਆਇਆ, ਇਹ ਬੰਦਾ ਆਪਣੇ ਆਪ ਨੂੰ ਕੀ ਸਮਝਦਾ ਹੈ! ਵੇਖੀ ਜਾਊ ਜੋ ਹੋਊ!! ਇਹਨੂੰ ਵੇਖ ਹੀ ਲਵਾਂ!!! ਪਰ ਵੇਦ ਮੈਨੂੰ ਬਹੁਤ ਸਮਝਾ ਕੇ ਰੱਖਦਾ।

ਏਨੇ ਨੂੰ ਸਾਡੇ ਵਿਚੋਂ ਪੰਜਵੇਂ ਬੰਦੇ ਨੇ ਚਲਾਕੀ ਨਾਲ ਆਪਣਾ ਮਕਾਨ ਹੰਸਲੋ ਵਿਚ ਖਰੀਦ ਲਿਆ। ਉਹ ਆਪਣੇ ਮਕਾਨ ਵਿਚ ਚਲਾ ਗਿਆ। ਅਸਾਨੂੰ ਪਤਾ ਲੱਗਾ, ਹੰਸਲੋ ਵਿਚ ਕਿਸੇ ਹੋਰ ਦੇਸੀ ਬੰਦੇ ਨੇ ਨਵਾਂ ਮਕਾਨ ਖਰੀਦਿਆ ਹੈ। ਅਸੀਂ ਉਸ ਪਾਸ ਪਹੁੰਚ ਗਏ। ਉਸ ਦੇ ਘਰ ਦੀ ਜ਼ਮੀਨੀ ਮੰਜ਼ਲ ਉਤੇ ਮੋਹਰਲੇ ਅਤੇ ਪਿਛਲੇ ਕਮਰਿਆਂ ਵਿਚ ਕੰਧ ਨਹੀਂ ਸੀ। ਉਹਨੇ ਕਿਹਾ, "ਮੈਂ ਤੁਹਾਨੂੰ ਇਨ੍ਹਾਂ ਦੋ






*ਇੰਗਲੈਂਡ ਦੇ ਸ਼ਹਿਰ ਲਮਿੰਗਟਨ ਸਪਾ ਦਾ ਰੇਲਵੇ ਸਟੇਸ਼ਨ ਅਤੇ (ਸੱਜੇ) ਹੰਸਲੋ ਦੀ ਇਕ ਸੜਕ ਦਾ ਨਜ਼ਾਰਾ।*

ਕਮਰਿਆਂ ਵਿਚ ਚਾਰ ਬੈੱਡ ਲਾ ਦਿੰਦਾ ਹਾਂ ਪਰ ਕਿਰਾਇਆ ਦੋ ਕਮਰਿਆਂ ਦਾ ਦੇਣਾ ਪਵੇਗਾ।" ਮਰਦਾ ਕੀ ਨਹੀਂ ਕਰਦਾ। ਅਸੀਂ ਮੰਨ ਗਏ। ਜਿਸ ਦਿਨ ਅਸੀਂ ਸਾਊਥਾਲ ਵਾਲਾ ਘਰ ਛੱਡਿਆ, ਮਕਾਨ ਮਾਲਕ ਨੇ ਜੰਗੀ ਕੈਦੀਆਂ ਵਾਂਗੂੰ ਕਾਬੂ ਕੀਤੇ ਸਾਡੇ ਖਤ ਰਿਹਾ ਕਰ ਦਿੱਤੇ ਅਤੇ ਸੜੇ ਮੱਥੇ ਅਸਾਨੂੰ ਵਿਦਾ ਕਰ ਦਿੱਤਾ। ਅਸੀਂ ਚਾਰ ਜਣੇ ਨਵੇਂ ਘਰ ਵਿਚ ਰਹਿਣ ਲੱਗ ਪਏ ਅਤੇ ਕਿਰਾਇਆ ਦੋ ਕਮਰਿਆਂ ਦਾ ਦੇਣਾ ਸ਼ੁਰੂ ਕਰ ਦਿੱਤਾ। ਏਨੇ ਚਿਰ 'ਚ ਸੋਹਨ ਨੂੰ ਵੀ ਫੈਕਟਰੀ 'ਚ ਕੰਮ ਮਿਲ ਗਿਆ।

ਉਨ੍ਹਾਂ ਦਿਨਾਂ ਵਿਚ ਦੇਸੀ ਮਕਾਨ ਮਾਲਕ ਕਿਰਾਏਦਾਰਾਂ ਨਾਲ ਗੁਲਾਮਾਂ ਵਾਲਾ ਵਿਹਾਰ ਕਰਦੇ ਸਨ। ਕਿਰਾਏਦਾਰਾਂ ਪਾਸੋਂ ਉਹ ਕਮਰੇ ਦਾ ਨਹੀਂ, ਕਮਰੇ ਵਿਚ ਲਾਏ ਬਿਸਤਰਿਆਂ ਦੀ ਗਿਣਤੀ ਦੇ ਹਿਸਾਬ ਨਾਲ ਕਿਰਾਇਆ ਵਸੂਲਦੇ ਸਨ। ਕਿਰਾਏਦਾਰਾਂ ਦੇ 'ਹੱਕ' ਵਾਲਾ ਸ਼ਬਦ ਉਨ੍ਹਾਂ ਦੇ ਸ਼ਬਦਕੋਸ਼ ਵਿਚੋਂ ਗਾਇਬ ਸੀ। ਬੰਦਸ਼ਾਂ ਏਨੀਆਂ ਲਗਾਉਂਦੇ ਕਿ ਕਿਰਾਏਦਾਰ ਉਨ੍ਹਾਂ ਦੇ ਘਰ ਵਿਚ ਰਹਿੰਦੇ ਹੋਏ ਵੀ ਘਰ ਵਿਚੋਂ ਬਾਹਰ ਰਹਿੰਦੇ ਮਹਿਸੂਸ ਕਰਦੇ ਸਨ।

ਕੋਈ ਮਹਿਮਾਨ ਮਿਲਣ ਨਹੀਂ ਸੀ ਆ ਸਕਦਾ। ਘਰ ਵਿਚਲਾ ਟੈਲੀਫੋਨ ਨਹੀਂ ਸਨ ਵਰਤ ਸਕਦੇ। ਰਸੋਈ ਵਿਚ ਬਹੁਤ ਥੋੜੇ ਸਮੇਂ ਵਿਚ ਰੋਟੀ-ਪਾਣੀ ਬਣਾ ਕੇ ਕਮਰੇ ਵਿਚ ਜਾ ਕੇ ਖਾਣਾ ਪੈਂਦਾ। ਜੇ ਕਿੱਧਰੇ ਕੋਈ ਸ਼ਬਦ ਉਚੀ ਬੋਲਿਆ ਜਾਵੇ ਤਾਂ ਮਾਲਕ ਉਸੇ ਵੇਲੇ ਕਮਰੇ ਵਿਚ ਆ ਕੇ ਡਾਂਟ ਦਿੰਦਾ। ਜਦੋਂ ਮਾਲਕਣ ਰਸੋਈ ਵਿਚ ਹੋਵੇ, ਕਿਰਾਏਦਾਰ ਨੂੰ ਓਥੇ ਜਾਣ ਦੀ ਮਨਾਹੀ ਸੀ। ਕਮਰੇ ਨੂੰ ਗਰਮ ਕਰਨ ਦਾ ਕੋਈ ਪ੍ਰਬੰਧ ਨਹੀਂ ਸੀ। ਸ਼ਨਿਚਰ ਜਾਂ ਐਤਵਾਰ ਵਾਲੇ ਦਿਲ ਗੁਸਲਖਾਨੇ ਵਿਚ ਨ੍ਹਾਉਣ ਲਈ ਵਾਰੀ ਆਉਣ ਦੀ ਦੋ-ਦੋ ਘੰਟੇ ਉਡੀਕ ਕਰਨੀ ਪੈਂਦੀ। ਗਰਮ ਪਾਣੀ ਲੈਣ ਲਈ ਮੀਟਰ ਵਿਚ ਸ਼ਲਿੰਗ ਪਾਉਣੇ ਪੈਂਦੇ। ਅਨਪੜ੍ਹ ਮਾਲਕਣ ਅਸਾਨੂੰ ਰਹਿਣ-ਬਹਿਣ ਦਾ ਚੱਜ-ਅਚਾਰ ਸਮਝਾਉਣ ਲਈ ਹਦਾਇਤਾਂ ਜਾਰੀ ਕਰਨਾ ਆਪਣਾ ਹੱਕ ਸਮਝਦੀ। ਉਸ ਦੀ ਪੰਜਾਬੀਨੁਮਾ ਅੰਗਰੇਜ਼ੀ ਸ਼ਬਦਾਵਲੀ ਨੂੰ ਸੁਣ ਕੇ ਕਈ ਵਾਰੀ ਹਾਸਾ ਆ ਜਾਂਦਾ। ਸਪਤਾਹ ਅੰਤ (ਵੀਕ ਐਂਡ) ਉਤੇ ਰਾਤ ਨੂੰ ਘਰ ਆਉਣ ਦਾ ਵਕਤ ਨਿਯਤ ਹੁੰਦਾ। ਬਾਜ਼ਾਰ ਵਿਚ ਜੇ ਕਦੀ ਮਕਾਨ ਮਾਲਕ ਆਹਮੋ-ਸਾਹਮਣੇ ਮਿਲ ਪਏ ਤਾਂ ਉਹ ਮੂੰਹ ਦੂਜੇ ਪਾਸੇ ਕਰ ਕੇ ਲੰਘ ਜਾਂਦਾ। ਬੱਚੇ ਵਾਲਿਆਂ ਨੂੰ ਕਿਰਾਏ ਉਤੇ ਕਮਰਾ ਲੈਣ ਲਈ ਮੁਸ਼ਕਿਲਾਂ ਆਉਂਦੀਆਂ ਸਨ। ਕਿਰਾਇਆ ਨਕਦ ਪੌਂਡਾਂ ਵਿਚ ਲੈਂਦੇ ਪਰ ਨਾ ਰਸੀਦ ਨਾ ਰੈਂਟ ਬੁੱਕ। ਉਹ ਨਵੇਂ ਆਏ ਬੰਦਿਆਂ ਦੀ ਮਜਬੂਰੀ ਦਾ ਨਜਾਇਜ਼ ਫਾਇਦਾ ਲੈਂਦੇ ਸਨ। ਮੈਨੂੰ ਜਾਪਦਾ ਇਹ ਲਹੂ-ਮਾਸ ਦੇ ਪੁਤਲੇ ਮਾਇਆ ਦੇ ਲਾਲਚ ਵਿਚ ਅੰਨ੍ਹੇ ਹੋ ਕੇ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਦੇ ਸਾਰੇ ਕਾਇਦੇ-ਕਾਨੂੰਨ ਸਮੁੰਦਰ ਵਿਚ ਕਿਤੇ ਡੂੰਘੇ ਡੋਬ ਚੁੱਕੇ ਹੋਣ।

ਉਂਝ ਤਾਂ ਇਹ ਮਕਾਨ ਮਾਲਕ ਅੰਗਰੇਜ਼ਾਂ ਵਿਰੁੱਧ ਗਿਲ੍ਹੇ-ਸ਼ਿਕਵੇ ਕਰਦੇ ਰਹਿੰਦੇ ਕਿ ਉਨ੍ਹਾਂ ਨਾਲ ਨਸਲੀ ਵਿਤਕਰਾ ਹੋ ਰਿਹਾ ਹੈ, ਉਨ੍ਹਾਂ ਨੂੰ ਚੰਗੇ ਕੰਮਾਂ ਉਤੇ ਨਹੀਂ ਲਾਇਆ ਜਾ ਰਿਹਾ, ਉਨ੍ਹਾਂ ਨੂੰ ਕੰਮ ਉਤੇ ਫੈਕਟਰੀਆਂ ਵਿਚ ਤਰੱਕੀ ਨਹੀਂ ਦਿੱਤੀ ਜਾਂਦੀ, ਗੋਰਿਆਂ ਦੇ ਮੁਕਾਬਲੇ ਸਹੂਲਤਾਂ ਘੱਟ ਦਿੱਤੀਆਂ ਜਾਂਦੀਆਂ ਹਨ, ਪੁਲਿਸ ਉਨ੍ਹਾਂ ਨੂੰ ਨਾਜਾਇਜ਼ ਤੰਗ ਕਰਦੀ ਹੈ, ਉਨ੍ਹਾਂ ਨੂੰ ਕੇਸ ਕਤਲ ਕਰਵਾਉਣ ਲਈ ਮਜਬੂਰ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਪੂਰੇ ਹੱਕ ਨਹੀਂ ਮਿਲਦੇ ਪਰ ਆਪਣੇ ਦੇਸੀ ਬੰਦਿਆਂ ਨਾਲ ਉਹ ਗੋਰਿਆਂ ਨਾਲੋਂ ਕਈ ਗੁਣਾਂ ਵੱਧ ਭੈੜਾ ਸਲੂਕ ਕਰਦੇ। ਉਨ੍ਹਾਂ ਦਾ ਨੁਕਸਾਨ ਕਰਨ ਤੱਕ ਜਾਂਦੇ। ਉਨ੍ਹਾਂ ਨੂੰ ਪੂਰੀ ਤਰ੍ਹਾਂ ਲੁੱਟਦੇ।

ਉਸ ਸਮੇਂ ਨਵੇਂ ਆਏ ਬੰਦਿਆਂ ਨੂੰ ਸਰੀਰਕ ਤੌਰ 'ਤੇ ਔਖੇ ਕੰਮ ਕਰਨੇ ਪੈਂਦੇ ਸਨ। ਬਾਹਰੀ ਮਾਹੌਲ ਵਿਚ ਚਮਕ-ਦਮਕ ਤਾਂ ਬਹੁਤ ਸੀ। ਆਲਾ-ਦੁਆਲਾ ਸਾਫ-ਸੁਥਰਾ ਅਤੇ ਬਹੁਤ ਸੁੰਦਰ ਸੀ। ਆਲੇ-ਦੁਆਲੇ ਗੁਟਕੂੰ-ਗੁਟਕੂੰ ਕਰਦੀਆਂ ਗੋਰੀਆਂ ਵੀ ਚੰਗੀਆਂ ਲਗਦੀਆਂ ਸਨ। ਭਾਰਤ ਦੇ ਮੁਕਾਬਲੇ ਰਹਿਣ-ਸਹਿਣ ਦਾ ਪੱਧਰ ਬਹੁਤ ਉਚਾ ਸੀ। ਪੱਬਾਂ ਵਿਚ ਚਹਿਲ-ਪਹਿਲ ਸੀ। ਕੰਮ ਮਿਲਣ ਉਪਰੰਤ ਪੌਂਡਾਂ ਵਿਚ ਤਨਖਾਹ ਵੀ ਵਕਤ ਸਿਰ ਮਿਲ ਜਾਂਦੀ ਸੀ। ਦਫਤਰਾਂ ਵਿਚ ਸਾਰੇ ਕੰਮ ਵਾਰੀ ਸਿਰ ਝੱਟ ਹੋ ਜਾਂਦੇ ਸਨ। ਦੁਕਾਨਾਂ ਵਿਚ ਵਸਤਾਂ ਬੜੀਆਂ ਸਾਫ-ਸੁਥਰੀਆਂ ਸਨ। ਕੀਮਤਾਂ ਨਿਯਤ ਸਨ। ਸੜਕਾਂ ਉਤੇ ਬਹੁਤ ਸਫਾਈ ਸੀ। ਆਵਾਜਾਈ ਬੜੀ ਨਿਯਮਤ ਸੀ।

ਕਈਆਂ ਫੈਕਟਰੀਆਂ ਵਿਚ ਕੰਮ ਦੇਣ-ਦਿਵਾਉਣ ਲਈ ਆਪਣੇ ਬੰਦਿਆਂ ਨੇ ਗੋਰੇ ਮੈਨੇਜਰਾਂ ਨੂੰ ਆਪਣੇ ਹੱਥਾਂ 'ਤੇ ਪਾ ਲਿਆ ਸੀ। ਉਹ ਰਿਸ਼ਵਤਖੋਰੀ ਦੇ ਅਜਿਹੇ ਕੰਮਾਂ 'ਤੇ ਫਖਰ ਮਹਿਸੂਸ ਕਰਦੇ ਸਨ। ਕਈ ਵਾਰੀ ਸੜਕ ਉਤੇ ਤੁਰਦਿਆਂ-ਫਿਰਦਿਆਂ ਨੂੰ ਦੇਖ ਕੇ ਗੋਰੇ ਛੋਕਰੇ ਨਸਲਵਾਦੀ ਗੰਦੀ ਸ਼ਬਦਾਵਲੀ ਬੋਲ ਕੇ ਲੰਘ ਜਾਂਦੇ ਸਨ। ਇਸ ਬਾਹਰਲੀ ਟੁੱਟ-ਭੱਜ ਦਾ ਸਾਡੇ ਅੰਦਰਲੇ ਜਗਤ, ਅਥਵਾ ਮਨ ਉਤੇ ਪ੍ਰਭਾਵ ਪੈਣਾ ਕੁਦਰਤੀ ਸੀ।

ਸਾਡਾ ਨਵਾਂ ਮਕਾਨ ਮਾਲਕ ਸੋਹਣ ਸਿੰਘ ਏਨਾ ਮਾੜਾ ਬੰਦਾ ਨਹੀਂ ਸੀ। ਬੋਲਦਾ ਵੀ ਚੰਗੀ ਤਰ੍ਹਾਂ ਸੀ। ਕਿਚਨ ਵਰਤਣ ਦੀ ਪੂਰੀ ਖੁੱਲ੍ਹ ਸੀ। ਮਹਿਮਾਨ ਵੀ ਮਿਲਣ ਆ ਸਕਦੇ ਸਨ। ਗੁਸਲਖਾਨਾ ਵੀ ਮਰਜ਼ੀ ਨਾਲ ਵਰਤ ਸਕਦੇ ਸਾਂ। ਜੇ ਉਸ ਪਾਸੋਂ ਅਸੀਂ ਕੋਈ ਚੀਜ਼ ਮੰਗਦੇ, ਝੱਟ ਲਿਆ ਦਿੰਦਾ।

ਸੋਹਣ ਲਾਲ ਅਤੇ ਮੈਂ ਇਕ ਹੀ ਫੈਕਟਰੀ ਵਿਚ ਕੰਮ ਕਰਦੇ ਸਾਂ। ਫੈਕਟਰੀ ਵਿਚ ਦੋ ਸ਼ਿਫਟਾਂ ਸਨ। ਮੈਂ ਰਾਤ ਦੀ ਸਿਫਟ ਵਿਚ ਕੰਮ ਕਰਦੇ ਅਤੇ ਸੋਹਣ ਲਾਲ ਦਿਨ ਵਾਲੀ ਵਿਚ। ਸੋਹਣ ਲਾਲ ਸ਼ਾਮ ਨੂੰ ਛੇ ਵਜੇ ਘਰ ਆ ਜਾਂਦਾ ਅਤੇ ਮੈਂ ਸੱਤ ਵਜੇ ਘਰੋਂ ਕੰਮ 'ਤੇ ਚਲਾ ਜਾਂਦਾ। ਰੋਟੀ ਸਾਡੀ ਚਹੁੰ ਜਣਿਆਂ ਦੀ ਸਾਂਝੀ ਸੀ। ਸਬਜ਼ੀ, ਦਾਲ, ਰੋਟੀ ਆਦਿ ਤਿਆਰ ਕਰਨ ਦਾ ਕੰਮ ਅਸੀਂ ਆਪਸ ਵਿਚ ਵੰਡਿਆ ਹੋਇਆ ਸੀ। ਰਸੋਈ ਵਿਚ ਕੋਈ ਚੀਜ਼ ਮੁੱਕ ਜਾਂਦੀ, ਉਹ ਮੈਂ ਸਵੇਰੇ ਸੌਣ ਤੋਂ ਪਹਿਲਾਂ ਬਾਜ਼ਾਰੋਂ ਖਰੀਦ ਲਿਆਉਂਦਾ।

ਸੋਹਣ ਲਾਲ ਨੇ ਆਪਣੀਆਂ ਐਨਕਾਂ ਬਦਲਾਉਣੀਆਂ ਸਨ। ਉਹ ਇਕ ਦਿਨ ਕੰਮ ਤੋਂ ਛੁੱਟੀ ਲੈ ਕੇ ਹਾਈ ਸਟਰੀਟ ਵਿਚ ਐਨਕਸਾਜ਼ ਪਾਸ ਅੱਖਾਂ ਟੈਸਟ ਕਰਵਾ ਕੇ ਨਵੀਆਂ ਐਨਕਾਂ ਤਿਆਰ ਕਰਨ ਦਾ ਕਹਿ ਆਇਆ। ਕੀਮਤ ਦੇ ਭੁਗਤਾਨ ਦੀ ਰਸੀਦ ਮੈਨੂੰ ਦੇ ਕੇ ਕਹਿੰਦਾ, "ਹੁਣ ਤੋਂ ਅਗਲੇ ਸੋਮਵਾਰ ਮੇਰੀਆਂ ਐਨਕਾਂ ਲੈ ਆਵੀਂ, ਮੈਂ ਹੋਰ ਦਿਹਾੜੀ ਨਹੀਂ ਤੋੜਨੀ।" ਮੈਂ ਕਿਹੜੀ ਨਾਂਹ ਕਰਨੀ ਸੀ। ਅਗਲੇ ਸੋਮਵਾਰ ਮੈਂ ਥੋੜ੍ਹਾ ਝਿਝਕ ਗਿਆ ਕਿ ਸ਼ਾਇਦ ਦੁਕਾਨਦਾਰ ਮੈਨੂੰ ਐਨਕਾਂ ਨਾ ਦੇਵੇ। ਸੋਮਵਾਰ ਸ਼ਾਮ ਨੂੰ ਆਉਂਦਿਆਂ ਹੀ ਸੋਹਣ ਨੇ ਸਵਾਲ ਕਰ ਦਿੱਤਾ, "ਮੇਰੀ ਐਨਕ ਲੈ ਆਇਆ।" "ਨਹੀਂ ਯਾਰ, ਅੱਜ ਜਾ ਨਹੀਂ ਹੋਇਆ, ਜੇ ਉਨ੍ਹਾਂ ਨਾਂਹ ਕਰ ਦਿੱਤੀ ਤਾਂ।" ਮੈਂ ਉਤਰ ਦਿੱਤਾ। "ਨਾਂਹ ਕਿੱਦਾਂ ਕਰ ਦੇਣਗੇ, ਰਸੀਦ ਕਰੀਂ ਉਨ੍ਹਾਂ ਦੇ ਮੂਹਰੇ, ਜੇ ਨਾਂ ਪੁੱਛਣ, ਕਹਿ ਦੇਈਂ ਸੋਹਣ ਲਾਲ। ਗੋਰਿਆਂ ਨੂੰ ਆਪਣੇ ਨਾਵਾਂ ਦਾ ਕੀ ਪਤਾ।" ਸੋਹਣ ਲਾਲ ਨੇ ਕਿਹਾ। "ਚੰਗਾ ਕੱਲ੍ਹ ਨੂੰ ਜਾਵਾਂਗਾ", ਕਹਿ ਕੇ ਮੈਂ ਕੰਮ ਕਰਨ ਚਲਾ ਗਿਆ। ਦੂਜੇ ਦਿਨ ਮੈਂ ਰਸੀਸ ਲੈ ਕੇ ਐਨਕਸਾਜ਼ ਦੀ ਦੁਕਾਨ ਉਤੇ ਪਹੁੰਚ ਗਿਆ। ਸਵਾਗਤ ਡੈਕਸ ਉਤੇ ਬੈਠੀ ਲੜਕੀ ਨੇ ਰਸੀਦ ਦੇਖ ਕੇ ਨਾਮ ਪੁੱਛਿਆ। ਮੈਂ ਕਿਹਾ, "ਸੋਹਣ ਲਾਲ।" ਉਸ ਨੇ ਸਭ ਕੁਝ ਨੋਟ ਕਰਕੇ ਮੈਨੂੰ ਉਡੀਕ ਕਮਰੇ ਵਿਚ ਭੇਜ ਦਿੱਤਾ। ਕਹਿੰਦੀ ਜਦੋਂ ਤੇਰਾ ਨਾਮ ਬੋਲੇ, ਅੰਦਰ ਚਲਾ ਜਾਵੀਂ, ਡਾਕਟਰ ਐਨਕਾਂ ਲਾ ਕੇ ਦੇਖੇਗਾ ਕਿ ਤੇਰੇ ਫਿਟ ਆਉਂਦੀਆਂ ਕਿ ਨਹੀਂ। ਇਹ ਸੁਣ ਕੇ ਏਨੇ ਠੰਢੇ ਮੌਸਮ ਵਿਚ ਵੀ ਮੈਨੂੰ ਪਸੀਨਾ ਆ ਗਿਆ ਕਿ ਹੁਣ ਮੈਂ ਕੀ ਕਰਾਂ। ਮੇਰੇ ਤੋਂ ਪਹਿਲਾਂ ਤਿੰਨ ਗਾਹਕ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਮੇਰੀ ਨਜ਼ਰ ਉਸ ਕੁੜੀ ਵਿਚ ਕਿ ਜ਼ਰਾ ਵੀ ਅੱਗੇ-ਪਿੱਛੇ ਹੋਵੇ, ਮੈਂ ਭੱਜ ਕੇ ਦੁਕਾਨ ਵਿਚੋਂ ਬਹਰ ਨਿਕਲ ਜਾਵਾਂ। ਏਨੇ ਚਿਰ ਨੂੰ ਇਕ ਗਾਹਕ ਬਾਹਰ ਆ ਗਿਆ ਅਤੇ ਇਕ ਐਨਕਾਂ ਫਿਟ ਕਰਵਾਉਣ ਅੰਦਰ ਚਲਾ ਗਿਆ ਪਰ ਮੇਰੀ ਨਜ਼ਰ ਉਸ ਕੁੜੀ ਵਿਚ। ਬਾਹਰ ਆਏ ਗਾਹਕ ਨੂੰ ਉਹ ਐਨਕ ਦਾ ਫਰੇਮ ਦਿਖਾਉਣ ਵਿਚ ਰੁੱਝ ਗਈ ਤੇ ਮੈਂ ਅੱਖ ਬਚਾ ਕੇ ਦੁਕਾਨੋਂ ਬਾਹਰ। ਫਿਰ ਮੈਂ ਨਹੀਂ ਪਿੱਛੇ ਮੁੜ ਕੇ ਦੇਖਿਆ। ਸ਼ਾਮ ਨੂੰ ਸੋਹਣ ਲਾਲ ਨੇ ਆਉਂਦੇ ਨੇ ਉਹੋ ਸਵਾਲ ਕੀਤਾ। ਮੈਂ ਉਸ ਨੂੰ ਕਿਹਾ, "ਤੂੰ ਝੂਠ ਬੁਲਵਾ ਕੇ ਮੈਨੂੰ ਕੈਦ ਕਰਵਾਉਣ ਲੱਗਾ ਸੀ।" ਅਸਾਨੂੰ ਦੋਹਾਂ ਨੂੰ ਭਾਰਤ ਅਤੇ ਇੰਗਲੈਂਡ ਦੇ ਸਿਸਟਮ ਵਿਚਲੇ ਫਰਕ ਦੀ ਸਮਝ ਆ ਗਈ ਸੀ।

ਇਕ ਦਿਨ ਪੰਜਵਾਂ ਬੰਦਾ ਸਾਡੇ ਪਾਸ ਆਣ ਕੇ ਕਹਿੰਦਾ, ਮੇਰੇ ਘਰ ਵਿਚ ਇਕ ਕਮਰਾ ਖਾਲੀ ਹੈ, ਤੁਸੀਂ ਉਹ ਕਿਰਾਏ ਉਤੇ ਲੈ ਲਓ। ਅਸੀਂ ਉਸ ਦੇ ਮਕਾਨ ਵਿਚ ਚਲੇ ਗਏ। ਇਸ ਪਿੱਛੋਂ ਤਿੰਨ ਚਾਰ ਕੰਮ ਬਦਲੇ, ਅਖੀਰ ਕੇਂਦਰੀ ਲੰਡਨ ਵਿਚ ਡਾਕੀਏ ਦੀ ਪੱਕੀ ਸਰਕਾਰੀ ਨੌਕਰੀ ਮਿਲ ਗਈ। ਫਿਰ ਕਰਜ਼ਾ ਲੈ ਕੇ ਲੰਡਨ ਦੇ ਕਸਬੇ ਆਈਜਲਵਰਥ ਵਿਚ ਆਪਣਾ ਮਕਾਨ ਖਰੀਦ ਕੇ ਰਹਿਣ ਲੱਗ ਪਿਆ। ਮੇਰਾ ਗਰਾਈਂ ਗੁਰਬਚਨ ਦੀਪਕ ਵੀ ਭਾਰਤ ਤੋਂ ਆ ਕੇ ਮੇਰੇ ਨਾਲ ਰਹਿਣ ਲੱਗ ਪਿਆ। ਉਹ ਮੰਚ-ਮੁਖੀ ਕਵਿਤਾ ਲਿਖਦਾ ਸੀ। ਲੇਖਕ ਨਾਲੋਂ ਉਹ ਸਾਹਿਤ ਦਾ ਗੰਭੀਰ ਪਾਠਕ ਸੀ। ਭਾਰਤ ਵਿਚ ਹਰਭਜਨ ਹੁੰਦਲ ਨਾਲ ਵੀ ਉਸ ਦਾ ਬਹਿਣ-ਉਠਣ ਸੀ। ਉਹ ਮੇਰੇ ਨਾਲੋਂ ਪੰਦਰਾਂ/ਸੋਲਾਂ ਵਰ੍ਹੇ ਵੱਡਾ ਸੀ। ਭਾਰਤ ਵਿਚ ਉਹ ਅਧਿਆਪਕ ਸੀ। ਉਸ ਦੇ ਆਉਣ ਨਾਲ ਘਰ ਵਿਚ ਪੜ੍ਹਨ-ਲਿਖਣ ਦਾ ਸਾਹਿਤਕ ਮਾਹੌਲ ਬਣਨਾ ਆਰੰਭ ਹੋ ਗਿਆ। ਕਦੇ-ਕਦੇ ਮੈਂ ਉਸ ਨੂੰ ਚਾਚਾ ਕਹਿ ਕੇ ਵੀ ਮੁਖਾਤਿਬ ਹੁੰਦਾ।

# ਬਾਬਿਆਂ ਦੀਆਂ ਖੁਰਾਕਾਂ ਤੇ ਪਹਿਲਵਾਨੀ

*(ਪਿਛਲੇ ਸਫੇ ਦੀ ਬਾਕੀ)*

ਥੋੜਾ ਭਾਣਜਾ ਆਇਆ ਹੋਇਐ, ਕਿਸੇ ਦਿਨ ਉਹਦਾ ਕਰਤਬ ਦੇਖ ਕੇ ਹੌਸਲਾ ਅਫਜ਼ਾਈ ਤਾਂ ਕਰ ਆਵੋ।"

ਬਾਬੇ ਨੇ ਕਿਹਾ, 'ਐਵੇਂ ਕਿਧਰੇ ਨਮੋਸ਼ੀ ਨਾ ਦਵਾ ਦੇਵੇ, ਚੰਗਾ ਕਿਸੇ ਦਿਨ ਆ ਜਾਵਾਂਗੇ।' ਅਗਲੇ ਦਿਨ ਜਦੋਂ ਬਾਬਾ ਗਿਆ ਤਾਂ ਉਸ ਪਹਿਲਵਾਨ ਭਾਣਜੇ ਦੇ ਮੂੰਹ 'ਤੇ ਲਾਲੀਆਂ ਆ ਗਈਆਂ। ਉਸ ਨੇ ਕਿਹਾ, '20-25 ਸੇਰ ਦੇ ਅੱਜ ਦੋ ਹੋਰ ਸੰਗਲ ਮੂੰਗਲੀਆਂ ਨੂੰ ਬੰਨ੍ਹ ਦੇਵੋ, ਮੇਰਾ ਮਾਮਾ ਵੀ ਦੇਖਣ ਆਇਆ ਹੈ। ਜਦੋਂ ਉਸ ਨੇ ਸੰਗਲ ਬੰਨ੍ਹ ਕੇ ਮੂੰਗਲੀਆਂ ਫੇਰੀਆਂ, ਮਾਮੇ ਨੇ ਆਪਣੇ ਭਾਣਜੇ ਨੂੰ ਭੱਜ ਕੇ ਕੁੱਛੜ ਵਿਚ ਲੈ ਲਿਆ, 'ਪੁੱਤਰਾ ਤੂੰ ਲਾਜ ਰੱਖੇਂਗਾ ਸਾਡੀ' ਆਖ ਕੇ ਇਕ ਚਾਂਦੀ ਦਾ ਡਬਲ ਰੁਪਈਆ ਦਿੱਤਾ ਅਤੇ ਧੜੀ ਘਿਉ ਦਾ ਤੌਲਾ ਤੇ ਕਿੰਨਾ ਕੁਝ ਹੋਰ। ਪਿੰਡ ਦੇ ਲੋਕਾਂ ਨੇ ਵੀ ਬੜਾ ਕੁਝ ਦਿੱਤਾ। ਮੇਰੇ ਪਿੰਡ, ਸਾਧਾਂ ਦੇ ਡੇਰੇ ਪਈਆਂ ਉਹ ਮੂੰਗਲੀਆਂ ਮੈਂ ਅੱਖੀਂ ਦੇਖੀਆਂ ਹਨ। ਇਹ ਕਥਾਵਾਂ ਮੈਂ ਸੁਣੀਆਂ ਹਨ, ਅੱਖੀਂ ਤੱਕੀਆਂ ਨਹੀਂ। ਆਪਣੇ ਵੱਡੇ ਵਡੇਰਿਆਂ ਦੀਆਂ ਗੱਲਾਂ ਸੁਣ ਕੇ ਕਈ ਵਾਰ ਖਿਆਲ ਆਉਂਦਾ, ਕਿਧਰੇ ਸਾਡੇ ਬਾਬੇ ਵੀ ਕੋਈ ਦਿਓ ਦਾਨੋ ਤਾਂ ਨਹੀਂ ਸਨ? ਪੁਰਾਣੇ ਪੰਜਾਬੀਆਂ ਦੇ ਲੋਕਾਂ ਦੇ ਬਲ ਦੀ ਹੰਢਾਈ ਹੋਈ ਏਨੀ ਪ੍ਰਮਾਣਿਕ ਤਸਵੀਰ ਕਿਵੇਂ ਛੁਪਾ ਕੇ ਰੱਖੀ ਜਾ ਸਕਦੀ ਸੀ? ਇਹ ਜ਼ਾਹਰ ਕਰਨੀ ਹੀ ਠੀਕ ਸਮਝੀ ਹੈ...।

ਜਿਵੇਂ ਗਿਆਨੀ ਜੀ ਨੇ ਖਾਧ ਖੁਰਾਕ ਤੇ ਕਸਰਤਾਂ ਦੀਆਂ ਗੱਲਾਂ ਦੱਸੀਆਂ, ਉਵੇਂ ਬਲਬੀਰ ਸਿੰਘ ਕੰਵਲ ਨੇ ਆਪਣੀ ਪੁਸਤਕ 'ਭਾਰਤ ਦੇ ਪਹਿਲਵਾਨ' ਵਿਚ ਖਲੀਫਿਆਂ ਤੇ ਉਸਤਾਦਾਂ ਕੋਲੋਂ ਪਹਿਲਵਾਨਾਂ ਬਾਰੇ ਸੁਣੀਆਂ ਕਥਾ ਕਹਾਣੀਆਂ, ਕਿੱਸਾਕਾਰਾਂ ਦੇ ਜੋੜੇ ਕਿੱਸਿਆਂ ਅਤੇ ਲੋਕ ਭਾਖਿਆ ਦੇ ਆਧਾਰ 'ਤੇ ਹੈਰਾਨਕੁਨ ਗੱਲਾਂ ਲਿਖੀਆਂ। ਲਿਖਿਆ ਕਿ ਕੁਝ ਪਹਿਲਵਾਨ ਵੀਹ-ਵੀਹ ਸੇਰ ਮਾਸ ਦੀ ਯਖਣੀ, ਸਾਬਤਾ ਬੱਕਰਾ, ਧੜੀ ਵੀਹ ਸੇਰ ਦੁੱਧ ਤੇ ਸੇਰਾਂ ਦੇ ਸੇਰ ਘਿਓ ਖਾ ਪੀ ਜਾਂਦੇ ਸਨ। ਭਲਵਾਨਾਂ ਦੀਆਂ ਗੱਲਾਂ ਜਦੋਂ ਮੂੰਹੋਂ-ਮੂੰਹੀਂ ਅੱਗੇ ਤੁਰਦੀਆਂ ਹਨ ਤਾਂ ਸਮਾਂ ਪਾ ਕੇ ਅਤਿਕਥਨੀਆਂ ਹੋ ਜਾਣੀਆਂ ਸੁਭਾਵਿਕ ਹਨ। ਸੁਣਤੋ-ਸੁਣਤੀ ਬਹੁਤ ਸਾਰੀਆਂ ਗੱਲਾਂ ਵਧਾਅ ਚੜ੍ਹਾਅ ਕੇ ਹੋਣ ਲੱਗਦੀਆਂ ਹਨ, ਜੋ ਕਈ ਵਾਰ ਕਿਤਾਬੀ ਲਿਖਤਾਂ ਦਾ ਭਾਗ ਵੀ ਬਣ ਜਾਂਦੀਆਂ ਹਨ।

ਕੰਵਲ ਦੇ ਲਿਖਣ ਮੂਜਬ ਖਲੀਫਾ ਚਰਾਗ-ਉ-ਦੀਨ ਦੇਵ-ਏ-ਹਿੰਦ ਸਾਢੇ ਸੱਤ ਫੁੱਟਾ ਤੇ ਮੁਹੰਮਦ ਰਮਜ਼ਾਨ 'ਰਮਜ਼ੀ' ਅੱਠ ਫੁੱਟਾ ਭਲਵਾਨ ਸੀ। ਉਨ੍ਹਾਂ ਨੂੰ ਛਿੰਝਾਂ 'ਤੇ ਲਿਜਾਂਦਿਆਂ ਤਕੜੀਆਂ ਘੋੜੀਆਂ ਦੀ ਵੀ ਬੱਸ ਹੋ ਜਾਂਦੀ ਸੀ। ਕਈ ਵਾਰ ਰਾਹ ਵਿਚ ਘੋੜੀਆਂ ਬਦਲਣੀਆਂ ਪੈਂਦੀਆਂ ਸਨ! ਰਮਜ਼ੀ ਦਾ ਭਾਰ ਭਾਵੇਂ ਇਕ ਅਖਬਾਰ ਨੇ 14 ਮਣ ਲਿਖਿਆ ਸੀ, ਪਰ ਜੋਖਣ ਉੱਤੇ ਉਹ 13 ਮਣ 13 ਸੇਰ 3 ਛਟਾਂਕਾਂ ਨਿਕਲਿਆ ਸੀ। ਉਹਦੀ ਛਾਤੀ ਦਾ ਘੇਰਾ 62 ਇੰਚ ਸੀ। ਉਹ ਰੋਜ਼ ਦੋ ਸੇਰ ਘਿਉ, ਦੋ ਸੇਰ ਮੱਖਣ, ਦੋ ਸੇਰ ਬਦਾਮ ਤੇ ਸੁੱਚੇ ਮੋਤੀਆਂ ਦੀ ਇਕ ਪੁੜੀ ਖਾਂਦਾ ਸੀ। ਉਤੋਂ ਤੀਹ ਸੇਰ ਮਾਸ ਦੀ ਯਖਣੀ ਪੀਂਦਾ ਸੀ। ਉਹਦਾ ਸਰਪ੍ਰਸਤ ਬੜੋਦੇ ਦਾ ਮਹਾਰਾਜਾ ਖਾਂਡੇ ਰਾਓ ਗਾਇਕਵਾੜ ਖੁਦ ਤਕੜਾ ਪਹਿਲਵਾਨ ਸੀ। ਜ਼ੋਰ ਕਰਦਿਆਂ ਇਕ ਵਾਰ ਉਹਦੀ ਰਮਜ਼ੀ ਪਹਿਲਵਾਨ ਨਾਲ ਸੱਚੀਓਂ ਕੁਸ਼ਤੀ ਹੋ ਗਈ। ਸਵਾ ਘੰਟਾ ਕੁਸ਼ਤੀ ਬਰਾਬਰ ਰਹਿਣ ਬਾਅਦ ਮਹਾਰਾਜਾ ਸਾਹਿਬ ਨੇ ਆਪਣੀ ਪੁਸ਼ਾਕ ਨਾਲ ਪਾਏ ਗਹਿਣੇ ਰਮਜ਼ੀ ਨੂੰ ਇਨਾਮ ਵਜੋਂ ਦੇ ਦਿੱਤੇ ਅਤੇ ਪਹਿਲਵਾਨ ਨੂੰ ਗੌਹਰ-ਉਲ-ਮੁਲਕ ਦਾ ਖਿਤਾਬ ਬਖਸ਼ਿਆ। ਉਸ ਨੂੰ ਦਹਿਰ-ਉੱਲ-ਮੁਲੱਕਬ ਵੀ ਕਿਹਾ ਜਾਂਦਾ ਸੀ। ਉਹ 1808 ਵਿਚ ਜੰਮਿਆ ਸੀ ਤੇ 1878 ਵਿਚ ਫੌਤ ਹੋਇਆ।

ਬਾਬਾ ਫਤਿਹ ਸਿੰਘ ਏਨਾ ਤਕੜਾ ਭਲਵਾਨ ਸੀ ਕਿ ਉਸ ਨੇ ਖੂਹ 'ਚ ਡਿੱਗੀ ਡਾਚੀ ਲੱਜ ਪਾ ਕੇ 'ਕੱਲੇ ਨੇ ਹੀ ਬਾਹਰ ਖਿੱਚ ਲਈ ਸੀ। ਸਦੀਕਾ ਅੰਬਰਸਰੀਆ ਵੀ ਕਹਿੰਦਾ ਕਹਾਉਂਦਾ ਪਹਿਲਵਾਨ ਸੀ। ਮਹਾਰਾਜਾ ਸ਼ੇਰ ਸਿੰਘ ਨੂੰ ਕੁਸ਼ਤੀਆਂ ਦਾ ਬੜਾ ਸ਼ੌਕ ਸੀ ਤੇ ਉਹ ਖੁਦ ਮੂੰਗਲੀਆਂ ਫੇਰਦਾ ਹੁੰਦਾ ਸੀ। ਜਿੱਦਣ ਸੰਧਾਵਾਲੀਆਂ ਨੇ ਨਵੀਂ ਬੰਦੂਕ ਤੋਹਫੇ ਵਜੋਂ ਭੇਟ ਕਰਦਿਆਂ ਸ਼ੇਰ ਸਿੰਘ ਦੇ ਗੋਲੀ ਮਾਰੀ, ਉੱਦਣ ਮਹਾਰਾਜਾ ਸ਼ਾਹ ਬਿਲਾਵਲ ਦੇ ਮਕਬਰੇ ਸਦੀਕੇ ਦਾ ਭੁਚਾਲ ਨਾਲ ਘੋਲ ਵੇਖ ਕੇ ਫੌਜ ਤੋਂ ਸਲਾਮੀ ਲੈ ਰਿਹਾ ਸੀ। ਸਦੀਕੇ ਬਾਰੇ ਕਿਹਾ ਜਾਂਦੈ ਕਿ ਉਹ ਮੌਰਾਂ ਉਤੇ ਝੋਟੇ ਨੂੰ ਚੁੱਕ ਕੇ ਇੱਕ ਮੀਲ ਤੁਰ ਸਕਦਾ ਸੀ। ਲਾਹੌਰ ਦੇ ਬੂਟੇ ਪਹਿਲਵਾਨ ਬਾਰੇ ਕਹਿੰਦੇ ਹਨ ਕਿ ਉਹਦੇ ਵਿਚ ਹਾਥੀ ਜਿੰਨਾ ਜ਼ੋਰ ਸੀ। ਉਸ ਨੂੰ ਕਿੱਕਰ ਸਿੰਘ ਨੇ ਉਸਤਾਦ ਧਾਰਿਆ ਸੀ। ਕਿੱਕਰ ਸਿੰਘ ਦਾ ਕੱਦ ਸੱਤ ਫੁੱਟ ਤੇ ਭਾਰ ਸਾਢੇ ਸੱਤ ਮਣ ਸੀ। ਉਹ ਗਲ 'ਚ ਦੋ ਮਣ ਦਾ ਪੁੜ ਪਾ ਕੇ ਆਪਣੇ ਪਿੰਡ ਘਣੀਏਕੇ ਤੋਂ ਕਰਬਾਠ ਪਿੰਡ ਤਕ ਦੌੜਿਆ ਕਰਦਾ ਸੀ। ਪੁੜ ਨਾਲ ਉਹਦੀ ਧੌਣ ਉਤੇ ਕੰਨ੍ਹਾ ਪੈ ਗਿਆ ਸੀ...।

ਖ਼ੈਰ! ਇਹ ਬੀਤੇ ਦੀਆਂ ਗੱਲਾਂ ਹਨ ਅਤੇ ਸਾਡੇ ਖੇਡ ਸਭਿਆਚਾਰ ਦਾ ਅੰਗ ਰਹੀਆਂ ਹਨ।

# ਜਲ੍ਹਿਆਂਵਾਲਾ ਬਾਗ ਦਾ ਸਾਕਾ

**ਡਾ. ਗੁਰੂਮੇਲ ਸਿੱਧੂ**
gurmel.sidhu@gmail.com

ਜਲ੍ਹਿਆਂਵਾਲਾ ਬਾਗ ਦੇ ਕਤਲੇਆਮ ਦੀ ਘਟਨਾ ਵਿਸਾਖੀ ਵਾਲੇ ਦਿਨ 13 ਅਪਰੈਲ 1919 ਨੂੰ ਘਟੀ। ਬ੍ਰਿਟਿਸ਼ ਸਰਕਾਰ ਨੇ ਹਿੰਦੋਸਤਾਨੀਆਂ ਦਾ ਖ਼ੂਨ ਪਾਣੀ ਵਾਂਗ ਵਹਾਇਆ। ਖ਼ੂਨ ਦੇ ਛਿੱਟੇ ਹਿੰਦੋਸਤਾਨੀਆਂ ਦੇ ਦਾਮਨ 'ਤੇ ਪਏ ਤੇ ਦੇਸ਼ ਭਗਤਾਂ ਦੇ ਚੋਲੇ ਗੇਰੂ ਰੰਗੇ ਹੋ ਗਏ। ਇਹ ਖ਼ੂਨ ਅਜਾਈਂ ਨਹੀਂ ਗਿਆ, ਬ੍ਰਿਟਿਸ਼ ਸਲਤਨਤ ਦੇ ਪਤਨ ਦਾ ਸਬੱਬ ਬਣਿਆ। ਕੂਕਾ ਲਹਿਰ ਨੇ ਸਰਕਾਰ ਦੀ ਕਬਰ ਲਈ ਟੱਕ ਲਾਇਆ, ਗਦਰ ਲਹਿਰ ਨੇ ਕਬਰ ਪੁੱਟਣੀ ਸ਼ੁਰੂ ਕੀਤੀ, ਜਲ੍ਹਿਆਂਵਾਲਾ ਬਾਗ ਦੇ ਸਾਕੇ ਨੇ ਕਬਰ ਖੋਦ ਦਿੱਤੀ, ਬੱਬਰ ਅਕਾਲੀ ਲਹਿਰ ਤੇ ਕਿਰਤੀ ਕਿਸਾਨ ਪਾਰਟੀ ਨੇ ਤਾਬੂਤ ਤਿਆਰ ਕੀਤਾ, ਭਗਤ ਸਿੰਘ ਦੇ ਸਾਥੀਆਂ ਨੇ ਤਾਬੂਤ ਵਿਚ ਕਿੱਲ ਠੋਕਿਆ ਅਤੇ ਆਜ਼ਾਦ ਹਿੰਦ ਫੌਜ ਨੇ ਇਸ ਨੂੰ ਸਪੁਰਦ-ਏ-ਖਾਕ ਕਰ ਦਿੱਤਾ।

**ਪਿਛੋਕੜ:** ਜੁਲਾਈ 28 1914 ਨੂੰ ਪਹਿਲੀ ਵੱਡੀ ਜੰਗ ਸ਼ੁਰੂ ਹੋਈ। ਜੰਗ ਦੀ ਸ਼ਹਿ ਲੈ ਕੇ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਖਾਤਰ ਗਦਰੀ ਬਾਬੇ ਵਤਨ ਵਿਚ ਪਹੁੰਚ ਗਏ। ਗਦਰੀਆਂ ਦੇ ਸੰਕਟ ਨਾਲ ਸਿੱਝਣ ਲਈ ਬ੍ਰਿਟਿਸ਼ ਸਰਕਾਰ ਨੇ 19 ਮਾਰਚ 1915 ਵਿਚ ਆਰਜ਼ੀ 'ਡੀਫੈਂਸ ਆਫ ਇੰਡੀਆ ਐਕਟ' ਬਣਾਇਆ। ਇਸ ਦੀ ਵਰਤੋਂ ਲਾਹੌਰ ਸਾਜਿਸ਼ ਕੇਸਾਂ ਦੌਰਾਨ ਗਦਰੀ ਬਾਬਿਆਂ 'ਤੇ ਚਲਾਏ ਮੁਕੱਦਮਿਆਂ ਵਿਚ ਕੀਤੀ ਗਈ। ਜਦ ਸੰਕਟ ਟਲਦਾ ਨਾ ਦਿਸਿਆ ਤਾਂ ਸਰਕਾਰ ਨੇ ਸਿਡਨੀ ਰੋਲੈਟ, ਜੋ ਇੰਗਲੈਂਡ ਦੇ ਬਾਦਸ਼ਾਹ ਦਾ ਕਾਨੂੰਨੀ ਸਲਾਹਕਾਰ ਸੀ, ਨੂੰ ਕਿਹਾ ਕਿ ਬਗਾਵਤ ਨੂੰ ਕੁਚਲਣ ਲਈ ਕੋਈ ਉਪਾਅ ਲੱਭੇ। ਉਸ ਨੇ 'ਡੀਫੈਂਸ ਆਫ ਇੰਡੀਆ ਐਕਟ' ਨੂੰ 19 ਮਾਰਚ 1919 ਵਿਚ 'ਰੋਲਟ ਐਕਟ' ਦੇ ਨਾਂ ਹੇਠ ਕਾਨੂੰਨ ਵਿਚ ਬਦਲ ਦਿੱਤਾ। ਸ਼ਾਹੀ ਵਿਧਾਨ ਸਭਾ (Imperial Legislative) ਦੇ ਹਿੰਦੋਸਤਾਨੀ ਮੈਂਬਰਾਂ, ਪੰਡਿਤ ਮਦਨ ਮੋਹਨ ਮਾਲਵੀਆ, ਡਾ. ਸੈਫੂਦੀਨ ਕਿਚਲੂ ਅਤੇ ਡਾ. ਸਤਿਆਪਾਲ ਨੇ ਇਸ ਦਾ ਵਿਰੋਧ ਕੀਤਾ, ਪਰ ਧਿੰਗੋ ਜ਼ੋਰੀ ਲਾਗੂ ਕਰ ਦਿਤਾ। 'ਰੋਲਟ ਐਕਟ' ਦੀਆਂ ਧਾਰਾਵਾਂ ਹੇਠ ਦਿੱਤੀਆਂ ਗਈਆਂ ਹਨ:

1. ਕਿਸੇ ਵੀ ਸ਼ੱਕੀ ਅਤਿਵਾਦੀ ਨੂੰ, ਜੋ ਦੋ ਸਾਲ ਤੋਂ ਰਾਜ ਵਿਚ ਰਹਿ ਰਿਹਾ ਹੋਵੇ, ਬਿਨਾ ਮੁਕੱਦਮਾ ਚਲਾਇਆਂ ਦੋ ਸਾਲ ਦੀ ਕੈਦ ਹੋਵੇਗੀ।
2. ਪੁਲਿਸ ਕਿਸੇ ਸ਼ੱਕੀ ਵਿਅਕਤੀ ਅਤੇ ਉਸ ਦੇ ਘਰ ਦੀ, ਬਿਨਾ ਵਾਰੰਟ ਤੋਂ ਤਲਾਸ਼ੀ ਲੈ ਸਕਦੀ ਹੈ।
3. ਮੀਡੀਆ ਨੂੰ ਰਾਜਨੀਤਕ ਘਟਨਾਵਾਂ ਛਾਪਣ ਲਈ ਵਰੰਟ ਤੋਂ ਬਗੈਰ ਫੜ ਕੇ ਬਿਨਾ ਮੁਕੱਦਮਾ ਚਲਾਏ, ਅਣਮਿਥੇ ਸਮੇਂ ਲਈ ਹਿਰਾਸਤ ਵਿਚ ਰੱਖਿਆ ਜਾ ਸਕਦਾ ਹੈ।
4. ਮੁਕੱਦਮੇ ਦੀ ਸੁਣਾਈ ਲਈ ਕੋਈ ਜਿਊਰੀ ਨਹੀਂ ਹੋਵੇਗੀ ਅਤੇ ਸੁਣਾਈ ਸਿਰਫ ਕੈਮਰੇ ਸਾਹਮਣੇ ਹੋਵੇਗੀ।
5. ਕੈਦੀਆਂ ਨੂੰ ਗ੍ਰਿਫਤਾਰ ਕਰਾਉਣ ਵਾਲਿਆਂ ਜਾਂ ਗਵਾਹੀ ਦੇਣ ਵਾਲਿਆਂ ਬਾਰੇ ਜਾਣਨ ਦਾ ਕੋਈ ਹੱਕ ਨਹੀਂ ਹੋਵੇਗਾ।
6. ਕੈਦੀਆਂ ਨੂੰ ਰਿਹਾਈ ਤੋਂ ਬਾਅਦ ਜਮਾਨਤ ਭਰਨੀ ਪਵੇਗੀ ਕਿ ਉਹ ਦੁਬਾਰਾ ਰਾਜਨੀਤਕ, ਵਿਦਿਅਕ ਅਤੇ ਧਾਰਮਿਕ ਮਸਲਿਆਂ ਵਿਚ ਹਿੱਸਾ ਨਹੀਂ ਲੈਣਗੇ।

ਇਨ੍ਹਾਂ ਧਾਰਾਵਾਂ ਨੂੰ ਤਿੰਨ ਸ਼ਬਦਾਂ ਵਿਚ ਕਸ਼ੀਦ ਕੀਤਾ ਜਾ ਸਕਦਾ ਹੈ: ਨਾ ਅਪੀਲ, ਨਾ ਦਲੀਲ, ਨਾ ਵਕੀਲ। ਇਨ੍ਹਾਂ ਧਾਰਾਵਾਂ ਵਿਰੁੱਧ ਮਹਾਤਮਾ ਗਾਂਧੀ ਨੇ 30 ਮਾਰਚ 1919 ਨੂੰ ਹਿੰਦੋਸਤਾਨ ਵਿਚ ਭੁੱਖ-ਹੜਤਾਲ ਕਰਨ ਦਾ ਐਲਾਨ ਕਰ ਦਿੱਤਾ। ਲੋਕਾਂ ਨੂੰ ਹੜਤਾਲ ਬਾਰੇ ਸੂਚਤ ਕਰਨ ਲਈ ਸਮਾਂ ਘੱਟ ਸੀ, ਇਸ ਲਈ ਹੜਤਾਲ ਦਾ ਦਿਨ 6 ਅਪਰੈਲ 1919 ਵਿਚ ਬਦਲਨਾ ਪਿਆ। ਅੰਮ੍ਰਿਤਸਰ ਵਿਚ ਤਾਰੀਖ-ਬਦਲੀ ਦੀ ਇਤਲਾਹ ਦੇਰ ਨਾਲ ਪਹੁੰਚੀ, ਇਸ ਲਈ ਹੜਤਾਲ 30 ਮਾਰਚ ਨੂੰ ਹੀ ਹੋਈ। ਹੜਤਾਲ ਵਿਚ ਹਿੰਦੂ, ਸਿੱਖ ਅਤੇ ਮੁਸਲਮਾਨ ਹੁਮਹੁਮਾ ਕੇ ਸ਼ਾਮਿਲ ਹੋਏ; ਕੋਈ 50,000 ਬੰਦਿਆਂ ਨੇ ਭਾਗ ਲਿਆ। ਅੰਮ੍ਰਿਤਸਰ ਵਿਚ ਮੀਟਿੰਗ ਕਰਕੇ ਹੇਠਲੇ ਮਤੇ ਪਾਸ ਕਰ ਦਿੱਤੇ:

1. ਕੋਈ ਬੰਦਾ ਕੰਮਕਾਰ 'ਤੇ ਨਾ ਜਾਵੇ,
2. ਹਰ ਵਿਅਕਤੀ ਇਕ ਦਿਨ ਦੀ ਭੁੱਖ ਹੜਤਾਲ ਰੱਖੇ ਅਤੇ,
3. ਸ਼ਾਂਤ ਰਹੇ ਤੇ ਅਰਦਾਸ ਕਰੇ।

ਹੜਤਾਲ ਦੀ ਕਾਮਯਾਬੀ ਦੇਖ ਕੇ ਸਰਕਾਰ ਦੇ ਛੱਕੇ ਛੁੱਟ ਗਏ। ਪੰਜਾਬ ਦੇ ਗਵਰਨਰ ਜਨਰਲ, ਮਾਈਕਲ ਓ'ਡਵਾਇਰ ਨੇ ਡਾ. ਸਤਿਆਪਾਲ ਉੱਤੇ ਕਿਸੇ ਵੀ ਜਲਸੇ ਵਿਚ ਬੋਲਣ 'ਤੇ ਪਾਬੰਦੀ ਲਾ ਦਿੱਤੀ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ, ਮਾਇਲਜ਼ ਇਰਵਿੰਗ ਨੇ 5 ਅਪਰੈਲ 1919 ਨੂੰ ਸਥਾਨਕ ਮੈਜਿਸਟ੍ਰੇਟਾਂ ਅਤੇ ਕੁਝ ਆਹਲਾ ਸ਼ਹਿਰੀਆਂ ਨੂੰ ਬੁਲਾ ਕੇ ਕਿਹਾ ਕਿ ਹੜਤਾਲ ਬੰਦ ਕਰਾਓ। ਇਨ੍ਹਾਂ 'ਚੋਂ ਕੁਝ ਮੰਨ ਗਏ, ਪਰ ਡਾ. ਸਤਿਆਪਾਲ ਅਤੇ ਡਾ. ਕਿਚਲੂ ਨਾ ਮੰਨੇ। ਇਨ੍ਹਾਂ ਨੂੰ 6 ਅਪਰੈਲ 1919 ਵਾਲੇ ਦਿਨ ਗ੍ਰਿਫਤਾਰ ਕਰਕੇ ਅੰਮ੍ਰਿਤਸਰ ਦੀ ਹੱਦ ਅੰਦਰ ਨਜ਼ਰਬੰਦ ਕਰ ਦਿੱਤਾ। ਮੁਜਾਹਰੇ ਸ਼ੁਰੂ ਹੋ ਗਏ, ਸਰਕਾਰ ਦੇ ਕੰਨਾਂ 'ਤੇ ਜੂੰ ਨਾ ਸਰਕੀ। ਗੁੱਸਾ ਪ੍ਰਗਟ ਕਰਨ ਲਈ ਲੋਕ ਸੜਕਾਂ ਅਤੇ ਬਾਜ਼ਾਰਾਂ ਵਿਚ ਆ ਗਏ। ਜਿਲੇ ਦੇ ਵਕੀਲਾਂ-ਗੁਰਦਿਆਲ ਸਿੰਘ ਅਤੇ ਮਕਬੂਲ ਮੁਹੰਮਦ ਨੇ ਜਨਤਾ ਨੂੰ ਸ਼ਾਂਤ ਹੋਣ ਲਈ ਅਪੀਲ ਕੀਤੀ। ਅਪੀਲ ਨੂੰ ਅਣਸੁਣੀ ਕਰਕੇ ਹਜ਼ੂਮ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਇਰਵਿੰਗ ਦੀ ਕੋਠੀ ਵਲ ਵਹੀਰਾਂ ਘੱਤ ਲਈਆਂ। ਰਾਹ ਵਿਚ ਰੇਲਵੇ ਪੁਲ ਸੀ, ਜਿਸ 'ਤੇ ਮਿਲਟਰੀ ਦਾ ਪਹਿਰਾ ਸੀ। ਲੋਕਾਂ ਨੂੰ ਰੋਕਣ ਲਈ ਗੋਲਾਬਾਰੀ ਕੀਤੀ ਤੇ 20 ਬੰਦੇ ਮਾਰੇ ਗਏ ਅਤੇ ਬਹੁਤ ਸਾਰੇ ਜ਼ਖਮੀ ਹੋਏ। ਲੋਕਾਂ ਨੇ ਲਾਸ਼ਾਂ ਨੂੰ ਸੀੜ੍ਹੀਆਂ 'ਤੇ ਬੰਨ੍ਹ ਕੇ ਸ਼ਹਿਰ ਵਿਚ ਫੇਰਿਆ। ਭੀੜ ਹੋਰ ਵੀ ਤਾਅ ਵਿਚ ਆ ਗਈ ਤੇ ਸਰਕਾਰੀ ਗੁਦਾਮ ਵਿਚ ਵੜ ਕੇ ਸਾਰਜੈਂਟ ਰੌਲੈਂਡਜ਼ ਨੂੰ ਕਤਲ ਕਰ ਦਿੱਤਾ। ਤਾਰ-ਘਰ ਦੇ ਦਫਤਰ ਦੀ ਭੰਨ-ਤੋੜ ਕੀਤੀ ਤੇ ਉਥੇ ਦੇ ਗਾਰਡ ਰੌਬਿੰਨਸਨ ਨੂੰ ਮਾਰ ਦਿੱਤਾ। ਨੈਸ਼ਨਲ ਬੈਂਕ ਲੁੱਟ ਕੇ ਸਾੜ ਦਿੱਤੀ ਤੇ ਬੈਂਕ ਦੇ ਕਰਮਚਾਰੀ ਸਟੂਅਰਟ ਅਤੇ ਸਕੌਟ ਮਾਰੇ ਗਏ। ਅਲਾਇਨ ਬੈਂਕ ਨੂੰ ਲੁੱਟਣ ਲੱਗੇ ਤਾਂ ਮੈਨੇਜਰ ਥੌਮਸਨ ਨੇ ਪਿਸਤੌਲ ਚਲਾਇਆ। ਉਸ ਨੂੰ ਮਾਰ ਕੇ ਦੇਹ ਨੂੰ ਬੈਂਚ ਦੀਆਂ ਲਕੜਾਂ ਨਾਲ ਸਾੜ ਦਿੱਤਾ। ਭੀੜ 'ਚੋਂ ਕਿਸੇ ਨੇ ਦੱਸਿਆ ਕਿ 'ਜ਼ੀਨਾ ਹਸਪਤਾਲ' ਦੀ ਇੰਚਾਰਜ ਡਾ. ਇਜ਼ਾਬੈਲ ਮੇਰੀ ਈਸਡਨ ਜ਼ਖਮੀਆਂ ਦਾ ਇਲਾਜ ਕਰਨ ਦੀ ਥਾਂ ਕਹਿ ਰਹੀ ਹੈ ਕਿ 'ਇਨ੍ਹਾਂ ਨੇ ਜੋ ਬੀਜਿਆ ਸੋ ਵੱਢਿਆ।' ਗੁੱਸੇ ਵਿਚ ਕੁਝ ਲੋਕ ਹਸਪਤਾਲ ਵਲ ਵਧੇ, ਪਰ ਡਾ. ਇਜ਼ਾਬੈਲ ਖਿਸਕ ਗਈ। ਮਿਸ਼ਨਰੀ ਉਸਤਾਨੀ ਮਿੱਸ ਮਾਰਸੇਲਾ ਸ਼ੇਰਵੁੱਢ ਸਾਈਕਲ 'ਤੇ ਜਾ ਰਹੀ ਸੀ; ਭੀੜ ਨੇ ਉਸ 'ਤੇ ਹਮਲਾ ਕਰ ਦਿੱਤਾ ਤੇ ਅਧਮੋਈ ਜਿਹੀ ਕਰਕੇ ਛੱਡ ਦਿੱਤੀ। (Wolpert, 1970)

ਜਿਸ ਸੜਕ 'ਤੇ ਸ਼ੇਰਵੁੱਡ ਦੀ ਬੇਇਜ਼ਤੀ ਕੀਤੀ ਗਈ ਸੀ, ਡਾਇਰ ਨੇ ਉਸ ਦੇ ਆਲੇ-ਦੁਆਲੇ ਬੰਨ੍ਹ ਲਗਵਾ ਦਿੱਤੇ ਅਤੇ ਰੀਂਘਣ ਦਾ ਹੁਕਮ (Crawling Order) ਦੇ ਦਿੱਤਾ, ਜਿਸ ਅਨੁਸਾਰ ਜਿੱਥੇ ਮਿਸ ਸ਼ੇਰਵੁੱਢ ਉੱਤੇ ਹਮਲਾ ਹੋਇਆ ਸੀ, ਉਸ ਥਾਂ ਉੱਤੋਂ ਹਿੰਦੋਸਤਾਨੀ, 6 ਵਜੇ ਸਵੇਰ ਤੋਂ ਲੈ ਕੇ ਸ਼ਾਮ ਦੇ 8 ਵਜੇ ਤਕ ਗੋਡਿਆਂ ਜਾਂ ਢਿੱਡ ਭਰਨੇ ਹੋ ਕੇ ਲੰਘਣ। (Kent, 2009)



*ਚਿੱਤਰ-1: ਢਿੱਡ ਭਾਰ ਰੀਂਘਦਾ ਹਿੰਦੋਸਤਾਨੀ*

ਡਾਇਰ ਦੀਆਂ ਨਜ਼ਰਾਂ ਵਿਚ ਅਜਿਹੀ ਸਜ਼ਾ ਉਚਿੱਤ ਸੀ, ਕਿਉਂਕਿ ਉਹ ਔਰਤਾਂ ਨੂੰ ਬਹੁਤ ਪਵਿੱਤਰ ਸਮਝਦਾ ਹੈ। ਜਿਸ ਥਾਂ 'ਤੇ ਸ਼ੇਰਵੁੱਡ ਨਾਲ ਵਧੀਕੀ ਹੋਈ ਸੀ, ਉਸ ਥਾਂ ਨੂੰ ਪੂਜਣ ਸਮਾਨ ਸਮਝਦਿਆਂ, ਹਿੰਦੋਸਤਾਨੀ ਉਹੋ ਰੁਤਬਾ ਦੇਣ, ਜੋ ਉਹ ਆਪਣੇ ਧਰਮ ਸਥਾਨਾਂ ਨੂੰ ਦਿੰਦੇ ਹਨ, ਇਸ ਲਈ ਝੁਕ ਕੇ ਲੰਘਣ (ਚਿਰ-1)। ਡਾਇਰ ਦੇ ਸ਼ਬਦਾਂ ਵਿਚ, Some Indians crawl face downwards in front of their gods. I wanted them to know that a British woman is as sacred as a Hindu god and therefore, they have to crawl in front of her too" (*Strobe , 2006).*

(ਵੇਖੋ: ਚਿੱਤਰ-1)

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਅੰਮ੍ਰਿਤਸਰ ਵਿਚ ਹੋਏ ਸਿਰਫ ਗੋਰਿਆਂ ਦੇ ਕਤਲਾਂ ਨੂੰ ਮੱਦੇਨਜ਼ਰ ਰਖਦਿਆਂ ਮੈਜਿਸਟ੍ਰੇਟ ਮਿਸਟਰ ਸੀਮੋਰ ਨੇ ਕਿਹਾ ਕਿ ਇਕ ਗੋਰੇ ਦੇ ਬਦਲੇ ਵਿਚ ਇਕ ਹਜ਼ਾਰ ਹਿੰਦੂਆਂ ਦਾ ਖ਼ੂਨ ਵਹਾਇਆ ਜਾਵੇਗਾ।

**ਜਲ੍ਹਿਆਂਵਾਲਾ ਬਾਗ ਵਿਚ ਕਤਲੇਆਮ:** ਕਰਨਲ ਰਿਜਨਲਡ ਐਡਵਰਡ ਹੈਰੀ ਡਾਇਰ ਜਲੰਧਰ ਦੀ ਫੌਜੀ ਛਾਉਣੀ ਦਾ ਇੰਚਾਰਜ ਸੀ। ਉਸ ਨੇ ਅੰਮ੍ਰਿਸਤਰ ਨੂੰ 300 ਫੌਜੀ ਭੇਜੇ। ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓ'ਡਵਾਇਰ ਨੇ ਹੁਕਮ ਦਿੱਤਾ ਕਿ ਡਾਇਰ ਖੁਦ ਮੌਕੇ 'ਤੇ ਪਹੁੰਚੇ। ਡਿਪਟੀ ਕਮਿਸ਼ਨਰ ਮਾਇਲ ਇਰਵਿੰਗ ਅਤੇ ਪੁਲਿਸ ਸੁਪਰਨਟੈਂਡਿੰਡ ਪਲੁਮਰ ਨਾਲ ਮੀਟਿੰਗ ਕਰਕੇ ਇਕ ਦਸਤਾਵੇਜ਼ ਤਿਆਰ ਕੀਤਾ, ਜੋ ਸ਼ਹਿਰ ਦੇ ਮੋਹਤਵਰ ਸੱਜਣਾਂ ਨੂੰ ਦਿੱਤਾ। ਇਸ ਰਾਹੀਂ ਚਿਤਾਵਨੀ ਦਿੱਤੀ ਗਈ ਕਿ ਅਮਨ-ਅਮਾਨ ਕਾਇਮ ਰੱਖਣ ਲਈ ਲੋੜੀਂਦੀ ਫੌਜ ਦੀ ਵਰਤੋਂ ਕੀਤੀ ਜਾਵੇਗੀ। ਕਰਨਲ ਡਾਇਰ ਨੇ ਸਿੱਖਾਂ ਨੂੰ ਆਪਣੇ ਵੱਲ ਕਰਨ ਦੀ ਬਹੁਤ ਕੋਸ਼ਿਸ਼ ਕੀਤੀ। ਉਸ ਨੇ ਹਰਿਮੰਦਰ ਸਾਹਿਬ ਦੇ ਮੈਨੇਜਰ ਸਰ ਸੁੰਦਰ ਸਿੰਘ ਮਜੀਠੀਆ ਨੂੰ ਕਿਹਾ ਕਿ ਉਹ ਆਪਣਾ ਰਸੂਖ ਵਰਤ ਕੇ ਸਿੱਖਾਂ ਨੂੰ ਮਨਾਵੇ, ਪਰ ਹਜ਼ੂਮ ਦੇ ਹੜ੍ਹ ਨੂੰ ਕੌਣ ਠੱਲ੍ਹ ਪਾ ਸਕਦਾ ਸੀ!

ਡਾਇਰ 12 ਅਪਰੈਲ1919 ਨੂੰ ਫੌਜੀ ਦਸਤਾ ਲੈ ਕੇ ਹੜ ਹੜ ਕਰਦਾ ਅੰਮ੍ਰਿਤਸਰ ਆ ਵੜਿਆ ਤੇ ਮੁਨਾਦੀ ਕਰਵਾਈ ਕਿ ਸ਼ਹਿਰ ਦੇ ਅੰਦਰ ਜਾਂ ਆਲੇ-ਦੁਆਲੇ ਕਿਸੇ ਸਮੇਂ ਕੋਈ ਜਲੂਸ ਨਹੀਂ ਕੱਢੇਗਾ। ਸ਼ਾਮ ਨੂੰ ਚਾਰ ਬੰਦਿਆਂ ਤੋਂ ਵੱਧ ਦੇ ਇਕੱਠ ਨੂੰ ਕਾਨੂੰਨੀ ਉਲੰਘਣਾ ਗਰਦਾਨ ਕੇ, ਜ਼ਬਰਦਸਤੀ ਖੇਰੂੰ-ਖੇਰੂੰ ਕਰ ਦਿੱਤਾ ਜਾਵੇਗਾ। ਉਸੇ ਸਮੇਂ ਸ਼ਹਿਰ ਦੇ ਦੂਜੇ ਪਾਸੇ ਅੰਮ੍ਰਿਤਸਰ ਦੀਆਂ ਗਲੀਆਂ ਵਿਚ ਇਕ ਮੁੰਡਾ ਟੀਨ ਦੇ ਪੀਪੇ 'ਤੇ ਡੱਗੇ ਮਾਰਦਾ ਡੌਂਡੀ ਪਿੱਟ ਰਿਹਾ ਸੀ ਕਿ 13 ਅਪਰੈਲ 1919 ਨੂੰ ਸ਼ਾਮ ਦੇ ਚਾਰ ਵਜੇ ਜਲ੍ਹਿਆਂਵਾਲਾ ਬਾਗ ਵਿਚ ਘਨੱਈਆ ਲਾਲ ਦੀ ਪ੍ਰਧਾਨਗੀ ਹੇਠ ਜਲਸਾ ਹੋ ਰਿਹਾ ਹੈ; ਸਾਰੇ ਮਾਈ-ਭਾਈ ਹੁਮਹੁਮਾ ਕੇ ਪੁੱਜਣ। (ਯਾਦ ਰਹੇ ਕਿ ਪਹਿਲਾਂ ਇਹੋ ਮੀਟਿੰਗ ਹਰਿਮੰਦਰ ਸਾਹਿਬ ਵਿਚ ਰੱਖਣ ਦਾ ਵਿਚਾਰ ਸੀ, ਪਰ ਸੁੰਦਰ ਸਿੰਘ ਮਜੀਠੀਆ ਦੇ ਕਹਿਣ 'ਤੇ ਮੀਟਿੰਗ ਦੀ ਥਾਂ ਬਦਲ ਦਿੱਤੀ ਗਈ ਸੀ। ਮਜੀਠੀਆ ਹਰਿਮੰਦਰ ਸਾਹਿਬ ਦਾ ਮੈਨੇਜਰ ਹੋਣ ਦੇ ਨਾਲ ਇੰਪੀਰਅਲ ਲੈਜਿਸਲੇਟਿਵ ਅਸੈਂਬਲੀ ਦਾ ਮੈਂਬਰ ਵੀ ਸੀ)।

ਲੋਕ 13 ਅਪਰੈਲ 1919 ਨੂੰ ਚਾਰ ਵਜੇ ਜਲ੍ਹਿਆਂਵਾਲਾ ਬਾਗ ਵਿਚ ਪਹੁੰਚ ਗਏ। ਜਨਰਲ ਡਾਇਰ ਨੇ ਜਿਲੇ ਦੇ ਅਧਿਕਾਰੀਆਂ ਸਮੇਤ ਸਵੇਰ ਵੇਲੇ ਸ਼ਹਿਰ ਵਿਚ ਗੇੜਾ ਲਾਇਆ ਤੇ 12:40 'ਤੇ ਆਪਣੇ ਦਫਤਰ ਵਿਚ ਪਹੁੰਚ ਗਿਆ। ਉਸ ਨੂੰ ਸ਼ਾਮੀ 4 ਵਜੇ ਜਲ੍ਹਿਆਂਵਾਲਾ ਬਾਗ ਵਿਚ ਹੋ ਰਹੇ ਜਲਸੇ ਦੀ ਇਤਲਾਹ ਮਿਲੀ। ਉਸ ਨੂੰ ਹੈਰਤ ਹੋਈ ਕਿ ਡੌਂਡੀ ਪਿਟਵਾਉਣ ਅਤੇ ਚਿਤਾਵਨੀ ਦੇਣ ਦੇ ਬਾਵਜੂਦ ਜਨਤਾ ਨੂੰ ਅਜਿਹੀ ਹਿਮਾਕਤ ਕਰਨ ਦੀ ਹਿੰਮਤ ਕਿਵੇਂ ਹੋਈ! ਉਹ ਗੁੱਸੇ ਵਿਚ ਭਰਿਆ ਪੀਤਾ ਉੱਠਿਆ ਤੇ ਮਨ ਵਿਚ ਧਾਰ ਲਿਆ ਕਿ ਹਜ਼ੂਮ ਨੂੰ ਗੋਲੀਆਂ ਨਾਲ ਭੁੰਨ ਦੇਵੇਗਾ। ਫੌਜ ਨੂੰ ਉਥੇ ਪੁੱਜਣ ਦਾ ਹੁਕਮ ਦਿੱਤਾ। ਫੌਜ ਵਿਚ 50 ਸਿਪਾਹੀ 1/9 ਗੋਰਖਾ ਦਸਤੇ ਦੇ, 25 ਸਿੱਖਾਂ ਦੀ 54-ਫਰੰਟੀਆਰ ਦੇ ਅਤੇ 59-ਰਾਈਫਲ ਫੌਜ ਦੇ ਸਨ। ਜਲ੍ਹਿਆਂਵਾਲਾ ਬਾਗ ਦੇ ਅੰਦਰ ਵੜਨ ਵਾਲੀ ਭੀੜੀ ਜਿਹੀ ਗਲੀ ਥਾਣੀਂ ਲੰਘ ਕੇ 25-25 ਸਿਪਾਹੀਆਂ ਨੂੰ ਭੀੜ ਦੇ ਆਲੇ-ਦੁਆਲੇ ਤਾਇਨਾਤ ਕਰਕੇ ਸ਼ਿਸਤ ਲੈਣ ਲਈ ਕਿਹਾ। ਵਗੈਰ ਚਿਤਾਵਨੀ ਦਿੱਤਿਆਂ ਗੋਲੀ ਦਾ ਹੁਕਮ ਦੇ ਦਿੱਤਾ। ਭੀੜ ਨੂੰ ਦਸ ਮਿੰਟ ਅੰਨ੍ਹੇਵਾਹ ਗੋਲੀਆਂ ਨਾਲ ਭੁੰਨਿਆ। ਡਰੇ ਹੋਏ ਲੋਕ ਕੀੜੀਆਂ ਦੇ ਉੱਜੜੇ ਹੋਏ ਭੌਣ ਵਾਂਗ, ਏਧਰ-ਓਧਰ ਦੌੜੇ ਤੇ ਗੋਲੀਆਂ ਦੀ ਬੁਛਾੜ ਨਾਲ ਜ਼ਮੀਨ 'ਤੇ ਢੇਰੀ ਹੁੰਦੇ ਗਏ। ਬਾਹਰ ਨੱਠਣ ਲਈ ਇਕੋ ਰਾਹ ਸੀ, ਜੋ ਫੌਜ ਨੇ ਮੱਲਿਆ ਹੋਇਆ ਸੀ। ਲੋਕਾਂ ਨੇ ਨਹੁੰ ਫਸਾ ਕੇ ਕੰਧ 'ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ ਤੇ ਬਹੁਤਿਆਂ ਨੇ ਬੇਤਹਾਸ਼ਾ ਖੂਹ ਵਿਚ ਛਾਲਾਂ ਮਾਰ ਦਿੱਤੀਆਂ (ਵੇਖੋ ਚਿੱਤਰ-2)। ਡਾਇਰ ਨੇ ਕਿਹਾ ਕਿ ਕੰਧਾਂ 'ਤੇ ਚੜ੍ਹ ਰਹੇ ਲੋਕਾਂ ਵੱਲ ਸਿੰਨ੍ਹ ਕੇ ਗੋਲੀਆਂ ਮਾਰੋ, ਕੋਈ ਬਚ ਕੇ ਨਾ ਜਾਵੇ (ਚਿੱਤਰ-3)। ਉਸ ਨੇ ਆਪਣਾ ਪਿਸਤੌਲ ਫੌਜੀਆਂ ਉੱਤੇ ਤਾਣਿਆ ਹੋਇਆ ਸੀ, ਤਾਂ ਕਿ ਕੋਈ ਹੁਕਮ ਅਦੂਲੀ ਨਾ ਕਰੇ। ਡਾਇਰ ਨੂੰ ਇਸ ਗੱਲ ਦਾ ਅਫਸੋਸ ਸੀ ਕਿ ਅੰਦਰ ਦਾਖਲ ਹੋਣ ਵਾਲੀ ਗਲੀ ਭੀੜੀ ਹੋਣ ਕਰਕੇ ਮਸ਼ੀਨਗੰਨ ਨੂੰ ਅੰਦਰ ਨਹੀਂ ਸੀ ਲਿਜਾ ਸਕਿਆ।

ਜਲ੍ਹਿਆਂਵਾਲਾ ਬਾਗ ਵਿਚ ਮੌਤ ਦੇ ਵਹਿਸ਼ੀ ਤਾਂਡਵ ਨਾਚ ਬਾਰੇ ਹਿੰਦੋਸਤਾਨੀ ਅਤੇ ਅੰਗਰੇਜ਼ੀ ਸਿਆਸਤਦਾਨਾਂ ਦੇ ਵਿਚਾਰ ਪੇਸ਼ ਕੀਤੇ:

1. ਮਹਾਤਮਾ ਗਾਂਧੀ ਨੇ ਕਿਹਾ ਕਿ ਜੇ ਪੰਜਾਬ ਦਾ ਲੈਫਟੀਨੈਂਟ ਗਵਰਨਰ ਮਾਈਕਲ ਓ'ਡਵਾਇਰ ਭੜਕਾਊ ਤਕਰੀਰਾਂ ਰਾਹੀਂ ਲੀਡਰਾਂ ਦੀ ਨਿੰਦਿਆ ਅਤੇ ਲੋਕਾਂ ਦੀ ਰਾਏ ਦਾ ਤ੍ਰਿਸਕਾਰ ਨਾ ਕਰਦਾ ਤਾਂ ਇਤਿਹਾਸ ਵੱਖਰੀ ਤਰ੍ਹਾਂ ਲਿਖਿਆ ਜਾਣਾ ਸੀ। ਉਸ ਨੇ ਹਿੰਦੋਸਤਾਨ ਦੇ ਵਾਇਸਰਾਏ ਲੌਰਡ ਚਲਮਫੋਰਡ ਨੂੰ ਖਤ ਲਿਖਿਆ ਕਿ ਜਨਰਲ ਡਾਇਰ ਨੇ ਜੋ ਕਾਰਵਾਈ ਕੀਤੀ ਹੈ, ਉਹ ਲੋਕਾਂ ਉੱਤੇ ਵਹਿਸ਼ੀਆਨਾ ਹੱਦ ਤਕ ਜ਼ੁਲਮ ਦੀ ਦਰਿੰਦਗੀ ਸੀ। ਇਹ ਜ਼ੁਲਮ ਅਤੇ ਦਹਿਸ਼ਤਗਰਦੀ ਦੀ ਅਜਿਹੀ ਘਟਨਾ ਸੀ, ਜਿਸ ਦੀ ਮਿਸਾਲ ਸਮਕਾਲੀ ਕਾਲ ਵਿਚ ਨਹੀਂ ਮਿਲਦੀ।
2. ਰਾਬਿੰਦਰ ਨਾਥ ਟੈਗੋਰ ਨੇ ਦਿਲੋਂ ਰੋਸ ਪ੍ਰਗਟ ਕੀਤਾ। 'ਸਰ' ਦਾ ਕਿਤਾਬ ਵਾਪਸ ਕਰਦਿਆਂ ਕਿਹਾ, "ਕੌਮੀ ਖੱਜਲ ਖਵਾਰੀ ਅਤੇ ਦੁਰਗਤੀ ਦੇ ਬੇਮਸਾਲ ਵਤੀਰੇ ਨੂੰ ਦੇਖਦਿਆਂ, ਇਹ ਸਨਮਾਨ-ਚਿੰਨ੍ਹ ਮੇਰੇ ਲਈ ਬੇਇਜ਼ਤੀ ਸਮਾਨ ਹੈ।"
3. ਬ੍ਰਿਟਿਸ਼ ਸਲਤਨਤ ਦੇ ਪ੍ਰਧਾਨ ਮੰਤਰੀ ਵਿਨਸਟਨ ਚਰਚਲ ਨੇ ਕਿਹਾ, "ਜਲ੍ਹਿਆਂਵਾਲਾ ਬਾਗ ਦੀ ਘਟਨਾ ਦਰਦਨਾਕ, ਮਨਹੂਸ, ਨਿਵੇਕਲੀ ਅਤੇ ਕਲਮੂੰਹੀਂ ਸੀ।"
4. ਪੰਡਿਤ ਨਹਿਰੂ ਨੇ ਕਿਹਾ, "ਜਲ੍ਹਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਨਾਲ ਐਂਗਲੋ-ਇੰਡੀਅਨ ਸਬੰਧਾਂ ਨੇ ਖਤਰਨਾਕ ਮੋੜ ਕੱਟਿਆ ਹੈ। ਹਿੰਦੋਸਤਾਨ ਦੀ ਤਵਾਰੀਖ ਵਿਚ ਕਿਸੇ 'ਕੱਲੇ-ਕਾਰੇ ਅਫਸਰ ਨੇ ਰਾਜਸੀ ਹਾਲਾਤਾਂ ਉੱਤੇ ਐਨਾ ਗੰਭੀਰ ਅਸਰ ਨਹੀਂ ਪਾਇਆ, ਜਿੰਨਾ ਡਾਇਰ ਦੀ ਜਲ੍ਹਿਆਂਵਾਲਾ ਬਾਗ ਦੀ ਕਾਰਵਾਈ ਨੇ ਪਾਇਆ ਹੈ।"
5. ਡਾ. ਕਿਚਲੂ ਨੇ ਕਿਹਾ, "ਲੋਕੋ! ਜਲ੍ਹਿਆਂਵਾਲਾ ਬਾਗ ਦੇ ਸਾਕੇ ਨੂੰ ਚੇਤੇ ਕਰਕੇ ਦੱਸੋ, ਕੀ ਤੁਸੀਂ ਉਨ੍ਹਾਂ ਲੋਕਾਂ ਨਾਲ ਰਾਬਤਾ ਰੱਖਣਾ ਚਾਹੋਗੇ, ਜਿਨ੍ਹਾਂ ਨੇ ਸਾਡੇ ਬੱਚਿਆਂ ਦੇ ਖ਼ੂਨ ਨਾਲ ਹੱਥ ਰੰਗੇ ਹੋਣ?"

**ਹੰਟਰ ਕਮਿਸ਼ਨ ਰਿਪੋਰਟ:** ਜਲ੍ਹਿਆਂਵਾਲਾ ਬਾਗ਼ ਦੇ ਕਤਲਾਮ ਨੂੰ ਘੋਖਣ-ਪਰਖਣ ਲਈ ਬ੍ਰਿਟਿਸ਼ ਸਰਕਾਰ ਨੇ ਹੰਟਰ ਕਮਿਸ਼ਨ ਬਣਾਇਆ। ਇਸ ਦਾ ਚੇਅਰਮੈਨ ਲੌਰਡ ਹੰਟਰ ਸੀ ਜੋ ਸਕੋਟਲੈਂਡ ਦਾ ਸੁਲਿੱਸ਼ਟਰ ਜਨਰਨਲ ਸੀ। ਕਮਿਸ਼ਨ ਵਿਚ ਹੇਠ ਲਿਖੇ ਮੈਂਬਰ ਸਨ:

1. ਕਲਕੱਤੇ ਦੀ ਕਚਹਿਰੀ ਦਾ ਜਸਟਿਸ ਜੌਰਜ ਸੀ. ਰੈਂਕਿਨ
2. ਬੰਬਈ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਚਮਨਲਾਲ ਹਰੀਲਾਲ ਸੀਤਵਾਸ
3. ਗ੍ਰਹਿ-ਵਿਭਾਗ ਦਾ ਕਰਮਚਾਰੀ ਡਬਲਿਯੂ. ਐਫ. ਰਾਈਸ
4. ਪਸ਼ਾਵਰ ਡਵੀਜਨ ਦਾ ਮੇਜਰ ਜਨਰਲ ਜੌਰਜ ਬਾਰੋ
5. ਸੰਯੁਕਤ ਪ੍ਰਾਂਤਾਂ ਦੀ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਅਤੇ ਵਕੀਲ ਪੰਡਿਤ ਜਗਤ ਨਾਰਾਇਣ
6. ਸੰਯੁਕਤ ਪ੍ਰਾਂਤਾਂ ਦੀ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਟੌਮਸ ਸਮਿੱਥ
7. ਗਵਾਲੀਅਰ ਦਾ ਵਕੀਲ ਸਰਦਾਰ ਸਾਹਿਬਜ਼ਾਦਾ ਸੁਲਤਾਨ ਖਾਨ
8. ਕਮਿਸ਼ਨ ਦਾ ਸਕੱਤਰ ਐਚ. ਸੀ. ਸਟੋਕਸ।

**29 ਅਕਤੂਬਰ 1919 ਨੂੰ ਨਵੀਂ ਦਿੱਲੀ ਵਿਚ ਕਮਿਸ਼ਨ ਦੀ ਮੀਟਿੰਗ ਹੋਈ ਤੇ ਗਵਾਹਾਂ ਦੇ ਬਿਆਨ ਲਏ। ਦੂਜੀ ਮੀਟਿੰਗ 19 ਨਵੰਬਰ ਨੂੰ ਹੋਈ, ਜਿਸ ਵਿਚ ਕਮਿਸ਼ਨ ਨੇ ਜਨਰਲ ਡਾਇਰ ਨੂੰ ਸਵਾਲ ਪੁੱਛੇ ਤੇ ਉਸ ਨੇ ਜਬਾਬ ਦਿੱਤੇ:**

ਸਵਾਲ: ਜਦ ਤੂੰ ਜਲ੍ਹਿਆਂਵਾਲਾ ਬਾਗ ਵਿਚ ਗਿਆ ਤਾਂ ਕੀ ਕੀਤਾ?

ਉੱਤਰ: ਗੋਲੀ ਚਲਾਈ।

ਸਵਾਲ: ਯਕਦੱਮ!

ਉੱਤਰ: ਪਹਿਲਾਂ ਮੈ ਹਾਲਾਤ ਬਾਰੇ ਸੋਚਿਆ ਤੇ ਫੈਸਲਾ ਲੈਣ ਲਈ 30 ਸਕਿੰਟ ਲੱਗੇ ਕਿ ਮੇਰੀ ਡਿਊਟੀ ਕੀ ਹੈ?

ਸਵਾਲ: ਭੀੜ ਕੀ ਕਰ ਰਹੀ ਸੀ?

ਉੱਤਰ: ਲੋਕ ਮੀਟਿੰਗ ਕਰ ਰਹੇ ਸਨ। ਕੇਂਦਰ ਵਿਚ ਮੰਚ 'ਤੇ ਇਕ ਬੰਦਾ ਹੱਥ ਉਲਾਰ ਕੇ ਤਕਰੀਰ ਕਰ ਰਿਹਾ ਸੀ। ਜਿੱਥੇ ਮੈਂ ਖੜ੍ਹਾ ਸੀ, ਉਸ ਤੋਂ 50-60 ਗਜ ਦੂਰ ਮੇਰੇ ਫੌਜੀ ਸਿਪਾਹੀ ਖੜ੍ਹੇ ਸਨ। ਮੈਂ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। (ਜਨਰਲ ਨੇ ਮੰਨਿਆ ਕਿ ਸ਼ਾਇਦ



*ਚਿੱਤਰ-2: ਲਾਸ਼ਾਂ ਵਾਲਾ ਖੂਹ।*



*ਚਿੱਤਰ-3: ਕੰਧ ਵਿਚ ਗੋਲੀਆਂ ਦੇ ਨਿਸ਼ਾਨ।*

*(ਬਾਕੀ ਅਗਲੇ ਸਫੇ 'ਤੇ)*

# ‘ਤਰਕਸ਼’ ਦੀ ਤਹਿਰੀਕ ’ਚ ਉਤਰਦਿਆਂ

ਡਾ. ਸ਼ਸ਼ੀ ਕਾਂਤ ਉੱਪਲ ਸਮਰੱਥ ਗਜ਼ਲਗੋ ਤੇ ਸ਼ਾਇਰ ਹੈ, ਜਿਸ ਦਾ ਪੰਜਾਬੀ ਅਤੇ ਹਿੰਦੀ ਅਦਬ ਵਿਚ ਖਾਸ ਮੁਕਾਮ ਹੈ। ਉਨ੍ਹਾਂ ਨੂੰ ਕਾਵਿ-ਸੰਵੇਦਨਾ ਆਪਣੇ ਭਰਾ ਡਾ. ਨਰੇਸ਼ ਤੋਂ ਵਿਰਸੇ ਵਿਚ ਮਿਲੀ ਹੈ। ਉਨ੍ਹਾਂ ਦੇ ਹੁਣ ਤੱਕ ਪੰਜ ਪੰਜਾਬੀ ਗਜ਼ਲ ਸੰਗ੍ਰਹਿ ਅਤੇ ਪੰਜ ਹਿੰਦੀ ਕਾਵਿ-ਸੰਗ੍ਰਹਿ ਸਾਹਿਤ ਵਿਚ ਆਪਣੀ ਵਿਲੱਖਣ ਹਾਜਰੀ ਲਗਵਾ ਚੁਕੇ ਹਨ। ਉਹ ਨਿਰੰਤਰ ਕਾਵਿਕ ਸੰਵਾਦ ਰਚਾਉਣ ਵਾਲੇ ਸੰਵੇਦਨਸ਼ੀਲ ਅਦੀਬ ਹਨ।

ਉਨ੍ਹਾਂ ਦਾ ਹਥਲਾ ਗਜ਼ਲ ਸੰਗ੍ਰਹਿ 2020 ਵਿਚ ਛਪਿਆ ਹੈ, ਜਿਸ ਵਿਚ ਸਮਾਜ ਦੀਆਂ ਵੱਖ-ਵੱਖ ਪਰਤਾਂ ਨੂੰ ਸਮੁੱਚਤਾ ਵਿਚ ਪੇਸ਼ ਕੀਤਾ ਗਿਆ ਹੈ। ਅਜੋਕੀਆਂ ਮਾਨਵੀ ਤ੍ਰਾਸਦੀਆਂ, ਆਧੁਨਿਕ ਮਨੁੱਖ ਦੀ ਬਿਖਰੀ ਮਾਨਸਿਕਤਾ ਅਤੇ ਅੰਦਰਲੀ

**ਡਾ. ਗੁਰਬਖਸ਼ ਸਿੰਘ ਭੰਡਾਲ**

ਟੁੱਟ-ਭੱਜ ਨੂੰ ਖੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ। ਇਹ ਗਜ਼ਲਾਂ ਪਾਠਕ-ਮਨ ਨੂੰ ਟਕੋਰਦੀਆਂ, ਉਸ ਨੂੰ ਖੁਦ ਦੇ ਰੂ-ਬ-ਰੂ ਕਰ, ਮੌਜੂਦਾ ਪ੍ਰਸਥਿਤੀਆਂ ਵਿਚ ਉਸ ਦਾ ਸਥਾਨ ਕੀ ਹੈ, ਉਸ ਦੀ ਕੀ ਭੂਮਿਕਾ ਹੈ ਜਾਂ ਹੋਣੀ ਚਾਹੀਦੀ ਹੈ, ਬਾਰੇ ਪ੍ਰਸ਼ਨ ਪੈਦਾ ਕਰਦੀਆਂ ਹਨ। ਇਨ੍ਹਾਂ ਦੇ ਜਵਾਬ ਲਈ ਪਾਠਕ ਨੂੰ ਸਵੈ-ਸੰਵਾਦ ਰਾਹੀਂ ਖੁਦ ਨੂੰ ਤਲਾਸ਼ਣਾ ਪਵੇਗਾ। ਇਸ ਵਾਸਤੇ ਮਨੁੱਖ ਲਈ ਆਪਣੀ ਅੰਤਰੀਵ ਯਾਤਰਾ ‘ਤੇ ਜਾਣਾ ਬਹੁਤ ਜਰੂਰੀ, ਕਿਉਂਕਿ ਅਸੀਂ ਖੁਦ ਵਿਚੋਂ ਆਪਣੇ ਉਸ ਰੂਪ ਨੂੰ ਲੱਭਣਾ ਹੁੰਦਾ, ਜਿਸ ਦੀ ਬੇਮੁਖੀ ਵਿਚੋਂ ਸਮੁੱਚਾ ਵਿਗਾੜ ਪੈਦਾ ਹੁੰਦਾ ਹੈ।

ਅਜੋਕੇ ਵਿਅਕਤੀ ਦੀ ਮਨੋਦਿਸ਼ਾ ਪ੍ਰਗਟਾਉਂਦਿਆਂ ਡਾ. ਉੱਪਲ ਦਾ ਸ਼ੇਅਰ ਹੈ,

ਆਪਣੀਆਂ ਛਾਂਵਾਂ ਨੂੰ ਬਹਿ ਕੇ
ਮੈਂ ਤਾਂ ਲਿਖਿਆ ਹੀ ਨਹੀਂ,
ਉਸ ਦੀਆਂ ਧੁੱਪਾਂ ਦਾ ਹੀ
ਮੈਂ ਤਰਜਮਾ ਕਰਦਾ ਰਿਹਾ।

ਪਰ ਬੰਦੇ ਲਈ ਜਰੂਰੀ ਹੁੰਦਾ ਕਿ ਉਹ ਆਪਣੀਆਂ ਧੁੱਪਾਂ ਦੀ ਤਫਸੀਲ ਅਤੇ ਦੂਸਰਿਆਂ ਦੀਆਂ ਛਾਂਵਾਂ ਨੂੰ ਉਲਥਾਵੇ ਤਾਂ ਹੀ ਸੱਚ ਸਾਹਮਣੇ ਆਵੇਗਾ।

ਢਾ. ਉੱਪਲ ਜਾਣਦੇ ਹਨ ਕਿ ਚੁੱਪ ਨਾਲ ਲਿਖੀ ਹੋਈ ਕਵਿਤਾ ਸਭ ਤੋਂ ਅਸਰਦਾਰ ਅਤੇ ਅਹਿਮ ਹੁੰਦੀ, ਜੋ ਕਿਸੇ ਲਿਪੀ ਜਾਂ ਸ਼ਬਦ ਦੀ ਮੁਥਾਜ ਨਹੀਂ ਹੁੰਦੀ। ਕਵਿਤਾ ਨੂੰ ਚੁੱਪ ਨਾਲ ਵੀ ਲਿਖਿਆ ਜਾ ਸਕਦਾ, ਬਹੁਤ ਵਿਰਲੇ ਲੋਕ ਜਾਣਦੇ ਤੇ ਡਾ. ਉਪਲ ਵਿਰਲਿਆਂ ‘ਚੋਂ ਵਿਰਲੇ ਹਨ, ਤਾਂ ਹੀ ਉਸ ਦੇ ਹਰਫ ਬੋਲਦੇ,

ਰੰਗਾਂ ਦੀ ਲਿਪੀ ਕੀ ਹੈ
ਸ਼ਬਦਾਂ ਦੀ ਧੁਨੀ ਕੀ ਹੈ,
ਜੋ ਮੌਨ ਨੇ ਚਿੱਤਰੀ ਹੈ
ਉਹ ਕਵਿਤਾ ਜਿਹੀ ਕੀ ਹੈ।

ਜਦ ਕੋਈ ਖੁਦ ਨੂੰ ਦੀਵਿਆਂ ਦੀ ਮਿੱਟੀ ਬਣਾਉਂਦਾ ਅਤੇ ਖੁਦ ਨੂੰ ਬਾਲ ਕੇ ਅੰਧਲੇ ਸਮਿਆਂ ‘ਚ ਰੌਸ਼ਨੀ ਤ੍ਰੌਂਕਦਾ ਤਾਂ ਉਹ ਕਿਸੇ ਇਮਤਿਹਾਨ ਦੀ ਪ੍ਰਵਾਹ ਨਹੀਂ ਕਰਦਾ। ਇਹ ਤਾਂ ਅਰਪਤਾ ਦੀ ਅਦਾ ਹੈ,

ਮੇਰੀ ਮਿੱਟੀ ਦੀਵਿਆਂ ਵਿਚ ਢਾਲ ਕੇ,
ਸ਼ੌਕ ਦਾ ਮੇਰੇ ਤੂੰ ਲੈ ਫਿਰ ਇਮਤਿਹਾਨ।

ਦੁੱਖਾਂ ਵਿਚੋਂ ਸੁੱਖ-ਸੰਵੇਨਦਾਵਾਂ ਨੂੰ ਪ੍ਰਗਟਾਉਣਾ ਅਤੇ ਇਸ ਦੀ ਤਹਿ ਵਿਚ ਛੁਪੀਆਂ ਰਹਿਮਤਾਂ ਨੂੰ ਸਮਝਣ ਵਾਲਾ ਡਾ. ਉਪਲ ਕਿੰਨਾ ਖੂਬਸੂਰਤ ਖਿਆਲ ਪੇਸ਼ ਕਰਦਾ ਹੈ,

ਦੁੱਖਾਂ ਦੀ ਸਿੱਪ ਅੰਦਰ
ਮੋਤੀ ਜਿਹਾ ਉਹ ਕੀ ਸੀ,
ਪਲਕਾਂ ‘ਤੇ ਧਰ ਲਿਆ
ਮੈਂ ਇਕ ਅੱਥਰੂ ਬਣਾ ਕੇ।

ਅੱਥਰੂ ਤੋਂ ਮੋਤੀ ਤੀਕ ਦਾ ਸਫਰ ਤਾਂ ਹਰੇਕ ਕਰਦਾ, ਪਰ ਕੋਈ ਕੋਈ ਮੋਤੀ ਤੋਂ ਅੱਥਰੂ ਦੀ ਯਾਤਰਾ ਇੰਜ ਵੀ ਕਰਦਾ ਹੈ।

ਅਜੋਕੇ ਸਮਿਆਂ ਵਿਚ ਹਨੇਰ ਨਾਲ ਭਰੇ ਰਾਹਾਂ ਅਤੇ ਧੁੰਧਲਕਿਆਂ ਵਿਚ ਗਵਾਚੀਆਂ ਮੰਜ਼ਿਲਾਂ ਦੀ ਤਲਾਸ਼ ਵਿਚ ਸਦਾ ਵਿਅਸਤ ਰਹਿਣ ਵਾਲਾ ਡਾ. ਉੱਪਲ, ਕਲਮਾਂ ਦੀਆਂ ਕਾਤਰਾਂ ਬੀਜਣ ਦਾ ਸੁਗਮ ਸੁਨੇਹਾ ਦਿੰਦਾ ਹੈ ਤਾਂ ਕਿ ਇਨ੍ਹਾਂ ਵਿਚੋਂ ਜਗਦੇ ਅਰਥਾਂ ਦੇ ਦੀਵੇ ਚਾਨਣ ਦਾ ਵਣਜ ਕਰਨ। ਕਿਸੇ ਦੀਆਂ ਪੈੜਾਂ ਵੀ ਰੁਸ਼ਨਾਉਣ ਅਤੇ ਰਾਹੇ ਪਾਉਣ ਦਾ ਕਰਮ ਵੀ ਕਮਾਉਣ, ਤਾਂ ਹੀ ਉਹ ਦੀਵਾ ਬਾਲਣ ਦਾ ਹੋਕਰਾ ਦਿੰਦਾ ਹੈ,


ਅੰਨੀਆਂ ਨਾ ਹੋ ਜਾਵਣ
ਰਾਹਵਾਂ ਸਾਰੀਆਂ ਕਿਧਰੇ,
ਖੌਫਨਾਕ ਨ੍ਹੇਰੇ ਵਿਚ
ਦੀਵਾ ਬਾਲ ਰੱਖੀਂ ਤੂੰ।

ਧੁੱਪ ਦੀਆਂ ਕਣੀਆਂ ਨੂੰ ਫੜਨਾ ਅਤੇ ਇਨ੍ਹਾਂ ਨੂੰ ਮਸਤਕ ਵਿਚ ਧਰਨ ਦੀ ਚਾਹਨਾ ਤਾਂ ਹਰੇਕ ਦੇ ਮਨ ਵਿਚ ਪਨਪਦੀ ਹੈ ਤਾਂ ਹੀ ਉਹ ਲਿਖਦਾ ਹੈ,

ਧੁੱਪ ਦੀ ਕਾਤਰ ਨੂੰ ਫੜ ਕੇ
ਭੱਜਦਾ ਹੈ ਥਾਂ ਕੁਥਾਂ,
ਕੱਲ ਦਾ ਬੱਚਾ ਵੀ ਹੁਣ
ਵੇਖੋ ਸਿਆਣਾ ਹੋ ਗਿਆ।

ਕਿਉਂਕਿ ਧੁੱਪ ਨਾਲ ਹੀ ਜੀਵਨ ਧੜਕਦਾ ਅਤੇ ਸਾਹਾਂ ਨੂੰ ਰਵਾਨਗੀ ਮਿਲਦੀ ਹੈ।

ਉਸ ਦੀਆਂ ਗਜ਼ਲਾਂ ਵਿਚ ਅਜੋਕੇ ਰਾਜ-ਪ੍ਰਬੰਧ ਪ੍ਰਤੀ ਵਿਦਰੋਹ ਦੀ ਸੁਰ ਬਹੁਤ ਸਾਰੀਆਂ



ਗਜ਼ਲਾਂ ਵਿਚ ਝਲਕਦੀ ਹੈ। ਉਹ ਚੌਰਾਹੇ ਵਿਚ ਖੜ੍ਹ ਕੇ ਲਲਕਾਰਦਾ ਹੈ ਕਿ ਜਾਗਦੀ ਜ਼ਮੀਰ ਵਾਲੀ ਕਵਿਤਾ ਕਦੇ ਨਹੀਂ ਵਿੱਕਦੀ, ਨਾ ਹੀ ਝੁਕਦੀ, ਨਾ ਹੀ ਸਮਝੌਤਾ ਕਰਦੀ ਅਤੇ ਨਾ ਹੀ ਲੱਕੜੀ ਦੇ ਮੋਰ ਜਾਂ ਚਾਂਦੀ ਦੀ ਤਸ਼ਤਰੀ ਸਾਹਵੇਂ ਨਤਮਸਤਕ ਹੁੰਦੀ। ਸੁੱਚੀ ਕਵਿਤਾ ਨੂੰ ਸਿਰ ਉਚਾ ਕਰਕੇ ਜਿਊਣ ਦਾ ਅੰਦਾਜ਼ ਆਉਂਦਾ ਹੈ। ਟੁੱਕ ਬਦਲੇ ਵਿਕਣ ਵਾਲੀ ਕਵਿਤਾ ਸਿਰਫ ਅਕਵਿਤਾ, ਜੋ ਕਵਿਤਾ ਤੋਂ ਮੁਨਕਰੀ ਅਤੇ ਖੁਦ ਤੋਂ ਭਾਂਜਵਾਦ। ਉਸ ਦੇ ਸ਼ਬਦ ਕੂਕਦੇ,

ਕਵਿਤਾ ਨਾ ਝੁਕੀ ਅੱਜ ਤੱਕ
ਤਖਤਾਂ ਤੋਂ ਨਾ ਤਾਜਾਂ ਤੋਂ,
ਇਕ ਰੋਟੀ ਦੇ ਟੁੱਕ ਅੱਗੇ
ਜੋ ਹਾਰ ਗਈ ਕੀ ਹੈ।

ਅਤੇ ਉਹ ਇਹ ਵੀ ਜਾਣਦਾ ਹੈ ਕਿ ਕਲਮ ਦੀ ਤਾਕਤ ਸਾਹਵੇਂ ਝੁਕ ਜਾਂਦੀਆਂ ਨੇ ਬਾਦਸ਼ਾਹੀਆਂ, ਡੋਲ ਜਾਂਦੇ ਨੇ ਤਖਤ ਅਤੇ ਢਹਿ-ਢੇਰੀ ਹੋ ਜਾਂਦੇ ਨੇ ਮਹਿਲ-ਮੁਨਾਰੇ। ਕਵਿਤਾ ਹੀ ਜੋਸ਼, ਜਨੂਨ ਅਤੇ ਜਜ਼ਬਾਤ ਦੀ ਤਰਜਮਾਨੀ ਰਾਹੀਂ ਜੰਜ਼ੀਰਾਂ ਤੋਂ ਰੁਖਸਤਗੀ ਦਿਵਾਉਂਦੀ। ਬੰਦੇ ਨੂੰ ਉਸ ਦੀ ਸਮਰੱਥਾ, ਸੁਪਨੇ ਅਤੇ ਸ਼ਕਤੀ ਦਾ ਅਹਿਸਾਸ ਕਰਵਾਉਂਦੀ। ਉਸ ਦਾ ਸ਼ੇਅਰ ਹੈ,

ਹਵਾ ਜਦ ਰੁੱਖ ਬਦਲਦੀ ਹੈ
ਸਿੰਘਾਸਨ ਡੋਲ ਜਾਂਦੇ ਨੇ,
ਮੁਨਾਰੇ ਤੇ ਮਹਿਲ ਜਿੰਨੇ ਨੇ
ਸਾਰੇ ਥਰਥਰਾਂਦੇ ਨੇ।

ਪਰ ਉਸ ਨੂੰ ਦੁੱਖ ਹੈ ਕਿ ਉਸ ਦੇ ਦੌਰ ਦਾ ਹਰ ਵਿਅਕਤੀ ਹੀ ਅੰਨਾ, ਬੋਲਾ ਜਾਂ ਗੂੰਗਾ ਹੋ ਕੇ ਆਪਣੀ ਤ੍ਰਾਸਦੀ ਦਾ ਖੁਦ ਜ਼ਿੰਮੇਵਾਰ ਹੈ। ਉਸ ਨੂੰ ਜਗਾਉਣ ਲਈ ਜਰੂਰੀ ਹੈ ਕਿ ਹਨੇਰਿਆਂ ਦੀਆਂ ਦੀਵਾਰਾਂ ਅਤੇ ਕਾਲ-ਕੋਠੜੀਆਂ ਤੇ ਰੌਸ਼ਨੀ ਦੇ ਦਸਤਾਵੇਜ਼ ਲਿਖੇ ਜਾਣ ਤਾਂ ਕਿ ਚਾਨਣ-ਝੀਤਾਂ ਨਾਲ ਮਨੁੱਖ ਜਾਗੇ ਅਤੇ ਉਸ ਨੂੰ ਆਪਣੀ ਹੀਣਤਾ ਵਿਚੋਂ ਉਭਰਨ ਦਾ ਹੱਠ ਤੇ ਹੌਂਸਲਾ ਮਿਲੇ। ਉਸ ਦੀ ਜ਼ੁਬਾਨੀ,

ਮੇਰੇ ਅੱਜ ਦੇ ਦੌਰ ਦਾ ਹਰ ਇਕ ਬੰਦਾ ਹੀ,
ਅੰਨਾ ਹੈ ਜਾਂ ਬੋਲਾ ਹੈ ਜਾਂ ਗੂੰਗਾ ਹੈ।
ਜਾਂ
ਕੌਣ ਸੀ ਜੋ ਰੌਸ਼ਨੀ ਦੀ ਦਾਸਤਾਂ,
ਨੇਰਿਆਂ ਦੀ ਕੰਧ ‘ਤੇ ਲਿਖਦਾ ਰਿਹਾ।

ਡਾ. ਉੱਪਲ ਨੇ ਮਨੁੱਖੀ ਕਿਰਦਾਰ ਦੇ ਦੋਗਲੇਪਣ ‘ਤੇ ਝਾਤ, ਉਸ ਦੇ ਅੰਤਰੀਵ ਨੂੰ ਬਾਖੂਬੀ ਪੜ੍ਹਿਆ ਹੈ। ਉਸ ਨੇ ਦੇਖਿਆ ਹੈ, ਸੂਰਜ ਦਾ ਮਖੌਟਾ ਪਹਿਨਣ ਵਾਲੇ ਦਰਅਸਲ ਸੂਰਜਾਂ ਦੇ ਕਾਤਲ ਹੁੰਦੇ। ਉਨ੍ਹਾਂ ਦੇ ਮਸਤਕ ਵਿਚ ਸੂਰਜ ਦੇ ਅਸਤ ਹੋਣ ਤੇ ਜਸ਼ਨ ਦਾ ਮਾਹੌਲ ਪਨਪਦਾ। ਹਨੇਰਿਆਂ ਦੀ ਆੜ ’ਚ ਕਮੀਨਗੀਆਂ ਤੇ ਕੁਕਰਮਾਂ ਦਾ ਕਹਿਰ ਕਮਾਉਂਦੇ। ਉਸ ਦਾ ਸ਼ੇਅਰ ਹੈ,

ਸੂਰਜ ਦੀ ਜੋ ਦਾਅਵੇਦਾਰੀ ਕਰਦਾ ਸੀ,
ਉਹੋ ਸੂਰਜ ਦੇ ਡੁੱਬਣ ‘ਤੇ ਹੱਸਦਾ ਹੈ।
ਜਾਂ
ਲੋਕੀਂ ਵਿੱਕ ਜਾਂਦੇ ਨੇ ਮਾਰੇ ਭੁੱਖਾਂ ਦੇ
ਸੌਦੇ ਹੋ ਜਾਂਦੇ ਨੇ ਇਥੇ ਕੁੱਖਾਂ ਦੇ।

ਡਾ. ਉੱਪਲ ਦਾ ਮੰਨਣਾ ਹੈ ਕਿ ਟੁੱਕ ਦੀ ਖਾਤਰ ਵਿਕਦੇ ਜਿਸਮਾਂ ਅਤੇ ਕੁੱਖਾਂ ਨੂੰ ਨਿਲਾਮ ਕਰਨ ਵਾਲੇ ਲੋਕਾਂ ਲਈ ਜਰੂਰੀ ਹੈ ਕਿ ਉਹ ਆਪਣੇ ਫਰਜਾਂ ਦੀ ਸੂਲੀ ਨੂੰ ਆਪਣੇ ਮੋਢੇ ‘ਤੇ ਚੁੱਕਣ। ਇਸ ਨੂੰ ਆਪਣੀ ਅਜ਼ਮਤ ਅਤੇ ਅਦਬ ਦਾ ਐਲਾਨਨਾਮਾ ਬਣਾ, ਜ਼ਿਕਰਯੋਗ ਸਮਾਜਿਕ ਤਬਦੀਲੀ ਦਾ ਮੁੱਢ ਬੰਨ੍ਹਣ। ਸੁੱਤੇ ਸਮਾਜ ਦੀ ਬੀਹੀ ਵਿਚ ਉਸ ਦੇ ਸ਼ਬਦ ਹੋਕਾ ਲਾਉਂਦੇ,

ਆਪਣੇ ਫਰਜਾਂ ਦੀ ਸੂਲੀ ਨੂੰ
ਆਪਣੇ ਹੀ ਮੋਢੇ ਧਰਨਾ ਹੈ।

ਡਾ. ਉੱਪਲ ਦੀ ਸੂਖਮਤਾ, ਸਹਿਜ ਅਤੇ ਨਿਰਮਾਣਤਾ ਦੇ ਦਰਸ਼-ਦੀਦਾਰੇ ਕਰਨੇ ਹੋਣ ਤਾਂ ਹੇਠਲਾ ਸ਼ੇਅਰ ਇਸ ਦਾ ਪ੍ਰਤੱਖ ਪ੍ਰਮਾਣ ਹੈ,

ਨੀਵੇਂ ਘਰ ਨੂੰ ਨਾ ਕੋਈ ਡਰ ਹੈ
ਨਾ ਭੈ ਹੈ ਸ਼ਸ਼ੀ,
ਉਚੇ ਘਰ ਨੂੰ ਸਦਾ
ਭੁਚਾਲ ਤੋਂ ਡਰ ਆਉਂਦਾ ਹੈ।

ਉਹ ਆਪਣੀ ਔਕਾਤ ਅਤੇ ਮੂਲ ਨੂੰ ਪਛਾਣਦਾ ਤੇ ਸਮਝਦਾ, ਤਾਂ ਹੀ ਉਹ ਆਪਣੇ ਨੀਵੇਂ ਕੱਦ ਨੂੰ ਕਿਸੇ ਦੇ ਬਰਾਬਰ ਨਹੀਂ ਮੇਚਦਾ ਅਤੇ ਨਿਮਰ ਰਹਿ ਕੇ ਜੀਵਨ ਦੀ ਸਧਾਰਨਤਾ, ਸਾਰਥਿਕਤਾ ਤੇ ਸੰਜੀਦਗੀ ਨੂੰ ਸਮਰਪਿਤਾ ਰਹਿੰਦਾ ਹੈ,

ਸੋਚਦਾ ਹਾਂ ਕਿਤੇ ਔਕਾਤ ਤੋਂ
ਬਾਹਰ ਤਾਂ ਨਹੀਂ,
ਇਹ ਮੇਰਾ ਕਦ ਕਿਤੇ
ਤੇਰੇ ਬਰਾਬਰ ਤਾਂ ਨਹੀਂ।

ਡਾ. ਉੱਪਲ ਦੀ ਗਜ਼ਲ ਦਾ ਇਕ ਰੰਗ, ਜੋ ਬਹੁਤ ਉਘੜਵਾਂ ਹੈ, ਉਹ ਹੈ ਖੁਦ ਦੀ ਜਾਮਾ-ਤਲਾਸ਼ੀ, ਖੁਦ ਦੇ ਰੂਬਰੂ ਹੋਣਾ, ਬਾਹਰਲੇ ਜੰਗਲ ਤੋਂ ਅੰਦਰ ਦੇ ਜੰਗਲ ਦੀ ਯਾਤਰਾ, ਅੰਦਰ ‘ਚ ਉਗੇ ਜੰਗਲ ਵਿਚ ਗਵਾਚਣਾ ਅਤੇ ਆਪਣੇ ਅੰਤਰੀਵ ਨੂੰ ਮੁਖਾਤਬ ਹੋਣਾ। ਉਹ ਇਸ ਜੰਗਲ ਵਿਚੋਂ ਰੌਸ਼ਨ-ਰਾਹ ਤਲਾਸ਼ ਵਿਚ ਜੁੱਟਿਆ ਹੋਇਆ ਹੈ ਅਤੇ ਇਹ ਸਾਧਨਾ ਨਿਰੰਤਰ ਜਾਰੀ ਹੈ,

ਜੰਗਲ ‘ਚ ਜਾ ਕੇ ਮੈਂ ਵੀ
ਕੱਟੀ ਹੈ ਰਾਤ ਅਕਸਰ,
ਜੰਗਲ ਨੇ ਮੇਰੇ ਵਿਚ ਵੀ
ਅਕਸਰ ਹੈ ਰਾਤ ਕੱਟੀ।

ਬੰਦੇ ਦੀ ਕੇਹੀ ਮਾਨਸਿਕਤਾ ਕਿ ਉਹ ਆਪਣੇ ਹੀ ਪਰਛਾਂਵੇਂ ਵਿਚ ਅੜ ਕੇ ਡਿੱਗ ਰਿਹਾ ਹੈ। ਭਲਾ ਖੁਦ ਦੇ ਪਰਛਾਂਵੇਂ ਵਿਚ ਅੱੜ ਕੇ ਡਿੱਗੇ ਨੂੰ ਕੌਣ ਉਠਾਵੇ, ਕਿਹੜਾ ਉਸ ਦੀਆਂ ਸੱਟਾਂ ਨੂੰ ਸਹਿਲਾਵੇ ਅਤੇ ਫਿਰ ਮਾਰਗ-ਦਰਸ਼ਨ ਦੀ ਡੰਗੋਰੀ ਥੰਮਾਵੇ; ਤਾਂ ਹੀ ਉਹ ਤੜਫਦਾ ਹੈ,

ਕੌਣ ਹੈ ਜੋ ਡਿੱਗ ਪਿਆ ਹੈ
ਆਪਣੇ ਪਰਛਾਂਵੇਂ ਵਿਚ ਅੜ ਕੇ।

ਉਮਰ ਦੇ ਢਲਦੇ ਪਰਛਾਂਵਿਆਂ ਵਿਚ ਉਹ ਬੁੱਲ੍ਹੇ ਸ਼ਾਹ ਵਾਂਗ ਅੰਤਰਮਨ ਦੇ ਪੈਰਾਂ ਵਿਚ ਘੁੰਗਰੂ ਬੰਨ੍ਹ, ਫੱਕਰਤਾ ਤੇ ਅਲਮਸਤੀ ਦਾ ਆਲਮ ਹੰਢਾਉਣਾ ਲੋਚਦਾ ਤਾਂ ਕਿ ਜੀਵਨ ਦੇ ਅਨਾਦੀ ਰੰਗ ਨੂੰ ਵੀ ਮਾਣਿਆ ਜਾਵੇ, ਜਿਸ ਨਾਲ ਖੁਦ ਤੋਂ ਖੁਦਾਈ ਦੇ ਸਫਰ ਦੀ ਪੂਰਨਤਾ ਹੋਵੇ,

ਓ ਅੰਤਰਮਨ ਬੁੱਲ੍ਹੇ ਸ਼ਾਹ,
ਪੈਰਾਂ ਦੇ ਵਿਚ ਝਾਂਜਰ ਪਾ।

ਡਾ. ਉੱਪਲ ਦਾ ਸਮੁੱਚਾ ਗਜ਼ਲ ਸੰਗ੍ਰਹਿ ਬਾਹਰ ਤੋਂ ਅੰਦਰ ਦੀ ਯਾਤਰਾ ਵਿਚੋਂ ਉਗਮਿਆ ਉਹ ਆਵੇਸ਼ ਹੈ, ਜੋ ਅੰਦਰ ਤੋਂ ਬਾਹਰ ਦੇ ਸਫਰ ‘ਤੇ ਤੁਰਿਆ ਹੈ। ਸੁਹਜ, ਸੰਗੀਤ ਅਤੇ ਸਹਿਜ ਸਿਰਜਦਾ, ਜ਼ਿੰਦਗੀ ਦੇ ਮੁਖੜੇ ਤੇ ਸੂਰਜੀ ਭਾਅ ਖਲੇਰਨ ਲਈ ਯਤਨਸ਼ੀਲ ਹੈ। ਉਸ ਦੇ ਗਜ਼ਲ ਸੰਗ੍ਰਹਿ ਦਾ ਸੁਆਗਤ ਕਰਦਿਆਂ, ਆਸ ਹੈ ਕਿ ਉਹ ਭਵਿੱਖ ਵਿਚ ਆਪਣੇ ਕਾਵਿ-ਸਫਰ ਨੂੰ ਹੋਰ ਉਚੇਰੀਆਂ ਬੁਲੰਦੀਆਂ ‘ਤੇ ਲੈ ਕੇ ਜਾਣਗੇ।

# ਜਲ੍ਹਿਆਂਵਾਲਾ ਬਾਗ ਦਾ ਸਾਕਾ

*(ਪਿਛਲੇ ਸਫੇ ਦੀ ਬਾਕੀ)*

ਬਹੁਤਿਆਂ ਨੇ ਸ਼ਹਿਰ ਵਿਚ ਕੀਤੀ ਗਈ ਮੁਨਿਆਦੀ ਨਾ ਸੁਣੀ ਹੋਵੇ)।

ਸਵਾਲ: ਜੇ ਲੋਕਾਂ ਨੇ ਮੁਨਿਆਦੀ ਨਾ ਸੁਣੀ ਹੋਵੇ ਤਾਂ ਤੈਨੂੰ ਇਹ ਨਹੀਂ ਸੁੱਝਿਆ ਕਿ ਭੀੜ ਨੂੰ ਤਿੱਤਰ-ਬਿੱਤਰ ਕਰਨ ਲਈ ਪਹਿਲਾਂ ਚਿਤਾਵਨੀ ਦਿੱਤੀ ਜਾਵੇ?

ਉੱਤਰ: ਨਹੀਂ, ਉਸ ਵੇਲੇ ਨਹੀਂ ਸੁੱਝਿਆ। ਮੈਨੂੰ ਸਿਰਫ ਇਹ ਖਿਆਲ ਆਇਆ ਕਿ ਲੋਕਾਂ ਨੇ ਮੇਰਾ ਹੁਕਮ ਨਹੀਂ ਮੰਨਿਆ, ਮਾਰਸ਼ਲ ਲਾਅ ਦੀ ਅਵੱਗਿਆ ਕੀਤੀ। ਇਸ ਲਈ ਯਕਦਮ ਗੋਲੀ ਚਲਾਉਣਾ ਮੇਰੀ ਡਿਊਟੀ ਸੀ।

ਸਵਾਲ: ਜਦ ਤੂੰ ਭੀੜ ਨੂੰ ਭਜਾਇਆ ਤਾਂ ਕੀ ਲੋਕਾਂ ਨੇ ਕੋਈ ਮੋੜਵੀਂ ਵਾਰਦਾਤ ਕੀਤੀ?

ਉੱਤਰ: ਨਹੀਂ ਜਨਾਬ, ਉਹ ਦੌੜ ਗਏ, ਕੁਝ ਨੇ...!

ਸਵਾਲ: (ਵਿਚੋਂ ਗੱਲ ਟੋਕ ਕੇ) ਕੀ ਉਨ੍ਹਾਂ ਨੇ ਯਕਦਮ ਭੱਜਣਾ ਸ਼ੁਰੂ ਕਰ ਦਿੱਤਾ?

ਉੱਤਰ: ਹਾਂ, ਜਦ ਮੈਂ ਗੋਲਾਬਾਰੀ ਸ਼ੁਰੂ ਕੀਤੀ ਤਾਂ ਕੇਂਦਰ ਵਿਚਲੀ ਭੀੜ ਸੱਜੇ ਪਾਸੇ ਵਲ ਦੌੜੀ।

ਸਵਾਲ: ਜਦ ਤੂੰ ਇਹ ਕਾਰਾ ਕੀਤਾ, ਮਾਰਸ਼ਲ ਲਾਅ ਅਜੇ ਲਾਗੂ ਨਹੀਂ ਸੀ ਹੋਇਆ। ਤੂੰ ਡਿਪਟੀ ਕਮਿਸ਼ਨਰ, ਜੋ ਸ਼ਹਿਰ ਦੇ ਸਿਵਲ ਅਧਿਕਾਰ ਦਾ ਜ਼ਿੰਮੇਵਾਰ ਸੀ, ਤੋਂ ਪੁੱਛਣ ਦੀ ਜ਼ਹਿਮਤ ਨਹੀਂ ਉਠਾਈ?

ਉੱਤਰ: ਉਸ ਵੇਲੇ ਪੁੱਛਣ ਲਈ ਡਿਪਟੀ ਕਮਿਸ਼ਨਰ ਮੌਜੂਦ ਨਹੀਂ ਸੀ। ਨਾਲੇ ਉਸ ਵੇਲੇ ਕਿਸੇ ਤੋਂ ਪੁੱਛਣਾ ਅਕਲਮੰਦੀ ਨਹੀਂ ਸੀ। ਮੈਨੂੰ ਯਕਦਮ ਕੋਈ ਫੈਸਲਾ ਲੈਣਾ ਪੈਣਾ ਸੀ ਕਿ ਮੇਰਾ ਕਾਰਜ ਕੀ ਹੋਣਾ ਚਾਹੀਦਾ ਹੈ। ਮੈਂ ਮਿਲਟਰੀ ਦੇ ਪੱਖ ਤੋਂ ਸੋਚਿਆ ਕਿ ਯਕਦਮ ਗੋਲਾਬਾਰੀ ਕਰਨੀ ਚਾਹੀਦੀ ਹੈ, ਜੇ ਅਜਿਹਾ ਨਾ ਕੀਤਾ ਤਾਂ ਮੇਰੀ ਜ਼ਿੰਮੇਵਾਰੀ ਦੀ ਕੁਤਾਹੀ ਹੋਵੇਗੀ।

ਸਵਾਲ: ਗੋਲਾਬਾਰੀ ਵੇਲੇ ਤੇਰਾ ਇਰਾਦਾ ਭੀੜ ਨੂੰ ਤਿੱਤਰ-ਬਿੱਤਰ ਕਰਨ ਦਾ ਸੀ?

ਉੱਤਰ: ਨਹੀਂ ਜਨਾਬ, ਮੈਂ ਭੀੜ ਦੇ ਬਿਖਰਨ ਤਕ ਗੋਲਾਬਾਰੀ ਕਰਦੇ ਰਹਿਣਾ ਸੀ।

ਸਵਾਲ: ਕੀ ਗੋਲੀ ਚੱਲਣ ਸਾਰ ਭੀੜ ਖਿਲਰਨੀ ਸ਼ੁਰੂ ਹੋ ਗਈ ਸੀ?

ਉੱਤਰ: ਜੀ।

ਸਵਾਲ: ਕੀ ਤੂੰ ਗੋਲਾਬਾਰੀ ਜਾਰੀ ਰੱਖੀ?

ਉੱਤਰ: ਹਾਂ।

ਸਵਾਲ: ਜਦ ਲੱਗਿਆ ਕਿ ਭੀੜ ਖਿਲਰਨੀ ਸ਼ੁਰੂ ਹੋ ਗਈ ਹੈ, ਤੂੰ ਗੋਲਾਬਾਰੀ ਬੰਦ ਕਿਉਂ ਨਾ ਕੀਤੀ?

ਉੱਤਰ: ਮੈਂ ਸੋਚਿਆ ਕਿ ਜਿੰਨਾ ਚਿਰ ਸਾਰੀ ਭੀੜ ਖਿਲਰ ਨਹੀਂ ਜਾਂਦੀ, ਗੋਲਾਬਾਰੀ ਜਾਰੀ ਰਹਿਣੀ ਚਾਹੀਦੀ ਹੈ। ਇਹ ਵੀ ਸੋਚਿਆ ਕਿ ਥੋੜ੍ਹੀ-ਬਾਹਲੀ ਗੋਲੀ ਚਲਾਉਣ ਨਾਲੋਂ ਤਾਂ ਮੂਲੋਂ ਹੀ ਨਹੀਂ ਚਲਾਉਣੀ ਚਾਹੀਦੀ।

ਸਵਾਲ: ਤੂੰ ਜ਼ਖਮੀਆਂ ਦੀ ਮਦਦ ਕੀਤੀ?

ਉੱਤਰ: ਇਹ ਮੇਰਾ ਕੰਮ ਨਹੀਂ, ਹਸਪਤਾਲ ਦਾ ਸੀ।

ਸਵਾਲ: ਕੀ ਤੂੰ ਮਸ਼ੀਨਗੰਨ ਵਰਤਣ ਬਾਰੇ ਵੀ ਸੋਚਿਆ?

ਉੱਤਰ: ਹਾਂ।

ਸਵਾਲ: ਫੇਰ ਤਾਂ ਬਹੁਤ ਮਰਨੇ ਸਨ!

ਉਤਰ: ਹਾਂ।

ਜਨਰਲ ਡਾਇਰ ਨੇ ਹੋਰ ਕਈ ਸਵਾਲਾਂ ਦੇ ਉੱਤਰ ਦਿੰਦਿਆਂ ਮੰਨਿਆ ਕਿ ਉਸ ਨੂੰ ਮਿਲਟਰੀ ਦਾ ਤਜਰਬਾ ਸੀ, ਲੋਕਾਂ ਨਾਲ ਸਿੱਝਣ ਦਾ ਕੋਈ ਖਾਸ ਅਭਿਆਸ ਨਹੀਂ ਸੀ। ਜੇ ਗੋਲੀ ਨਾ ਚਲਾਉਂਦਾ ਤਾਂ ਲੋਕ ਮੇਰੇ ‘ਤੇ ਥੁੱਕਦੇ ਤੇ ਮਜ਼ਾਕ ਉਡਾਉਂਦੇ। ਮੈਂ ਸਾਰੇ ਪੰਜਾਬ ਨੂੰ ਸਬਕ ਸਿਖਾਉਣਾ ਚਾਹੁੰਦਾ ਸਾਂ।

ਹੰਟਰ ਕਮਿਸ਼ਨ ਨੇ ਜਨਰਲ ਡਾਇਰ ਨੂੰ ਕੋਈ ਸਜ਼ਾ ਨਹੀਂ ਦਿੱਤੀ ਤੇ ਨਾ ਹੀ ਕਾਇਦੇ ਕਾਨੂੰਨ ਅੰਦਰ ਰਹਿਣ ਦੀ ਚਿਤਾਵਨੀ ਦਿੱਤੀ। ਭਾਵੇਂ ਮਸਲਾ ਰਾਜਨੀਤਕ ਅਤੇ ਕਾਨੂੰਨੀ ਸੀ, ਪਰ ਆਹਲਾ ਅਫਸਰ ਡਾਇਰ ਦੇ ਵਿਰੁੱਧ ਖੜ੍ਹੇ ਨਾ ਹੋਏ। (ਨਟਵਰ ਛੋਮਮਸਿਸੌਨਿ ਏਪੋਰਟ, 1919)

ਜਲ੍ਹਿਆਂਵਾਲਾ ਬਾਗ ਦੀ ਘਟਨਾ ਤੋਂ ਕੁਝ ਮਹੀਨੇ ਬਾਅਦ ਅੰਮ੍ਰਿਤਸਰ ਵਿਚ ਕਾਂਗਰਸ ਦਾ ਸਾਲਾਨਾ ਜਲਸਾ ਹੋਇਆ। ਇਸ ਵਿਚ ਕੁਝ ਮੱਤੇ ਪਾਸ ਕੀਤੇ ਗਏ ਜਿਵੇਂ, ਵਿਦੇਸ਼ੀ ਮਾਲ ਦਾ ਬਾਈਕਾਟ ਕਰਨਾ, ਸਿਵਲ ਨਾਫਰਮਾਨੀ ਦੀ ਲਹਿਰ ਜਾਰੀ ਰੱਖਣਾ ਅਤੇ ਜਲ੍ਹਿਆਂਵਾਲਾ ਬਾਗ ਵਿਚ ਡੁੱਲ੍ਹੇ ਖੂਨ ਨੂੰ ਤਕਰੀਰਾਂ ਤੇ ਜਲਸਿਆਂ ਰਾਹੀਂ ਜਨਤਾ ਦੀ ਯਾਦਦਾਸ਼ਤ ਵਿਚ ਬਣਾਈ ਰੱਖਣਾ। ਇਹ ਘਟਨਾ ਕੋਈ ਨਿਵੇਕਲੀ ਨਹੀਂ ਸੀ, ਗੋਰਿਆਂ ਵਲੋਂ ਹਿੰਦੋਸਤਾਨੀਆਂ ‘ਤੇ ਢਾਹੇ ਪਹਿਲੇ ਅਤਿਆਚਾਰਾਂ ਦੀ ਹੀ ਲੜੀ ਸੀ। ਇਸ ਤੋਂ ਪਹਿਲਾਂ ਮਲੇਰਕੋਟਲੇ ਵਿਚ ਕੂਕਿਆਂ ਦਾ ਤੋਪਾਂ ਨਾਲ ਉਡਾਉਣਾ, ਲਾਹੌਰ ਸਾਜਿਸ਼ ਕੇਸਾਂ ਵਿਚ ਗਦਰੀਆਂ ਨੂੰ ਮੌਤ ਦੀ ਸਜ਼ਾ ਦੇਣਾ ਤੇ ਜੇਲ੍ਹਾਂ ਵਿਚ ਸੁੱਟਣਾ ਅਤੇ ਬਜਬਜ ਘਾਟ ‘ਤੇ ਕਾਮਾਗਾਟੂ ਮਾਰੂ ਜਹਾਜ਼ ਦੇ ਯਾਤਰੀਆਂ ਨੂੰ ਗੋਲੀਆਂ ਨਾਲ ਭੁੰਨਣਾ, ਮੌਤ ਦੇ ਤਾਂਡਵ ਨਾਚ ਦੀਆਂ ਵੱਖ ਵੱਖ ਝਾਕੀਆਂ ਸਨ।

**ਹਵਾਲੇ:**

1. Stanley, Wolpert. 1970. Massacre at Jallianwala Bagh. Penguin Books Ltd., New Delhi.
2. Susan Kingsley, Kent. 2009. Aftershocks: politics and trauma in Britain, 1918–1931. University of California. USA.
3. *Talbott, Strobe. 2006.* Engaging India: diplomacy, democracy, and the bomb. *Brookings Institution Press,* London.
4. Hunter Commission Report, 1919.

## ਯਾਦੋਂ ਵਿਸਰੇ ਦੇਸ਼ ਭਗਤ

***(ਸ਼੍ਰੀ ਬਾਟੁਕੇਸ਼ਵਰ ਦੱਤ ਉਰਫ ਮੋਹਨ ਜੀ)***

ਬਾਟੁਕੇਸ਼ਵਰ ਦੱਤ ਮਾਂ ਦਾ ਪੁੱਤ ਸ਼ੇਰ ਸੀ
ਬੰਗਾਲ ਦਾ ਸੂਰਮਾ ਬਾਹਲਾ ਦਲੇਰ ਸੀ
18 ਨਵੰਬਰ 1910 ਨੂੰ ਦਿਨ ਸੀ ਖਾਸ
ਅਮੋਲਕ ਹੀਰਾ ਭਾਰਤ ਮਾਂ ਦੇ ਸੀ ਪਾਸ।

ਪਿੰਡ ਖੰਡਾਘੋਸ਼ ਦੀ ਸ਼ਾਨ ਨਿਰਾਲੀ ਸੀ
ਮਾਣਮੱਤਾ ਇਤਿਹਾਸ ਪਰ ਸਵਾਲੀ ਸੀ
ਬਾਪ ਘੋਸ਼ਥਾ ਬਿਹਾਰੀ ਭਾਗਸ਼ਾਲੀ ਸੀ
ਜੰਮਿਆ ਸੀ ਜਿਨ੍ਹੇ ਮਾਂ ਭਾਗਾਂਵਾਲੀ ਸੀ।

ਦੁੱਧ ਦੇ ਨਾਲ ਮਾਂ ਦਿੱਤੀ ਐਸੀ ਗੁੜ੍ਹਤੀ
ਰੰਗ ਬਸੰਤੀ ਦੇਸ਼ ਪਿਆਰ ਦੀ ਜੁਗਤੀ
ਉੱਨੀ ਸਾਲ ਦਾ ਮੁੱਛਫੁਟ ਸੀ ਗਭਰੂਟ
ਇਨਕਲਾਬੀ ਪਾਰਟੀ ਦੇ ਸੀ ਰੰਗਰੂਟ।

ਚੰਦਰਸ਼ੇਖਰ, ‘ਭਗਤ’ ਦੇ ਪੱਕੇ ਯਾਰ ਸੀ
ਕਾਮਿਆਂ ਨੂੰ ਦਿਲੋਂ ਕਰਦੇ ਪਿਆਰ ਸੀ
ਰਿਪਬਲੀਕਨ ਐਸੋਸੀਏਸ਼ਨ ਦਾ ਮਾਣ
ਨੌਜਵਾਨ ਭਾਰਤ ਸਭਾ ‘ਤੇ ਪੂਰਾ ਤਾਣ।

8 ਅਪਰੈਲ 1929 ਨੂੰ ਬੋਲੇ ਗੋਰੇ ਜਗਾ
ਸੁੱਟ ਬੰਬ ਅਸੈਂਬਲੀ ‘ਚ ਦਿੱਤੇ ਸੀ ਭਜਾ
ਸੂਰਬੀਰ ਭਗਤ ਨਾਲ ਖੜ੍ਹੇ ਅਡੋਲ ਸੀ
ਸੁੱਟਿਆ ਬੰਬ ਅਸਾਂ ਮੂੰਹੋਂ ਰਹੇ ਬੋਲ ਸੀ।

ਹੋਏ ਗ੍ਰਿਫਤਾਰ ਕੇਸ ਸੀ ਫਿਰ ਚੱਲਿਆ
ਬੁਰਾ ਹਾਲ ਜੇਲ੍ਹਾਂ ਦਾ ਤੱਕ ਨਾ ਝੱਲਿਆ
114 ਦਿਨ ਲੰਬੀ ਰੱਖ ਕੇ ਭੁੱਖ ਹੜਤਾਲ
ਮਨਾ ਕੇ ਹੱਕਾਂ ਲਈ ਕੀਤੀ ਸੀ ਕਮਾਲ।

ਅੰਤਿਮ ਫੈਸਲੇ ਦੀ ਆ ਪਹੁੰਚੀ ਘੜੀ ਸੀ
ਉਮਰ ਕੈਦ ਕਾਲੇਪਾਣੀ, ਸਜਾ ਬੜੀ ਸੀ
ਬਾਅਦ ਵਿਚ ਸ਼ਰਤਾਂ ‘ਤੇ ਸਜਾ ਘਟੀ ਸੀ
ਪਰ ਦੇਸ਼ ਭਗਤਾਂ ਨੇ ਨਾ ਪੜ੍ਹੀ ਪੱਟੀ ਸੀ।
ਬਾਹਰ ਆ ਕੇ ਫਿਰ ਬੇਮੁਹਾਰ ਹੋ ਗਿਆ
ਕੈਦ ਵਿਚ ਗੋਰਿਆਂ ਦੇ ਵਾਰ ਵਾਰ ਹੋ ਗਿਆ
15 ਅਗਸਤ ਨੂੰ ਦੇਸ਼ ਆਜ਼ਾਦ ਹੋਇਆ ਸੀ
ਹੋ ਕੇ ਰਿਹਾ ਉਹ ਤਾਂ ਬਰਬਾਦ ਹੋਇਆ ਸੀ।

ਕੀਤੀਆਂ ਕੁਰਬਾਨੀਆਂ ਨੂੰ ਨੇਤਾ ਭੁੱਲੇ ਸੀ
ਰਾਜ ਦੇ ਨਸ਼ੇ ‘ਚ ਖੁਦਗਰਜ਼ੀ ‘ਤੇ ਡੁੱਲ੍ਹੇ ਸੀ
ਸ਼ਹੀਦਾਂ ਦੇ ਆਦਰਸ਼ ਅੱਖੋਂ ਓਹਲੇ ਹੋਏ ਸੀ
ਪਰ ਲੁੱਟ ਲਿਆ ਦੇਸ਼ ਅੰਦਰੋਂ ਖੋਲੇ ਹੋਏ ਸੀ।

ਜੇਲ੍ਹ ਵਿਚ ਮੁਸ਼ੱਕਤ ਨੇ ਤਪਦਿਕ ਕੀਤਾ ਸੀ
ਸਬਰਾਂ ਦਾ ਘੁੱਟ ਦੇਸ਼ ਸੇਵਕਾਂ ਨੇ ਪੀਤਾ ਸੀ
20 ਜੁਲਾਈ 1965 ਨੂੰ ਮੌਤ ਆ ਫੜਿਆ
ਦੁਲਾਰਾ ਭਾਰਤ ਮਾਂ ਦਾ ਸੀੜੀ ‘ਤੇ ਚੜ੍ਹਿਆ।

ਅੰਤ ਸਤਹੀਣ ਹੋ ਉਹ ਦਿੱਲੀ ਆ ਗਿਆ
ਪੰਜਾਬ ਸਰਕਾਰ ਤੋਂ ਇਲਾਜ ਕਰਾ ਗਿਆ
ਆਖਰੀ ਇੱਛਾ ਜੋ ਰਹੀ ਹਾਲੇ ਅਧੂਰੀ ਸੀ
ਭਗਤ, ਰਾਜ, ਸੁਖਦੇਵ ਨੇੜੇ ਸਮਾਧ ਪੂਰੀ ਸੀ।

*–ਸੇਵਾ ਸਿੰਘ ਨੂਰਪੁਰੀ*

# ਬੈਚ ਫੁੱਲ ਰਾਕ ਰੋਜ਼: ਦਿਲ-ਕੰਬਾਊ ਭੈਅ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਜਦੋਂ ਕੋਈ ਕਹਿੰਦਾ ਹੈ, "ਜੇ ਘਰ ਵਿਚ ਚਾਰ ਭਾਂਡੇ ਹੋਣਗੇ ਤਾਂ ਖੜਕਣਗੇ ਹੀ" ਤਾਂ ਇੰਜ ਲਗਦਾ ਹੈ, ਜਿਵੇਂ ਉਹ ਬੰਦਿਆਂ ਨੂੰ ਭਾਂਡੇ ਨਾ ਸਮਝ ਕੇ ਭਾਂਡਿਆਂ ਦੇ ਹਵਾਲੇ ਨਾਲ ਬੰਦਿਆਂ ਦੀ ਗੱਲ ਕਰ ਰਿਹਾ ਹੈ; ਪਰ ਜੇ ਥੋੜ੍ਹਾ ਡੂੰਘਾਈ ਨਾਲ ਸੋਚੀਏ ਤਾਂ ਬੰਦੇ ਵੀ ਸੱਚ-ਮੁੱਚ ਦੇ ਭਾਂਡਿਆਂ ਵਾਂਗ ਹੀ ਹੁੰਦੇ ਹਨ: ਚਿੱਬ-ਖੜਿੱਬੇ ਤੇ ਮੁੜੇ-ਘੁੜੇ। ਘਰ ਦੀ ਰਸੋਈ ਵਿਚ ਵਰਤੇ ਜਾਣ ਵਾਲੇ ਕਈ ਭਾਂਡਿਆਂ ਵਾਂਗ ਉਨ੍ਹਾਂ ਵਿਚ ਵੀ ਵਿੰਗ-ਟੇਢ ਪਏ ਹੁੰਦੇ ਹਨ। ਦੁਨਿਆਵੀ ਰਸੋਈ ਵਿਚ ਘਸਦੇ-ਘਸਦੇ ਉਨ੍ਹਾਂ ਦੇ ਸਰੀਰਾਂ ਤੇ ਆਤਮਾਵਾਂ ਵਿਚ ਅਨੇਕਾਂ ਖਰੋਚਾਂ (Dents) ਆ ਗਈਆਂ ਹੁੰਦੀਆਂ ਹਨ, ਜਿਨ੍ਹਾਂ ਨੇ ਉਨ੍ਹਾਂ ਦੇ ਅਸਲ ਰੂਪ ਨੂੰ ਬਦਲ ਕੇ ਰੱਖ ਦਿੱਤਾ ਹੁੰਦਾ ਹੈ।

ਕੋਈ ਇੱਕ ਨਹੀਂ, ਕਰੀਬ ਸਾਰੇ ਹੀ ਖਲਕਤੀ ਬੰਦੇ ਅਜਿਹੀਆਂ ਅੰਦਰੂਨੀ ਚੋਟਾਂ ਕਾਰਨ ਚਿੱਬ-ਖੜਿੱਬੇ ਹੋਏ ਹੁੰਦੇ ਹਨ। ਕਈਆਂ ਦੇ ਸਰੀਰ ਉਤੇ ਸੱਚ-ਮੁੱਚ ਦੇ ਦਾਗ ਪਏ ਹੁੰਦੇ ਹਨ ਤੇ ਕਈਆਂ ਨੂੰ ਹੱਥ ਹਿਲਾਉਂਦਿਆਂ ਕੋਈ ਪੁਰਾਣੀ ਚੋਟ ਚਸਕਣ ਲੱਗਦੀ ਹੈ। ਕਈਆਂ ਨਾਲ ਅਜਿਹੇ ਭਿਆਨਕ ਹਾਦਸੇ ਵਰਤੇ ਹੁੰਦੇ ਹਨ ਕਿ ਉਨ੍ਹਾਂ ਨੂੰ ਯਾਦ ਕਰਕੇ ਉਹ ਅੰਦਰੋਂ-ਬਾਹਰੋਂ ਹਿੱਲ ਜਾਂਦੇ ਹਨ। ਕਈ ਅਜਿਹੀ ਬੇਪਤੀ ਦਾ ਸ਼ਿਕਾਰ ਹੋਏ ਹੁੰਦੇ ਹਨ ਕਿ ਉਹ ਅੰਦਰੋ ਅੰਦਰੀ ਗਰਕ ਜਾਣਾ ਚਾਹੁੰਦੇ ਹਨ। ਕਈ ਬਿਨਾ ਦੁਖ ਦੱਸਿਆਂ ਰੋਈ ਜਾਂਦੇ ਹਨ, ਕਈ ਦੁੱਖ ਛੁਪਾ ਕੇ ਖੁਸ਼ ਦਿਸਣ ਦੀ ਕੋਸ਼ਿਸ਼ ਕਰਦੇ ਹਨ। ਕਈ ਨੰਗੀ ਧੜ ਬੈਠੇ ਮਹਿਸੂਸ ਕਰਦੇ ਹਨ ਤੇ ਕਈ ਲੱਖਾਂ ਟਨਾਂ ਦੇ ਭਾਰ ਹੇਠ ਦਬੇ ਅਨੁਭਵ ਕਰਦੇ ਹਨ। ਵੱਡੀ ਗੱਲ ਇਹ ਕਿ ਵਿਅਕਤੀ ਦੀ ਰੂਹ ਦੇ ਇਹ ਘਿਨਾਉਣੇ ਚਿੱਬ ਬਾਹਰੋਂ ਨਹੀਂ ਦਿਖਦੇ ਤੇ ਨਾ ਇਹ ਬਿਨਾ ਕੱਢਿਆਂ ਨਿਕਲਦੇ ਹਨ। ਸਾਲੋ ਸਾਲ ਚਲਦੀਆਂ ਇਨ੍ਹਾਂ ਗੁੱਝੀਆਂ ਤਕਲੀਫਾਂ ਤੋਂ ਨਿਜ਼ਾਤ ਪਾਉਣ ਲਈ ਮਨੁੱਖ ਦੀ ਟੇਕ ਸਿਰਫ ਹੋਮਿਓਪੈਥਿਕ ਤੇ ਬੈਚ ਫੁੱਲ ਦਵਾਈਆਂ 'ਤੇ ਹੈ। ਜਿੱਥੋਂ ਤੀਕ ਰੂਹ ਦੇ ਅੰਦਰੂਨੀ ਡੈਂਟ ਕੱਢ ਕੇ ਉਤੇ ਪਾਲਸ਼ ਚਮਕਾਉਣ ਦੀ ਗੱਲ ਹੈ, ਇਸ ਕੰਮ ਵਿਚ ਬੈਚ ਫੁੱਲ ਦਵਾਈ ਰਾਕ ਰੋਜ਼ (Rock Rose) ਦਾ ਕੋਈ ਸਾਨੀ ਨਹੀਂ।

ਫੁੱਲ ਦਵਾਈ ਰਾਕ ਰੋਜ਼ ਹੈਲੀਐਂਥੀਨਮ ਨਿਮੂਲੇਰੀਅਮ (Helianthemum Nummularium) ਨਾਮਕ ਪੌਦੇ ਦੇ ਫੁੱਲਾਂ ਤੋਂ ਤਿਆਰ ਕੀਤੀ ਜਾਂਦੀ ਹੈ। ਕਈ ਸਮਝਦੇ ਹਨ ਕਿ ਇਹ ਇਸ ਪੌਦੇ ਦੇ ਫੁੱਲਾਂ ਦਾ ਅਤਰ ਜਾਂ ਸੱਤ ਹੈ, ਪਰ ਨਹੀਂ। ਬੈਚ ਫੁੱਲ ਦਵਾਈਆਂ ਨੂੰ ਤਿਆਰ ਕਰਨ ਦਾ ਡਾਕਟਰ ਬੈਚ ਦੁਆਰਾ ਅਪਨਾਇਆ ਇਕ ਖਾਸ ਢੰਗ ਹੈ, ਜਿਸ ਅਨੁਸਾਰ ਹੀ ਸਭ ਫੁੱਲ ਦਵਾਈਆਂ ਬਣਾਈਆਂ ਜਾਂਦੀਆਂ ਹਨ। ਇਸ ਲਈ ਜੇ ਕੋਈ ਸਮਝੇ ਕਿ ਇਨ੍ਹਾਂ ਵਿਚੋਂ ਫੁੱਲਾਂ ਦੀ ਖੁਸ਼ਬੂ ਆਉਂਦੀ ਹੋਵੇਗੀ ਜਾਂ ਇਹ ਇਤਰ ਵਾਂਗ ਹੱਥ 'ਤੇ ਪਾਈਆਂ ਉੱਡ ਜਾਂਦੀਆਂ ਹੋਣਗੀਆਂ ਤਾਂ ਉਹ ਗਲਤ ਹਨ। ਇਨ੍ਹਾਂ ਬਾਰੇ ਇੰਨਾ ਹੀ ਸਹੀ ਹੈ ਕਿ ਇਹ ਇਕ ਖਾਸ ਵਿਧੀ ਨਾਲ ਬਣਾਈਆਂ ਜਾਂਦੀਆਂ ਹਨ ਤੇ ਮਨੁੱਖੀ ਸਿਹਤ ਤੇ ਵਿਸ਼ੇਸ਼ ਚੜ੍ਹਦੀ ਕਲਾ ਵਾਲਾ ਅਸਰ ਕਰਦੀਆਂ ਹਨ। ਕਿਉਂ ਕਰਦੀਆਂ ਹਨ ਤੇ ਕਿਵੇਂ ਕਰਦੀਆਂ ਹਨ, ਇਹ ਮਾਨਸਿਕ ਕਵਾਇਦ ਦੀ ਗੱਲ ਹੈ, ਜੋ ਹੋਮਿਓਪੈਥੀ ਤੇ ਬੈਚ ਪ੍ਰਣਾਲੀ-ਦੋਹਾਂ ਵਿਚ ਵਿਵਰਜਿਤ ਹੈ।

ਇਸ ਦਵਾਈ ਦੀ ਉਪਯੋਗਤਾ ਦਾ ਜ਼ਿਕਰ ਕਰਦਿਆਂ ਡਾ. ਬੈਚ ਲਿਖਦੇ ਹਨ, "ਇਹ ਆਪਾਤਕਾਲੀਨ ਦਵਾਈ (Emergency Medicine) ਹੈ, ਜੋ ਉਦੋਂ ਕੰਮ ਆਉਂਦੀ ਹੈ, ਜਦੋਂ ਮਰੀਜ਼ ਦੇ ਬਚਣ ਦੀ ਕੋਈ ਆਸ ਨਾ ਹੋਵੇ। ਇਸ ਦੀ ਵਰਤੋਂ ਗੰਭੀਰ ਹਾਦਸਿਆਂ ਤੇ ਅਚਾਨਕ ਘਾਤਕ ਬਿਮਾਰੀਆਂ ਦੀ ਹਾਲਤ ਵਿਚ ਕੀਤੀ ਜਾਂਦੀ ਹੈ, ਜਦੋਂ ਮਰੀਜ਼ ਬਹੁਤ ਹੀ ਭੈ-ਭੀਤ ਹੋਇਆ ਹੋਵੇ ਤੇ ਜਾਂ ਜਦੋਂ ਹਾਲਾਤ ਹੀ ਅਜਿਹੇ ਬਣੇ ਹੋਣ ਕਿ ਦੁਆਲੇ ਦੇ ਲੋਕਾਂ ਵਿਚ ਵੀ ਦਹਿਸ਼ਤ ਫੈਲੀ ਹੋਵੇ। ਅਜਿਹੇ ਵੇਲੇ ਜੇ ਮਰੀਜ਼ ਹੋਸ਼ ਵਿਚ ਨਾ ਹੋਵੇ ਤਾਂ ਦਵਾਈ ਨਾਲ ਉਸ ਦੇ ਹੋਠ ਗਿੱਲੇ ਕਰ ਦੇਣੇ ਹੀ ਕਾਫੀ ਹਨ।"

ਡਾ. ਬੈਚ ਦੀ ਇਸ ਇਬਾਰਤ ਤੋਂ ਤਿੰਨ ਚੀਜ਼ਾਂ ਸਪਸ਼ਟ ਹੁੰਦੀਆਂ ਹਨ: ਪਹਿਲੀ ਇਹ ਕਿ ਇਹ ਅਤਿਅੰਤ ਦਹਿਸ਼ਤ ਦੀ ਦਵਾਈ ਹੈ। ਇਹ ਮਰੀਜ਼ ਨੂੰ ਉਸ ਵੇਲੇ ਦੇਣੀ ਬਣਦੀ ਹੈ, ਜਦੋਂ ਮਰੀਜ਼ ਦੇ ਚਿਹਰੇ 'ਤੇ ਹਵਾਈਆਂ ਉਡ ਰਹੀਆਂ ਹੋਣ, ਉਸ ਦੇ ਹੋਸ਼ੋ ਹਵਾਸ ਚਲੇ ਗਏ ਹੋਣ ਅਰਥਾਤ ਉਹ ਬੇਹੋਸ਼ ਹੋ ਕੇ ਡਿੱਗ ਪਿਆ ਹੋਵੇ ਤੇ ਉਸ ਦੀ ਜਾਨ ਖਤਰੇ ਵਿਚ ਪਈ ਹੋਵੇ। ਅਜਿਹੀ ਦਹਿਸ਼ਤ ਜੀਵਨ ਵਿਚ ਕਦੇ ਕਦੇ ਹੀ ਆਉਂਦੀ ਹੈ ਤੇ ਮਨੁੱਖ ਨੂੰ ਸਦਮੇ ਨਾਲ ਝੰਜੋੜ ਜਾਂਦੀ ਹੈ। ਇਹ ਕਿਸੇ ਆਮ ਡਰ ਦੀ ਦਵਾਈ ਨਹੀਂ, ਜਿਸ ਲਈ ਬੈਚ ਪੱਧਤੀ ਵਿਚ ਹੋਰ ਕਈ ਦਵਾਈਆਂ ਹਨ। ਇਹ ਤਾਂ ਆਪਾਤਕਾਲ ਭਾਵ ਐਮਰਜੈਂਸੀ ਵਿਚ ਕੰਮ ਆਉਣ ਵਾਲੀ ਵਿਸ਼ੇਸ਼ ਔਸ਼ਧੀ ਹੈ, ਜੋ ਬੀਮਾਰ ਦੀ ਜਾਨ ਬਚਾਉਣ ਲਈ ਵਰਤੀ ਜਾਂਦੀ ਹੈ। ਇਸੇ ਲਈ ਇਹ ਰੈਸਕਿਊ ਰੈਮਿਡੀ (Rescue Remedy) ਦੀਆਂ ਪੰਜ ਦਵਾਈਆਂ ਵਿਚ ਸ਼ਾਮਲ ਕੀਤੀ ਹੋਈ ਹੈ। ਦੂਜੇ ਇਹ ਕਿ ਐਮਰਜੈਂਸੀ ਦੇ ਉਹ ਹਾਲਾਤ, ਜਿਨ੍ਹਾਂ ਵਿਚ ਇਸ ਦਾ ਪ੍ਰਯੋਗ ਕੀਤਾ ਜਾਂਦਾ ਹੈ, ਕਈ ਕਾਰਨਾਂ ਕਰ ਕੇ ਬਣ ਸਕਦੇ ਹਨ। ਆਮ ਤੌਰ 'ਤੇ ਭਿਆਨਕ ਹਾਦਸਾ, ਗਹਿਰੀ ਚੋਟ, ਸਰੀਰ ਦਾ ਕੋਈ ਅੰਗ ਕੱਟਿਆ ਜਾਣਾ, ਕਿਸੇ ਨੇੜਲੇ ਸਬੰਧੀ ਦੀ ਮੌਤ, ਅੱਗ-ਜਨੀ, ਜਾਇਦਾਦੀ ਨੁਕਸਾਨ, ਪਾਣੀ ਵਿਚ ਡੁੱਬ ਜਾਣਾ ਆਦਿ ਕਰ ਕੇ ਇਹ ਹਾਲਾਤ ਪੈਦਾ ਹੋ ਜਾਂਦੇ ਹਨ। ਇਨ੍ਹਾਂ ਵਿਚ ਅਤਿ ਦਾ ਡਰ ਲਗ ਕੇ ਅੱਖਾਂ ਸਾਹਮਣੇ ਹਨੇਰਾ ਛਾ ਜਾਂਦਾ ਹੈ। ਕਈ ਵਾਰ ਇਹ ਹਾਲਾਤ ਇਕ ਵਿਅਕਤੀ ਨੂੰ ਪ੍ਰਭਾਵਿਤ ਕਰਦੇ ਹਨ, ਜਿਵੇਂ ਕਿਸੇ ਨੇੜਲੇ ਸਬੰਧੀ ਦੀ ਮੌਤ ਦੀ ਖਬਰ; ਪਰ ਕਈ ਵਾਰ ਇਹ ਪੂਰੇ ਵਿਅਕਤੀ ਸਮੂਹ 'ਤੇ ਅਸਰ ਕਰਦੇ ਹਨ, ਜਿਵੇਂ ਸੜਕ ਹਾਦਸੇ ਦੁਆਲੇ ਇੱਕਠੇ ਹੋਏ ਲੋਕ। ਰਾਕ ਰੋਜ਼ ਦਵਾਈ ਸਾਰੇ ਪ੍ਰਭਾਵਿਤ ਵਿਅਕਤੀਆਂ ਨੂੰ ਦੇ ਦੇਣੀ ਚਾਹੀਦੀ ਹੈ ਤਾਂ ਜੋ ਉਹ ਸਦਮੇ ਤੋਂ ਸੰਭਲ ਜਾਣ। ਤੀਜੀ ਮਹੱਤਵਪੂਰਨ ਗੱਲ ਦਵਾਈ ਦੇਣ ਦੇ ਢੰਗ ਬਾਰੇ ਹੈ, ਕਿਉਂਕਿ ਆਪਾਤ ਕਾਲ ਵਿਚ ਮਰੀਜ਼ ਕਈ ਵਾਰ ਸੋਝੀ ਖੋ ਬੈਠਦਾ ਹੈ ਤੇ ਦਵਾਈ ਲੈਣ ਦੀ ਹਾਲਤ ਵਿਚ ਨਹੀਂ ਹੁੰਦਾ। ਉਸ ਵੇਲੇ ਉਸ ਦੇ ਹੋਸ਼ ਵਿਚ ਆਉਣ ਤੀਕ ਉਡੀਕ ਨਹੀਂ ਕਰਨੀ ਹੁੰਦੀ, ਸਗੋਂ ਦਵਾਈ ਦਾ ਇਕ ਅੱਧ ਤੁਪਕਾ ਉਸ ਦੇ ਮੂੰਹ ਵਿਚ ਪਾ ਦੇਣਾ ਹੀ ਕਾਫੀ ਹੁੰਦਾ ਹੈ। ਦਵਾਈ ਦੀਆਂ ਇਕ ਦੋ ਗੋਲੀਆਂ ਹੇਠਲਾ ਬੁੱਲ੍ਹ ਖਿੱਚ ਕੇ ਉਸ ਦੇ ਮੂੰਹ ਵਿਚ ਵੀ ਰੱਖੀਆਂ ਜਾ ਸਕਦੀਆਂ ਹਨ।

ਕਈ ਪਾਠਕਾਂ ਨੂੰ ਦਵਾਈ ਦੇਣ ਦਾ ਇਹ ਤਰੀਕਾ ਅਜੀਬ ਲੱਗੇਗਾ, ਪਰ ਇੰਦਾਂ ਹੈ ਨਹੀਂ। ਡਾ. ਬੈਚ ਤੋਂ ਕਿਤੇ ਪਹਿਲਾਂ ਡਾ. ਹੈਨੀਮੈਨ ਨੇ ਐਮਰਜੈਂਸੀ ਵਿਚ ਹੋਮਿਓਪੈਥਿਕ ਦਵਾਈ ਨੂੰ ਸੁੰਘਾ ਦੇਣਾ ਹੀ ਕਾਫੀ ਦੱਸਿਆ ਸੀ। ਦਵਾਈ ਕਿਹੜਾ ਮਰੀਜ਼ 'ਤੇ ਲਿਪਣੀ ਹੁੰਦੀ ਹੈ। ਇਸ ਨੇ ਤਾਂ ਸਿਰਫ ਆਪਣੀ ਆਤਮਾ ਦਾ ਮੇਲ ਮਰੀਜ਼ ਦੀ ਆਤਮਾ ਨਾਲ ਕਰਵਾਉਣਾ ਹੁੰਦਾ ਹੈ, ਬਾਕੀ ਕੰਮ ਮਰੀਜ਼ ਦੀ ਆਤਮਾ ਨੇ ਆਪ ਕਰਨਾ ਹੁੰਦਾ ਹੈ! ਇਸ ਵਿਚ ਅਚੰਭੇ ਵਾਲੀ ਕੋਈ ਗੱਲ ਨਹੀਂ। ਹੋਮਿਓਪੈਥਿਕ ਪ੍ਰਣਾਲੀ ਦੀ ਆਪਣੀ ਸੋਚ, ਆਪਣੀ ਤਕਨੀਕ ਤੇ ਆਪਣੀ ਤਕਨੀਕੀ ਸ਼ਬਦਾਵਲੀ ਹੈ, ਜੋ ਪਰੰਪਰਾਗਤ ਦਵਾਈ ਪ੍ਰਣਾਲੀਆਂ ਤੋਂ ਵੱਖ ਭਾਵ ਉਲਟ ਹੈ। ਇਸ ਸਿਸਟਮ ਨੇ ਸੱਚ ਨੂੰ ਸਿੱਧਾ ਕਰ ਕੇ ਪਕੜਿਆ ਹੈ, ਜੋ ਦੂਜੇ ਉਲਟਾ ਫੜਦੇ ਹਨ। ਇਸ ਕਥਨ ਨੂੰ ਉਲਟਾ ਕਰ ਕੇ ਸਮਝੋ ਤਾਂ ਵੀ ਇਤਰਾਜ਼ ਨਹੀਂ, ਕਿਉਂਕਿ ਦਵਾਈ ਦਾ ਅਸਰ ਦਵਾਈ ਸਿਸਟਮ ਦੀ ਸਮਝ 'ਤੇ ਨਿਰਭਰ ਨਹੀਂ ਕਰਦਾ।

ਰਾਕ ਰੋਜ਼ ਦੀ ਅੱਜ ਹਰ ਥਾਂ ਲੋੜ ਹੈ। ਅਜੋਕਾ ਸੰਸਾਰ ਨਵੀਨ ਤੇ ਪ੍ਰਗਤੀਸ਼ੀਲ ਤਾਂ ਹੈ, ਪਰ ਨਾਲ ਖਤਰਨਾਕ ਵੀ ਹੈ। ਡਰ ਡਰਾਬੇ ਤੇ ਹਿੰਸਾ ਦੀਆਂ ਵਾਰਦਾਤਾਂ ਨਿੱਤ ਵਾਪਰਦੀਆਂ ਹਨ ਤੇ ਵਧਦੀਆਂ ਹੀ ਜਾਂਦੀਆਂ ਹਨ। ਮਹਾਂਮਾਰੀਆਂ ਫੈਲ ਰਹੀਆਂ ਹਨ ਤੇ ਦੁਰਘਟਨਾਵਾਂ ਹੋ ਰਹੀਆਂ ਹਨ। ਇਮਾਰਤਾਂ ਡਿੱਗ ਰਹੀਆਂ ਹਨ, ਪੁਲ ਟੁੱਟ ਰਹੇ ਹਨ ਅਤੇ ਭੁਚਾਲ ਆ ਰਹੇ ਹਨ। ਹਰ ਰੋਜ਼ ਅੱਗਾਂ ਲੱਗ ਰਹੀਆਂ ਹਨ, ਬੱਦਲ ਫਟ ਰਹੇ ਹਨ ਤੇ ਹੜ੍ਹ ਆ ਰਹੇ ਹਨ। ਅਤਿਵਾਦੀ ਹਮਲੇ, ਰਾਹਜ਼ਨੀਆਂ, ਡਾਕੇ ਤੇ ਕਤਲ-ਖੂਨਾਂ ਦੀਆਂ ਘਟਨਾਵਾਂ ਵੀ ਘਟ ਨਹੀਂ ਰਹੀਆਂ। ਜਿਨ੍ਹਾਂ ਲੋਕਾਂ ਨਾਲ ਇਹ ਘਟਨਾਵਾਂ ਵਾਪਰਦੀਆਂ ਹਨ, ਉਹ ਭੈ ਨਾਲ ਅਵਾਕ ਹੋ ਜਾਂਦੇ ਹਨ। ਅਚਾਨਕ ਅਣਕਿਆਸੀਆਂ ਤੇ ਭਿਆਨਕ ਹੋਣੀਆਂ ਵਾਪਰਨ ਨਾਲ ਉਹ ਪੂਰੀ ਤਰ੍ਹਾਂ ਝੰਜੋੜੇ ਜਾਂਦੇ ਹਨ। ਉਹ ਹੀ ਨਹੀਂ, ਸਾਰੇ ਸਮਾਜ ਵਿਚ ਸਹਿਮ ਪੈਦਾ ਹੋ ਜਾਂਦਾ ਹੈ। ਲੋਕ ਡਰ ਦੀ ਕਲਪਨਾ ਕਰਦੇ ਹੋਏ ਅਧਮੋਏ ਹੋ ਜਾਂਦੇ ਹਨ। ਉਨ੍ਹਾਂ ਦੀ ਭੁੱਖ ਪਿਆਸ ਚਲੀ ਜਾਂਦੀ ਹੈ ਤੇ ਰਾਤ ਦੀ ਨੀਂਦ ਉਡ ਜਾਂਦੀ ਹੈ। ਇਨ੍ਹਾਂ ਬੇਵਸ ਲੋਕਾਂ ਨੂੰ ਪੂਰੇ ਹੋਸ਼ੋ-ਹਵਾਸ ਨਾਲ ਹੌਸਲੇ ਦੇ ਘੇਰੇ ਵਿਚ ਲਿਆਉਣਾ ਬਹੁਤ ਜਰੂਰੀ ਹੈ। ਇਹ ਕੰਮ ਫੁੱਲ ਦਵਾਈ ਰਾਕ ਰੋਜ਼ ਹੀ ਕਰ ਸਕਦੀ ਹੈ। ਡਰ ਸਮੇਂ ਸਭ ਨੂੰ ਦਸ ਦਸ ਮਿੰਟ ਬਾਅਦ ਇਕ ਖੁਰਾਕ ਲੈਣੀ ਚਾਹੀਦੀ ਹੈ ਤੇ ਡਰ ਲੰਘਣ ਤੋਂ ਬਾਅਦ ਦਿਨ ਵਿਚ ਸਿਰਫ ਦੋ ਵਾਰ।

ਅੱਜ ਕਲ੍ਹ ਸਮਾਜ ਵਿਚ ਹਰ ਰੋਜ਼ ਕਿਸੇ ਨਾ ਕਿਸੇ ਦੇ ਅਗਵਾ ਹੋਣ ਦੀ ਖਬਰ ਆਉਂਦੀ ਰਹਿੰਦੀ ਹੈ। ਅਗਵਾਕਾਰਾਂ ਦੇ ਗਿਰੋਹ ਕਿਸੇ ਬੱਚੇ, ਔਰਤ ਜਾਂ ਮਨੁੱਖ ਨੂੰ ਚੁੱਕ ਕੇ ਕਿਸੇ ਅਣਜਾਣ ਥਾਂ 'ਤੇ ਨਜ਼ਰਬੰਦ ਕਰ ਲੈਂਦੇ ਹਨ ਤੇ ਉਨ੍ਹਾਂ ਦੀ ਰਿਹਾਈ ਲਈ ਵੱਡੀਆਂ ਰਕਮਾਂ ਮੰਗਦੇ ਹਨ। ਜਿੰਨੀ ਦੇਰ ਇਹ ਬਦਕਿਸਮਤ ਉਨ੍ਹਾਂ ਦੀ ਹਿਰਾਸਤ ਵਿਚ ਰਹਿੰਦੇ ਹਨ, ਉਨ੍ਹਾਂ ਦੇ ਸਾਹ ਸੁੱਕੇ ਰਹਿੰਦੇ ਹਨ ਤੇ ਅੱਖਾਂ ਬਾਹਰ ਨਿਕਲੀਆਂ ਰਹਿੰਦੀਆ ਹਨ। ਉਨ੍ਹਾਂ 'ਤੇ ਇੰਨਾ ਕਹਿਰ ਬਰਸਦਾ ਹੈ ਕਿ ਦਿਲ ਡੋਬੇ ਖਾਣ ਲਗਦਾ ਹੈ। ਰਿਹਾਈ ਤੋਂ ਬਾਅਦ ਵੀ ਉਨ੍ਹਾਂ ਦਾ ਦਿਲ-ਕੰਬਾਊ ਡਰ (Nightmare) ਲੱਥਣ ਦਾ ਨਾਂ ਨਹੀਂ ਲੈਂਦਾ। ਕਈਆਂ ਨੂੰ ਸਾਲਾਂ ਬੱਧੀ ਬੁਖਾਰ ਚੜ੍ਹਦਾ ਰਹਿੰਦਾ ਹੈ ਤੇ ਕਈਆਂ ਨੂੰ ਦਸਤ ਨਹੀਂ ਹਟਦੇ। ਉਨ੍ਹਾਂ ਨੂੰ ਸਹੀ ਕਰਨ ਲਈ ਰਾਕ ਰੋਜ਼ ਦੇਣਾ ਅਤਿ ਜਰੂਰੀ ਹੈ। ਇਸ ਦੀਆਂ ਕੁਝ ਖੁਰਾਕਾਂ ਨਾਲ ਹੀ ਰੋਗੀ ਦੀ ਸਿਹਤ ਟਿਕਾਣੇ ਆ ਜਾਵੇਗੀ।




ਉੱਧਰ ਅਗਵਾਗਿਰੀ ਦਾ ਜਿੰਨਾ ਮਾਰੂ ਅਸਰ ਅਗਵਾ ਕੀਤੇ ਜਾਣ ਵਾਲਿਆਂ 'ਤੇ ਹੁੰਦਾ ਹੈ, ਉਨਾ ਹੀ ਉਨ੍ਹਾਂ ਦੇ ਪਰਿਵਾਰਕ ਜਨਾਂ 'ਤੇ ਹੁੰਦਾ ਹੈ। ਉਨ੍ਹਾਂ ਵਿਚੋਂ ਬਹੁਤੇ ਤਾਂ ਬੇਹੋਸ਼ ਹੋ ਕੇ ਡਿੱਗ ਪੈਂਦੇ ਹਨ ਤੇ ਬਹੁਤੇ ਸੋਚਦੇ ਰਹਿੰਦੇ ਹਨ ਕਿ ਹੱਸਦਿਆਂ-ਵੱਸਦਿਆਂ ਉਨ੍ਹਾਂ 'ਤੇ ਇਹ ਕੀ ਬਿੱਜ ਪੈ ਗਈ ਹੈ। ਪਰਿਵਾਰ ਦਾ ਮੁਖੀ ਤਾਂ ਸੱਚ-ਮੁੱਚ ਹੀ ਗੰਭੀਰ ਸੰਕਟ ਵਿਚ ਫਸ ਜਾਂਦਾ ਹੈ, ਕਿਉਂਕਿ ਫਿਰੌਤੀ ਦੀ ਭਾਰੀ ਰਕਮ ਤਾਂ ਉਸੇ ਤੋਂ ਹੀ ਮੰਗੀ ਗਈ ਹੁੰਦੀ ਹੈ। ਬਿਪਤਾ ਵਿਚ ਫਸੇ ਅਜਿਹੇ ਨਿਕਟਵਰਤੀ ਸਬੰਧੀਆਂ ਨੂੰ ਵੀ ਇਸੇ ਦਵਾਈ ਦੀਆਂ ਕਈ ਖੁਰਾਕਾਂ ਥੋੜ੍ਹੀ ਥੋੜ੍ਹੀ ਦੇਰ ਬਾਅਦ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਉਹ ਆਪਣੇ ਆਪ ਵਿਚ ਰਹਿ ਕੇ ਮਸਲੇ ਨੂੰ ਨਿਪਟਾ ਸਕਣ। ਇਹ ਤਾਂ ਹੀ ਸੰਭਵ ਹੈ, ਜੇ ਹਰੇਕ ਵਿਅਕਤੀ ਆਪਣੇ ਕੋਲ ਬੈਚ ਫੁੱਲ ਦਵਾਈਆਂ ਦਾ ਭੰਡਾਰ ਰੱਖਦਾ ਹੋਵੇ ਜਾਂ ਇਹ ਹਰ ਦੂਜੇ ਤੀਜੇ ਘਰ ਵਿਚ ਉਪਲਭਦ ਹੋਣ।

ਬੱਚੇ ਡਰ ਤੋਂ ਜਲਦੀ ਪ੍ਰਭਾਵਿਤ ਹੁੰਦੇ ਹਨ। ਉਹ ਦਿਨੇ ਤਰ੍ਹਾਂ ਤਰ੍ਹਾਂ ਦੇ ਟੀ. ਵੀ. ਪ੍ਰੋਗਰਾਮ ਦੇਖਦੇ ਹਨ, ਜਿਨ੍ਹਾਂ ਵਿਚ ਕਈ ਡਰਾਵਣੇ ਵੀ ਹੁੰਦੇ ਹਨ। ਰਾਤ ਨੂੰ ਉਹ ਚੰਗਾ ਭਲਾ ਸੌਂਦੇ ਹਨ, ਪਰ ਨੀਂਦ ਵਿਚ ਉਹੀ ਦ੍ਰਿਸ਼ ਉਨ੍ਹਾਂ ਨੂੰ ਡਰਾਵਣੇ ਸੁਪਨੇ ਬਣ ਕੇ ਟੱਕਰਦੇ ਹਨ। ਉਹ ਨੀਂਦ ਵਿਚ ਬੁੜਬੁੜਾਉਂਦੇ ਹਨ ਤੇ ਉੱਚੀ ਉੱਚੀ ਚੀਕਾਂ ਮਾਰਦੇ ਉੱਠਦੇ ਹਨ। ਮਾਂ ਪਿਓ ਉਨ੍ਹਾਂ ਨੂੰ ਚੁੱਪ ਕਰਾਉਣ ਦਾ ਯਤਨ ਕਰਦੇ ਹਨ, ਪਰ ਉਹ ਫਿਰ ਵੀ ਭੈ-ਭੀਤ ਹੋਏ ਰਹਿੰਦੇ ਹਨ। ਉਹ ਉਦੋਂ ਤੀਕ ਸਿਸਕਦੇ ਰਹਿੰਦੇ ਹਨ, ਜਦੋਂ ਤੀਕ ਮੁੜ ਸੌਂ ਨਹੀਂ ਜਾਂਦੇ। ਇਸ ਨੂੰ ਅੰਗਰੇਜ਼ੀ ਵਿਚ ਨਾਈਟਮੇਅਰ (Nightmare) ਕਹਿੰਦੇ ਹਨ। ਅਜਿਹੀ ਹੀ ਬਿੱਜ ਵੱਡੀ ਉਮਰ ਦੇ ਬੰਦਿਆਂ 'ਤੇ ਵੀ ਪੈ ਜਾਂਦੀ ਹੈ। ਉਹ ਡਰ ਕੇ ਨੀਂਦ ਵਿਚੋਂ ਅੱਭੜਵਾਏ ਉੱਠਦੇ ਹਨ, ਇੱਧਰ ਉੱਧਰ ਫਿਰਨ ਲਗਦੇ ਹਨ। ਇਸ ਨੂੰ ਨੀਂਦ ਵਿਚ ਚਲਣਾ ਕਹਿੰਦੇ ਹਨ। ਜੇ ਉਨ੍ਹਾਂ ਦੀ ਨੀਂਦ ਨਾ ਖੁੱਲ੍ਹੇ ਤਾਂ ਉਹ ਕੰਧਾਂ ਨਾਲ ਟਕਰਾ ਵੀ ਸਕਦੇ ਹਨ। ਅਜਿਹੇ ਬੱਚਿਆਂ ਜਾਂ ਬਾਲਗਾਂ ਨੂੰ ਰਾਕ ਰੋਜ਼ ਦਵਾਈ ਦੀਆਂ ਦੋ ਖੁਰਾਕਾਂ ਉਸੇ ਵੇਲੇ ਦੇ ਦੇਣ ਨਾਲ ਉਹ ਸੁਪਨ-ਡਰ ਤੋਂ ਰਾਹਤ ਪਾਉਣਗੇ ਤੇ ਚੁੱਪ ਕਰ ਕੇ ਸੌਂ ਜਾਣਗੇ।

ਡਾ. ਬੈਚ ਦੇ ਲਿਖਣ ਅਨੁਸਾਰ ਰਾਕ ਰੋਜ਼ ਫੁੱਲ ਦਵਾਈ ਉਨ੍ਹਾਂ ਹਾਲਤਾਂ ਨੂੰ ਨਜਿੱਠਦੀ ਹੈ, ਜਿਨ੍ਹਾਂ ਵਿਚ ਦਹਿਸ਼ਤ ਦੀ ਭਰਮਾਰ ਹੋਵੇ ਤੇ ਡਰ ਦੇ ਮਾਰੇ ਵਿਅਕਤੀ ਡੌਰ-ਭੌਰ ਜਾਂ ਬੇਹੋਸ਼ ਹੋ ਜਾਵੇ। ਜਦੋਂ ਸਰਹੱਦਾਂ 'ਤੇ ਲੜਦੇ ਜਵਾਨ ਦੀ ਸ਼ਹੀਦੀ ਦੀ ਖਬਰ ਉਸ ਦੇ ਘਰ ਵਿਚ ਪਹੁੰਚਦੀ ਹੈ ਤਾਂ ਇਹੋ ਜਿਹੀ ਹੀ ਸਥਿਤੀ ਪੈਦਾ ਹੁੰਦੀ ਹੈ। ਜਿਸ ਲੜਕੀ ਨਾਲ ਜਬਰ-ਜਨਾਹ ਹੋਇਆ ਹੋਵੇ ਤੇ ਉਹ ਨਮੋਸ਼ੀ ਕਾਰਨ ਖੁਦਕਸ਼ੀ ਕਰਨ ਵਾਸਤੇ ਮਜਬੂਰ ਹੁੰਦੀ ਹੋਵੇ, ਉਸ ਦੀ ਸਥਿਤੀ ਵੀ ਇਸੇ ਦਵਾਈ ਜਿਹੀ ਹੁੰਦੀ ਹੈ। ਜੋ ਵਿਅਕਤੀ ਗੰਭੀਰ ਸੱਟ ਨਾਲ ਜ਼ਖਮੀ ਹੋ ਗਏ ਹੋਣ, ਉਹ ਵੀ ਇਸ ਦੇ ਘੇਰੇ ਵਿਚ ਆਉਂਦੇ ਹਨ। ਮੌਕੇ 'ਤੇ ਇਕੋ ਖੁਰਾਕ ਦੇਣ ਨਾਲ ਉਹ ਸਹਿਜ ਸੁਭਾਵਿਕ ਅੱਖਾਂ ਖੋਲ੍ਹ ਲੈਣਗੇ, ਪਰ ਜੇ ਡਰ ਦੇ ਨਾਲ ਨਾਲ ਸੱਟਾਂ ਗੁੱਝੀਆਂ ਹੋਣ ਕਾਰਨ ਮਰੀਜ਼ ਦੀ ਬੇਹੋਸ਼ੀ ਨਾ ਟੁੱਟਦੀ ਹੋਵੇ ਤੇ ਡਾਕਟਰ 24 ਘੰਟੇ ਉਡੀਕਣ ਲਈ ਕਹੇ, ਤਾਂ ਰਾਕ ਰੋਜ਼ ਦੇ ਨਾਲ ਆਰਨੀਕਾ ਮੋਂਟੇਨਾ (Arnica Montana) ਦੀਆਂ ਕੁਝ ਖੁਰਾਕਾਂ ਦੇਣ ਨਾਲ ਮਰੀਜ਼ ਜਲਦੀ ਹੋਸ਼ ਵਿਚ ਆ ਜਾਵੇਗਾ ਤੇ ਚੋਟ ਦੇ ਘਾਤਕ ਪ੍ਰਭਾਵ ਤੋਂ ਬਚ ਜਾਵੇਗਾ।

ਰਾਕ ਰੋਜ਼ ਫੁੱਲ ਦਵਾਈ ਦੀ ਵਰਤੋਂ ਦੀਆਂ ਅਣਗਿਣਤ ਸੰਭਾਵਨਾਵਾਂ ਹਨ ਤੇ ਹਨ ਵੀ ਸਾਰੀਆਂ ਯਥਾਰਥਿਕ। ਕਿੰਨੇ ਦੋਸੇ ਤੇ ਬੇਦੋਸੇ ਵਿਅਕਤੀ ਹਨ, ਜਿਨ੍ਹਾਂ ਦਾ ਰਿਮਾਂਡ ਲੈ ਕੇ ਪੁਲਿਸ ਕੁਟਾਪਾ ਚਾੜ੍ਹਦੀ ਹੈ। ਕਈਆਂ ਨੂੰ ਉਹ ਕੁੱਟ-ਮਾਰ ਦੀਆਂ ਵਧੀਕੀਆਂ ਰਾਹੀਂ ਨਾਨੀ ਚੇਤੇ ਕਰਵਾ ਦਿੰਦੀ ਹੈ। ਡੰਡੇ ਦੇ ਤਸ਼ੱਦਦ ਤੇ ਇਸ ਦੀ ਭਿਆਨਕ ਯਾਦ ਤੋਂ ਬਚਣ ਲਈ ਰਾਕ ਰੋਜ਼ ਤੋਂ ਵੱਡੀ ਕੋਈ ਦਵਾਈ ਨਹੀਂ। ਜੇ ਨੀਲ ਪੈ ਕੇ ਹੱਡ ਪੈਰ ਦੁਖਣ ਲੱਗਣ ਤੇ ਲੇਟਣਾ ਵੀ ਮੁਹਾਲ ਹੋ ਜਾਵੇ ਤਾਂ ਆਰਨੀਕਾ ਮੋਂਟੇਨਾ ਦੀਆਂ ਦੋ ਕੁ ਖੁਰਾਕਾਂ ਉਨ੍ਹਾਂ ਦੇ ਹੱਡਾਂ ਦਾ ਦਰਦ ਚੁਗ ਲੈਣਗੀਆਂ। ਜਿਹੜੇ ਲੋਕ ਕੁਕਰਮ ਕਰਦੇ ਫੜੇ ਜਾਂਦੇ ਹਨ, ਜਿਨ੍ਹਾਂ ਦੇ ਪਾਜ ਖੁੱਲ੍ਹ ਜਾਂਦੇ ਹਨ, ਜਿਨ੍ਹਾਂ ਦੀਆਂ ਅਸ਼ਲੀਲ ਵੀਡੀਓ ਕਲਿਪਾਂ ਵਾਇਰਲ ਹੋ ਜਾਂਦੀਆਂ ਹਨ ਤੇ ਜਿਹੜੇ ਸ਼ਰਮ ਹਯਾ ਦੀ ਹਾਨੀ ਕਾਰਨ ਮਰਨ ਬਾਰੇ ਸੋਚਣ ਲਗਦੇ ਹਨ, ਉਹ ਵੀ ਇਸ ਦਵਾਈ ਨਾਲ ਠੀਕ ਹੋਣਗੇ। ਯਾਦ ਰਹੇ, ਅਜਿਹੇ ਲੋਕਾਂ ਦੇ ਮੁੜ ਵਸੇਬੇ ਲਈ ਕਾਊਂਸਲਿੰਗ ਜਾਂ ਨਿਗਰਾਨੀ ਦੀ ਲੋੜ ਨਹੀਂ ਪੈਂਦੀ। ਤੰਦਰਸਤੀ ਬਖਸ਼ਣ ਵੇਲੇ ਇਹ ਦਵਾਈ ਛੁਪੇ ਸਦਮਿਆਂ ਦੇ ਅਸਰਾਂ ਨੂੰ ਤਰਕਸੰਗਤ ਢੰਗ ਨਾਲ ਅੰਦਰੋ ਅੰਦਰੀ ਭਸਮ ਕਰਦੀ ਹੈ ਤੇ ਨਾਲ ਬੀਮਾਰ ਦੀਆਂ ਰਿਣਾਤਮਿਕ ਰੁਚੀਆਂ ਨੂੰ ਧਨਾਤਮਿਕ ਸੁਭਾਅ ਵਿਚ ਪਲਟ ਦਿੰਦੀ ਹੈ। ਇਹ ਡਿੱਗੇ ਮਨੁੱਖ ਨੂੰ ਸਦੀਵੀ ਸੁਤੰਤਰਤਾ ਨਾਲ ਰਹਿਣ ਦੇ ਕਾਬਲ ਬਣਾ ਦਿੰਦੀ ਹੈ।

ਰਾਕ ਰੋਜ਼ ਦੀ ਵਿਆਖਿਆ ਕਰਦਿਆਂ ਡਾ. ਦਰਸ਼ਨ ਸਿੰਘ ਵੋਹਰਾ ਲਿਖਦੇ ਹਨ, "ਇਸ ਦਵਾਈ ਦੀ ਲੋੜ ਹਰ ਉਸ ਮਨੁੱਖ ਨੂੰ ਹੁੰਦੀ ਹੈ, ਜੋ ਉਸ ਵਾਯੂ ਮੰਡਲ ਵਿਚ ਪ੍ਰਵੇਸ਼ ਕਰੇ, ਜਿਸ ਵਾਯੂ ਮੰਡਲ ਵਿਚ ਚਾਰੇ ਪਾਸੇ ਖਤਰਾ, ਮਾਯੂਸੀ ਤੇ ਦਹਿਸ਼ਤ ਹੋਵੇ ਤੇ ਬਚਾਓ ਦੀ ਕੋਈ ਸੂਰਤ ਨਾ ਦਿਸਦੀ ਹੋਵੇ, ਜਿਵੇਂ ਇਕ ਮਰਨ ਕਿਨਾਰੇ ਪਏ ਮਰੀਜ਼ ਨੂੰ ਡਾਕਟਰ ਜਵਾਬ ਦੇ ਚੁਕੇ ਹੋਣ ਜਾਂ ਕਿਸੇ ਨੂੰ ਸੱਪ ਨੇ ਕੱਟ ਲਿਆ ਹੋਵੇ ਅਤੇ ਜ਼ਹਿਰ ਨਾਲ ਉਸ ਦਾ ਰੰਗ ਨੀਲਾ ਪੈ ਗਿਆ ਹੋਵੇ; ਮੁਰਦਾ ਛਾਈ ਹੋਵੇ, ਜਾਂ ਕੋਈ ਵਿਅਕਤੀ ਇਕ ਅਜਿਹੀ ਬਿਲਡਿੰਗ ਦੇ ਅੰਦਰ ਹੋਵੇ, ਜਿਸ ਨੂੰ ਚਾਰੇ ਪਾਸੇ ਤੋਂ ਅੱਗ ਨੇ ਘੇਰਿਆ ਹੋਵੇ ਅਤੇ ਬਾਹਰ ਨਿਕਲਣ ਦਾ ਕੋਈ ਰਾਹ ਨਾ ਦਿਸੇ ਜਾਂ ਹਵਾਈ ਜਹਾਜ਼ ਵਿਚ ਸਫਰ ਕਰਦਿਆਂ ਆਵਾਜ਼ ਆਵੇ ਕਿ ਇੰਜਣ ਵਿਚ ਵਿਘਨ ਪੈਣ ਦੇ ਕਾਰਨ ਸਾਨੂੰ ਅਣਮਿਥੀ ਥਾਂ 'ਤੇ ਉਤਰਨਾ ਪੈਣਾ ਹੈ; ਜਾਂ ਲੜਾਈ ਦੇ ਜ਼ਮਾਨੇ ਵਿਚ ਜਾਂ ਆਪਸੀ ਫਸਾਦਾਂ ਵਿਚ ਮਿੰਟ-ਮਿੰਟ ਬਾਅਦ ਆਪਣੇ ਦੁਆਲੇ ਬੰਬ ਫਟਣ ਜਾਂ ਅੱਗਾਂ ਲੱਗਣ ਦੀਆਂ ਘਟਨਾਵਾਂ ਹੋ ਰਹੀਆਂ ਹੋਣ, ਜਾਂ ਸੜਕ 'ਤੇ ਹੋਈ ਦੁਰਘਟਨਾ ਨਾਲ ਕੁਝ ਮਨੁੱਖ ਮਰ ਰਹੇ ਹੋਣ ਅਤੇ ਕੁਝ ਸਿਸਕੀਆਂ ਲੈ ਰਹੇ ਹੋਣ। ਅਜਿਹੀਆਂ ਹਾਲਤਾਂ ਵਿਚ ਦੁਰਘਟਨਾ ਵਾਲੀ ਥਾਂ 'ਤੇ ਪੀੜਤ ਤੇ ਬਚਾਓ ਕਰਨ ਵਾਲੇ ਸਭ ਵਿਅਕਤੀਆਂ ਦੁਆਲੇ ਇਕ ਅਜਿਹਾ ਵਾਯੂ ਮੰਡਲ ਹੁੰਦਾ ਹੈ, ਜਿਸ ਵਿਚ ਅਤਿਅੰਤ ਡਰ ਤੇ ਮਾਯੂਸੀ ਛਾਈ ਹੁੰਦੀ ਹੈ। ਉਸ ਵਾਯੂ ਮੰਡਲ ਵਿਚ ਜਿੰਨੇ ਵਿਅਕਤੀ ਹੋਣ, ਭਾਵੇਂ ਉਹ ਫੱਟੜ ਹੋਣ, ਭਾਵੇਂ ਸਿਹਤਮੰਦ ਹੋਣ ਤੇ ਭਾਵੇਂ ਨਿਰੇ ਪੂਰੇ ਦਰਸ਼ਕ ਹੋਣ, ਸਭ ਨੂੰ ਰਾਕ ਰੋਜ਼ ਦਵਾਈ ਦੀ ਲੋੜ ਹੈ। ਇਹ ਉਨ੍ਹਾਂ ਨੂੰ ਮਾਨਸਿਕ ਸੱਟ ਤੋਂ ਆਰਾਮ ਦੇਵੇਗੀ ਅਤੇ ਆਪਣੀ ਬਚਾਓ ਸੂਰਤ ਲੱਭਣ ਵਿਚ ਸਹਾਇਕ ਹੋਵੇਗੀ।"

ਜੇ ਇਹ ਦਵਾਈ ਮਰੀਜ਼ਾਂ ਨੂੰ ਸਮੇਂ ਸਿਰ ਨਾ ਦਿੱਤੀ ਜਾਵੇ ਤਾਂ ਉਨ੍ਹਾਂ ਵਿਚ ਕਈ ਅਣਸੁਖਾਵੀਆਂ ਅਲਾਮਤਾਂ ਜਾਂ ਬਿਮਾਰੀਆਂ ਪੈਦਾ ਹੋ ਸਕਦੀਆਂ ਹਨ। ਉਨ੍ਹਾਂ ਨੂੰ ਡਰ, ਘਬਰਾਹਟ, ਮਾਨਸਿਕ ਝਟਕੇ, ਮਿਰਗੀ ਜਿਹੇ ਦੌਰੇ, ਦਿਮਾਗ ਦੀ ਰਸੌਲੀ, ਚੱਕਰ, ਮੂਡ ਪਰਿਵਰਤਨ, ਮੂਡ-ਵਿਭਾਜਨ (Schizophrenia), ਯਾਦਦਾਸ਼ਤ ਦੀ ਕਮਜ਼ੋਰੀ, ਉਨੀਂਦਰਾਪਨ, ਭੈੜੇ ਸੁਪਨੇ, ਨੀਂਦ ਵਿਚ ਚਲਣਾ ਤੇ ਨੀਂਦ ਵਿਚ ਚੀਕਣਾ ਆਦਿ ਤਕਲੀਫਾਂ ਆਮ ਹੋ ਜਾਂਦੀਆਂ ਹਨ। ਬਲੱਡ ਪ੍ਰੈਸ਼ਰ, ਦਿਲ ਦਾ ਰੋਗ, ਬੇਹਿਸ਼ੀ, ਉਲਟੀ ਘੁਮੇਰ, ਕਾਂਬਾ, ਡਰਪੋਕੀ ਤੇ ਸਾਹ ਦੀਆਂ ਕਸਰਾਂ ਕੁਝ ਹੋਰ ਤਕਲੀਫਾਂ ਹਨ, ਜੋ ਵੀ ਉਨ੍ਹਾਂ ਨੂੰ ਹੋ ਸਕਦੀਆਂ ਹਨ। ਰਾਕ ਰੋਜ਼ ਇਨ੍ਹਾਂ ਸਭ ਰੋਗਾਂ ਦਾ ਇਲਾਜ ਕਰੇਗੀ, ਪਰ ਕਰੇਗੀ ਤਾਂਹੀ ਜੇ ਇਹ ਡਰ ਜਾਂ ਸ਼ਰਮਸਾਰੀਆਂ ਦੇ ਸਦਮੇ ਨਾਲ ਜੁੜੀਆਂ ਹੋਈਆਂ ਹੋਣ।

ਅਜੋਕੇ ਸਮੇਂ ਵਿਚ ਇਸ ਦਵਾਈ ਦੀ ਸਭ ਤੋਂ ਫੌਰੀ ਵਰਤੋਂ ਕਰੋਨਾ ਬਿਮਾਰੀ ਦੀ ਰੋਕਥਾਮ ਤੇ ਇਲਾਜ ਵਿਚ ਹੋ ਸਕਦੀ ਹੈ। ਇਸ ਬਿਮਾਰੀ ਨੇ ਲੰਮੇ ਸਮੇਂ ਤੋਂ ਲੋਕਾਂ ਨੂੰ ਭੈਅਭੀਤ ਕੀਤਾ ਹੋਇਆ ਹੈ। ਅਜਿਹਾ ਕੋਈ ਨਹੀਂ, ਜਿਸ ਦੇ ਸਿਰ 'ਤੇ ਇਸ ਦਾ ਡਰ ਨਾ ਮੰਡਰਾਇਆ ਹੋਵੇ। ਕਈ ਦੇਸ਼ਾਂ ਵਿਚ ਹਾਲੇ ਵੀ ਇਸ ਦੇ ਹੋਰ ਝਟਕੇ ਆਉਣ ਦੇ ਖਦਸ਼ੇ ਜਤਾਏ ਜਾਂਦੇ ਹਨ। ਜੇ ਅਜਿਹਾ ਹੋ ਜਾਂਦਾ ਹੈ ਤਾਂ ਲੋਕ ਫਿਰ ਡਰਨਗੇ, ਬਾਹਰ ਜਾਣਾ ਬੰਦ ਕਰਨਗੇ, ਮਾਸਕ ਪਹਿਨਣਗੇ, ਲੋਸ਼ਨਾਂ ਦੀ ਵਰਤੋਂ ਕਰਨਗੇ ਤੇ ਘੜੀ ਘੜੀ ਹੱਥ ਧੋਣਗੇ। ਸਭ ਨੂੰ ਜਾਨ ਦੇ ਲਾਲੇ ਪੈਣਗੇ ਤੇ ਕਈ ਦਹਿਸ਼ਤ ਨਾਲ ਬੀਮਾਰ ਹੋ ਜਾਣਗੇ। ਅਜਿਹੀ ਹਾਲਤ ਵਿਚ ਸਾਰੀ ਜਨਸੰਖਿਆ ਨੂੰ ਦਸ ਦਿਨਾਂ ਤੀਕ ਹਰ ਰੋਜ਼ ਸਵੇਰੇ ਇਸ ਫੁੱਲ ਦਵਾਈ ਦੀ ਇਕ ਖੁਰਾਕ ਲੈਣੀ ਚਾਹੀਦੀ ਹੈ ਤੇ ਸ਼ਾਮ ਨੂੰ ਫੁੱਲ ਦਵਾਈ ਮਿਮੂਲਸ ਦੀ ਇਕ ਖੁਰਾਕ। ਦੇਖਦਿਆਂ ਹੀ ਕਰੋਨਾ ਦੇ ਪਾਜ਼ੇਟਿਵ ਕੇਸਾਂ ਦੀ ਸੰਖਿਆ ਘਟ ਜਾਵੇਗੀ ਤੇ ਇਸ ਵਬਾ ਨਾਲ ਪੀੜਿਤ ਹੋ ਕੇ ਹਸਪਤਾਲ ਵਿਚ ਜਾਣ ਵਾਲਿਆਂ ਦੀ ਗਿਣਤੀ ਨਾਂਹ ਦੇ ਬਰਾਬਰ ਹੋ ਜਾਵੇਗੀ।

ਜਿਨ੍ਹਾਂ ਨੇ ਇਸ ਰੋਕਥਾਮੀ ਸਟੇਜ 'ਤੇ ਇਹ ਦਵਾਈ ਨਾ ਲਈ ਤੇ ਉਹ ਪਾਜ਼ੇਟਿਵ ਹੋ ਕੇ ਹਸਪਤਾਲ ਪਹੁੰਚ ਗਏ ਤਾਂ ਵੀ ਕੋਈ ਵੱਡੀ ਗੱਲ ਨਹੀਂ। ਉੱਥੇ ਉਨ੍ਹਾਂ ਦੇ ਡਰ ਦੀ ਤੀਬਰਤਾ ਵਧੇਗੀ ਤੇ ਉਨ੍ਹਾਂ ਨੂੰ ਲੱਗੇਗਾ ਕਿ ਹੁਣ ਉਨ੍ਹਾਂ ਦੇ ਉੱਥੋਂ ਬਚ ਕੇ ਨਿਕਲਣ ਦੀ ਕੋਈ ਵਧੇਰੇ ਉਮੀਦ ਨਹੀਂ। ਉਨ੍ਹਾਂ ਦਾ ਪਹਿਲਾਂ ਹੀ ਧੜਕਦਾ ਦਿਲ ਹੋਰ ਤੇਜ਼ੀ ਨਾਲ ਧੜਕੇਗਾ। ਉਨ੍ਹਾਂ ਨੂੰ ਬੇਚੈਨੀ ਲੱਗੇਗੀ ਤੇ ਤ੍ਰੇਲੀਆਂ ਆਉਣਗੀਆਂ। ਜਿਨ੍ਹਾਂ ਨੂੰ ਬੈੱਡ ਜਾਂ ਆਕਸੀਜਨ ਦੇ ਸਲੰਡਰ ਉਪਲਭਦ ਨਾ ਹੋਣਗੇ, ਉਨ੍ਹਾਂ ਦੀ ਜਾਨ ਤਾਂ ਸੰਘੀ ਵਿਚ ਹੀ ਆ ਜਾਵੇਗੀ। ਜਿਨ੍ਹਾਂ ਨੂੰ ਇਹ ਸੁਵਿਧਾਵਾਂ ਮਿਲੀਆਂ ਵੀ ਹੋਣਗੀਆਂ, ਉਹ ਨਾਲ ਦੇ ਬੈਡ ਖਾਲੀ ਹੁੰਦੇ ਦੇਖ ਮਾਰੂ ਦਹਿਸ਼ਤ ਦੇ ਸ਼ਿਕਾਰ ਹੋਣਗੇ। ਜਿਨ੍ਹਾਂ ਦੇ ਚਲਦੇ ਆਕਸੀਜਨ ਸਿਲੰਡਰਾਂ ਦੀ ਸੂਈ ਡਿਗਣ ਲੱਗੇਗੀ, ਉਨ੍ਹਾਂ ਦੀਆਂ ਅੱਖਾਂ ਸਾਹਮਣੇ ਹਨੇਰਾ ਛਾ ਹੀ ਜਾਵੇਗਾ। ਉਨ੍ਹਾਂ ਦੀ ਇਹ ਹਾਲਤ ਫਿਰ ਰਾਕ ਰੋਜ਼ ਨਾਲ ਮੇਲ ਖਾਂਦੀ ਹੋਵੇਗੀ। ਇਸ ਸਟੇਜ 'ਤੇ ਵੀ ਜੇ ਇਸ ਫੁੱਲ ਦਵਾਈ ਦੀਆਂ ਕੁਝ ਬੂੰਦਾਂ ਉਨ੍ਹਾਂ ਮਰੀਜ਼ਾਂ ਦੇ ਮੂੰਹ ਵਿਚ ਪਾ ਦਿੱਤੀਆਂ ਜਾਣ ਤਾਂ ਉਨ੍ਹਾਂ ਦੇ ਖਤਰੇ ਦੇ ਬੱਦਲ ਛਟ ਜਾਣਗੇ ਤੇ ਆਸ਼ਾ ਦੀ ਕਿਰਨ ਦਿਖਾਈ ਦੇਣ ਲੱਗ ਜਾਵੇਗੀ।

ਅਜਿਹੇ ਵੇਲੇ ਵੱਡਾ ਅੜਿੱਕਾ ਇਤਬਾਰ ਦਾ ਹੈ। ਕਿਸੇ ਵੱਡੇ ਹਸਪਤਾਲ ਦੇ ਸਪੈਸ਼ਲ ਵੀ. ਆਈ. ਪੀ. ਕਮਰੇ ਵਿਚ ਮਾਹਿਰ ਡਾਕਟਰਾਂ, ਨਰਸਾਂ ਦੀ ਨਿਗਰਾਨੀ ਵਿਚ ਮਹਿੰਗੇ ਉਪਕਰਨਾਂ ਦੀ ਮਦਦ ਨਾਲ ਚਲ ਰਹੇ ਹਾਈ-ਫਾਈ ਇਲਾਜ ਨੂੰ ਬੇਵਸ ਹੁੰਦਿਆਂ ਦੇਖ ਕੌਣ ਵਿਸ਼ਵਾਸ ਕਰੇਗਾ ਕਿ ਇਕ ਨਿਮਾਣੀ ਰਾਕ ਰੋਜ਼ ਪਾਸਾ ਪਲਟ ਦੇਵੇਗੀ, ਪਰ

(ਬਾਕੀ ਅਗਲੇ ਸਫੇ 'ਤੇ)

# ਮਾਨਸਾ-ਬਠਿੰਡਾ ਦੇ ਲੋਕਾਂ ਨਾਲ ਮੋਹ ਦੀ ਸਾਂਝ

## ਯਾਦ ਝਰੋਖਾ

ਮੇਰਾ ਜਨਮ ਅਤੇ ਪਾਲਣ-ਪੋਸ਼ਣ ਲੁਧਿਆਣੇ ਜਿਲੇ ਦੇ ਪਿੰਡ ਈਸੜੂ (ਸ਼ਹੀਦ ਕਰਨੈਲ ਸਿੰਘ ਦਾ ਪਿੰਡ) ਵਿਚ ਹੋਇਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਅਧਿਆਪਨ ਦੀ ਨੌਕਰੀ ਕਰਨ ਕਰਕੇ ਮੇਰੀ ਜ਼ਿੰਦਗੀ ਦਾ ਜ਼ਿਆਦਾ ਸਮਾਂ ਪਟਿਆਲੇ ਗੁਜਰਿਆ ਹੈ। ਲੁਧਿਆਣਾ ਅਤੇ ਪਟਿਆਲਾ-ਦੋ ਅਜਿਹੇ ਜਿਲੇ ਹਨ, ਜਿੱਥੋਂ ਦੇ ਜ਼ਿਆਦਾ ਰਹਿਣ ਵਾਲੇ ਲੋਕ ਅਨੇਕ ਗੁਣਾਂ ਦੇ ਬਾਵਜੂਦ ਦੋ ਵੱਡੇ ਔਗੁਣਾਂ ਦੇ ਸ਼ਿਕਾਰ ਹਨ: ਬੇਲੋੜਾ ਨਿੱਜਵਾਦ ਅਤੇ ਤਿੱਖਾ ਪਦਾਰਥਵਾਦ।

ਐਮ. ਏ. ਕਰਨ ਪਿਛੋਂ ਪਹਿਲੀ ਵਾਰ ਬਠਿੰਡਾ ਸਰਕਾਰੀ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਲਈ ਇੰਟਰਵਿਊ ਦੇਣ ਲਈ ਗਿਆ ਅਤੇ

ਡਾ. ਗਿਆਨ ਸਿੰਘ

1977 ਵਿਚ ਡੀ. ਪੀ. ਆਈ. (ਕਾਲਜਾਂ) ਦੁਆਰਾ ਮੇਰੀ ਲੈਕਚਰਾਰ ਦੀ ਚੋਣ ਕੀਤੇ ਜਾਣ ਪਿਛੋਂ ਕੁਝ ਸਮੇਂ ਲਈ ਮੈਂ ਸਰਕਾਰੀ ਕਾਲਜ ਬਠਿੰਡਾ ਪੜ੍ਹਾਇਆ। 1981 ਵਿਚ ਮੈਂ ਪੀਐਚ. ਡੀ. ਦੀ ਡਿਗਰੀ ਲਈ ਫੀਲਡ ਸਰਵੇਖਣ ਕਰਨ ਲਈ ਬਠਿੰਡਾ ਦੇ ਪਿੰਡਾਂ ਵਿਚ ਗਿਆ। ਉਸ ਸਮੇਂ ਮਾਨਸਾ ਬਠਿੰਡਾ ਜਿਲੇ ਦੀ ਇਕ ਤਹਿਸੀਲ ਹੁੰਦੀ ਸੀ। 1984-87 ਦੌਰਾਨ ਪੰਜਾਬੀ ਯੂਨੀਵਰਸਿਟੀ ਰੀਜਨਲ ਸੈਂਟਰ, ਬਠਿੰਡਾ ਵਿਖੇ ਲੈਕਚਰਾਰ ਦੀ ਨੌਕਰੀ ਕਰਨ ਕਰਕੇ ਮੈਂ ਬਠਿੰਡਾ ਸ਼ਹਿਰ ਵਿਚ ਰਿਹਾ ਅਤੇ ਉਥੋਂ ਦੇ ਪਿੰਡਾਂ ਵਿਚ ਜਾਣ ਦਾ ਮੌਕਾ ਵੀ ਮਿਲਦਾ ਰਿਹਾ। ਹੁਣ ਉਥੋਂ ਦੇ ਲੋਕਾਂ ਨਾਲ ਰਿਸ਼ਤੇਦਾਰੀ ਵਾਲਾ ਸਬੰਧ ਬਣਿਆ ਹੋਇਆ ਹੈ।

2017 ਦੌਰਾਨ ਮੈਂ, ਡਾ. ਗੁਰਿੰਦਰ ਕੌਰ, ਡਾ. ਧਰਮਪਾਲ ਅਤੇ ਡਾ. ਰਸ਼ਮੀ "ਪੇਂਡੂ ਮਜ਼ਦੂਰ ਔਰਤ ਪਰਿਵਾਰਾਂ ਦੀਆਂ ਸਮਾਜਿਕ-ਆਰਥਿਕ ਹਾਲਤਾਂ ਅਤੇ ਰਾਜਸੀ ਸ਼ਮੂਲੀਅਤ" ਬਾਰੇ ਖੋਜ ਅਧਿਐਨ ਲਈ ਫੀਲਡ ਸਰਵੇਖਣ ਕਰਨ ਲਈ ਮਾਨਸਾ ਜਿਲੇ ਦੇ ਪਿੰਡਾਂ ਵਿਚ ਗਏ। ਜਿਸ ਦਿਨ ਸਾਡਾ ਸਰਵੇਖਣ ਦਾ ਕੰਮ ਪੂਰਾ ਹੋ ਗਿਆ ਅਤੇ ਅਸੀਂ ਪਟਿਆਲੇ ਨੂੰ ਵਾਪਸ ਆਉਣ ਦੀ ਤਿਆਰੀ ਕਰ ਰਹੇ ਸੀ ਤਾਂ ਡਾ. ਧਰਮਪਾਲ ਨੇ ਮੈਨੂੰ ਕਿਹਾ ਕਿ ਮਾਨਸਾ ਤੋਂ ਤੁਰਨ ਤੋਂ ਪਹਿਲਾਂ ਉਹ ਕੁਝ ਕਹਿਣਾ ਚਾਹੁੰਦੇ ਹਨ। ਉਨ੍ਹਾਂ ਨੇ ਕਿਹਾ, "ਜਿਸ ਬੰਦੇ ਨੇ ਇਨਸਾਨ ਬਣਨਾ ਹੈ, ਉਸ ਨੂੰ ਇਕ ਸਾਲ ਵਿਚ 15 ਦਿਨਾਂ ਤੋਂ ਇਕ ਮਹੀਨਾ ਮਾਨਸਾ-ਬਠਿੰਡਾ ਦੇ ਪਿੰਡਾਂ 'ਚ ਆ ਕੇ ਰਹਿਣਾ ਚਾਹੀਦਾ ਹੈ।"

ਮੈਂ ਮਾਨਸਾ-ਬਠਿੰਡਾ ਦੇ ਲੋਕਾਂ ਤੋਂ ਬਹੁਤ ਕੁਝ ਸਿੱਖਿਆ ਹੈ। ਇੱਥੋਂ ਦੇ ਜ਼ਿਆਦਾਤਰ ਲੋਕ ਸਪਸ਼ਟ, ਮੂੰਹ ਉਤੇ ਕਹਿਣ ਅਤੇ ਆਪਣਾ ਨਿਜੀ ਕੰਮ ਛੱਡ ਕੇ ਦੂਜਿਆਂ ਦੇ ਕੰਮ ਆਉਣ ਵਾਲੇ ਹਨ। ਜਦੋਂ ਮੈਂ ਪਟਿਆਲੇ ਐਮ.ਫਿਲ. ਕਰ ਰਿਹਾ ਸਾਂ ਤਾਂ ਹੋਸਟਲ ਵਿਚ ਰਹਿੰਦੇ ਸਮੇਂ ਮਾਨਸਾ ਦੇ ਐਮ. ਏ. ਕਰਦੇ ਵਿਦਿਆਰਥੀ ਈਸ਼ਵਰ ਦਾਸ ਨਾਲ ਦੋਸਤੀ ਹੋ ਗਈ ਅਤੇ ਉਹ ਵੀ ਭਰਾਵਾਂ ਵਾਲੀ, ਜਿਸ ਪਿੱਛੇ ਈਸ਼ਵਰ ਦਾਸ ਦਾ ਬਹੁਤ ਹੀ ਚੰਗਾ ਸੁਭਾਅ ਸੀ। ਮੈਂ ਪੀਐਚ. ਡੀ. ਦੇ ਖੋਜ ਕਾਰਜ ਲਈ ਸਰਵੇਖਣ ਕਰਨ ਬਠਿੰਡੇ ਜਾਣਾ ਸੀ ਤਾਂ ਸਭ ਤੋਂ ਪਹਿਲਾਂ ਮਾਨਸਾ ਰਹਿਣ ਦਾ ਪ੍ਰੋਗਰਾਮ ਬਣਾਇਆ, ਕਿਉਂਕਿ ਜੇ ਮੈਂ ਅਜਿਹਾ ਨਾ ਕਰਦਾ ਤਾਂ ਈਸ਼ਵਰ ਦਾਸ ਦੇ ਉਲਾਂਭੇ (ਗਾਲ੍ਹਾਂ) ਝੱਲੀਆਂ ਨਹੀਂ ਜਾਣੀਆਂ ਸਨ।

ਮੈਂ ਮਾਨਸਾ ਜਾ ਕੇ ਸਿੱਧਾ ਈਸ਼ਵਰ ਦਾਸ ਦੇ ਘਰ ਗਿਆ ਅਤੇ ਮੈਨੂੰ ਹੈਰਾਨੀ ਹੋਈ ਕਿ ਉਸ ਦੇ ਬਾਈ ਜੀ (ਪਿਤਾ), ਮਾਤਾ ਜੀ ਅਤੇ ਭੈਣਾਂ ਮੈਨੂੰ ਸਾਰੇ ਹੀ ਜਾਣਦੇ ਸਨ। ਉਨ੍ਹਾਂ ਨੇ ਮੈਨੂੰ ਰਹਿਣ ਲਈ ਹਰ ਸੁੱਖ ਨਾਲ ਭਰਿਆ ਇਕ ਕਮਰਾ ਦੇ ਦਿੱਤਾ। ਮੈਂ ਜਿੰਨੇ ਦਿਨ ਵੀ ਉਥੇ ਰਿਹਾ ਤਾਂ ਕਿਸੇ ਵੀ ਪਿੰਡ ਜਾਣ ਤੋਂ ਪਹਿਲਾਂ ਮਾਤਾ ਜੀ ਪਰੌਂਠੇ, ਦਹੀਂ, ਮੱਖਣ ਅਤੇ ਦੁੱਧ ਦੀ ਗੜਵੀ ਲੈ ਕੇ ਮੇਰੇ ਕੋਲ ਆ ਜਾਂਦੇ ਅਤੇ ਕਹਿੰਦੇ ਕਿ ਸਾਡੇ ਪਿੰਡਾਂ ਦੇ ਲੋਕ ਖਾਣ-ਪੀਣ ਲਈ ਬਹੁਤ ਦੇਣਗੇ, ਪਰ ਮੇਰੀ ਤਸੱਲੀ ਤਾਂ ਹੋਊਗੀ ਜੇ ਤੂੰ ਆਪਣਾ ਨਾਸ਼ਤਾ ਸਾਡੇ ਘਰੋਂ ਮੇਰੇ ਸਾਹਮਣੇ ਕਰਕੇ ਚੱਲੇਂ। ਜਦੋਂ ਮਾਨਸਾ-ਬਠਿੰਡਾ ਦੇ ਪਿੰਡਾਂ ਵਿਚ ਗਏ ਤਾਂ ਉਥੋਂ ਦੇ ਲੋਕਾਂ ਦੀ ਸੇਵਾ ਦੇਖ ਕੇ "ਭੂਆ" ਕਹਾਣੀ ਚੇਤੇ ਆ ਜਾਂਦੀ ਅਤੇ ਸ਼ਾਮ ਨੂੰ ਜਦੋਂ ਮੈਂ ਮਾਨਸਾ ਮੁੜਨ ਦੀ ਤਿਆਰੀ ਕਰਦਾ ਤਾਂ ਅਕਸਰ ਉਨ੍ਹਾਂ ਪਿੰਡਾਂ ਦੇ ਲੋਕ ਕਹਿੰਦੇ, "ਤੁਸੀਂ ਏਥੇ ਹੀ ਰਹੋ, ਰਾਤ ਨੂੰ ਮੁਰਗਾ ਬਣਾਵਾਂਗੇ ਅਤੇ ਤੁਹਾਡੀ ਹੋਰ ਸੇਵਾ (ਸ਼ਰਾਬ) ਵੀ ਕਰਾਂਗੇ।"

ਈਸ਼ਵਰ ਦਾਸ ਦੇ ਪਿੰਡ ਬੱਪੀਆਣੇ ਦਾ ਸਰਵੇਖਣ ਕਰਨ ਮੌਕੇ ਉਨ੍ਹਾਂ ਦੇ ਮਿੱਤਰ ਐਡਵੋਕੇਟ ਅਮਰੀਕ ਸਿੰਘ ਦੇ ਘਰ ਜਾਣ ਦਾ ਮੌਕਾ ਮਿਲਿਆ। 1981 ਤੋਂ ਲੈ ਕੇ ਹੁਣ ਤੱਕ ਜਦੋਂ ਵੀ ਬੱਪੀਆਣੇ ਜਾਂਦੇ ਰਹਿੰਦੇ ਹਾਂ ਤਾਂ ਕਿਸੇ ਗੂੜ੍ਹੀ ਰਿਸ਼ਤੇਦਾਰੀ ਦਾ ਅਹਿਸਾਸ ਹੁੰਦਾ ਹੈ।




ਮਾਨਸਾ ਦੇ ਬੱਸ ਸਟੈਂਡ ਦੀ ਇਕ ਝਲਕ

ਇਸ ਸਰਵੇਖਣ ਦੌਰਾਨ ਇਕ ਦਿਨ ਮੈਂ ਬਠਿੰਡੇ ਦੇ ਨਜ਼ਦੀਕ ਪਿੰਡ ਬੀੜ-ਤਲਾਬ ਗਿਆ। ਉਥੋਂ ਦੇ ਇਕ ਵਾਸੀ ਜੀਤ ਸਿੰਘ ਨੇ ਮੇਰੀ ਬਹੁਤ ਮਦਦ ਕੀਤੀ। ਪੀਐਚ. ਡੀ. ਦੀ ਡਿਗਰੀ ਲਈ ਮੇਰਾ ਖੋਜ ਦਾ ਵਿਸ਼ਾ ਸੀਮਾਂਤ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਜੀਵਨ-ਸਤਰ ਨਾਲ ਸਬੰਧਿਤ ਸੀ। ਜਦੋਂ ਦੋ ਦਿਨਾਂ ਤੋਂ ਬਾਅਦ ਮੇਰਾ ਉਸ ਪਿੰਡ ਦਾ ਕੰਮ ਪੂਰਾ ਹੋ ਗਿਆ ਤਾਂ ਜੀਤ ਸਿੰਘ ਨੇ ਕਿਹਾ, ਮੈਂ ਇਕ ਪ੍ਰਸ਼ਨਾਵਲੀ ਉਨ੍ਹਾਂ ਦੇ ਪਰਿਵਾਰ ਬਾਰੇ ਵੀ ਭਰ ਲਵਾਂ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਉਨ੍ਹਾਂ ਦਾ ਪਰਿਵਾਰ ਕੀ ਕਰਦਾ ਹੈ? ਉਨ੍ਹਾਂ ਜਵਾਬ ਸੀ ਕਿ ਉਹ ਖੇਤ ਮਜ਼ਦੂਰ ਹਨ। ਪ੍ਰਸ਼ਨਾਵਲੀ ਦੇ ਇਕ ਜਵਾਬ ਵਿਚ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਕੋਲ 25 ਏਕੜ ਜ਼ਮੀਨ ਹੈ। ਉਨ੍ਹਾਂ ਦਾ ਇਹ ਜਵਾਬ ਸੁਣ ਕੇ ਮੈਂ ਬਹੁਤ ਉਦਾਸ ਹੋਇਆ ਕਿ ਸ਼ਾਇਦ ਜੀਤ ਸਿੰਘ ਨੂੰ ਭੁਲੇਖਾ ਹੈ ਕਿ ਮੈਂ ਕਿਸੇ ਸਰਕਾਰੀ ਮਦਦ ਦੇਣ ਲਈ ਵੇਰਵੇ ਇਕੱਠੇ ਕਰ ਰਿਹਾ ਹਾਂ। ਮੈਂ ਤੁਰੰਤ ਹੀ ਉਨ੍ਹਾਂ ਨੂੰ ਪੁੱਛ ਲਿਆ ਕਿ ਮੈਨੂੰ 25 ਏਕੜ ਜ਼ਮੀਨ ਅਤੇ ਖੇਤ ਮਜ਼ਦੂਰੀ ਦਾ ਸਬੰਧ ਸਮਝ ਨਹੀਂ ਆਇਆ। ਜੀਤ ਸਿੰਘ ਨੇ ਕਿਹਾ, ਬਾਕੀ ਦੀ ਪ੍ਰਸ਼ਨਾਵਲੀ ਦੇ ਸਵਾਲਾਂ ਬਾਰੇ ਆ ਕੇ ਗੱਲ ਕਰਾਂਗੇ, ਪਹਿਲਾਂ ਸਾਡਾ ਖੇਤ ਦੇਖ ਲਵੋ। ਖੇਤ ਦੇਖਣ ਤੋਂ ਪਤਾ ਲੱਗਿਆ ਕਿ ਉਹ ਤਾਂ ਅਸਮਾਨ ਨੂੰ ਲੱਗਦਾ ਇਕ ਟਿੱਬਾ ਸੀ, ਜਿਸ ਵਿਚ ਕੋਈ ਵੀ ਜਿਨਸ ਹੋ ਹੀ ਨਹੀਂ ਸਕਦੀ ਸੀ। ਇਸ ਤੱਥ ਨੂੰ ਜਾਣਨ ਤੋਂ ਬਾਅਦ ਮੈਨੂੰ ਉਨ੍ਹਾਂ ਦੁਆਰਾ ਕੀਤੀ ਗਈ ਮਦਦ ਦਾ ਅਹਿਸਾਸ ਹੋਰ ਡੂੰਘਾ ਅਤੇ ਉਨ੍ਹਾਂ ਦੀ ਇਮਾਨਦਾਰੀ ਉਤੇ ਮਾਣ ਮਹਿਸੂਸ ਹੋਇਆ।

ਬੀੜ-ਤਲਾਬ ਵਿਚ ਜਦੋਂ ਮੈਂ ਖੇਤ ਮਜ਼ਦੂਰਾਂ ਦੇ ਘਰਾਂ ਦਾ ਸਰਵੇਖਣ ਕਰ ਰਿਹਾ ਸੀ ਤਾਂ ਉਸ ਸਮੇਂ ਇਕ ਬਜ਼ੁਰਗ ਮੇਰੇ ਲਈ ਚਾਹ ਦੀ ਇਕ ਗੜਬੀ ਲੈ ਕੇ ਆਇਆ ਅਤੇ ਉਨ੍ਹਾਂ ਨੇ ਮੈਨੂੰ ਪੀਣ ਲਈ ਕਿਹਾ। ਮੈਂ ਉਨ੍ਹਾਂ ਨੂੰ ਜਵਾਬ ਦਿੱਤਾ ਕਿ ਮੈਂ ਪੂਰੀ ਗੜਬੀ ਤਾਂ ਨਹੀਂ, ਪਰ ਉਸ ਵਿਚੋਂ ਇਕ ਬਾਟੀ ਜ਼ਰੂਰ ਪੀਵਾਂਗਾ। ਜਦੋਂ ਮੈਂ ਚਾਹ ਦੀ ਪਹਿਲੀ ਘੁੱਟ ਭਰੀ ਤਾਂ ਬੁੱਲਾਂ ਤੋਂ ਗਲ ਤੱਕ ਚਾਹ ਦੇ ਬਹੁਤ ਹੀ ਨਿੱਕੇ ਜਿਹੇ ਸਫਰ ਦੌਰਾਨ ਮੈਨੂੰ ਲੱਗਿਆ ਕਿ ਬਾਕੀ ਦੀ ਚਾਹ ਮੈਨੂੰ ਡੋਲ੍ਹ ਦੇਣੀ ਚਾਹੀਦੀ ਹੈ, ਕਿਉਂਕਿ ਚਾਹ ਵਿਚ ਵਰਤਿਆ ਗਿਆ ਗੁੜ ਕਿਸੇ ਧਰਤੀ ਹੇਠਲੇ ਸਲੂਣੇ ਪਾਣੀ ਵਾਲੀ ਜ਼ਮੀਨ ਦਾ ਅਤੇ ਚਾਹ-ਪੱਤੀ ਬਹੁਤ ਨੀਵੇਂ ਮਿਆਰ ਦੀ ਅਤੇ ਦੁੱਧ ਸਿਰਫ ਰੰਗ ਵਟਾਉਣ ਲਈ ਹੀ ਵਰਤਿਆ ਗਿਆ ਸੀ। ਜੇ ਮੈਂ ਚਾਹ ਡੋਲ੍ਹ ਵੀ ਦਿੰਦਾ ਤਾਂ ਸ਼ਾਇਦ ਉਸ ਬਜ਼ੁਰਗ ਨੂੰ ਪਤਾ ਨਾ ਲੱਗਦਾ, ਕਿਉਂਕਿ ਉਨ੍ਹਾਂ ਨੂੰ ਦਿਸਦਾ ਨਹੀਂ ਸੀ ਅਤੇ ਧਰਤੀ ਵੀ ਰੇਤੇ ਵਾਲੀ ਸੀ; ਪਰ ਪਲ ਦੇ ਪਲ ਉਸ ਬਜ਼ੁਰਗ ਦੀ ਸੇਵਾ-ਭਾਵਨਾ ਅਤੇ ਖੇਤ ਮਜ਼ਦੂਰਾਂ ਦੇ ਖਾਣ-ਪੀਣ ਦੇ ਮਿਆਰ ਨੂੰ ਝੂਠੀਆਂ ਜਰਬਾਂ ਦੇਣ ਦੀ ਥਾਂ ਅਸਲੀਅਤ ਵਿਚ ਸਮਝਣ ਲਈ ਮੈਂ ਬਾਟੀ ਵਿਚਲੀ ਸਾਰੀ ਚਾਹ ਪੀਤੀ ਅਤੇ ਉਨ੍ਹਾਂ ਹਾਸ਼ੀਏ ਉਪਰਲੇ ਲੋਕਾਂ ਦੁਆਰਾ ਝੱਲੇ ਜਾਂਦੇ ਤਸੀਹਿਆਂ ਨੂੰ ਸਮਝਿਆ।

ਬਠਿੰਡਾ ਸ਼ਹਿਰ ਵਿਚ ਰਹਿੰਦਿਆਂ ਜਦੋਂ ਕਿਸੇ ਘਰ ਵਰਤਣ ਵਾਲੇ ਸਮਾਨ ਦੀ ਲੋੜ ਹੁੰਦੀ ਤਾਂ ਧੋਬੀ ਬਾਜ਼ਾਰ ਜਾਂਦੇ। ਉਥੋਂ ਦੇ ਦੁਕਾਨਦਾਰਾਂ ਦਾ ਵਰਤਾਅ ਦੇਖ ਕੇ ਪਿੰਡਾਂ-ਸ਼ਹਿਰਾਂ ਵਿਚ ਰਹਿਣ ਵਾਲੇ ਲੋਕਾਂ ਦੇ ਵਿਹਾਰ ਵਿਚ ਵਖਰੇਵੇਂ ਬਾਰੇ ਵਿਚਾਰ ਬਿਲਕੁਲ ਖਤਮ ਹੋ ਜਾਂਦੇ। ਜਦੋਂ ਕੋਈ ਸਮਾਨ ਲੈਣ ਲਈ ਮੋਹਨ ਰਾਮ ਦੀ ਦੁਕਾਨ ਉਤੇ ਜਾਣਾ ਤਾਂ ਮੋਹਨ ਰਾਮ ਦਾ ਸਵਾਲ ਹੁੰਦਾ ਸੀ, ਇਹ ਵਸਤ ਤੁਸੀਂ ਕੀ ਕਰਨੀ ਹੈ? ਜਵਾਬ ਮਿਲਣ 'ਤੇ ਉਨ੍ਹਾਂ ਨੇ ਕਹਿਣਾ ਕਿ ਤੁਹਾਨੂੰ ਇਹ ਵਸਤ ਨਹੀਂ ਚਾਹੀਦੀ। ਤੁਹਾਡੀ ਲੋੜੀਂਦੀ ਵਸਤ ਚਾਰ ਦੁਕਾਨਾਂ ਛੱਡ ਕੇ ਮੋਹਨ ਸਿੰਘ ਦੀ ਦੁਕਾਨ ਤੋਂ ਮਿਲੇਗੀ। ਉਥੋਂ ਦੇ ਸ਼ਹਿਰੀ ਦੁਕਾਨਦਾਰਾਂ ਵਿਚ ਕੋਈ ਧਰਮਾਂ ਅਤੇ ਜਾਤਾਂ ਬਾਰੇ ਜਾਨੂੰਨੀ ਭਾਵਨਾ ਨਹੀਂ, ਉਨ੍ਹਾਂ ਲਈ ਖਪਤਕਾਰ ਦੇ ਹਿੱਤ ਪ੍ਰਮੁੱਖ ਹਨ।

ਬਠਿੰਡੇ ਵਿਚ ਅਧਿਆਪਨ ਦਾ ਕੰਮ ਕਰਦੇ ਸਮੇਂ ਉਥੋਂ ਦੇ ਵਿਦਿਆਰਥੀਆਂ ਵਿਚ ਸਿੱਖਣ ਅਤੇ ਅੱਗੇ ਵਧਣ ਦੀ ਰੁਚੀ, ਵਿਦਿਆਰਥੀਆਂ ਵੱਲੋਂ ਆਪਣੇ ਅਧਿਆਪਕਾਂ ਨਾਲ ਮਾਪਿਆਂ ਵਰਗਾ ਵਰਤਾਅ ਬਹੁਤ ਹੀ ਸ਼ਲਾਘਾਯੋਗ ਸੀ। ਉਥੋਂ ਦੇ ਵਿਦਿਆਰਥੀਆਂ ਵੱਲੋਂ ਦਿੱਤਾ ਗਿਆ ਸਤਿਕਾਰ ਹਮੇਸ਼ਾ ਚੇਤੇ ਰਹੇਗਾ ਅਤੇ ਉਹ ਵਿਦਿਆਰਥੀ ਸਾਡੇ ਵੱਡੇ ਪਰਿਵਾਰ ਦੇ ਨੇਕ ਜੀਅ ਬਣੇ ਰਹਿਣਗੇ।

ਪੰਜਾਬੀ ਯੂਨੀਵਰਸਿਟੀ ਰੀਜਨਲ ਸੈਂਟਰ, ਬਠਿੰਡਾ ਪੜ੍ਹਾਉਣ ਸਮੇਂ ਕਈ ਘਰਾਂ ਵਿਚ ਕਿਰਾਏ ਉਪਰ ਰਹੇ ਅਤੇ ਉਨ੍ਹਾਂ ਘਰਾਂ ਦੀ ਚੰਗੀਆਂ ਯਾਦਾਂ ਹਮੇਸ਼ਾ ਮੇਰੇ ਨਾਲ ਰਹਿਣਗੀਆਂ। ਇਨ੍ਹਾਂ ਘਰਾਂ ਵਿਚੋਂ ਇਕ ਘਰ ਬੱਸ ਸਟੈਂਡ ਦੇ ਨਜ਼ਦੀਕ ਨੱਥਾ ਸਿੰਘ ਵਾਲੀ ਗਲੀ ਵਿਚ ਸ. ਆਤਮ ਸਿੰਘ ਸਮਾਘ ਹੋਣਾ ਦਾ ਹੈ। ਉਸ ਘਰ ਵਿਚ ਡਾ. ਸੁਰਜੀਤ ਸਿੰਘ ਭੱਟੀ, ਡਾ. ਬਲਵੀਰ ਸਿੰਘ ਚਹਿਲ ਅਤੇ ਮੈਂ ਇਕੱਠੇ ਰਹਿੰਦੇ ਸਾਂ। ਉਸ ਘਰ ਵਿਚ ਲੰਮਾ ਸਮਾਂ ਰਹਿਣ ਦੌਰਾਨ ਕਦੇ ਵੀ ਇਹ ਅਹਿਸਾਸ ਨਹੀਂ ਹੋਇਆ ਕਿ ਅਸੀਂ ਕਿਸੇ ਦੇ ਮਕਾਨ ਵਿਚ ਕਿਰਾਏ ਉਪਰ ਰਹਿੰਦੇ ਹਾਂ, ਕਿਉਂਕਿ ਜਿੰਨਾ ਕਿਰਾਇਆ ਅਸੀਂ ਦਿੰਦੇ ਸਾਂ, ਉਸ ਤੋਂ ਕਿਤੇ ਵੱਧ ਉਸ ਸਾਡੀ ਸੇਵਾ ਰੋਟੀ-ਪਾਣੀ, ਪੰਜੀਰੀ-ਖੋਏ ਅਤੇ ਹੋਰ ਅਨੇਕਾਂ ਤਰ੍ਹਾਂ ਕਰ ਦਿੰਦੇ ਸਨ।

ਜਦੋਂ 1987 ਦੇ ਆਖੀਰ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਲੈਕਚਰਾਰ ਦੀ ਮੇਰੀ ਚੋਣ ਹੋ ਗਈ ਤਾਂ ਪੂਰੇ ਸਮਾਘ ਪਰਿਵਾਰ ਨੇ ਸਾਨੂੰ ਚਾਹ-ਪਾਰਟੀ ਲਈ ਬੁਲਾਇਆ। ਸ. ਆਤਮਾ ਸਿੰਘ ਸਮਾਘ ਨੂੰ ਅਸੀਂ ਪਾਪਾ ਜੀ ਅਤੇ ਉਨ੍ਹਾਂ ਦੀ ਪਤਨੀ ਨੂੰ ਬੀਬੀ ਜੀ (ਮਾਂ) ਆਖਦੇ। ਚਾਹ-ਪਾਰਟੀ ਦੌਰਾਨ ਮੈਂ ਪਾਪਾ ਜੀ ਤੋਂ ਪੁੱਛਿਆ ਕਿ ਤੁਸੀਂ ਇੰਨੇ ਚੰਗੇ ਕਿਉਂ ਹੋ? ਉਨ੍ਹਾਂ ਨੇ ਜਵਾਬ ਦਿੱਤਾ ਕਿ ਸਹਿਕਾਰੀ ਬੈਂਕ ਵਿਚ ਮੈਨੇਜਰ ਦੀ ਨੌਕਰੀ ਕਰਨ ਦੌਰਾਨ ਉਹ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚ ਕਿਰਾਏ ਉਪਰ ਮਕਾਨਾਂ ਵਿਚ ਰਹਿ ਕੇ ਹੰਢਾਏ ਮਾੜੇ ਵਰਤਾਅ ਨੂੰ ਆਪਣੇ ਘਰ ਰੋਕਣਾ ਚਾਹੁੰਦੇ ਹਨ ਅਤੇ ਉਹ ਬਠਿੰਡੇ ਵਾਲੇ ਹਨ। ਮਾਨਸਾ-ਬਠਿੰਡਾ ਨਾਲ ਜੁੜੀਆਂ ਯਾਦਾਂ ਅਤੇ ਡਾ. ਧਰਮਪਾਲ ਦੁਆਰਾ ਬੰਦੇ ਤੋਂ ਇਨਸਾਨ ਬਣਨ ਲਈ ਦਿੱਤੇ ਗਏ ਸੁਝਾਅ ਅੱਜ ਦੇ ਬੇਲੋੜੇ ਨਿੱਜਵਾਦ ਅਤੇ ਤਿੱਖੇ ਪਦਾਰਥਵਾਦ ਦੀਆਂ ਕੁਰੀਤੀਆਂ/ਮਾਰਾਂ ਤੋਂ ਬਚਣ ਵਿਚ ਬਹੁਤ ਸਹਾਈ ਹੁੰਦੇ ਰਹਿਣਗੇ।

# ਬੈਚ ਫੁੱਲ ਰਾਕ ਰੋਜ਼: ਦਿਲ-ਕੰਬਾਊ ਭੈਅ

*(ਪਿਛਲੇ ਸਫੇ ਦੀ ਬਾਕੀ)*

ਨਾ ਕਰੇ ਕੋਈ ਵਿਸ਼ਵਾਸ ਤੇ ਹਸਪਤਾਲੀ ਇਲਾਜ ਵੀ ਉਵੇਂ ਚੱਲਣ ਦੇਵੇ। ਬਿਨਾ ਕੋਈ ਉਮੀਦ ਕਿਤਿਆਂ, ਬਸ ਪਾਣੀ ਸਮਝ ਕੇ, ਦੋ ਬੂੰਦਾਂ ਰਾਕ ਰੋਜ਼ ਮਰੀਜ਼ ਦੇ ਬੁੱਲਾਂ ਨੂੰ ਲਾ ਦੇਵੇ ਤੇ ਫਿਰ ਦੇਖੋ ਚਮਤਕਾਰ! ਫਿਰ ਸਮਝ ਪਵੇਗਾ ਹੋਮਿਓਪੈਥੀ ਤੇ ਬੈਚ ਫਲਾਵਰ ਪ੍ਰਣਾਲੀਆਂ ਦੇ ਪਰੰਪਰਾਗਤ ਦਵਾਈ ਪ੍ਰਣਾਲੀਆਂ ਤੋਂ ਉਲਟ ਹੋਣ ਦਾ ਰਾਜ਼।

ਪਿੱਛੇ ਜਿਹੇ ਹਿੰਦ ਦੇ ਅਖਬਾਰਾਂ ਵਿਚ ਬੜੀ ਚਰਚਾ ਚੱਲੀ ਸੀ ਕਿ ਕਰੋਨਾ ਦਾ ਇਲਾਜ ਕਰਦੇ ਹਜ਼ਾਰਾਂ ਡਾਕਟਰ ਇਸ ਬਿਮਾਰੀ ਨਾਲ ਮਰੇ ਹਨ। ਕਈਆਂ ਨੇ ਤਾਂ ਇੱਥੋਂ ਤੀਕ ਕਿਹਾ ਸੀ ਕਿ ਉਹ ਡਾਕਟਰ ਕਾਹਦੇ ਸਨ, ਜੋ ਆਪ ਇਸ ਵਬਾ ਦਾ ਸ਼ਿਕਾਰ ਹੋ ਗਏ। ਇਸ ਤਰ੍ਹਾਂ ਦੀ ਨਿੰਦਾ ਕਰਕੇ ਉਹ ਆਪਣੇ ਕਾਹਤੇ-ਦੁਸ਼ਾਂਦੇ ਕੱਢ ਲਿਆਏ ਤੇ ਇਨ੍ਹਾਂ ਨੂੰ ਕਰੋਨਾ ਦੀਆਂ "ਮਾਨਤਾਪ੍ਰਾਪਤ" ਦਵਾਈਆਂ ਦੱਸ ਕੇ ਵੇਚਣ ਲਗੇ; ਪਰ ਇਨ੍ਹਾਂ ਕਾਹੜਿਆਂ ਨੂੰ ਛਕ ਕੇ ਵੀ ਮਰੀਜ਼ ਮੌਤ ਦੇ ਡਰ ਨਾਲ ਥਰ ਥਰ ਕੰਬੀ ਗਏ। ਇਨ੍ਹਾਂ ਨਿੰਦਕਾਂ ਨੇ ਆਪਣੇ ਮੁਫਾਦ ਲਈ ਜਨਤਾ ਨੂੰ ਗੁਮਰਾਹ ਕੀਤਾ, ਲੁੱਟਿਆ ਤੇ ਮਰਨ ਦਿੱਤਾ। ਇਨ੍ਹਾਂ ਹੋਛੀ ਬੁੱਧੀ ਦੇ ਮਾਲਕ ਅਨਪੜ੍ਹਾਂ ਨੇ ਇਹ ਵੀ ਨਹੀਂ ਸੋਚਿਆ ਕਿ ਡਾਕਟਰ ਵੀ ਤਾਂ ਦੂਜੇ ਇਨਸਾਨਾਂ ਵਾਂਗੂੰ ਇਨਸਾਨ ਹੀ ਹਨ। ਡਾਕਟਰੀ ਦੇ ਡਿਗਰੀ ਤੇ ਚੋਲੇ ਪਹਿਨ ਕੇ ਉਹ ਬਿਮਾਰਾਂ ਤੋਂ ਮੁਕਤ ਤਾਂ ਨਹੀਂ ਹੋ ਜਾਂਦੇ। ਦੁਆਲੇ ਲਾਸ਼ਾਂ ਦੇ ਢੇਰ ਦੇਖ ਉਹ ਵੀ ਤਾਂ ਦਹਿਲ ਜਾਂਦੇ ਹੋਣਗੇ। ਜੇ ਦਹਿਲ ਜਾਂਦੇ ਹੋਣਗੇ ਤਾਂ ਬੀਮਾਰੀ ਦਾ ਸ਼ਿਕਾਰ ਵੀ ਹੋ ਜਾਂਦੇ ਹੋਣਗੇ। ਹੋਮਿਓਪੈਥੀ ਦਾ ਨਿਯਮ ਕਹਿੰਦਾ ਹੈ ਕਿ ਜੇ ਉਹ ਫੁੱਲ ਦਵਾਈ ਰਾਕ ਰੋਜ਼ ਲੈ ਲੈਣ ਤੇ ਲੈਂਦੇ ਰਹਿਣ ਤਾਂ ਉਹ ਬਿਮਾਰਾਂ ਦੀ ਵਧੇਰੇ ਬੇਖੌਫ ਸੇਵਾ ਕਰ ਸਕਦੇ ਹਨ।

ਜਿਥੋਂ ਤੀਕ ਡਾਕਟਰੀ ਪੇਸ਼ੇ ਨਾਲ ਸਬੰਧਤ ਕਾਰਜ ਕਰਮੀਆਂ ਦਾ ਤਾਅਲੁਕ ਹੈ, ਉਨ੍ਹਾਂ ਦੀ ਵਿਵਸਾਇਕ ਜ਼ਿੰਦਗੀ ਵਿਚ ਤਾਂ ਦਿਲ ਢਾਹੂ ਦ੍ਰਿਸ਼ ਆਉਂਦੇ ਹੀ ਰਹਿੰਦੇ ਹਨ। ਇਨ੍ਹਾਂ ਵਿਚੋਂ ਸਾਰੇ ਨਹੀਂ ਤਾਂ ਕੁਝ ਇਕ ਤਾਂ ਜਰੂਰ ਦਿਲ 'ਤੇ ਮਾਰੂ ਅਸਰ ਛੱਡ ਜਾਂਦੇ ਹੋਣਗੇ। ਐਵੇਂ ਤਾਂ ਨਹੀਂ ਕਹਿੰਦੇ ਕਿ ਸੈਮਿਉਲ ਹੈਨੀਮੈਨ ਜੋ ਇਕ ਐਲੋਪੈਥਿਕ ਡਾਕਟਰ ਸੀ, ਇਕ ਛੋਟੀ ਬੱਚੀ ਨੂੰ ਆਪਣੇ ਹੱਥਾਂ ਵਿਚ ਦਮ ਤੋੜਦਿਆਂ ਦੇਖ ਕੇ ਆਪਣੇ ਸਿਸਟਮ ਤੋਂ ਉਪਰਾਮ ਹੋ ਗਿਆ ਸੀ। ਇਸੇ ਕਾਰਨ ਉਸ ਨੇ ਨਵੀਂ ਖੋਜ ਕੀਤੀ ਤੇ ਹੋਮਿਓਪੈਥੀ ਨੂੰ ਈਜਾਦ ਕੀਤਾ। ਐਵੇਂ ਤਾਂ ਨਹੀਂ ਡਾ. ਜੇਮਜ਼ ਟੇਲਰ ਕੈਂਟ ਆਪਣੀ ਪਤਨੀ ਦੀ ਤਕਲੀਫ ਨਾ ਸਹਾਰਦਾ ਹੋਇਆ ਹੋਮਿਓਪੈਥ ਬਣ ਗਿਆ। ਬੜੀ ਲੰਬੀ ਸੂਚੀ ਹੈ ਉਨ੍ਹਾਂ ਲੋਕਾ ਦੀ, ਜੋ ਦਿਲ 'ਤੇ ਠੋਕਰ ਖਾ ਕੇ ਹੋਮਿਓਪੈਥੀ ਵਲ ਆਏ। ਸਖਤ ਦਿਲ ਹੋ ਕੇ ਵੀ ਬੜੇ ਸੰਵੇਦਨਸ਼ੀਲ ਹੋ ਸਕਦੇ ਹਨ, ਇਸ ਪੇਸ਼ੇ ਦੇ ਲੋਕ। ਉਨ੍ਹਾਂ ਨੂੰ ਆਪਣੇ ਬਚਾਓ ਲਈ ਰਾਕ ਰੋਜ਼ ਦੀ ਇਕ ਸ਼ੀਸ਼ੀ ਹਮੇਸ਼ਾ ਆਪਣੇ ਕੋਲ ਰੱਖਣੀ ਚਾਹੀਦੀ ਹੈ।

# ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ

## ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਬਿਲਾਵਲੁ ਮਹਲਾ ੫

ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥
ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ॥
ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ॥
ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ॥ ਰਹਾਉ॥
ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ॥
ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ॥
ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ॥
ਕੀਮਤ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ॥
ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣਨਿਧਿ ਤੇਰੀ ਬਾਣੀ॥
ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ॥

ਗੁਰੂ ਅਰਜਨ ਦੇਵ ਜੀ ਇਸ ਸੁੰਦਰ ਸ਼ਬਦ ਵਿਚ ਆਖਦੇ ਹਨ, ਹੇ ਭਾਈ! ਜਿਸ ਮਨੁੱਖ ਦੇ ਵੱਡੇ ਭਾਗ ਜਾਗ ਪੈਣ, ਉਸ ਦੇ ਮਨ ਨੂੰ ਉਸ ਮਿਹਰਬਾਨ ਪ੍ਰਭੂ ਦੇ ਪਿਆਰ ਦਾ ਗੂੜ੍ਹਾ ਲਾਲ ਰੰਗ ਚੜ੍ਹਦਾ ਹੈ; ਇਹ ਰੰਗ ਐਸਾ ਹੈ ਕਿ ਕਦੇ ਮੈਲਾ ਨਹੀਂ ਹੁੰਦਾ, ਭਾਵ ਇਸ ਨੂੰ ਵਿਕਾਰਾਂ ਦੀ ਮੈਲ ਜਾਂ ਦਾਗ ਨਹੀਂ ਲਗਦਾ।

ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ॥
ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ॥ ਰਹਾਉ॥

ਗੁਰੂ ਸਾਹਿਬ ਬਖਸ਼ਿਸ਼ ਕਰਦੇ ਹਨ, ਹੇ ਭਾਈ! ਜਿਸ ਮਨੁੱਖ ਨੇ ਸਾਰੇ ਸੁੱਖਾਂ ਦਾ ਮਾਲਕ ਪਰਮਾਤਮਾ ਲੱਭ ਲਿਆ, ਜਿਸ ਮਨੁੱਖ ਨੂੰ ਆਤਮਕ ਆਨੰਦ ਅਤੇ ਪ੍ਰੇਮ ਵਿਚ ਟਿਕ ਕੇ ਪ੍ਰਭੂ ਮਿਲ ਪਿਆ, ਉਹ ਅੰਦਰੋਂ ਸਦਾ ਹੀ ਆਤਮਕ ਅਡੋਲਤਾ ਵਿਚ ਲੀਨ ਰਹਿੰਦਾ ਹੈ। ਫਿਰ ਉਸ ਨੂੰ ਇੰਨਾ ਰਸ ਆਉਂਦਾ ਹੈ ਕਿ ਉਹ ਉਸ ਨੂੰ ਕਦੀ ਛੱਡ ਨਹੀਂ ਸਕਦਾ।

ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ॥
ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ॥

ਪਿਤਾ ਗੁਰਦੇਵ ਜੀ ਨਾਮ ਦੀ ਮਹਿਮਾ ਵਰਣਨ ਕਰਦੇ ਹਨ, ਹੇ ਭਾਈ! ਜਿਸ ਮਨੁੱਖ ਨੂੰ ਗੁਰੂ ਨੇ ਅਟੱਲ ਆਤਮਕ ਜੀਵਨ ਦੇ ਦਿੱਤਾ, ਫਿਰ ਉਸ ਦੀ ਆਤਮਕ ਉਚਤਾ ਨੂੰ ਕਦੀ ਬੁਢਾਪਾ ਨਹੀਂ ਆਉਂਦਾ, ਕਦੀ ਮੌਤ ਨਹੀਂ ਆਉਂਦੀ; ਉਹ ਮਨੁੱਖ ਆਤਮਕ ਉਚਾਈਆਂ ਦੇਣ ਵਾਲਾ ਨਾਮ ਰੂਪੀ ਅੰਮ੍ਰਿਤ ਪੀ ਕੇ ਮਾਇਆ ਦੀ ਭੁੱਖ ਵਲੋਂ ਰੱਜ ਜਾਂਦਾ ਹੈ, ਉਸ ਨੂੰ ਕੋਈ ਦੁੱਖ ਨਹੀਂ ਪੋਹ ਸਕਦਾ।

ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ॥
ਕੀਮਤ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ॥

ਸਤਿਗੁਰੂ ਪਿਤਾ ਜੀ ਅਤੀ ਸੁੰਦਰ ਦ੍ਰਿਸ਼ਟਾਂਤ ਦਿੰਦਿਆਂ ਸਾਨੂੰ ਸਮਝਾਉਣਾ ਕਰਦੇ ਹਨ, ਹੇ ਭਾਈ! ਇਸ ਨਾਮ ਰੂਪੀ ਅੰਮ੍ਰਿਤ ਦਾ ਸਵਾਦ ਉਹੀ ਜਾਣਦਾ ਹੈ, ਜਿਸ ਨੇ ਕਦੀ ਚੱਖ ਕੇ ਦੇਖਿਆ ਹੋਵੇ। ਪ੍ਰਭੂ ਦਾ ਨਾਮ ਕਿਸੇ ਵੀ ਦੁਨਿਆਵੀ ਦੌਲਤ ਦੇ ਵੱਟੇ ਵਿਚ ਨਹੀਂ ਖਰੀਦਿਆ ਜਾ ਸਕਦਾ। ਹੇ ਭਾਈ, ਹਰਿ ਨਾਮ ਦਾ ਮੁੱਲ ਵੀ ਨਹੀਂ ਦੱਸਿਆ ਜਾ ਸਕਦਾ, ਮੈਂ ਭਲਾ ਮੂੰਹ 'ਚੋਂ ਕਿਵੇਂ ਬੋਲ ਕੇ ਦੱਸਾਂ?

ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣਨਿਧਿ ਤੇਰੀ ਬਾਣੀ॥
ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਪਿਤਾ ਜੀ ਆਖ ਰਹੇ ਹਨ, ਹੇ ਮਿਹਰਬਾਨ ਪ੍ਰਭ ਜੀਓ! ਤੇਰਾ ਦਰਸ਼ਨ ਮਨੁੱਖਾ ਜਨਮ ਦਾ ਮਨੋਰਥ ਪੂਰਾ ਕਰਨ ਵਾਲਾ ਹੈ, ਤੇਰੀ ਸਿਫਤਿ ਸਾਲਾਹ ਦੀ ਬਾਣੀ ਸਾਰੇ ਗੁਣਾਂ ਦਾ ਖਜ਼ਾਨਾ ਹੈ। ਹੇ ਮਿਹਰਬਾਨ ਪ੍ਰਭ ਜੀ! ਨਾਨਕ ਆਖਦਾ ਹੈ, ਮੇਰੇ 'ਤੇ ਮਿਹਰ ਕਰੋ, ਮੈਂ ਤੇਰੇ ਸੇਵਕ ਦੇ ਪੈਰਾਂ ਦੀ ਖਾਕ ਹਾਸਲ ਕਰ ਸਕਾਂ, ਤੇਰੇ ਸੇਵਕ ਤੋਂ ਸਦਕੇ ਜਾਵਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਆਸਟ੍ਰੇਲੀਅਨ ਪ੍ਰਾਹੁਣਿਆਂ ਦਾ ਤਾਜ ਮਹੱਲ ਤੇ ਹਰਿਮੰਦਰ ਸਾਹਿਬ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੇਰੀ ਪੁਆਧ ਵਾਲੀ ਮਾਸੀ ਦਾ ਭਤੀਜਾ ਮਨਮੋਹਨ ਸਿੰਘ ਢਿੱਲੋਂ ਵੀ ਪੱਤਰਕਾਰੀ ਕਰਦਾ ਹੈ। ਉਸ ਦਾ ਪਿੰਡ ਡੇਰਾ ਬਸੀ ਦੇ ਨੇੜੇ ਸੁੰਢਰਾਂ ਖੇੜੀ ਹੈ, ਪਰ ਰੋਜ਼ੀ ਰੋਟੀ ਕਾਰਨ ਅੰਮ੍ਰਿਤਸਰ ਰਹਿ ਰਿਹਾ ਹੈ। ਉਸ ਦੇ ਬੱਚੇ ਆਸਟ੍ਰੇਲੀਆ ਦੇ ਵਸਨੀਕ ਹੋ ਚੁਕੇ ਹਨ। ਬੱਚਿਆਂ ਦੇ ਜਾਣੂ ਤੇ ਮਿੱਤਰ ਭਾਰਤ ਆਉਂਦੇ ਹਨ ਤਾਂ ਮਨਮੋਹਨ ਨੂੰ ਮਿਲੇ ਬਿਨਾ ਨਹੀਂ ਜਾਂਦੇ। ਉਹ ਮਹਿਮਾਨਾਂ ਦੀ ਚੰਗੀ ਦੇਖ-ਭਾਲ ਕਰਦਾ ਹੈ।

ਇੱਕ ਆਸਟ੍ਰੇਲੀਅਨ ਪਤੀ-ਪਤਨੀ ਤੇ ਉਨ੍ਹਾਂ ਦੀ ਸਹੇਲੀ ਅੰਮ੍ਰਿਤਸਰ ਆਈਆਂ ਤਾਂ ਮਨਮੋਹਨ ਉਨ੍ਹਾਂ ਨੂੰ ਹਰਿਮੰਦਰ ਸਾਹਿਬ ਲੈ ਗਿਆ। ਉਹ ਇਥੋਂ ਹਰਿਮੰਦਰ ਦੀ ਨਿਰਮਾਣ ਕਲਾ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਸੂਚਨਾ ਕੇਂਦਰ ਵਾਲਿਆਂ ਨੂੰ ਪੁੱਛਣ ਲੱਗੇ ਕਿ ਕੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਨ ਵਾਲਿਆਂ ਦੇ ਵੀ ਹੱਥ ਕੱਟ ਦਿੱਤੇ ਗਏ ਸਨ? ਉਨ੍ਹਾਂ ਨੇ ਇਹ ਸਵਾਲ ਕਿਉਂ ਕੀਤਾ ਇਹਦੇ ਵੱਲ ਵੀ ਆਉਂਦੇ ਹਾਂ, ਪਹਿਲਾਂ ਹੋਰ ਗੱਲਾਂ ਕਰ ਲਈਏ।

ਮਨਮੋਹਨ ਸਿੰਘ ਨੇ ਆਸਟ੍ਰੇਲੀਅਨ ਮਹਿਮਾਨਾਂ ਨੂੰ ਮੋਟੀ ਮੋਟੀ ਜਾਣਕਾਰੀ ਤਾਂ ਪਹਿਲਾਂ ਹੀ ਦੇ ਛੱਡੀ ਸੀ, ਪਰ ਅਸਲ ਜਾਣਕਾਰੀ ਸੂਚਨਾ ਕੇਂਦਰ ਦੇ ਸੂਚਨਾ ਅਧਿਕਾਰੀ ਨੇ ਦਿੱਤੀ। ਸਿੱਖ ਗੁਰੂ ਸਾਹਿਬਾਨ ਦੀ ਪਹੁੰਚ ਅਤੇ ਮਰਿਆਦਾ ਸਮੇਤ ਮਹਾਰਾਜਾ ਰਣਜੀਤ ਸਿੰਘ ਦੇ ਯੋਗਦਾਨ ਅਤੇ ਇੱਥੇ ਨਤਮਸਤਕ ਹੋਣ ਵਾਲੇ ਸ਼ਰਧਾਲੂਆਂ ਦੇ ਧਰਮ ਨਿਰਪੱਖ ਹੋਣ ਦੀ ਗੱਲ ਵੀ ਹੋਈ ਤੇ ਸਾਂਝੇ ਲੰਗਰ ਦੀ ਵੀ। ਮਹਿਮਾਨਾਂ ਨੇ ਫਰਸ਼ 'ਤੇ ਬਹਿ ਕੇ ਸੰਗਤਾਂ ਨਾਲ ਲੰਗਰ ਛਕਿਆ, ਜਿਸ ਦੇ ਪੈਸੇ ਦੇਣ ਦਾ ਸਵਾਲ ਹੀ ਨਹੀਂ ਸੀ। ਉਨ੍ਹਾਂ ਨੂੰ ਇਥੋਂ ਦੇ ਸਰੋਵਰ ਤੇ ਚਾਰ ਦਰਵਾਜ਼ਿਆਂ ਦਾ ਮਹੱਤਵ ਵੀ ਦੱਸਿਆ ਗਿਆ। ਕੋਈ ਦਾਖਲਾ ਟਿਕਟ ਨਹੀਂ ਖਰੀਦਣੀ ਪਈ। ਇਥੇ ਹੀ ਬੱਸ ਨਹੀਂ, ਤੁਰਨ ਲੱਗਿਆ ਉਨ੍ਹਾਂ ਦਾ ਪ੍ਰਸ਼ਾਦ ਤੇ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਉਹ ਗਦ ਗਦ ਹੋ ਉਠੇ।

ਮਨਮੋਹਨ ਢਿੱਲੋਂ ਦੇ ਤਿੰਨੋਂ ਮਹਿਮਾਨ ਤਿੰਨ ਦਿਨ ਅੰਮ੍ਰਿਤਸਰ ਰਹੇ। ਉਹ ਹਰ ਰੋਜ਼ ਆਪਣੇ ਹੋਟਲ ਤੋਂ ਤਿਆਰ ਹੋ ਕੇ ਅੰਮ੍ਰਿਤਸਰ ਦੇ ਇਤਿਹਾਸਕ ਸਥਾਨ ਵੇਖਣ ਤੁਰ ਜਾਂਦੇ, ਪਰ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਬਹਿਣਾ, ਕੀਰਤਨ ਸੁਣਨਾ (ਭਾਵੇਂ ਉਨ੍ਹਾਂ ਨੂੰ ਸਮਝ ਨਹੀਂ ਸੀ ਆਉਂਦਾ) ਤੇ ਵੇਲੇ ਸਿਰ ਲੰਗਰ ਛਕਣਾ ਨਾ ਖੁੰਝਾਉਂਦੇ।

ਤੁਰਨ ਲੱਗਿਆਂ ਮਨਮੋਹਨ ਸਿੰਘ ਦਾ ਸ਼ੁਕਰਾਨਾ ਕਰਦੇ ਸਮੇਂ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਹਰਿਮੰਦਰ ਫੇਰੀ ਤੋਂ ਇਕ ਅਦਭੁਤ ਸਕੂਨ ਮਿਲਦਾ ਸੀ। ਇਥੇ ਆਉਣ ਵਾਲਿਆਂ ਉੱਤੇ ਕੋਈ ਧਾਰਮਿਕ ਪਾਬੰਦੀ ਨਹੀਂ ਸੀ। ਕਿਸੇ ਵੀ ਧਰਮ ਦਾ ਬੰਦਾ ਆ-ਜਾ ਸਕਦਾ ਸੀ। ਕੋਈ ਟਿਕਟ ਨਹੀਂ ਸੀ ਲਗਦੀ।

ਉਹ ਇੱਥੇ ਆਉਣ ਤੋਂ ਪਹਿਲਾਂ ਆਗਰਾ




ਦਾ ਤਾਜ ਮਹੱਲ ਵੇਖ ਕੇ ਆਏ ਸਨ। ਤਾਜ ਮਹੱਲ ਵੇਖਣ ਗਿਆਂ ਉਨ੍ਹਾਂ ਤੋਂ ਵਿਦੇਸ਼ੀ ਹੋਣ ਕਾਰਨ ਦਾਖਲਾ ਟਿਕਟਾਂ ਦੇ ਪੈਸੇ ਭਾਰਤੀਆਂ ਦੀ ਟਿਕਟ ਨਾਲੋਂ ਕਈ ਗੁਣਾ ਵਧ ਮੰਗੇ ਗਏ ਸਨ। ਇਸ ਨੂੰ ਉਸਾਰਨ ਵਾਲਿਆਂ ਦੇ ਹੱਥ ਕੱਟੇ ਜਾਣ ਦੀ ਗੱਲ ਉਥੋਂ ਦੇ ਗਾਈਡ ਨੇ ਕਹੀ ਸੀ, ਪੂਰਾ ਮਿਰਚ ਮਸਾਲਾ ਲਾ ਕੇ। ਉਸਾਰੀ ਤੋਂ ਪਿਛੋਂ ਉਸਰਈਆਂ ਦੇ ਹੱਥ ਇਸ ਲਈ ਕੱਟ ਦਿੱਤੇ ਗਏ ਸਨ ਕਿ ਉਹ ਇਸ ਤਰ੍ਹਾਂ ਦੀ ਵਧੀਆ ਤੇ ਕਲਾਤਮਕ ਉਸਾਰੀ ਮੁੜ ਨਾ ਕਰ ਸਕਣ। ਗਾਈਡ ਨੇ ਕਿਹਾ ਸੀ।

ਮਨਮੋਹਣ ਢਿੱਲੋਂ ਨੇ ਵੇਖਿਆ ਕਿ ਜਾਣ ਲੱਗਿਆਂ ਉਨ੍ਹਾਂ ਦੇ ਹੱਥ ਵਿਚ ਪਲਾਸਟਿਕ ਦੀ ਕੇਨੀ ਸੀ, ਜਿਸ ਵਿਚ ਉਹ ਹਰਿਮੰਦਰ ਸਾਹਿਬ ਦੇ ਸਰੋਵਰ ਦਾ ਪਵਿੱਤਰ ਜਲ ਧੁਰ ਆਸਟ੍ਰੇਲੀਆ ਨੂੰ ਲੈ ਕੇ ਜਾ ਰਹੇ ਸਨ। ਆਸਟ੍ਰੇਲੀਆ ਤੋਂ ਕੋਈ ਵੀ ਆਉਂਦਾ ਹੈ ਤਾਂ ਮਨਮੋਹਨ ਸਿੰਘ ਨੂੰ ਨਵੀਂ ਗੱਲ ਮਿਲ ਜਾਂਦੀ ਹੈ; ਪਰ ਇਹ ਵਾਲੀ ਜੋੜੀ ਤੇ ਉਨ੍ਹਾਂ ਦੀ ਸਹੇਲੀ ਦੀ ਫੇਰੀ ਮਨਮੋਹਨ ਦੇ ਮਨ ਵਿਚ ਸਦਾ ਲਈ ਵੱਸ ਗਈ ਹੈ। ਉਹ ਇਹ ਗੱਲ ਕਈ ਬੈਠਕਾਂ ਵਿਚ ਦੱਸ ਚੁਕਾ ਹੈ, ਤਾਜ ਮਹਲ ਦਾ ਹਵਾਲਾ ਦੇ ਕੇ।

**ਜਸਵੰਤ ਕੰਵਲ ਦੀ ਉਮਰ ਦੇ ਹਮ-ਜਮਾਤੀ ਦਾ ਤੁਰ ਜਾਣਾ:** ਮੈਂ ਜਸਵੰਤ ਸਿੰਘ ਕੰਵਲ ਤੋਂ ਡੇਢ ਦਹਾਕਾ ਛੋਟਾ ਹਾਂ। ਮੈਨੂੰ ਉਸ ਦੇ ਹਾਣੀ ਵਾਲੀ ਬਜ਼ੁਰਗੀ ਦੇਣ ਵਾਲਾ ਮੇਰਾ ਹਮ-ਜਮਾਤੀ ਗੁਰਬਚਨ ਸਿੰਘ ਸੀ, ਜੋ ਜੁਲਾਈ ਮਹੀਨੇ 102 ਸਾਲ ਦੀ ਲੰਮੀ ਉਮਰ ਭੋਗ ਕੇ ਚੱਲ ਵੱਸਿਆ ਹੈ। ਉਸ ਨੇ ਮੇਰੇ ਤੇ ਮਨਮੋਹਣ ਸਿੰਘ (ਸਰਵਜੀਤ ਸਿੰਘ ਆਈ. ਏ. ਐਸ. ਦੇ ਪਿਤਾ) ਨਾਲ ਨਵੀਂ ਦਿੱਲੀ ਵਿਖੇ ਪੰਜਾਬ ਯੂਨੀਵਰਸਿਟੀ ਕੈਂਪਸ ਕਾਲਜ ਤੋਂ ਮਾਸਟਰਜ਼ ਦੀ ਪੜ੍ਹਾਈ ਕੀਤੀ ਸੀ। ਇਹ ਕਾਲਜ ਮਾਸਟਰ ਤਾਰਾ ਸਿੰਘ ਦੇ ਭਰਾ ਨਿਰੰਜਣ ਸਿੰਘ ਦੇ ਉੱਦਮ ਨਾਲ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਦੇ ਭਲੇ ਲਈ ਸਥਾਪਤ ਕੀਤਾ ਗਿਆ ਸੀ। ਉਹ ਦਿਨ ਵੇਲੇ ਨੌਕਰੀ ਕਰਕੇ ਸ਼ਾਮ ਨੂੰ ਇਸ ਕਾਲਜ ਵਿਚ ਪੜ੍ਹ ਸਕਦੇ ਸਨ। ਇਥੇ ਨਾ ਹੀ ਉਮਰ ਦੀ ਬੰਦਿਸ਼ ਸੀ ਤੇ ਨਾ ਹੀ ਸ਼ਰਨਾਰਥੀ ਹੋਣ ਦੀ। ਮਨਮੋਹਨ ਸਿੰਘ ਦੇ ਮਾਪੇ ਪੋਠੋਹਾਰ ਤੋਂ ਆਏ ਸਨ ਤੇ ਗੁਰਬਚਨ ਸਿੰਘ ਦੇ ਸਿੰਧ ਵਲੋਂ। ਮੈਂ ਮਾਹਿਲਪੁਰ ਦੇ ਕਾਲਜ ਤੋਂ ਡਿਗਰੀ ਲੈ ਕੇ ਨੌਕਰੀ ਦੀ ਭਾਲ ਵਿਚ ਦਿੱਲੀ ਪਹੁੰਚਿਆ ਸਾਂ। ਮੈਂ ਜਮਾਤ ਵਿਚ ਸਭ ਤੋਂ ਛੋਟਾ ਸਾਂ, ਮਨਮੋਹਣ ਮੇਰੇ ਤੋਂ ਅੱਠ ਸਾਲ ਵੱਡਾ, ਤੇ ਗੁਰਬਚਨ ਸਿੰਘ ਉਨ੍ਹਾ ਹੀ ਮਨਮੋਹਨ ਨਾਲੋਂ।

ਥੋੜ੍ਹਾ ਪਿਛੋਂ ਮਨਮੋਹਣ ਦੀ ਸ਼ਾਦੀ ਗੁਰਬਚਨ ਸਿੰਘ ਦੀ ਭਾਣਜੀ ਬਲਬੀਰ ਕੌਰ ਨਾਲ ਹੋ ਗਈ। ਸਮੇਂ ਨਾਲ ਅਸੀਂ ਤਿੰਨੋਂ ਦੂਰ ਦੂਰ ਜਾ ਵੱਸੇ। ਮੈਂ ਚੰਡੀਗੜ੍ਹ ਆ ਗਿਆ ਤੇ ਮਨਮੋਹਣ ਸਿੰਘ ਆਪਣੀ ਧੀ ਰੋਜ਼ੀ ਤੇ ਜਵਾਈ ਸ਼ੈਲੇਂਦਰ ਕੋਲ ਇੰਗਲੈਂਡ ਚਲਾ ਗਿਆ। ਦੋਵੇਂ ਮੈਡੀਕਲ ਡਾਕਟਰ ਹਨ। ਮੈਨੂੰ ਆਪਣੇ ਹਮ-ਜਮਾਤੀ ਤੇ ਨਾਵਲਕਾਰ ਕੰਵਲ ਦੇ ਹਾਣੀ ਗੁਰਬਚਨ ਸਿੰਘ ਦੇ ਅਕਾਲ ਚਲਾਣੇ ਦੀ ਖਬਰ ਵਲਾਇਤੋਂ ਆਈ ਹੈ। ਉਦਾਸੀ ਤਾਂ ਹੋਈ, ਪਰ ਏਨੀ ਨਹੀਂ। ਲੰਮੀ ਉਮਰ ਭੋਗ ਕੇ ਗਿਆ ਹੈ!

**ਅੰਤਿਕਾ: (ਨਜ਼ੀਰ ਅੱਬਾਸ)**
ਜਿਗਰਾ ਏ ਤਾਂ ਜਰ ਜਾਨਾ ਵਾਂ,
ਇਹ ਨਾ ਸਮਝੀਂ ਡਰ ਜਾਨਾ ਵਾਂ।
ਉਹ ਡੁੱਬਦੇ ਜੋ ਪੱਥਰ ਹੋਵਣ,
ਫੁੱਲ ਹਾਂ, ਤਾਹੀਓਂ ਤਰ ਜਾਨਾ ਵਾਂ।

# ਪੰਜਾਬ

ਅਵਤਾਰ ਸਿੰਘ
ਫੋਨ: 91-94175-18384

ਅੱਜ ਕੱਲ੍ਹ ਪੰਜਾਬ ਵਿਚ ਸਿਆਸੀ ਅਫਰਾ-ਤਫਰੀ (ਇਫਰਾਤ-ਤਫਰੀਤ), ਹੜਬੜੀ ਤੇ ਖਲਬਲੀ ਮਚੀ ਹੋਈ ਹੈ ਕਿ ਕੁਝ ਵੀ ਕਹਿਣਾ ਮੁਸ਼ਕਿਲ ਹੋਇਆ ਪਿਆ ਹੈ। ਸਾਡਾ ਸਾਰਾ ਪੰਜਾਬ ਅਜੀਬ ਕਿਸਮ ਦੇ ਸ਼ਸ਼ੋਪੰਜ ਵਿਚ ਹੈ। ਆਮ ਬੰਦੇ ਦੀ ਹਾਲਤ ਇਸ ਤਰ੍ਹਾਂ ਦੀ ਹੈ, ਜਿਵੇਂ ਉਹ ਹੁੰਦਾ ਹੀ ਨਹੀਂ। ਆਮ ਇਨਸਾਨ ਦੀ ਇਹ ਹਾਲਤ ਹੋਵੇ ਤਾਂ ਬਹੁਤੀ ਬੜੀ ਗੱਲ ਨਹੀਂ ਹੁੰਦੀ; ਬੰਦਾ ਤਾਂ ਇਸੇ ਕਰਕੇ ਆਮ ਹੁੰਦਾ ਹੈ, ਕਿਉਂਕਿ ਉਹਦੀ ਹਾਲਤ ਹਮੇਸ਼ਾ ਹੀ ਇਹੋ ਜਿਹੀ ਰਹਿੰਦੀ ਹੈ, ਜਿਵੇਂ ਉਹ ਹੁੰਦਾ ਹੀ ਨਹੀਂ। ਪਰ ਅਫਸੋਸ ਦੀ ਗੱਲ ਇਹ ਹੈ ਕਿ ਪੰਜਾਬ ਦੇ ਪੜ੍ਹੇ-ਲਿਖੇ, ਸੂਝਵਾਨ ਤੇ ਸੰਵੇਦਨਸ਼ੀਲ ਵਿਦਵਾਨ ਵੀ ਇਸੇ ਹਾਲਤ ਵਿਚੋਂ ਗੁਜ਼ਰ ਰਹੇ ਹਨ, ਜਿਵੇਂ ਉਹ ਹੁੰਦੇ ਹੀ ਨਹੀਂ।

ਇਹ ਤਾਂ ਨਹੀਂ ਮੰਨਿਆ ਜਾ ਸਕਦਾ ਕਿ ਪੰਜਾਬ ਵਿਚ ਬੌਧਿਕਤਾ ਤੇ ਵਿਦਵਤਾ ਦਾ ਕਾਲ ਪੈ ਗਿਆ ਹੈ, ਪਰ ਇਹ ਗੱਲ ਜ਼ਰੂਰ ਹੋ ਸਕਦੀ ਹੈ ਕਿ ਜਾਂ ਤਾਂ ਵਿਦਵਾਨਾਂ ਦੀ ਕੋਈ ਸੁਣਦਾ ਨਹੀਂ ਜਾਂ ਉਹ ਸ਼ਾਇਦ ਇਸੇ ਕਰਕੇ ਚੁੱਪ ਹਨ ਕਿ ਉਨ੍ਹਾਂ ਦੀ ਕੋਈ ਸੁਣਦਾ ਨਹੀਂ। ਜੇ ਇਹ ਗੱਲ ਠੀਕ ਹੈ ਤਾਂ ਸਾਡੇ ਚੁੱਪ ਵਿਦਵਾਨ ਵੀ ਠੀਕ ਹਨ। ਭਲਾ ਜਿੱਥੇ ਕੋਈ ਸੁਣਨ ਵਾਲਾ ਹੀ ਨਾ ਹੋਵੇ, ਉੱਥੇ ਕੋਈ ਬੋਲੇ ਵੀ ਕਿਉਂ?

ਪੰਜਾਬ ਇਸ ਵਕਤ ਘੋਰ ਸੰਕਟ ਵਿਚ ਘਿਰਿਆ ਹੋਇਆ ਹੈ। ਹੋਰ ਮੁਸ਼ਕਿਲ ਗੱਲ ਇਹ ਹੈ ਕਿ ਪੰਜਾਬ ਦਾ ਸੰਕਟ ਵੀ ਬਹੁ-ਪਰਤੀ ਹੈ। ਇਕ ਪਰਤ ਦਾ ਹੱਲ ਦੂਜੀ ਪਰਤ ਲਈ ਉਜਾੜੇ ਦਾ ਕਾਰਨ ਬਣਦਾ ਹੈ ਤੇ ਪੰਜਾਬ ਦਾ ਇਤਿਹਾਸ ਇਸੇ ਤਰ੍ਹਾਂ ਪਰਤ ਦਰ ਪਰਤ ਚੱਲਦਾ ਆ ਰਿਹਾ ਹੈ। ਪੰਜਾਬ ਦੇ ਹਰੇ ਇਨਕਲਾਬ ਨੇ ਬਾਕੀ ਦੇ ਤਮਾਮ ਇਨਕਲਾਬ ਟਿੱਡੀ-ਦਲ ਦੀ ਤਰ੍ਹਾਂ ਚਟਮ ਕਰ ਦਿੱਤੇ ਹਨ।

ਅਸੀਂ ਹਮੇਸ਼ਾ ਕਾਹਲੀ ਤੋਂ ਕੰਮ ਲਿਆ। ਦੀਰਘ ਵਿਚਾਰ ਵਿਮਰਸ਼ ਸਾਡੇ ਸੁਭਾਓ ਦਾ ਹਿੱਸਾ ਨਹੀਂ ਹੋ ਸਕਿਆ। ਕਾਹਲੀ ਦੇ ਖੱਡਿਆਂ ਵਿਚ ਅਸੀਂ ਅਣਗਿਣਤ ਠੇਡੇ ਖਾ ਚੁਕੇ ਹਾਂ। ਹੁਣ ਇਸ ਹਾਲਤ ਵਿਚ ਦੀਰਘ ਬੌਧਿਕਤਾ ਤੇ ਵਿਸ਼ਾਲ ਵਿਦਵਤਾ ਤੋਂ ਬਿਨਾ ਸਾਡੇ ਕੋਲ ਕੋਈ ਚਾਰਾ ਨਹੀਂ ਰਿਹਾ।

ਪੰਜਾਬ ਨੂੰ ਇਸ ਹਾਲਤ ਵਿਚੋਂ ਬਾਹਰ ਕੱਢਣ ਲਈ ਹਮੇਸ਼ਾ ਹੀ ਅਨੇਭੜ, ਅਨਾੜੀ ਤੇ ਅਨਪੜ੍ਹ ਲੋਕ ਅੱਗੇ ਹੋ ਜਾਂਦੇ ਹਨ ਤੇ ਪੜ੍ਹੇ-ਲਿਖੇ ਲੋਕਾਂ ਤੋਂ ਤਵੱਕੋ ਰੱਖਦੇ ਹਨ ਕਿ ਉਹ ਅਜਿਹੇ ਨਾਮਾਕੂਲ ਲੋਕਾਂ ਦੀ ਨਾਲਾਇਕੀ ਨੂੰ ਪਿੱਛਿਓਂ ਧੱਕਾ ਲਾਉਣ ਜਾਂ ਘਰੇ ਬਹਿ ਕੇ ਬਸ ਤਾੜੀਆਂ ਮਾਰਨ ਤੇ ਖੁਸ਼ ਹੋਣ।

ਇਸ ਹਾਲਤ ਵਿਚ ਸੂਖਮ ਬੁੱਧ ਵਿਦਵਾਨ ਤਾੜੀ ਮਾਰਨ ਦੀ ਥਾਂ ਤਾੜੀ ਲਾ ਕੇ ਸੁੰਨ ਮੁਦਰਾ ਵਿਚ ਬਹਿ ਜਾਂਦੇ ਹਨ ਤੇ ਦੂਸਰੇ ਟੱਪ ਟੱਪ ਕੇ ਤਾੜੀਆਂ ਮਾਰਨ ਵਿਚ ਮਸ਼ਰੂਫ ਹੋ ਜਾਂਦੇ ਹਨ। ਪੰਜਾਬ ਵਿਚ ਅੱਜ ਕੱਲ੍ਹ ਤਾੜੀ ਮਾਰਕਾ ਵਿਦਵਤਾ ਤੇ ਵਿਦਵਾਨਾਂ ਦੀ ਭਰਮਾਰ ਹੈ। ਸਾਰੇ ਪਾਸੇ ਤਾੜੀਆਂ ਹੀ ਸੁਣਨ ਨੂੰ ਮਿਲਦੀਆਂ ਹਨ। ਸੂਝਵਾਨ, ਸਚਿਆਰੇ ਤੇ ਸੰਵੇਦਨਸ਼ੀਲ ਵਿਦਵਾਨ ਤਾੜੀ ਲਾਈ ਚੁਮਾਸੇ ਕੱਟ ਰਹੇ ਹਨ।

ਦੇਖਿਆ ਗਿਆ ਹੈ ਕਿ ਪੰਜਾਬ ਵਿਚ ਜਦ ਵੀ ਕੋਈ ਸਿਆਸੀ ਹਰਕਤ ਹੁੰਦੀ ਹੈ ਤਾਂ ਸਾਡੀਆਂ ਅਖਬਾਰਾਂ ਪੱਬਾਂ ਭਾਰ ਹੋ ਜਾਂਦੀਆਂ ਹਨ, ਪੱਤਰਕਾਰਾਂ ਦੇ ਪੈਰ ਭਾਰੇ ਹੋ ਜਾਂਦੇ ਹਨ, ਸੋਸ਼ਲ ਮੀਡੀਏ 'ਚ ਭਗਦੜ ਮਚ ਜਾਂਦੀ ਹੈ ਤੇ ਲੋਕਾਂ 'ਚ ਹਲਚਲ ਹੋਣ ਲੱਗਦੀ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਹੈ, "ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ" ਅਰਥਾਤ ਅੰਨ੍ਹੀ ਅਤੇ ਅਨਪੜ੍ਹ ਪਰਜਾ ਨੇ ਸਿਆਸੀ ਮੁੱਦਿਆਂ ਨੂੰ ਭਖਦੇ, ਮਘਦੇ ਜਾਂ ਦਗਦੇ ਰੱਖਣ ਲਈ ਹਮੇਸ਼ਾ ਬਾਲਣ ਹੀ ਬਣਨਾ ਹੁੰਦਾ ਹੈ। ਜਿਸ ਸਮਾਜ ਦੇ ਸਿਆਣੇ ਲੋਕ ਭੋਰਿਆਂ 'ਚ ਵੜ ਕੇ ਤਾੜੀ ਲਾ ਲੈਣ ਉਸ ਸਮਾਜ ਜਾਂ ਪਰਜਾ ਨੇ ਸਿਰਫ ਬਾਲਣ ਦੇ ਕੰਮ ਹੀ ਆਉਣਾ ਹੁੰਦਾ ਹੈ।

ਇਸੇ ਕਰਕੇ ਅੱਜ ਕੱਲ੍ਹ ਅਸੀਂ ਪੰਜਾਬੀ ਲੋਕ ਸਿਰਫ ਬਾਲਣ ਦੇ ਕੰਮ ਆਉਂਦੇ ਹਾਂ। ਬਾਲਣ ਵੀ ਟਾਲ੍ਹੀ ਦੇ ਮੋਛੇ ਵਾਲਾ ਨਹੀਂ ਕਿ ਜਿਹਨੂੰ ਥੋੜ੍ਹੇ ਕੀਤੇ ਅੱਗ ਪਵੇ ਨਾ ਤੇ ਜੇ ਪਵੇ ਤਾਂ ਥੋੜ੍ਹੇ ਕੀਤੇ ਬੁਝੇ ਨਾ। ਅਸੀਂ ਤਾਂ ਖੋਰੀ ਹਾਂ, ਜਿਹਨੂੰ ਅੱਗ ਦੇ ਫਲੂਹੇ ਦੇ ਨੇੜੇ ਆਉਂਦੇ ਹੀ ਭਲੂੰਬੇ ਉੱਠਦੇ ਹਨ ਤੇ ਅਗਲੇ ਪਲ ਅਸੀਂ ਬੁਝ ਕੇ ਰਾਖ ਬਣੇ ਹੁੰਦੇ ਹਾਂ। ਸਾਡਾ ਕੰਮ ਹੁਣ ਏਨਾ ਹੀ ਰਹਿ ਗਿਆ ਹੈ, ਬਸ ਭੜਕਣਾ, ਭੁੜਕਣਾ ਤੇ ਭੜਕ ਭੁੜਕ ਕੇ ਡਿਗਣਾ। ਸਹਿਜ, ਸੂਝ ਤੇ ਸੰਵੇਦਨਸ਼ੀਲਤਾ ਸਾਡੇ ਕੋਲੋਂ ਕੋਹਾਂ ਦੂਰ ਰਹਿੰਦੀ ਹੈ। ਇਸ ਹਾਲ ਵਿਚ ਕੋਈ ਉਮੀਦ ਨਹੀਂ ਹੈ। ਵਿਦਵਾਨ ਮੂੰਹ ਖੋਲ੍ਹਣਗੇ ਤਾਂ ਗੱਲ ਬਣੇਗੀ, ਨਹੀਂ ਤਾਂ ਜੋ ਹੈ, ਸੋ ਹੈ। ਪੰਜਾਬ ਨਿੱਤ ਗਰਕ ਰਿਹਾ ਹਾਂ। ਪ੍ਰਗਤੀ ਨੂੰ ਪਿਛਾਂਹ ਖਿਚੀ ਖਾ ਰਹੀ ਹੈ। ਸੂਰਜ ਨੂੰ ਕੁਰਜ ਨਿਗਲ ਰਿਹਾ ਹੈ। ਚੰਗੇ ਨੂੰ ਮੰਦੇ ਬਰਬਾਦ ਕਰ ਰਹੇ ਹਨ। ਸੱਚ ਨੂੰ ਝੂਠ ਖਾ ਰਿਹਾ ਹੈ। ਨਕਲ ਨੇ ਅਕਲ ਦੀ ਥਾਂ ਲੈ ਲਈ ਹੈ ਤੇ ਧਰਮ ਦੀ ਥਾਂ ਅਧਰਮ ਦਾ ਬੋਲ ਬਾਲਾ ਹੋ ਗਿਆ ਹੈ। ਹੁਣ ਪੰਜਾਬ ਪੰਜਾਬ ਨਹੀਂ ਰਿਹਾ। ਪੁੰਨ ਦੇ ਨਾਂ 'ਤੇ ਵੱਸਦਾ ਰਸਦਾ ਪੰਜਾਬ ਪਾਪ ਦਾ ਪਰਿਆਇ ਹੋ ਗਿਆ ਹੈ।

# ਭੂਤਾਂ ਵਾਲਾ ਬਾਬਾ ਦੌੜ ਗਿਆ

ਨਰਿੰਦਰ ਸਿੰਘ ਢਿੱਲੋਂ
ਫੋਨ: 1-587 436 4032

ਗੱਲ ਜ਼ਰਾ ਪੁਰਾਣੀ ਹੈ, ਮੈਂ ਉਦੋਂ ਅਜੇ ਨੌਜਵਾਨ ਸਾਂ। ਮੈਂ ਡੇਰਾ ਬਾਬਾ ਨਾਨਕ ਦੇ ਸਕੂਲ ਵਿਚ ਆਪਣੇ ਸਟਾਫ ਨਾਲ ਬੈਠਾ ਹੋਇਆ ਸਾਂ। ਸਕੂਲ ਦੇ ਕੁਝ ਕੰਮਕਾਰ ਕਰਵਾਉਣ ਲਈ ਅਸੀਂ ਪਿੰਡ ਦੇ ਸਰਪੰਚ ਤੇ ਦੋ ਤਿੰਨ ਹੋਰ ਸੂਝਵੇ ਹੋਏ ਬੰਦਿਆਂ ਅਤੇ ਆਪਣੇ ਸੈਂਟਰ ਮੁੱਖ ਅਧਿਆਪਕ ਨੂੰ ਸੱਦਿਆ ਹੋਇਆ ਸੀ। ਅਸੀਂ ਸਾਰੇ ਬੈਠੇ ਸਲਾਹ ਮਸ਼ਵਰਾ ਕਰ ਰਹੇ ਸਾਂ, ਜਦੋਂ ਸਕੂਲ ਦੇ ਨੇੜੇ ਤੋਂ ਲੰਘਦੀ ਹੋਈ ਬਟਾਲਾ ਸੜਕ ਤੋਂ ਬੱਸ ਵਿਚੋਂ ਇਕ ਚਿੱਟ ਕੱਪੜੀਆ ਬਜ਼ੁਰਗ ਉਤਰਿਆ। ਉਸ ਬਜ਼ੁਰਗ ਨੂੰ ਵੇਖਦਿਆਂ ਹੀ ਸਰਪੰਚ ਨੇ ਕਿਹਾ, "ਲਓ ਜੀ! ਬਾਬਾ ਆ ਗਿਆ ਜੇ। ਬੜਾ ਜ਼ਾਹਰਾ ਬੰਦਾ ਹੈ। ਇਸ ਕੋਲ ਕਾਲਾ ਇਲਮ ਹੈ, ਜਿਸ ਕਰਕੇ ਇਨ੍ਹੇ ਭੂਤ ਵੱਸ ਕੀਤੇ ਹੋਏ ਹਨ। ਇਹ ਕਿਸੇ ਨੂੰ ਆਪਣੇ ਅੱਗੇ ਅੜਨ ਨਹੀਂ ਦਿੰਦਾ ਅਤੇ ਕਿਸੇ ਦਾ ਲਿਹਾਜ਼ ਨਹੀਂ ਕਰਦਾ।"

ਇਹ ਗੱਲਾਂ ਸੁਣ ਕੇ ਅਸੀਂ ਸਾਰਿਆਂ ਨੇ ਕੰਨ ਖੜ੍ਹੇ ਕਰ ਲਏ। ਸਾਨੂੰ ਬੈਠਿਆਂ ਵੇਖ ਕੇ ਬਾਬਾ ਆਪਣੇ ਆਪ ਹੀ ਸਾਡੇ ਵੱਲ ਆ ਗਿਆ। ਅਸੀਂ ਬਾਬਾ ਜੀ ਦੀ ਆਓ ਭਗਤ ਕੀਤੀ, ਬੈਠਣ ਲਈ ਕੁਰਸੀ ਦਿੱਤੀ ਅਤੇ ਪਾਣੀ-ਧਾਣੀ ਪੁੱਛਿਆ। ਬੈਠਦਿਆਂ ਹੀ ਸਰਪੰਚ ਸਾਹਿਬ ਨੇ ਬਾਬਾ ਜੀ ਨੂੰ ਪੁੱਛਿਆ, "ਅੱਜ ਕਿੱਥੋਂ ਆਏ ਹੋ?" ਬਾਬੇ ਨੇ ਬੜੇ ਹੰਕਾਰ ਭਰੇ ਲਹਿਜੇ ਵਿਚ ਕਿਹਾ, "ਮੈਂ ਆਪਣੀਆਂ ਫੌਜਾਂ ਭੇਜੀਆਂ ਹੋਈਆਂ ਸਨ ਕਿਸੇ ਥਾਂ 'ਤੇ, ਉੱਥੋਂ ਕਿਸੇ ਦਾ ਕੰਮ ਕਰਵਾ ਕੇ ਲੈ ਕੇ ਆਇਆ ਹਾਂ।" ਵਿਗਿਆਨਕ ਸੋਚ ਦਾ ਧਾਰਨੀ ਹੋਣ ਕਰਕੇ ਮੈਨੂੰ ਪਤਾ ਸੀ ਕਿ ਇਸ ਬਾਬੇ ਨੇ ਐਵੇਂ ਲੋਕਾਂ ਨੂੰ ਭਰਮ ਭੁਲੇਖਿਆਂ ਵਿਚ ਪਾ ਕੇ ਤੇ ਡਰਾਵੇ ਦੇ ਕੇ ਡਰਾ ਕੇ ਰੱਖਿਆ ਹੋਇਆ ਹੋਵੇਗਾ। ਸਾਡੇ ਬਹੁਤੇ ਲੋਕਾਂ ਦੀ ਮਾਨਸਿਕਤਾ ਵੀ ਅੰਧ-ਵਿਸ਼ਵਾਸਾਂ ਭਰਪੂਰ ਹੈ।

ਮੈਥੋਂ ਰਿਹਾ ਨਾ ਗਿਆ ਅਤੇ ਮੈਂ ਪੁੱਛ ਹੀ ਲਿਆ, "ਬਾਬਾ ਜੀ, ਤੁਸੀਂ ਤਾਂ ਇਕੱਲੇ ਹੀ ਹੋ, ਫੌਜਾਂ ਕਿਹੜੀਆਂ ਹਨ?" ਮੇਰੇ ਪੁੱਛਣ 'ਤੇ ਉਹ ਮੈਨੂੰ ਅੱਖਾਂ ਕੱਢ ਕੇ ਪਿਆ, "ਕਿਉਂ! ਤੈਨੂੰ ਚਾਅ ਹੈ ਫੌਜਾਂ ਵੇਖਣ ਦਾ?"

ਮੈਂ ਕਿਹਾ, "ਹਾਂ ਜੀ, ਮੈਨੂੰ ਵਿਖਾ ਦਿਉ ਤਾਂ ਤੁਹਾਡੀ ਮਿਹਰਬਾਨੀ ਹੋਵੇਗੀ।" ਬਾਬਾ ਕੜਕਿਆ, "ਉਹ ਫੌਜਾਂ ਦਿੱਸਦੀਆਂ ਨਹੀਂ ਹੁੰਦੀਆਂ, ਅੱਛਾ! ਤੈਨੂੰ ਛੁਡਾਉਣਾ ਕਿਸੇ ਨਹੀਂਓਂ। ਤੈਨੂੰ ਜੁਆਨੀ ਲੜਦੀ ਪਈ ਆ, ਸਾਂਭ ਕੇ ਰੱਖ ਇਨ੍ਹੂੰ! ਤੇਰੇ ਵਰਗਿਆਂ ਦਾ ਮੁੜ ਕੇ ਖੁਰਾ-ਖੋਜ ਵੀ ਨਹੀਂ ਲੱਭਦਾ ਹੁੰਦਾ, ਸਮਝਿਆ?" ਬਾਬਾ ਭੜਕ ਪਿਆ ਤੇ ਇੱਕੋ ਸਾਹੇ ਕਹਿ ਗਿਆ।

ਇਹ ਵੇਖ ਕੇ ਪਿੰਡ ਦੇ ਦੋ ਪਤਵੰਤੇ ਮੇਰੇ ਨਾਲ ਅੱਖਾਂ 'ਚ ਅੱਖਾਂ ਪਾ ਕੇ ਮੈਨੂੰ ਚੁੱਪ ਰਹਿਣ ਲਈ ਇਸ਼ਾਰੇ ਕਰ ਰਹੇ ਸਨ। ਮੇਰੀ ਉਮਰ ਤੋਂ ਕਾਫੀ ਵੱਡੀ ਇਕ ਅਧਿਆਪਕਾ ਨੇ ਮੈਨੂੰ ਮੋਢੇ ਤੋਂ ਹੁਲਾਰਾ ਮਾਰ ਕੇ ਘੂਰਿਆ, "ਨਰਿੰਦਰ ਚੁੱਪ ਨਹੀਂ ਕਰਦਾ!"

ਮੈਂ ਸਾਰਿਆਂ ਦੇ ਇਸ਼ਾਰੇ ਨਜ਼ਰਅੰਦਾਜ਼ ਕਰਕੇ ਬੜੀ ਹਲੀਮੀ ਨਾਲ ਗੱਲ ਕਰਦਾ ਰਿਹਾ। ਜਿਉਂ ਜਿਉਂ ਬਾਬਾ ਗਰਮ ਹੁੰਦਾ ਗਿਆ, ਮੈਂ ਤਿਉਂ ਤਿਉਂ ਠੰਢੇ ਮਨ ਨਾਲ ਗੱਲਾਂ ਕਰੀ ਗਿਆ। ਮੈਂ ਫਿਰ ਕਿਹਾ, "ਬਾਬਾ ਜੀ! ਮੇਰੇ ਨਾਲ ਜੋ ਹੋਊ ਮੈਂ ਜ਼ਿੰਮੇਵਾਰ ਹਾਂ, ਤੁਸੀਂ ਮੈਨੂੰ ਨਾ ਛੁਡਾਇਓ, ਪਰ ਤੁਸੀਂ ਮੈਨੂੰ ਆਪਣੀਆਂ ਫੌਜਾਂ ਜ਼ਰੂਰ ਵਿਖਾਓ।"

ਬਾਬਾ ਹੋਰ ਉੱਚੀ ਉੱਚੀ ਬੋਲਣ ਲੱਗ ਪਿਆ, "ਤੈਨੂੰ ਅੱਤ ਦਾ ਬੁਖਾਰ ਚੜ੍ਹ ਜਾਣਾ ਈ, ਸਰੀਰ ਵਿਚ ਕਿੱਲ ਵੱਜਣੇ ਅਤੇ ਤੂੰ ਲਹੂ-ਲੁਹਾਣ ਹੋ ਜਾਣਾ ਏਂ, ਤੇਰੇ ਅੰਦਰ ਨਾ ਕੋਈ ਦਵਾਈ, ਨਾ ਪਾਣੀ ਲੰਘਣਾ ਈ, ਤੂੰ ਮਰਨ ਕਿਨਾਰੇ ਪੁੱਜ ਜਾਣਾ ਏਂ। ਫੇਰ ਮੈਨੂੰ ਨਾ 'ਵਾਜਾਂ ਮਾਰੀਂ। ਆਹ ਵੇਖ ਲਓ ਤੁਸੀਂ ਕਿੰਨੇ ਬੰਦੇ ਸੁਣਦੇ ਓਂ, ਮੈਂ ਬਚਾਉਣ ਨਹੀਂ ਆਉਣਾ।"

ਮੈਂ ਕਿਹਾ, "ਬਾਬਾ ਜੀ, ਤੁਸੀਂ ਮੈਨੂੰ ਨਾ ਬਚਾਇਓ, ਪਰ ਮੈਂ ਤੁਹਾਡੀਆਂ ਫੌਜਾਂ ਜ਼ਰੂਰ ਵੇਖਣੀਆਂ ਹਨ।" ਮੇਰੇ ਇਹ ਕਹਿਣ 'ਤੇ ਬਾਬੇ ਦਾ ਰੋਹਬ ਥੋੜ੍ਹਾ ਹੇਠਾਂ ਆ ਗਿਆ ਤੇ ਕਹਿਣ ਲੱਗਾ, "ਅੱਛਾ, ਅੱਜ ਤਾਂ ਮੈਂ ਫੌਜਾਂ ਕਿਸੇ ਹੋਰ ਥਾਂ ਭੇਜਣੀਆਂ ਨੇ, ਭਲਕੇ ਤੂੰ ਸਕੂਲ ਜ਼ਰੂਰ ਆਵੀਂ, ਕਿਤੇ ਦੌੜ ਨਾ ਜਾਵੀਂ।"

ਮੈਂ ਕਿਹਾ, "ਠੀਕ ਹੈ, ਮੈਂ ਸਵੇਰੇ ਨੌਂ ਵੱਜਣ ਤੋਂ ਪਹਿਲਾਂ ਹੀ ਸਕੂਲ ਹੋਵਾਂਗਾ, ਤੁਸੀਂ ਫੌਜਾਂ ਲੈ ਕੇ ਆ ਜਾਇਓ।" ਇਹ ਸੁਣ ਕੇ ਬਾਬਾ ਉਠਿਆ ਅਤੇ ਬੜੇ ਗੁੱਸੇ ਨਾਲ ਮੇਰੇ ਵੱਲ ਵੇਖਦਾ ਹੋਇਆ ਬੁੜਬੁੜਾਉਂਦਾ ਤੁਰ ਪਿਆ। ਦਸ ਕੁ ਕਦਮ ਤੁਰ ਕੇ ਉਹ ਫਿਰ ਵਾਪਸ ਆ ਗਿਆ। "ਅਜੇ ਵੀ ਸੋਚ ਲੈ ਕਾਕਾ, ਜੁਆਨੀ ਦਾ ਬਹੁਤਾ ਮਾਣ ਨਹੀਂ ਕਰੀਦਾ। ਤੇਰੀ ਮੇਰੇ ਹੱਥੋਂ ਹੀ ਮੌਤ ਜਾਪਦੀ ਆ, ਮੇਰੇ ਸਾਹਮਣੇ ਅਜੇ ਤਕ ਕੋਈ ਖੰਘਿਆ ਨਹੀਂ, ਤੂੰ ਕਿੱਥੋਂ ਜੰਮਿਆ ਮੇਰੀ ਫੌਜ ਵੇਖਣ ਵਾਲਾ। ਮੇਰੇ ਹੱਥੋਂ ਮਰ ਗਿਓਂ ਨਾ, ਤੂੰ ਕੰਜਰਾਂ ਦੀ ਜੂਨੇ ਪੈਣਾ ਅਗਾਂਹ ਜਾ ਕੇ।"

ਮੈਂ ਕਿਹਾ, "ਬਾਬਾ ਜੀ! ਤੁਸੀਂ ਮੇਰੀ ਜੂਨ ਦੀ ਕੋਈ ਚਿੰਤਾ ਨਾ ਕਰੋ, ਤੁਸੀਂ ਕੱਲ੍ਹ ਫੌਜਾਂ ਲੈ ਕੇ ਆ ਜਾਇਓ।" "ਵੇਖ ਲਵਾਂਗਾ, ਤੈਨੂੰ ਸਮਝ ਲੱਗ ਜਾਊ ਕਿਸੇ ਨਾਲ ਵਾਹ ਪਿਆ ਸੀ।" ਇਹ ਕਹਿੰਦਾ ਬਾਬਾ ਚਲਾ ਗਿਆ।

ਉਹਦੇ ਜਾਣ ਤੋਂ ਬਾਅਦ ਮੇਰਾ ਸਟਾਫ ਤੇ ਪਿੰਡ ਦੇ ਪਤਵੰਤੇ ਘਬਰਾਏ ਹੋਏ ਕਹਿਣ ਲੱਗ ਪਏ, "ਇਹ ਬੜਾ ਔਂਤਰਾ ਬੰਦਾ ਹੈ ਮਾਸਟਰ ਜੀ। ਇਹਨੇ ਭੂਤ ਪ੍ਰੇਤ ਆਪਣੇ ਵੱਸ ਕੀਤੇ ਹੋਏ ਨੇ, ਤੁਹਾਨੂੰ ਉਸ ਨਾਲ ਬਹਿਸ ਨਹੀਂ ਕਰਨੀ ਚਾਹੀਦੀ ਸੀ।" ਮੈਂ ਕਿਹਾ, "ਤੁਸੀਂ ਚਿੰਤਾ ਨਾ ਕਰੋ, ਕੁਝ ਨਹੀਂ ਹੋਵੇਗਾ।"

ਮੈਂ ਅਗਲੇ ਦਿਨ ਨੌਂ ਵਜੇ ਤੋਂ ਪਹਿਲਾਂ ਹੀ ਸਕੂਲ ਪਹੁੰਚ ਗਿਆ ਤੇ ਬਾਬੇ ਨੂੰ ਉਡੀਕਣ ਲੱਗਾ। ਮੇਰਾ ਸਟਾਫ ਘਬਰਾਇਆ ਹੋਇਆ ਸੀ ਕਿ ਪਤਾ ਨਹੀਂ ਅੱਜ ਕੀ ਹੋ ਜਾਣਾ ਹੈ। ਗਿਆਰਾਂ ਕੁ ਵਜੇ ਮੇਰਾ ਸੈਂਟਰ ਮੁੱਖ ਅਧਿਆਪਕ ਸਕੂਲ ਆਇਆ। ਉਹ ਦੂਰੋਂ ਹੀ ਮੁਸਕਰਾਉਂਦਾ ਆ ਰਿਹਾ ਸੀ। ਮੈਂ ਦੱਸਿਆ ਕਿ ਮੈਂ ਬਾਬੇ ਨੂੰ ਉਡੀਕ ਰਿਹਾ ਹਾਂ। ਉਹ ਹੱਸਣ ਲੱਗ ਪਿਆ, "ਉਹ ਬਾਬਾ ਮੈਨੂੰ ਹੁਣੇ ਡੇਰਾ ਬਾਬਾ ਨਾਨਕ ਬਾਜ਼ਾਰ ਵਿਚ ਮਿਲਿਆ ਸੀ ਤੇ ਮੈਂ ਉਹਨੂੰ ਕਿਹਾ ਸੀ ਕਿ ਬਾਬਾ ਜੀ ਤੁਸੀਂ ਤਾਂ ਫੌਜਾਂ ਲੈ ਕੇ ਕੱਲ੍ਹ ਵਾਲੇ ਸਕੂਲ ਜਾਣਾ ਸੀ, ਉਹ ਤੁਹਾਨੂੰ ਉਡੀਕਦੇ ਹੋਣਗੇ, ਤਾਂ ਬਾਬੇ ਨੇ ਨੀਵੀਂ ਜਿਹੀ ਪਾ ਕੇ ਉੱਤਰ ਦਿੱਤਾ, 'ਨਹੀਂ ਜਾਣਾ ਜੀ, ਉਹ ਪੜ੍ਹੇ-ਲਿਖੇ ਬੰਦੇ ਨੇ ਉਨ੍ਹਾਂ ਨਾਲ ਕੀ ਮੁਕਾਬਲਾ ਕਰਨਾ ਜੀ ਅਸੀਂ।' ਇਹ ਕਹਿ ਕੇ ਬਾਬਾ ਚਲਾ ਗਿਆ ਤੇ ਮੇਰੇ ਕੋਲ ਖਲੋਤਾ ਵੀ ਨਹੀਂ।"

ਇੰਜ ਭੂਤਾਂ ਵਾਲਾ ਬਾਬਾ ਦੌੜ ਗਿਆ।

# ਫਰਾਹ ਦਾ ਫੰਡਾ



ਕੋਰੀਓਗ੍ਰਾਫਰ-ਨਿਰਦੇਸ਼ਕ ਫਰਾਹ ਖਾਨ ਨੇ ਹਾਲ ਹੀ ਵਿਚ ਕ੍ਰਿਕਟਰ ਮਹਿੰਦਰ ਸਿੰਘ ਧੋਨੀ ਦੀ ਐਡ (ਕਮਰਸ਼ੀਅਲ) ਦਾ ਨਿਰਦੇਸ਼ਨ ਕੀਤਾ ਹੈ। ਇਸ ਬਾਰੇ ਫਰਾਹ ਨੇ ਕਿਹਾ, "ਮੈਂ ਉਸ ਨੂੰ ਪਹਿਲੀ ਵਾਰ ਮਿਲੀ। ਮੈਂ ਤੁਹਾਨੂੰ ਦੱਸ ਨਹੀਂ ਸਕਦੀ ਕਿ ਉਹ ਕਿੰਨੀ ਸ਼ਾਨਦਾਰ ਸ਼ਖਸੀਅਤ ਦਾ ਮਾਲਕ ਹੈ। ਉਹ ਬਿਲਕੁਲ ਜ਼ਮੀਨ ਨਾਲ ਜੁੜਿਆ ਇਨਸਾਨ ਹੈ। ਸਾਨੂੰ ਸ਼ੂਟਿੰਗ ਦੌਰਾਨ ਚਾਰ-ਪੰਜ ਵਾਰ ਉਸ ਦੇ ਕੱਪੜੇ ਬਦਲਣੇ ਪਏ ਅਤੇ ਉਸ ਨੇ ਇੱਕ ਵਾਰ ਵੀ ਸ਼ਿਕਾਇਤ ਨਹੀਂ ਕੀਤੀ।" ਫਰਾਹ ਨੇ ਦੱਸਿਆ, "ਪੰਜ ਮਿੰਟਾਂ ਵਿਚ ਹੀ ਅਸੀਂ ਇਸ ਤਰ੍ਹਾਂ ਗੱਲਾਂ ਕਰਨ ਲੱਗ ਪਏ ਜਿਵੇਂ ਅਸੀਂ ਲੰਮੇ ਸਮੇਂ ਤੋਂ ਇੱਕ-ਦੂਜੇ ਨੂੰ ਜਾਣਦੇ ਹੋਈਏ। ਉਹ ਮੇਰੀ ਵੈਨ ਵਿਚ ਖਾਣਾ ਖਾਣ ਵੀ ਆਇਆ। ਉਸ ਨਾਲ ਕੰਮ ਕਰ ਕੇ ਬਹੁਤ ਖੁਸ਼ੀ ਹੋਈ। ਉਹ ਬਹੁਤ ਪਿਆਰਾ ਇਨਸਾਨ ਹੈ।"

ਯਾਦ ਰਹੇ ਕਿ ਫਰਹਾ ਖਾਨ ਦੀ ਦੋਸਤੀ ਅਤੇ ਦੋਸਤਾਂ ਨਾਲ ਵਿਗਾੜ ਪੈਣ ਦੇ ਬੜੇ ਕਿੱਸੇ ਪ੍ਰਚਲਿਤ ਹਨ। ਉਸ ਬਾਰੇ ਮਸ਼ਹੂਰ ਹੈ ਕਿ ਉਹ ਕਿਸੇ ਵੀ ਸ਼ਖਸ ਤੋਂ ਪ੍ਰਭਾਵਿਤ ਬਹੁਤ ਜਲਦ ਹੁੰਦੀ ਹੈ। ਹੋਰ ਤਾਂ ਹੋਰ ਵਿਆਹ ਦੇ ਮਾਮਲੇ ਵਿਚ ਵੀ ਉਸ ਨਾਲ ਇਹੀ ਕੁਝ ਹੋਇਆ। ਸਿਰੀਸ਼ ਕੁੰਦਰ ਉਹਦੀ ਫਿਲਮ 'ਮੈਂ ਹੂੰ ਨਾ' ਦਾ ਐਡੀਟਰ ਸੀ। ਇਸ ਫਿਲਮ ਦੇ ਨਿਰਮਾਣ ਦੌਰਾਨ ਹੀ ਦੋਵੇਂ ਨੇੜੇ ਆਏ ਅਤੇ 2004 ਵਿਚ ਹੀ ਉਨ੍ਹਾਂ ਦਾ ਵਿਆਹ ਹੋ ਗਿਆ। ਇਹ ਫਿਲਮ ਵੀ 2004 ਵਿਚ ਹੀ ਰਿਲੀਜ਼ ਹੋਈ ਸੀ। ਅਦਾਕਾਰ ਸ਼ਾਹਰੁਖ ਖਾਨ ਨਾਲ ਲੜਾਈ ਵਾਲਾ ਕਿੱਸਾ ਤਾਂ ਫਿਲਮੀ ਦੁਨੀਆ ਅੰਦਰ ਬੇਹੱਦ ਮਸ਼ਹੂਰ ਹੈ। 9 ਜਨਵਰੀ 1965 ਨੂੰ ਜਨਮੀ ਫਰਹਾ ਖਾਨ ਮੁਢਲੇ ਰੂਪ ਵਿਚ ਤਾਂ ਡਾਂਸਰ ਅਤੇ ਕੋਰੀਓਗ੍ਰਾਫਰ ਹੈ ਪਰ ਉਸ ਨੇ ਫਿਲਮਸਾਜ਼ੀ ਤੋਂ ਇਲਾਵਾ ਅਦਾਕਾਰਾ ਵਜੋਂ ਵੀ ਆਪਣੀ ਕਲਾ ਦੇ ਜੌਹਰ ਦਿਖਾਏ ਹਨ ਅਤੇ ਫਿਲਮ ਨਿਰਮਾਤਾ ਵੀ ਬਣੀ ਹੈ।

# ਸਾਦਗੀ ਤੇ ਅਦਾਕਾਰੀ ਦਾ ਮੁੱਜਸਮਾ ਆਇਜ਼ਾ ਖਾਨ

ਆਇਜ਼ਾ ਖਾਨ ਦਾ ਅਸਲ ਨਾਂ ਕਿਨਜ਼ਾ ਖਾਨ ਹੈ ਪਰ ਉਹ ਅੱਜ ਕੱਲ੍ਹ ਆਪਣੇ ਸਟੇਜੀ ਨਾਂ ਆਇਜ਼ਾ ਖਾਨ ਨਾਲ ਹੀ ਮਸ਼ਹੂਰ ਹੈ। 15 ਜਨਵਰੀ 1991 ਨੂੰ ਜਨਮੀ ਇਸ ਅਦਾਕਾਰਾ ਦਾ ਜਨਮ ਕਰਾਚੀ (ਸਿੰਧ, ਪਾਕਿਸਤਾਨ) ਵਿਚ ਹੋਇਆ ਸੀ ਅਤੇ ਉਹ ਹੁਣ ਤੱਕ ਕਈ ਪਾਕਿਸਤਾਨੀ ਡਰਾਮਿਆਂ ਵਿਚ ਲੀਡ ਰੋਲ ਨਿਭਾ ਚੁੱਕੀ ਹੈ ਅਤੇ ਆਪਣੀ ਅਦਾਕਾਰੀ ਦੀ ਖੂਬ ਮਹਿਮਾ ਕਰਵਾ ਚੁੱਕੀ ਹੈ। ਇਸੇ ਸਾਲ ਅਪਰੈਲ-ਮਈ ਦੌਰਾਨ ਉਸ ਦਾ ਲੜੀਵਾਰ 'ਚੁਪਕੇ ਚੁਪਕੇ' ਵਾਹਵਾ ਚਰਚਿਤ ਹੋਇਆ ਸੀ ਜਿਸ ਵਿਚ ਉਸ ਨੇ ਆਪਣੀ ਉਮਦਾ ਕਲਾਕਾਰੀ ਸਦਕਾ ਸਭ ਨੂੰ ਕਾਇਲ ਕਰ ਲਿਆ। ਇਹ ਇਕ ਅਜਿਹੇ ਨਵਾਬ ਪਰਿਵਾਰ ਦੀ ਕਹਾਣੀ ਹੈ ਜਿਸ ਦੀ ਮੌਤ ਹੋ ਜਾਂਦੀ ਹੈ ਅਤੇ ਉਸ ਦੀਆਂ ਦੋ ਬੇਗਮਾਂ ਵਿਚਕਾਰ ਲੜਾਈ-ਝਗੜਾ ਆਰੰਭ ਹੋ ਜਾਂਦਾ ਹੈ।

ਆਇਜ਼ਾ ਖਾਨ ਉਦੋਂ ਅਜੇ ਸਕੂਲ ਵਿਚ ਹੀ ਪੜ੍ਹਦੀ ਸੀ ਜਦੋਂ ਉਸ ਨੇ 'ਪੈਂਟੀਨ ਸ਼ਾਈਨ ਪ੍ਰਿੰਸਸ' ਮੁਕਾਬਲੇ ਵਿਚ ਹਿੱਸਾ ਲਿਆ ਅਤੇ ਉਹ ਪਹਿਲੀ ਰਨਰ-ਅੱਪ ਬਣੀ। ਇਸ ਤੋਂ ਛੇਤੀ ਬਾਅਦ ਹੀ ਉਸ ਨੂੰ ਇਸ਼ਤਿਹਾਰਾਂ ਲਈ ਮਾਡਲ ਵਜੋਂ ਕੰਮ ਕਰਨ ਦੀ ਪੇਸ਼ਕਸ਼ ਆ ਗਈ। ਕਾਲਜ ਦੇ ਦਿਨਾਂ ਦੌਰਾਨ ਉਹਨੇ ਮਾਡਲਿੰਗ ਦੇ ਮਾਮਲੇ ਵਿਚ ਵਾਹਵਾ ਸੰਜੀਦਗੀ ਦਿਖਾਈ। ਬਤੌਰ ਅਦਾਕਾਰਾ ਉਸ ਨੇ ਆਪਣਾ ਕਰੀਅਰ 18 ਸਾਲ ਦੀ ਉਮਰ ਵਿਚ ਸ਼ੁਰੂ ਕਰ ਲਿਆ ਸੀ। ਸਿੱਟੇ ਵਜੋਂ ਉਸ ਦੀ ਪੜ੍ਹਾਈ ਪਿਛਾਂਹ ਪੈਂਦੀ ਗਈ। 'ਤੁਮ ਜੋ ਮਿਲੇ' ਵਿਚ ਉਸ ਨੇ ਸਹਾਇਕ ਅਦਾਕਾਰਾ ਵਾਲਾ ਕਿਰਦਾਰ ਨਿਭਾਇਆ ਸੀ ਅਤੇ ਫਿਰ ਕਈ ਲੜੀਵਾਰਾਂ ਵਿਚ ਉਸ ਨੂੰ ਅਜਿਹੇ ਰੋਲ ਮਿਲੇ। ਫਿਰ 'ਟੂਟੇ ਹੂਏ ਪਰ' ਵਿਚ ਉਸ ਨੂੰ ਲੀਡ ਰੋਲ ਮਿਲਿਆ। ਇਹ 2011 ਦੀ ਗੱਲ ਹੈ। ਉਸ ਤੋਂ ਬਾਅਦ ਤਾਂ ਉਹ ਨੇ 'ਅਕਸ', 'ਕਹੀ ਅਨਕਹੀ', 'ਅਧੂਰੀ ਔਰਤ' ਵਰਗੇ ਕਈ ਲੜੀਵਾਰਾਂ ਵਿਚ ਅਦਾਕਾਰੀ ਕੀਤੀ।




# ਪੰਜਾਬੀ ਸਿਨਮਾ ਦੇ ਗੁੰਮਨਾਮ ਸਿਤਾਰੇ

ਪੰਜਾਬੀ ਸਿਨੇਮਾ ਦੇ ਇਹ ਉਹ ਕਲਾਕਾਰ ਹਨ ਜਿਹੜੇ ਪੰਜਾਬੀ ਸਿਨੇਮਾ ਦਾ ਮੁੱਢ ਬੱਝਣ ਦੌਰਾਨ ਇਸ ਦਾ ਹਿੱਸਾ ਸਨ ਪਰ ਬਾਅਦ ਵਿਚ ਇਹ ਕਿੱਧਰ ਚਲੇ ਗਏ, ਇਸ ਬਾਰੇ ਕੋਈ ਕੁਝ ਨਹੀਂ ਜਾਣਦਾ। ਇਕ-ਦੋ ਫਿਲਮਾਂ ਕਰਨ ਤੋਂ ਬਾਅਦ ਇਨ੍ਹਾਂ ਬਾਰੇ ਕੋਈ ਉੱਘ ਸੁੱਘ ਨਹੀਂ ਮਿਲੀ।

**ਕੁੰਦਨ ਲਾਲ ਰਾਜਪਾਲ:** ਕੇ. ਐਲ. ਰਾਜਪਾਲ (ਕੁੰਦਨ ਲਾਲ ਰਾਜਪਾਲ) ਦੀ ਪੈਦਾਇਸ਼ 1910 ਨੂੰ ਗੁੱਜਰਾਂਵਾਲਾ ਵਿਚ ਹੋਈ। ਮੁਢਲੀ ਤਾਲੀਮ ਗੁੱਜਰਾਂਵਾਲਾ ਤੋਂ ਹਾਸਲ ਕਰਨ ਤੋਂ ਬਾਅਦ ਕੁੰਦਨ ਆਲ ਇੰਡੀਆ ਰੇਡੀਓ, ਲਾਹੌਰ ਦੇ ਗਾਇਕ ਮੁਕੱਰਰ ਹੋ ਗਏ ਅਤੇ ਹੌਲੀ-ਹੌਲੀ ਇਨ੍ਹਾਂ ਦੀ ਦਿਲਚਸਪੀ ਫਿਲਮਾਂ ਵੱਲ ਹੋ ਗਈ। ਜਦੋਂ ਹਰਿਆਣਾ ਦੇ ਪੰਜਾਬੀ ਗੱਭਰੂ ਕੇ. ਡੀ. ਮਹਿਰਾ ਉਰਫ ਕ੍ਰਿਸ਼ਨ ਦੇਵ ਮਹਿਰਾ (1907-1995) ਨੇ ਫਿਲਮਸਾਜ਼ੀ ਵਿਚ ਪੰਜਾਬੀ ਸਿਨੇ ਇਤਿਹਾਸ ਦੀ ਦੂਜੀ ਪੰਜਾਬੀ ਫੀਚਰ ਫਿਲਮ 'ਸ਼ੀਲਾ' ਉਰਫ 'ਪਿੰਡ ਦੀ ਕੁੜੀ' (1936) ਸ਼ੁਰੂ ਕੀਤੀ ਤਾਂ ਇਸ ਵਿਚ ਹੋਰਨਾਂ ਫਨਕਾਰਾਂ ਦੇ ਨਾਲ ਕੇ. ਐਲ. ਰਾਜਪਾਲ ਨੂੰ ਨਵੇਂ ਹੀਰੋ ਵਜੋਂ ਲਿਆ ਗਿਆ।

ਕੁੰਦਨ ਨੇ ਇਸ ਫਿਲਮ ਵਿਚ ਕੇਦਾਰ ਦਾ ਕਿਰਦਾਰ ਨਿਭਾਇਆ ਜਿਸ ਦੇ ਹਮਰਾਹ ਨਵਾਬ ਬੇਗਮ ਮੱਬੀ ਪਿੰਡ ਦੀ ਕੁੜੀ 'ਸ਼ੀਲਾ' ਦਾ ਟਾਈਟਲ ਕਿਰਦਾਰ ਨਿਭਾ ਰਹੀ ਸੀ। 153 ਮਿੰਟ ਦੀ ਇਹ ਫਿਲਮ 25 ਮਾਰਚ 1937 ਨੂੰ ਪੈਲੇਸ ਥੀਏਟਰ, ਲਾਹੌਰ ਵਿਚ ਨੁਮਾਇਸ਼ ਹੋਈ ਸੀ। 28 ਮਾਰਚ 1937 ਦੇ 'ਦਿ ਡੇਲੀ ਇਨਕਲਾਬ' (ਲਾਹੌਰ) ਦੇ ਅਖਬਾਰ ਦੇ ਇਸ਼ਤਿਹਾਰ 'ਤੇ ਇਹ ਇਬਾਰਤ ਦਰਜ ਹੈ: 'ਪੰਜਾਬੀ ਜ਼ੁਬਾਨ ਵਿਚ ਪੰਜਾਬ ਦੀ ਰਵਾਇਤ ਨੂੰ ਤਾਜ਼ਾ ਕਰਨ ਵਾਲਾ ਪਹਿਲਾ ਪੰਜਾਬੀ ਲਾਸਾਨੀ ਸ਼ਾਹਕਾਰ'। ਕੁੰਦਨ ਲਾਲ ਰਾਜਪਾਲ ਦੀ ਦੂਜੀ ਪੰਜਾਬੀ ਫਿਲਮ 'ਕੁੜਮਾਈ' (1941) ਸੀ। ਇਸ ਫਿਲਮ ਵਿਚ ਰਾਜਪਾਲ ਨੇ ਸਹਾਇਕ ਅਦਾਕਾਰ ਦਾ ਕਿਰਦਾਰ ਨਿਭਾਇਆ, ਮਰਕਜ਼ੀ ਕਿਰਦਾਰ ਵਿਚ ਵਾਸਤੀ ਅਤੇ ਰਾਧਾ ਰਾਣੀ ਸਨ। ਇਹ ਮਜ਼ਾਹੀਆ ਫਿਲਮ







***ਖੱਬਿਓਂ: ਕੁੰਦਨ ਲਾਲ ਰਾਜਪਾਲ, ਸੁਰੱਈਆ ਜਬੀਨ ਅਤੇ ਐਸ ਪਾਲ।***

29 ਅਗਸਤ 1941 ਨੂੰ ਰਿਲੀਜ਼ ਹੋਈ ਸੀ।

ਸੰਤਾਲੀ ਵਾਲੀ ਵੰਡ ਤੋਂ ਬਾਅਦ ਜਦੋਂ ਫਿਲਮਸਾਜ਼ ਅਤੇ ਹਿਦਾਇਤਕਾਰ ਕੇ. ਐਲ. ਕਾਹਨ ਨੇ ਬਾਲੋ-ਮਾਹੀਆ ਕਿੱਸੇ 'ਤੇ ਪੰਜਾਬੀ ਫਿਲਮ 'ਮਾਹੀਆ' (1948) ਸ਼ੁਰੂ ਕੀਤੀ ਤਾਂ ਮਾਹੀਏ ਦੇ ਕਿਰਦਾਰ ਲਈ ਕੁੰਦਨ ਲਾਲ ਰਾਜਪਾਲ ਨੂੰ ਚੁਣਿਆ ਗਿਆ। ਬਾਲੋ ਦਾ ਪਾਰਟ ਅਦਾਕਾਰਾ ਰਾਜ ਰਾਣੀ ਕਰ ਰਹੀ ਸੀ। ਵੰਡ ਦੇ ਅਸਰਾਂ ਕਾਰਨ ਇਹ ਫਿਲਮ ਮੁਕੰਮਲ ਨਾ ਹੋ ਸਕੀ। ਇਸ ਤੋਂ ਬਾਅਦ ਕੁੰਦਨ ਲਾਲ ਰਾਜਪਾਲ ਕਿੱਧਰ ਚਲੇ ਗਏ, ਕੁਝ ਪਤਾ ਨਹੀਂ ਲੱਗ ਸਕਿਆ।

**ਐਸ. ਪਾਲ:** ਐਸ. ਪਾਲ ਦੀ ਪੈਦਾਇਸ਼ ਲਾਹੌਰ ਦੇ ਪੰਜਾਬੀ ਖੱਤਰੀ ਪਰਿਵਾਰ ਵਿਚ ਹੋਈ। ਜਵਾਨ ਹੁੰਦਿਆਂ ਉਸ ਦੀ ਖਿੱਚ ਸਿਨੇਮਾ ਵੱਲ ਹੋ ਗਈ। ਖੂਬਸੂਰਤ ਤਾਂ ਉਹ ਸੀ ਹੀ। ਫਿਲਮ 'ਗੁਲ ਬਕਾਵਲੀ' (1939) ਦੀ ਬੇਮਿਸਾਲ ਕਾਮਯਾਬੀ ਤੋਂ ਬਾਅਦ ਜਦੋਂ ਸੇਠ ਦਲਸੁਖ ਐਮ. ਪੰਚੋਲੀ ਨੇ ਮੋਤੀ ਬੀ. ਗਿਡਵਾਨੀ ਦੀ ਹਿਦਾਇਤਕਾਰੀ ਵਿਚ ਪੇਂਡੂ ਕਿਸਾਨਾਂ ਦੇ ਜੀਵਨ 'ਤੇ ਆਧਾਰਿਤ ਆਪਣੀ ਦੂਜੀ ਪੰਜਾਬੀ ਫੀਚਰ ਫਿਲਮ 'ਯਮਲਾ ਜੱਟ' (1940) ਸ਼ੁਰੂ ਕੀਤੀ ਤਾਂ ਇਸ ਵਿਚ ਨਵੇਂ ਚਿਹਰਿਆਂ ਵਿਚ ਐਸ. ਪਾਲ ਵੀ ਇਕ ਸੀ।

ਐਸ. ਪਾਲ ਨੇ ਇਸ ਫਿਲਮ ਵਿਚ ਰਾਮੂ ਨਾਮੀ ਮਰਕਜ਼ੀ ਕਿਰਦਾਰ ਨਿਭਾਇਆ ਜਿਸ ਦੇ ਰੂਬਰੂ ਖੂਬਸੂਰਤ ਅਦਾਕਾਰਾ ਅੰਜਨਾ, ਰਾਣੀ ਦਾ ਪਾਰਟ ਅਦਾ ਕਰ ਰਹੀ ਸੀ। ਇਹ ਅੰਜਨਾ ਦੀ ਵੀ ਪਹਿਲੀ ਫਿਲਮ ਸੀ ਜਿਸ ਦਾ ਅਸਲ ਨਾਮ ਬਿੱਲੋ ਸੀ। ਇਹ ਫਿਲਮ 'ਗੁਲ ਬਕਾਵਲੀ' ਦੀ ਅਦਾਕਾਰਾ ਸੁਰੱਈਆ ਜਬੀਨ ਦੀ ਸਕੀ ਛੋਟੀ ਭੈਣ ਸੀ। ਫਿਲਮ ਦੇ ਲੇਖਕ ਦਲਸੁਖ ਐਮ. ਪੰਚੋਲੀ ਸਨ। ਫਿਲਮ ਵਿਚ ਐਸ. ਪਾਲ ਅਤੇ ਅੰਜਨਾ 'ਤੇ ਫਿਲਮਾਏ ਮਸ਼ਹੂਰ ਜ਼ਮਾਨਾ ਗੀਤ 'ਸੁਫਨੇ ਵਿਚ ਸੁਫਨਾ ਤੱਕਿਆ, ਜੀਹਨੂੰ ਤੱਕ-ਤੱਕ ਜਿਉੜਾ ਹੱਸਿਆ, ਪੈਲੀ ਵਿਚ ਪੈਲਾਂ ਪਾਉਂਦੀ ਸੀ, ਉਹ ਨਾਲ ਹਵਾ ਦੇ ਗਾਉਂਦੀ ਸੀ', 'ਆ ਸੱਜਣਾਂ ਦੋਵੇਂ ਰਲਕੇ ਚੱਲੀਏ ਪਰਲੇ ਪਾਰ', 'ਆ ਦੁਖੜੇ ਖੋਲ੍ਹ ਲਈਏ, ਅੱਖੀਆਂ ਦੀ ਸਿੱਪ ਦੇ ਵਿਚੋਂ ਹਾਏ ਮਾਹੀਆ ਸੁੱਚੇ ਮੋਤੀ ਨੀਂ ਰੋਲ ਲਈਏ', 'ਅਸੀਂ ਲੱਖ-ਲੱਖ ਲਿਖ-ਲਿਖ ਪਾਈਆਂ ਹਾਏ ਚਿੱਠੀਆਂ ਦਰਦ ਦੀਆਂ', 'ਤੂੰ ਸੇਂ ਮੇਰੇ ਦੁੱਖ ਦਾ ਸਾਥੀ ਤੂੰ ਵੀ ਸਾਂਝਾਂ ਤੋੜ ਗਿਓਂ' ਆਦਿ ਹੱਦ ਦਰਜਾ ਮਕਬੂਲ ਹੋਏ। ਇਹ ਫਿਲਮ 31 ਮਈ 1940 ਨੂੰ ਲਾਹੌਰ ਵਿਚ ਨੁਮਾਇਸ਼ ਹੋਈ ਸੀ।

ਫਿਲਮਸਾਜ਼ ਦਲਸੁਖ ਐਮ. ਪੰਚੋਲੀ ਦੇ ਅਦਾਰੇ ਦੀ ਨਿਰੰਜਨਪਾਲ ਨਿਰਦੇਸ਼ਿਤ ਤੀਜੀ ਪੰਜਾਬੀ ਫੀਚਰ ਫਿਲਮ 'ਚੌਧਰੀ' (1941) ਵਿਚ ਐਸ. ਪਾਲ ਨੇ ਪ੍ਰੀਤ ਨਗਰ ਦੇ ਰਾਜਕੁਮਾਰ ਦਾ ਪਾਰਟ ਕੀਤਾ ਜਿਸ ਦੇ ਸਨਮੁਖ ਅਦਾਕਾਰਾ ਨੂਰਜਹਾਂ 'ਚੰਦਾ' ਦਾ ਕਿਰਦਾਰ ਅਦਾ ਕਰ ਰਹੀ ਸੀ। ਐਸ. ਪਾਲ ਅਤੇ ਨੂਰਜਹਾਂ 'ਤੇ ਫਿਲਮਾਏ 'ਪੀਲੇ-ਪੀਲੇ ਖੇਤ ਮੈਂ ਮੌਜ ਲਗਾਈ'' ਇਕ ਦੁਨੀਆ ਨਵੀਂ ਵਸਾ ਲਈਏ', 'ਦੇਖੋ-ਦੇਖੋ ਇਹਦੀ ਕੈਸੀ ਸੋਹਣੀ ਚਾਲ ਹੈ', 'ਬਸ-ਬਸ ਵੇ ਢੋਲਣਾ', 'ਸੱਜਣਾਂ ਤੇਰੇ ਬਿਨ' ਗੀਤ ਬੜੇ ਮਕਬੂਲ ਹੋਏ। ਇਹ ਫਿਲਮ 22 ਅਗਸਤ 1941 ਨੂੰ ਲਾਹੌਰ ਵਿਚ ਰਿਲੀਜ਼ ਹੋਈ। ਆਪਣੀਆਂ ਇਨ੍ਹਾਂ ਦੋਵੇਂ ਪੰਜਾਬੀ ਫਿਲਮਾਂ ਵਿਚ ਹੀਰੋ ਦੀ ਭੂਮਿਕਾ ਨਿਭਾਉਣ ਵਾਲਾ ਐਸ. ਪਾਲ ਕਿੱਥੇ ਚਲਾ ਗਿਆ, ਬਹੁਤ ਖੋਜ ਕਰਨ ਤੋਂ ਬਾਅਦ ਵੀ ਕੋਈ ਜਾਣਕਾਰੀ ਨਹੀਂ ਮਿਲ ਸਕੀ।

**ਸੁਰੱਈਆ ਜਬੀਨ:** ਸੁਰੱਈਆ ਜਬੀਨ ਦੀ ਪੈਦਾਇਸ਼ ਲਾਹੌਰ ਦੇ ਪੰਜਾਬੀ ਮੁਸਲਿਮ ਪਰਿਵਾਰ ਵਿਚ ਵੰਡ ਤੋਂ ਪਹਿਲਾਂ ਹੋਈ। ਉਸ ਦਾ ਅਸਲੀ ਨਾਮ ਬਸ਼ੀਰ ਬੇਗਮ ਸੀ। ਇਹ ਆਲ ਇੰਡੀਆ ਰੇਡੀਓ, ਲਾਹੌਰ ਦੀ ਮਸ਼ਹੂਰ ਗੁਲੂਕਾਰਾ ਸੀ। ਜਦੋਂ ਫਿਲਮਸਾਜ਼ ਦਲਸੁਖ ਐਮ. ਪੰਚੋਲੀ ਨੇ ਬਰਕਤ ਮਹਿਰਾ ਦੀ ਹਿਦਾਇਤਕਾਰੀ ਵਿਚ ਆਪਣੀ ਪਹਿਲੀ ਪੰਜਾਬੀ ਫੀਚਰ ਫਿਲਮ 'ਗੁਲ ਬਕਾਵਲੀ' (1939) ਬਣਾਈ ਤਾਂ ਰੇਡੀਓ ਗੁਲੂਕਾਰਾ ਸੁਰੱਈਆ ਜਬੀਨ ਨੂੰ ਹੀਰੋਇਨ ਵਜੋਂ ਪੇਸ਼ ਕੀਤਾ।

ਸੁਰੱਈਆ ਜਬੀਨ ਨਾਲ ਇਸ ਫਿਲਮ ਵਿਚ ਸਲੀਮ ਰਜ਼ਾ ਉਰਫ ਆਗਾ ਸਲੀਮ ਰਜ਼ਾ ਖਾਨ ਕਿਜ਼ਿਲਬਾਸ਼ ਹੀਰੋ ਸੀ। ਸੁਰੱਈਆ ਜਬੀਨ ਤੇ ਸਲੀਮ ਰਜ਼ਾ 'ਤੇ ਫਿਲਮਾਏ ਗੀਤ 'ਜਵਾਨੀ ਜੇ ਕੇ ਆ ਕੇ ਨਾ ਜਾਵੇ ਤੇ ਜਾਣਾ', 'ਟੁੱਟ ਗਈ ਤਾਰ...ਸੁੱਖ ਆਉਂਦਾ-ਆਉਂਦਾ ਆਏਗਾ', 'ਤੂੰ ਫੁੱਲ ਹੋਵੇਂ ਗੁਲਜ਼ਾਰਾਂ ਦਾ ਮੈਂ ਫੁੱਲਾਂ ਦੇ ਵਿਚ ਮਹਿਕਾਂ-ਤੂੰ ਬੁਲਬੁਲ ਬਾਗ ਬਹਾਰਾਂ ਦੀ' ਆਦਿ ਗੀਤਾਂ ਨੇ ਬੇਪਨਾਹ ਮਕਬੂਲੀਅਤ ਹਾਸਲ ਕੀਤੀ।

65 ਹਜ਼ਾਰ ਦੀ ਲਾਗਤ ਨਾਲ ਬਣੀ ਇਸ ਫਿਲਮ ਨੇ 15 ਲੱਖ ਰੁਪਏ ਕਮਾਏ। ਇਸ ਫਿਲਮ ਦੌਰਾਨ ਸੁਰੱਈਆ ਜਬੀਨ ਨੂੰ ਇਕ ਜਵਾਨ ਨਾਲ ਮੁਹੱਬਤ ਹੋ ਗਈ ਅਤੇ ਉਸ ਨਾਲ ਵਿਆਹ ਕਰਵਾ ਲਿਆ। ਇਹ ਫਿਲਮ ਸੁਰੱਈਆ ਜਬੀਨ ਦੀ ਪਹਿਲੀ ਅਤੇ ਆਖਰੀ ਫਿਲਮ ਸਾਬਤ ਹੋਈ। ਇਹ ਕਾਮਯਾਬ ਫਿਲਮ 12 ਨਵੰਬਰ 1939 ਨੂੰ ਪਰਦਾਪੇਸ਼ ਹੋਈ ਸੀ।

***-ਮਨਦੀਪ ਸਿੰਘ ਸਿੱਧੂ***

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 48 Cent + Team 58 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com